**Reo-Bankowned Properties**

From San Jose to Sacramento

JASSI GILL *Broker/Owner*

Ph:510-304-9292

**Refinance Now**

@ZERO COST

Call Sukhi Gill:510-207-9067



*Jassi Gill*

CA DRE Lic.#01180969 CA DRE# 00966763

**GILL IMMIGRATION SERVICES**

REGISTERED & BONDED

- FAMILY PETITION
- CITIZENSHIP
- INDIAN PASSPORT
- POLITICAL ASYLUM
- GREEN CARD



MANJIT GILL

CALL NOW: 510-888-1180

31080 UNION CITY BLVD. SUITE 201 UNION CITY, CA 94587

COVERED CALIFORNIA

**ਓਬਾਮਾ ਕੇਅਰ**

ਦੀ ਐਪਲੀਕੇਸ਼ਨ ਖੁਲ੍ਹ ਗਈ ਹੈ

ਐਪਲੀਕੇਸ਼ਨ ਦੀ ਕੋਈ ਫੀਸ ਨਹੀਂ

November 1 to January 31

ਐਪਲੀਕੇਸ਼ਨ ਭਰਨ ਲਈ ਮਿਲੋ

ਗੁਰਚਰਨ ਸਿੰਘ ਮਾਨ



ਫੋਨ: 510-797-7989

Email: duabba1@gmail.com

License# OC70672 Certified Agent



Sixteenth Year of Publication ਕੈਲੀਫੋਰਨੀਆ ਐਡੀਸ਼ਨ Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com

www.punjabtimesusa.com

# ਪੰਜਾਬ ਟਾਈਮਜ਼

Punjab Times, Vol 17, Issue 2, January 9, 2016 20451 N Plum Grove Rd., Palatine, IL 60074 Ph:847-359-0746, Fax:847-705-9388


## ਹਿੰਦ-ਪਾਕਿ ਦੋਸਤੀ ਨੂੰ ਮੁੜ ਵੰਗਾਰਾਂ

### ਅਮਨ ਗੱਲਬਾਤ ਲੀਹੋਂ ਲਾਹੁਣ ਦੇ ਯਤਨ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪਾਕਿਸਤਾਨ ਤੋਂ ਆਏ ਅਤਿਵਾਦੀਆਂ ਵੱਲੋਂ ਪੰਜਾਬ 'ਚ ਪਠਾਨਕੋਟ ਵਿਚ ਭਾਰਤੀ ਹਵਾਈ ਫੌਜ ਦੇ ਸਟੇਸ਼ਨ ਉਤੇ ਕੀਤੇ ਹਮਲੇ ਨਾਲ ਇਕ ਵਾਰ ਫਿਰ ਦੋਵਾਂ ਦੇਸ਼ਾਂ ਦੇ ਸਬੰਧ ਨਾਜ਼ੁਕ ਮੋੜ ਉਤੇ ਆਣ ਖੜ੍ਹੇ ਹਨ। ਹਮਲੇ ਨਾਲ ਇਹ ਧਾਰਨਾ ਪੱਕੀ ਹੋਈ ਹੈ ਕਿ ਜਦੋਂ ਵੀ ਦੋਵਾਂ ਦੇਸ਼ਾਂ ਵਿਚ ਚੰਗੇ ਸਬੰਧ ਬਣਨ ਦੀ ਉਮੀਦ ਬੱਝਦੀ ਹੈ, ਇਸ ਨੂੰ ਲੀਹੋਂ ਲਾਹੁਣ ਲਈ ਸਰਗਰਮੀ ਵਧ ਜਾਂਦੀ ਹੈ। ਕੁਝ ਦਿਨ ਪਹਿਲਾਂ ਹੀ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਫ਼ਗਾਨਿਸਤਾਨ ਤੋਂ ਪਰਤਦੇ ਹੋਏ ਅਚਾਨਕ ਲਾਹੌਰ ਪਹੁੰਚ ਗਏ ਸਨ, ਜਿਥੇ ਉਨ੍ਹਾਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨਾਲ ਬੜੀ ਹੀ ਨਿੱਘੀ ਮਿਲਣੀ ਕੀਤੀ।

ਪਾਕਿਸਤਾਨ ਅਤੇ ਭਾਰਤ ਵਿਚ ਵੀ ਬਹੁਤੇ ਲੋਕਾਂ ਤੇ ਸਿਆਸੀ ਪਾਰਟੀਆਂ ਨੇ ਇਸ ਦਾ ਸਵਾਗਤ ਕੀਤਾ ਸੀ। ਬਾਅਦ ਵਿਚ ਨਵਾਜ਼ ਸ਼ਰੀਫ਼ ਨੇ ਇਸ ਫੇਰੀ ਲਈ ਸ੍ਰੀ ਮੋਦੀ ਦਾ ਧੰਨਵਾਦ ਵੀ ਕੀਤਾ ਸੀ। ਦੋਵਾਂ ਦੇਸ਼ਾਂ ਦੇ ਵਿਦੇਸ਼ ਸਕੱਤਰਾਂ ਦੀ ਇਸੇ ਮਹੀਨੇ ਇਸਲਾਮਾਬਾਦ ਵਿਚ ਗੱਲਬਾਤ ਹੋਣੀ ਹੈ। ਇਹ ਆਸ ਸੀ ਕਿ ਵਿਦੇਸ਼ ਸਕੱਤਰਾਂ ਦੀ ਮੀਟਿੰਗ ਦੇ ਸਾਰਥਕ ਸਿੱਟੇ ਨਿਕਲਣਗੇ, ਪਰ ਹੁਣ ਪਠਾਨਕੋਟ ਵਿਚ ਪਾਕਿਸਤਾਨੀ ਅਤਿਵਾਦੀਆਂ ਵੱਲੋਂ ਕੀਤੇ ਹਮਲੇ ਨੇ ਆਸਾਂ 'ਤੇ ਪਾਣੀ ਫੇਰ ਦਿੱਤਾ ਜਾਪਦਾ ਹੈ। ਇਸ ਹਮਲੇ ਵਿਚ ਸੱਤ ਜਵਾਨ ਮਾਰੇ ਗਏ ਹਨ। ਮੁਕਾਬਲੇ ਵਿਚ ਫੌਜ ਨੇ ਛੇ ਅਤਿਵਾਦੀਆਂ ਨੂੰ ਵੀ ਮੁਕਾਇਆ। ਹੁਣ ਦੋਵਾਂ ਦੇਸ਼ਾਂ ਲਈ ਇਹ ਕਾਰਵਾਈ ਚੁਣੌਤੀ ਬਣ ਗਈ ਹੈ।

ਇਸ ਤੋਂ ਪਹਿਲਾਂ ਵੀ ਦੋਵਾਂ ਦੇਸ਼ਾਂ ਦੇ ਨਿੱਘੇ ਸਬੰਧਾਂ ਵਿਚ ਅਤਿਵਾਦ ਰੋੜਾ ਬਣਦਾ ਆਇਆ ਹੈ ਤੇ ਐਨ ਮੌਕੇ 'ਤੇ ਬਣਦੀ ਗੱਲ ਵਿਗੜੀ ਹੈ। ਪਾਕਿਸਤਾਨ ਲਈ ਇਹ ਗੱਲ ਹਮੇਸ਼ਾ ਨਾਮੋਸ਼ੀ ਬਣਦੀ ਆਈ ਹੈ ਕਿ ਇਕ ਪਾਸੇ ਲੋਕਤੰਤਰੀ ਢੰਗ ਨਾਲ ਚੁਣੀ ਸਰਕਾਰ ਦੋਸਤੀ ਦਾ ਹੱਥ ਅੱਗੇ ਵਧਾਏ ਤੇ ਦੂਜੇ ਪਾਸੇ ਉਸ ਦੇ ਆਪਣੇ ਹੀ ਦੇਸ਼ ਵਿਚ ਪਲਦੇ ਅਤਿਵਾਦੀ ਸੰਗਠਨ ਇਨ੍ਹਾਂ ਹੱਥਾਂ ਨੂੰ ਵੱਢਣ ਦਾ ਯਤਨ ਕਰਨ। ਪ੍ਰਧਾਨ ਮੰਤਰੀ ਅਟਲ

(ਬਾਕੀ ਸਫਾ 6 'ਤੇ)



### ਪਾਕਿਸਤਾਨ ਵੱਲੋਂ ਨਰਮਾਈ

**ਇਸਲਾਮਾਬਾਦ:** ਪਾਕਿਸਤਾਨ ਨੇ ਪਠਾਨਕੋਟ ਉਤੇ ਹੋਏ ਅਤਿਵਾਦੀ ਹਮਲੇ ਬਾਰੇ ਭਾਰਤ ਵੱਲੋਂ ਦਿੱਤੇ ਸਬੂਤਾਂ 'ਤੇ ਕਾਰਵਾਈ ਕਰਨ ਦੀ ਗੱਲ ਆਖੀ ਹੈ। ਇਸ ਤੋਂ ਪਹਿਲਾਂ ਪਾਕਿਸਤਾਨ ਸਰਕਾਰ ਨੇ ਭਾਰਤ ਲਈ ਇਸ ਔਖੀ ਘੜੀ ਵਿਚ ਸ਼ਰੀਕ ਹੁੰਦਿਆਂ ਹਮਲੇ ਦੀ ਨਿੰਦਾ ਵੀ ਕੀਤੀ ਸੀ। ਇਹ ਪਹਿਲੀ ਵਾਰ ਹੈ ਜਦੋਂ ਪਾਕਿਸਤਾਨ ਸੌਖਿਆਂ ਹੀ ਮੰਨ ਗਿਆ ਹੈ ਕਿ ਇਹ ਅਤਿਵਾਦੀ ਕਾਰਵਾਈ ਉਸ ਦੀ ਜ਼ਮੀਨ ਤੋਂ ਹੋਈ ਹੈ। ਹਾਲਾਂਕਿ ਇਸ ਤੋਂ ਪਹਿਲਾਂ ਪੰਜਾਬ ਦੇ ਦੀਨਾਨਗਰ ਤੇ ਮੁੰਬਈ ਹਮਲਿਆਂ ਬਾਰੇ ਪੁਖਤਾ ਸਬੂਤ ਦੇਣ ਦੇ ਬਾਵਜੂਦ ਪਾਕਿਸਤਾਨ ਇਹ ਮੰਨਣ ਨੂੰ ਤਿਆਰ ਨਹੀਂ ਹੋਇਆ ਸੀ ਕਿ ਇਹ ਕਾਰਵਾਈ ਉਨ੍ਹਾਂ ਦੀ ਜ਼ਮੀਨ ਤੋਂ ਹੋਈ ਹੈ। ਪਾਕਿਸਤਾਨ ਦੇ ਵਿਦੇਸ਼ ਦਫਤਰ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਉਨ੍ਹਾਂ ਦਾ ਮੁਲਕ ਲਗਾਤਾਰ ਭਾਰਤ ਸਰਕਾਰ ਦੇ ਸੰਪਰਕ ਵਿਚ ਹੈ। ਉਸ ਨੇ ਅਤਿਵਾਦ ਨੂੰ ਜੜ੍ਹੋਂ ਮੁਕਾਉਣ ਤੇ ਇਸ ਦੇ ਟਾਕਰੇ ਲਈ ਵਚਨਬੱਧਤਾ ਦੁਹਰਾਈ ਹੈ।

## ਜਥੇਦਾਰਾਂ ਨੂੰ ਹਟਾਉਣ ਦੇ ਮੁੱਦੇ ਉਤੇ ਮੁੜ ਟਕਰਾਅ

**ਅੰਮ੍ਰਿਤਸਰ:** ਤਖ਼ਤ ਸਾਹਿਬਾਨ ਦੇ ਜਥੇਦਾਰਾਂ ਨੂੰ ਹਟਾਉਣ ਦੇ ਮੁੱਦੇ ਉਤੇ ਮੁੜ ਟਕਰਾਅ ਦੇ ਹਾਲਾਤ ਬਣ ਗਏ ਹਨ। ਪੰਜ ਪਿਆਰਿਆਂ ਵੱਲੋਂ ਮੌਜੂਦਾ ਪੰਥਕ ਸੰਕਟ ਲਈ ਤਖਤਾਂ ਦੇ ਜਥੇਦਾਰਾਂ ਨੂੰ ਦੋਸ਼ੀ ਕਰਾਰ ਦਿੰਦਿਆਂ ਉਨ੍ਹਾਂ ਨੂੰ ਹਟਾਉਣ ਦੇ ਮੁੜ ਹੁਕਮ ਦੇਣ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਆਦੇਸ਼ ਨੂੰ ਅਣਡਿੱਠਾ ਕਰਦਿਆਂ ਪੰਜ ਪਿਆਰਿਆਂ ਨੂੰ ਬਰਤਰਫ ਕਰ ਦੇਣ ਨਾਲ ਖਿਚੋਤਾਣ ਵਧ ਗਈ ਹੈ। ਇਸ ਘਟਨਾਕ੍ਰਮ ਪਿੱਛੋਂ ਪੰਜ ਪਿਆਰਿਆਂ ਵੱਲੋਂ ਤਖਤਾਂ ਦੇ ਜਥੇਦਾਰਾਂ ਦੇ ਸਮਾਜਕ ਬਾਈਕਾਟ ਦਾ ਸੱਦਾ ਦੇਣ ਨਾਲ ਸਿੱਖ ਜਥੇਬੰਦੀਆਂ ਨੇ ਸ਼੍ਰੋਮਣੀ ਕਮੇਟੀ ਨੂੰ ਘੇਰਨ ਦੀ ਤਿਆਰੀ ਕਰ ਲਈ ਹੈ। ਪੰਥਕ ਜਥੇਬੰਦੀਆਂ ਵੱਲੋਂ 10 ਜਨਵਰੀ ਨੂੰ ਸ੍ਰੀ ਅਕਾਲ ਤਖਤ ਉਤੇ ਇਕੱਠੇ ਹੋ ਕੇ ਪੰਥਕ ਸੰਕਟ ਦੇ ਹੱਲ ਲਈ ਸਿਰ ਜੋੜ ਯਤਨ ਕਰਨ ਦਾ ਸੱਦਾ ਦੇ ਦਿੱਤਾ ਹੈ।

ਉਧਰ, ਪੰਜ ਪਿਆਰਿਆਂ ਦੀ ਬਰਖ਼ਾਸਤਗੀ ਤੋਂ ਬਾਅਦ ਬਗ਼ਾਵਤ ਦੇ ਸੁਰ ਹੋਰ ਤਿੱਖੇ ਹੋ ਗਏ ਹਨ। ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਕਮੇਟੀ ਦੇ ਮੈਂਬਰ ਕਰਨੈਲ ਸਿੰਘ ਪੰਜੋਲੀ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਵੀ ਪੰਜ ਪਿਆਰਿਆਂ ਦੇ ਹੱਕ ਵਿਚ ਖੜ੍ਹ ਗਏ ਹਨ। ਗਿਆਨੀ ਜਗਤਾਰ ਸਿੰਘ ਨੇ ਤਾਂ ਇਥੋਂ ਤੱਕ ਕਿਹਾ ਹੈ ਕਿ ਅਕਾਲ ਤਖ਼ਤ ਸਾਹਿਬ ਅਤੇ ਪੰਜ ਪਿਆਰੇ ਆਜ਼ਾਦ ਹੋਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਜਰਨੈਲ ਅਕਾਲੀ ਫੂਲ ਸਿੰਘ ਜਦੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਨ ਤਾਂ ਉਹ ਪੂਰੀ ਤਰ੍ਹਾਂ ਆਜ਼ਾਦ ਸਨ ਕਿਉਂਕਿ ਉਦੋਂ ਕਿਸੇ ਕਮੇਟੀ ਦਾ ਕੋਈ ਗਲਬਾ ਨਹੀਂ ਸੀ। ਜ਼ਿਕਰਯੋਗ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਦਾ ਰੁਤਬਾ ਸਿੰਘ ਸਾਹਿਬਾਨਾਂ ਦੇ ਬਰਾਬਰ ਹੀ ਸਮਝਿਆ ਜਾਂਦਾ ਹੈ ਤੇ ਕਿਸੇ ਤਖ਼ਤ ਦੇ ਜਥੇਦਾਰ ਦੀ ਗ਼ੈਰ ਹਾਜ਼ਰੀ ਸਮੇਂ ਉਨ੍ਹਾਂ ਨੂੰ ਵੀ ਬਿਠਾਇਆ ਜਾਂਦਾ ਹੈ।

ਸਿੱਖ ਜਥੇਬੰਦੀਆਂ ਨੇ ਸਿੰਘ ਸਾਹਿਬਾਨ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਮੇਤ ਸਮੂਹ ਕਮੇਟੀ ਮੈਂਬਰਾਂ ਦੇ ਬਾਈਕਾਟ ਦੇ ਸੱਦੇ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੀਆਂ ਸ਼ਹੀਦੀ ਜੋੜ ਮੇਲਿਆਂ ਮੌਕੇ ਲਾਈਆਂ ਜਾਂਦੀਆਂ ਸਿਆਸੀ ਸਟੇਜਾਂ ਨਾ ਲੱਗਣ ਦੇਣ ਦਾ ਐਲਾਨ ਕੀਤਾ।

ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਬਰਖਾਤਸਗੀ ਤੋਂ ਬਾਅਦ ਪੰਜ ਪਿਆਰਿਆਂ ਵੱਲੋਂ ਗੁਰਮਤਾ ਜਾਰੀ ਕਰ ਕੇ ਸਿੱਖ ਸੰਗਤ ਨੂੰ ਆਖ ਦਿੱਤਾ ਹੈ ਕਿ ਉਹ ਸ੍ਰੀ ਅਕਾਲ ਤਖ਼ਤ ਅਤੇ ਬਾਕੀ ਤਖ਼ਤਾਂ ਦੇ ਜਥੇਦਾਰ ਜਿਨ੍ਹਾਂ ਨੂੰ ਹੁਣ ਪੰਥ ਵੱਲੋਂ ਕੋਈ ਮਾਨਤਾ ਨਹੀਂ ਹੈ, ਸੰਗਤਾਂ ਉਨ੍ਹਾਂ ਦਾ ਸਮਾਜਕ ਬਾਈਕਾਟ ਕਰਨ। ਇਸ ਤੋਂ ਇਲਾਵਾ ਉਨ੍ਹਾਂ ਜਥੇਦਾਰਾਂ ਦੀਆਂ ਸੇਵਾਵਾਂ ਖਤਮ ਕਰਨ ਵਿਚ ਅਸਫਲ ਰਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਅਤੇ ਮੁੱਖ ਸਕੱਤਰ ਹਰਚਰਨ ਸਿੰਘ ਨੂੰ ਦੋਸ਼ੀ ਠਹਿਰਾਇਆ ਅਤੇ ਆਖਿਆ ਕਿ ਪੰਥ ਇਨ੍ਹਾਂ ਖਿਲਾਫ਼ ਖੁਦ ਫੈਸਲਾ ਕਰੇ। ਦੂਜੇ ਪਾਸੇ, ਅਵਤਾਰ ਸਿੰਘ ਨੇ ਆਖਿਆ ਹੈ ਕਿ ਬਰਤਰਫ ਕੀਤੇ ਕਰਮਚਾਰੀਆਂ ਨੂੰ ਅਜਿਹਾ ਕੋਈ ਫੈਸਲਾ ਲੈਣ ਦਾ ਹੱਕ ਨਹੀਂ ਹੈ।

ਯਾਦ ਰਹੇ, ਸ਼੍ਰੋਮਣੀ ਕਮੇਟੀ ਦੀ

(ਬਾਕੀ ਸਫਾ 6 'ਤੇ)


**We Do Real Estate in Bay Area & Central Valley**

We do loans anywhere in California



Cell: 408-816-0408

Tel: 209-918-6464

Fax: 866-594-4680

email: realtoramanhundal@gmail.com

AMAN S. HUNDAL

Broker/Realtor/MBA

BRE# 01839828


NMLS# 162808

Alltime REALTY & MORTGAGE

16 Corning Ave, Ste. 230, Milpitas, CA 92035

3819 Northern Oak Dr., Ceres, CA 95307

CDPE, SFR *LAR 2010, 2011, 2012 Masters Club Masters Emerald Award 2010, 2011




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ

200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

PARADISE BALLROOMS

4100 Peralta Blvd. Fremont, CA 94536

(510) 900-6319

info@paradiseballrooms.com

www.paradiseballrooms.com

**Law Office of Manpreet S. Gahra**

>ਇਮੀਗਰੇਸ਼ਨ ਸੇਵਾਵਾਂ

>ਫੈਮਿਲੀ ਲਾਅ

>ਬਿਜਨਸ ਲਾਅ

Criminal Defense (DUI, simple battery, domestic violence, immigration post-conviction relief)



Manpreet S. Gahra *Attorny At Law*

Berkeley Office

2161 Shattuck Ave., 304, Berkeley

Ph:510-841-4582 Fax:510-217-6847

Sacramento Office

Call For Appointment

Ph:916-924-1617

Email: manpreet@gahralaw.com

# ਟਾਇਰਾ ਬਿਊਨਾ ਗੁਰੂ ਘਰ ’ਚ ਝਗੜੇ ਸਬੰਧੀ ਅਦਾਲਤ ਨੇ ਅਗਲੀ ਤਾਰੀਖ 8 ਜਨਵਰੀ ਪਾਈ

**ਯੂਬਾ ਸਿਟੀ (ਬਿਊਰੋ):** ਸਥਾਨਕ ਗੁਰਦੁਆਰਾ ਟਾਇਰਾ ਬਿਊਨਾ ਵਿਚ ਦੋ ਧੜਿਆਂ ਦੀ ਆਪਸੀ ਖਿਚੋਤਾਣ ਨੂੰ ਮੁਖ ਰਖਦਿਆਂ ਸੁਟਰ ਕਾਉਂਟੀ ਸੁਪੀਰੀਅਰ ਕੋਰਟ ਨੇ ਲੰਘੇ ਸ਼ੁਕਰਵਾਰ ਪਹਿਲੀ ਜਨਵਰੀ ਨੂੰ ਗੁਰੂਘਰ ਦੇ ਗੇਟ ਤਾਲਾਬੰਦ ਕਰਵਾ ਦਿਤੇ ਸਨ, ਇਸ ਮਾਮਲੇ ਦੀ ਸੋਮਵਾਰ ਨੂੰ ਸੁਣਵਾਈ ਪਿਛੋਂ ਅਦਾਲਤ ਨੇ ਅਗਲੀ ਤਾਰੀਖ ਆਉਂਦੇ ਸ਼ੁਕਰਵਾਰ 8 ਜਨਵਰੀ ਦੀ ਪਾ ਦਿਤੀ ਹੈ। ਇਸ ਦੇ ਨਾਲ ਹੀ ਜੱਜ ਨੇ ਮੌਜੂਦਾ ਪ੍ਰਬੰਧਕਾਂ ਨੂੰ ਉਸ ਦਿਨ ਤਕ ਪ੍ਰਬੰਧ ਸੰਭਾਲੀ ਰਖਣ ਦਾ ਹੁਕਮ ਸੁਣਾਉਂਦਿਆਂ ਗੁਰੂਘਰ ਦੇ ਗੇਟ ਖੁਲ੍ਹਵਾ ਦਿਤੇ ਹਨ।



ਜ਼ਿਕਰਯੋਗ ਹੈ ਕਿ ਦੋ ਵਿਰੋਧੀ ਧੜਿਆਂ ਦੀ ਆਪਸੀ ਖਹਿਬਾਜੀ ਨੂੰ ਮੁਖ ਰਖਦਿਆਂ ਗੁਰਦੁਆਰਾ ਸਾਹਿਬ ਦੇ ਵਕੀਲ ਮਾਈਕਲ ਬੈਰੇਟ ਦੀ ਦਰਖਾਸਤ ‘ਤੇ ਜੱਜ ਬਰਾਇਨ ਐਰਨਸਨ ਨੇ ਪਹਿਲੀ ਜਨਵਰੀ ਨੂੰ ਤਾਲਾਬੰਦੀ ਦੇ ਹੁਕਮ ਜਾਰੀ ਕਰ ਦਿਤੇ ਸਨ। ਉਂਜ ਗੁਰੂਘਰ ਅੰਦਰ ਨਿੱਤਨੇਮ ਅਤੇ ਰੋਜ਼ਾਨਾ ਦੀ ਮਰਿਆਦਾ ਜਾਰੀ ਰਹੀ ਪਰੰਤੂ ਆਮ ਸੰਗਤ ਨੂੰ ਗੁਰੂਘਰ ਅੰਦਰ ਜਾਣ ਦੀ ਮਨਾਹੀ ਸੀ। ਗੇਟ ਉਪਰ ਬਾਕਾਇਦਾ ਨੋਟਿਸ ਲਾ ਕੇ ਪਹਿਰੇਦਾਰ ਤਾਇਨਾਤ ਕਰ ਦਿਤੇ ਗਏ ਸਨ।

ਪ੍ਰਾਪਤ ਜਾਣਕਾਰੀ ਅਨੁਸਾਰ ਐਗਜੈਕਟਿਵ ਕਮੇਟੀ ਉਤੇ ਕਬਜ਼ੇ ਅਤੇ ਗੁਰੂ ਕੀ ਗੋਲਕ ਸੰਭਾਲਣ ਨੂੰ ਲੈ ਕੇ ਦੋ ਧੜਿਆਂ ਵਿਚਾਲੇ ਸਖਤ ਖਿਚੋਤਾਣ ਨੂੰ ਮੁਖ ਰਖਦਿਆਂ ਮੌਜੂਦਾ ਪ੍ਰਬੰਧਕਾਂ ਦੇ ਵਕੀਲ ਮਾਈਕਲ ਬੈਰੇਟ ਨੇ ਅਦਾਲਤ ਨੂੰ ਦਖਲ ਦੇਣ ਦੀ ਦਰਖਾਸਤ ਕੀਤੀ। ਜੱਜ ਐਰਨਸਨ ਨੇ ਗੁਰਦੁਆਰਾ ਟਾਇਰਾ ਬਿਊਨਾ ਵਿਚ ਲੜਾਈ-ਝਗੜੇ ਦੇ ਪਿਛਲੇ ਰਿਕਾਰਡ ਨੂੰ ਮੁਖ ਰਖਦਿਆਂ ਤਾਲਾਬੰਦੀ ਦੇ ਹੁਕਮ ਸੁਣਾ ਦਿਤੇ। ਜ਼ਿਕਰਯੋਗ ਹੈ ਕਿ 2013 ਵਿਚ ਦੋ ਧੜਿਆਂ ਵਿਚਾਲੇ ਜਬਰਦਸਤ ਲੜਾਈ ਹੋਈ ਸੀ ਅਤੇ ਦੋ ਵਿਅਕਤੀਆਂ ਨੂੰ ਛੁਰੇ ਮਾਰ ਕੇ ਜ਼ਖਮੀ ਕਰ ਦਿਤਾ ਗਿਆ ਸੀ। ਮੌਜੂਦਾ ਤਾਲਾਬੰਦੀ ਕਰਕੇ ਗੁਰੂਘਰ ਨਤਮਸਤਕ ਹੋਣ ਲਈ ਆਉਣ ਵਾਲੀ ਸੰਗਤ ਇਸ ਸਾਰੇ ਘਟਨਾਕ੍ਰਮ ਤੋਂ ਕਾਫੀ ਮਾਯੂਸ ਸੀ।

ਸੂਤਰਾਂ ਅਨੁਸਾਰ ਝਗੜੇ ਦੀ ਜੜ ਉਦੋਂ ਬੱਝੀ ਜਦੋਂ ਲੰਘੀ 25 ਦਸੰਬਰ ਨੂੰ ਮੌਜੂਦਾ ਬੋਰਡ ਆਫ ਡਾਇਰੈਕਟਰਜ਼ ਦੀ ਇਕ ਮੀਟਿੰਗ ਵਾਲਨਟ ਐਵਨਿਊ ਕਮਿਊਨਿਟੀ ਸੈਂਟਰ ਵਿਚ ਬੁਲਾਈ ਗਈ। ਇਸ ਮੀਟਿੰਗ ਵਿਚ ਹਰਭਜਨ ਸਿੰਘ ਢੇਰੀ ਨੂੰ ਪ੍ਰਧਾਨ, ਪਲਵਿੰਦਰ ਸਿੰਘ ਮੱਲੀ ਨੂੰ ਸਕੱਤਰ ਅਤੇ ਸੁਖਵਿੰਦਰ ਸਿੰਘ ਨੂੰ ਖਜਾਨਚੀ ਚੁਣਿਆ ਗਿਆ।

ਅਗਲੇ ਦਿਨ 26 ਦਸੰਬਰ ਨੂੰ ਦੂਜੇ ਧੜੇ ਵਲੋਂ ਸੱਦੀ ਗਈ ਇਕ ਹੋਰ ਮੀਟਿੰਗ ਵਿਚ ਵੋਟਾਂ ਪਾ ਕੇ ਚੋਣ ਨਤੀਜੇ ਰੱਦ ਕਰ ਦਿਤੇ ਗਏ। ਚੋਣ ਨਤੀਜੇ ਰੱਦ ਕਰਨ ਦਾ ਕਾਰਨ ਇਹ ਦੱਸਿਆ ਗਿਆ ਕਿ ਚੋਣ ਗੁਰਦੁਆਰਾ ਸਾਹਿਬ ਦੇ ਬਾਈਲਾਜ਼ ਅਤੇ ਸਿਵਲ ਕੋਡ ਦੀ ਪਾਲਣਾ ਕੀਤੇ ਬਿਨਾ ਕੀਤੀ ਗਈ ਸੀ। ਇਸ ਤੋਂ ਇਲਾਵਾ ਇਹ ਮੀਟਿੰਗ ਇਕ ਛੁਟੀ ਵਾਲੇ ਦਿਨ ਬੁਲਾਈ ਗਈ ਸੀ। ਇਹ ਵੀ ਸਵਾਲ ਉਠਾਇਆ ਗਿਆ ਕਿ ਮੀਟਿੰਗ ਕਿਸ ਨੇ ਬੁਲਾਈ, ਮੀਟਿੰਗ ਲਈ ਨੋਟਿਸ ਕਿਸ ਨੇ ਭੇਜਿਆ, ਮੀਟਿੰਗ ਕਿਥੇ ਬੁਲਾਈ ਗਈ।

ਦੂਜੇ ਪਾਸੇ ਸਕੱਤਰ ਪਲਵਿੰਦਰ ਸਿੰਘ ਮੱਲੀ ਨੇ ਦਾਅਵਾ ਕੀਤਾ ਕਿ 25 ਦਸੰਬਰ ਦੀ ਮੀਟਿੰਗ ਗੁਰੂਘਰ ਦੇ ਕਾਇਦੇ-ਕਾਨੂੰਨਾਂ ਅਨੁਸਾਰ ਸੱਦੀ ਗਈ ਸੀ ਜਦੋਂਕਿ ਦੂਜੀ ਧਿਰ ਵਲੋਂ 26 ਦਸੰਬਰ ਨੂੰ ਸੱਦੀ ਗਈ ਮੀਟਿੰਗ ਬਾਈਲਾਜ਼ ਦੀ ਉਲੰਘਣਾਂ ਕਰਕੇ ਬੁਲਾਈ ਗਈ। ਇਸ ਦਾ ਕਾਰਨ 25 ਦਸੰਬਰ ਦੀ ਮੀਟਿੰਗ ਵਿਚ ਲਏ ਗਏ ਫੈਸਲੇ ਤੋਂ ਖਫ਼ਾ ਹੋਣਾ ਸੀ। ਉਨ੍ਹਾਂ ਦਾਅਵਾ ਕੀਤਾ ਕਿ 26 ਦਸੰਬਰ ਦੀ ਮੀਟਿੰਗ ਵਿਚ ਕੋਰਮ ਪੂਰਾ ਨਹੀਂ ਸੀ ਹੋਇਆ, ਜੋ ਗੈਰਕਾਨੂੰਨੀ ਤਰੀਕੇ ਨਾਲ ਪੂਰਾ ਕੀਤਾ ਗਿਆ ਅਤੇ ਉਨ੍ਹਾਂ ਪੰਜ ਡਾਇਰੈਕਟਰਾਂ ਨੂੰ ਬਰਖਾਸਤ ਕਰ ਦਿਤਾ ਜੋ ਉਨ੍ਹਾਂ ਨਾਲ ਸਹਿਮਤ ਨਹੀਂ ਸਨ, ਤੇ ਅੱਠ ਨਵੇਂ ਡਾਇਰੈਕਟਰ ਲੈ ਲਏ।

ਸਥਿਤੀ ਉਦੋਂ ਖਰਾਬ ਹੋ ਗਈ ਜਦੋਂ 31 ਦਸੰਬਰ ਨੂੰ ਨਵੀਂ ਬਣੀ ਕਮੇਟੀ ਗੁਰੂਘਰ ਦੀਆਂ ਚਾਬੀਆਂ ਲੈਣ ਲਈ ਸਟੈਂਡਿੰਗ ਕਮੇਟੀ ਪਾਸ ਗਈ ਪਰ ਇਸ ਨੂੰ ਇਨਕਾਰ ਕਰ ਦਿਤਾ ਗਿਆ।


ਬੋਰਡ ਮੈਂਬਰ ਪਰਮਿੰਦਰ ਸਿੰਘ ਗਰੇਵਾਲ ਅਨੁਸਾਰ ਨਵੀਂ ਬਣਾਈ ਗਈ ਕਮੇਟੀ ਉਸ ਦਿਨ ਦੇ ਚੜ੍ਹਾਵੇ ਦੀ ਖੁਲ੍ਹੀ ਗੋਲਕ ਲੈ ਕੇ ਚਲੀ ਗਈ ਅਤੇ ਸਟੈਂਡਿੰਗ ਕਮੇਟੀ ਨੇ ਤਾਲਾਬੰਦ ਗੋਲਕ ਸੰਭਾਲ ਲਈ। ਪਹਿਲੀ ਜਨਵਰੀ ਨੂੰ ਨਵੀਂ ਬਣੀ ਕਮੇਟੀ ਅਤੇ ਇਸ ਦੇ ਹਮਾਇਤੀਆਂ ਨੇ ਗੁਰੂਘਰ ਦੇ ਤਾਲੇ ਬਦਲਣੇ ਸ਼ੁਰੂ ਕਰ ਦਿਤੇ। ਇਸ ਸਮੇਂ ਉਥੇ ਤਾਇਨਾਤ ਸੁਟਰ ਕਾਉਂਟੀ ਸ਼ੈਰਿਫ ਦੇ ਅਫਸਰਾਂ ਨੇ ਦਖਲ ਨਹੀਂ ਦਿਤਾ। ਇਸ ਸਭ ਨੂੰ ਵੇਖ ਕੇ ਅਟਾਰਨੀ ਬੈਰੇਟ ਨੇ ਅਦਾਲਤ ਤਕ ਪਹੁੰਚ ਕੀਤੀ। ਉਸ ਸਮੇਂ ਦੋਹਾਂ ਧੜਿਆਂ ਵਿਚਾਲੇ ਗਰਮਾ-ਗਰਮੀ ਤਾਂ ਬਹੁਤ ਸੀ ਪਰ ਕਿਸੇ ਹੱਥੋਪਾਈ ਤੋਂ ਬਚਾਓ ਰਿਹਾ। ਵਕੀਲ ਦੀ ਬੇਨਤੀ ‘ਤੇ ਅਦਾਲਤ ਨੇ ਗੁਰਦੁਆਰੇ ਦੇ ਗੇਟ ਬੰਦ ਕਰਵਾ ਦਿਤੇ।

ਜ਼ਿਕਰਯੋਗ ਹੈ ਕਿ ਗੁਰਦੁਆਰਾ ਟਾਇਰਾ ਬਿਊਨਾ ਦੇ ਉਦਮ ਨਾਲ ਹੀ ਹਰ ਸਾਲ ਗੁਰੂ ਗ੍ਰੰਥ ਸਾਹਿਬ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਸਜਾਇਆ ਜਾਂਦਾ ਹੈ, ਜਿਸ ਵਿਚ ਹਜਾਰਾਂ ਦੀ ਗਿਣਤੀ ਵਿਚ ਸੰਗਤਾਂ ਸ਼ਾਮਲ ਹੁੰਦੀਆਂ ਹਨ।


Jammu Chiropractic


ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted



*Contact:* Dr. Baljit Jammu

*Doctor of Chiropractic*

Ph: 510-940-8236

1090 La Playa Dr., Hayward CA 94545



Anu Attorney
Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration in all 50 states.*
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW *(Only In WA)*
*Divorce *Annulment
*International Custody

INCORPORATIONS *(Only In WA)*
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available



ONE | REALTYONEGROUP AMERICAN

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ

ਪਹਿਲਾਂ ਘਰ ਲੀਜ਼ ‘ਤੇ ਲਓ ਤੇ ਫਿਰ ਖਰੀਦੋ

Duplex, Four Plax ਅਤੇ Apartment Building ਵਿਚ Investment ਲਈ ਕਾਲ ਕਰੋ ਜੀ



ਜਗਦੇਵ ਸਿੰਘ

ਫੋਨ: 510-689-4625

JAGDEV SINGH
*Realtor*
CalBre #01423409
42820 Albrae, St.,
Fremont, CA 94538

REALTOR EQUAL HOUSING OPPORTUNITY

ਸਰਬੰਸਦਾਨੀ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ

Happy New Year 2016

ਲੱਖ-ਲੱਖ ਵਧਾਈ ਹੋਵੇ

Happy New Year 2016

# Kash Fabrics

One Stop Shopping Center

29576 Mission Blvd, Hayward, CA 94544 Phone: 510-538-1138



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

ਕੈਸ਼ ਫੈਬ੍ਰਿਕਸ-ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

32 ਸਾਲ ਤੋਂ ਤੁਹਾਡੀ ਸੇਵਾ ਵਿਚ

The Name You Can Trust

ਰੂਪ ਨੂੰ ਚਾਰ ਚੰਨ ਲਾ ਦੇਣ ਵਾਲੀਆਂ ਸਾੜੀਆਂ ਅਤੇ ਕਮਾਲ ਦੀ ਕਢਾਈ ਦੇ ਵੰਨ ਵੰਨ ਦੇ ਸੂਟ, ਸਿਲਕ ਦੀਆਂ ਸਾੜੀਆਂ

*Bridal *Boutique *Jewelry

ਸੂਟਾਂ, ਸਾੜੀਆਂ ਤੇ ਲਹਿੰਗਿਆਂ ਨਾਲ ਮੈਚ ਕਰਦੀ ਨਵੇਂ ਤੋਂ ਨਵੇਂ ਡਿਜ਼ਾਈਨਾਂ ਵਿਚ ਆਰਟੀਫੀਸ਼ੀਅਲ ਜਿਊਲਰੀ ਅਤੇ ਹੋਰ ਬੜਾ ਹੀ ਕੁਝ...

ਸਾਡੀ ਸਪੈਸ਼ਲਟੀ: ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ.ਪੀ.ਐਸ. ਰਾਹੀਂ ਤੁਰਤ ਭੇਜ ਸਕਦੇ ਹਾਂ।

ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਅਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਪਾਸ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ- ਵੀਡੀਓ ਤੇ ਡੀ.ਵੀ.ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।

visit us on our facebook page, Kash Farbrics

Ph: 510-538-1138

STATEN SOLAR

AFFORDABLE ENERGY FOR EVERYONE

# Save with Solar

## Commercial, Agricultural and Residential



For South California



Simran Deol

*Solar Engineer*

661-412-4728

661-427-0843 (fax)



BYE BILL

No One Can Beat Our Price Guaranteed!

Top Quality Product *20 Years Performance Guarantee *25 Years Guarantee for Panels *Free Maintenance for 20 Years *No Need to worry about increasing utility *Professional Installation *24/7 Monitoring

For North California



Balwinder Garcha

*Sales Rep Bay Area*

*by North California*

510-468-9525

# ਪੰਜਾਬ ਇਕ ਵਾਰ ਫਿਰ ਬਣਿਆ ਦਹਿਸ਼ਤਗਰਦਾਂ ਦਾ ਨਿਸ਼ਾਨਾ

**ਪਠਾਨਕੋਟ:** ਪਾਕਿਸਤਾਨੀ ਅਤਿਵਾਦੀਆਂ ਨੇ ਮੁੜ ਪੰਜਾਬ ਨੂੰ ਨਿਸ਼ਾਨਾ ਬਣਾਇਆ ਹੈ। ਪਾਕਿਸਤਾਨ ਤੋਂ ਆਏ ਅਤਿਵਾਦੀਆਂ ਨੇ ਪਠਾਨਕੋਟ ਵਿਚ ਹਵਾਈ ਫੌਜ ਦੇ ਅੱਡੇ ਉਤੇ ਹਮਲਾ ਕਰ ਦਿੱਤਾ। ਫੌਜ ਨੇ ਮੁਕਾਬਲੇ ਵਿਚ ਪੰਜ ਅਤਿਵਾਦੀ ਮਾਰ ਮੁਕਾਏ। ਇਸ ਕਾਰਵਾਈ ਦੌਰਾਨ ਸੱਤ ਜਵਾਨ ਵੀ ਸ਼ਹੀਦ ਹੋ ਗਏ। ਜਿਨ੍ਹਾਂ ਵਿਚ ਇਕ ਲੈਫਟੀਨੈਂਟ ਕਰਨਲ ਵੀ ਸ਼ਾਮਲ ਹੈ। ਲੈਫਟੀਨੈਂਟ ਕਰਨਲ ਨਿਰੰਜਨ ਬੀ. ਕੁਮਾਰ ਅਤਿਵਾਦੀ ਦੇ ਸਰੀਰ ਨਾਲ ਬੰਨ੍ਹੇ ਇਕ ਹੱਥ ਗੋਲੇ ਨੂੰ ਕੱਢਣ ਦੀ ਕੋਸ਼ਿਸ਼ ਵੇਲੇ ਹੋਏ ਧਮਾਕੇ ਵਿਚ ਮਾਰੇ ਗਏ। ਇਸ ਕਾਰਵਾਈ ਵਿਚ ਹੁਣ ਤੱਕ 20 ਜਵਾਨ ਜਖ਼ਮੀ ਹੋ ਚੁੱਕੇ ਹਨ। ਕੌਮਾਂਤਰੀ ਸਰਹੱਦ ਤੋਂ ਮਹਿਜ਼ 35 ਕਿਲੋਮੀਟਰ ਦੀ ਦੂਰੀ 'ਤੇ ਪੈਂਦੇ ਹਵਾਈ ਫੌਜ ਦੇ ਇਸ ਟਿਕਾਣੇ 'ਤੇ ਹਮਲੇ ਦਾ ਮਕਸਦ ਲੜਾਕੂ ਜੈੱਟਾਂ, ਪੈਟਰੋਲ ਵਾਲੇ ਟੈਂਕਾਂ ਤੇ ਉਥੇ ਖੜ੍ਹੇ ਹੈਲੀਕਾਪਟਰਾਂ ਨੂੰ ਤਬਾਹ ਕਰਨਾ ਮੰਨਿਆ ਜਾ ਰਿਹਾ ਹੈ।

ਸੁਰੱਖਿਆ ਬਲਾਂ ਦੀ ਚੌਕਸੀ ਕਾਰਨ ਅਤਿਵਾਦੀ ਬਾਹਰਵਾਰ ਪੈਂਦੇ ਇਲਾਕੇ ਵਿਚ ਹੀ ਘੇਰ ਲਏ ਗਏ ਅਤੇ ਉਨ੍ਹਾਂ ਨੂੰ ਮਾਰ ਮੁਕਾਇਆ ਗਿਆ। ਭਾਰੀ ਗੋਲੀਬਾਰੀ ਦੌਰਾਨ ਇਕ ਕਮਾਂਡੋ ਅਤੇ ਭਾਰਤੀ ਹਵਾਈ ਫੌਜ ਦੇ ਦੋ ਹੋਰ ਮੁਲਾਜ਼ਮ ਸ਼ਹੀਦ ਹੋ ਗਏ। ਅਤਿਵਾਦੀ ਹਵਾਈ ਫੌਜ ਦੇ ਅੱਡੇ ਦੀ ਇਕ ਇਮਾਰਤ ਵਿਚ ਦਾਖਲ ਹੋ ਗਏ ਸਨ ਤੇ ਉਥੋਂ ਸੁਰੱਖਿਆ ਬਲਾਂ 'ਤੇ ਗੋਲੀਬਾਰੀ ਕਰਨ ਲੱਗ ਪਏ। ਹਵਾਈ ਅੱਡੇ ਉਪਰ ਤਾਇਨਾਤ ਸੁਰੱਖਿਆ ਦਸਤਿਆਂ ਨੇ ਉਨ੍ਹਾਂ ਨੂੰ ਅੱਗੇ ਨਾ ਵਧਣ ਦਿੱਤਾ। ਫੌਜ, ਪੰਜਾਬ ਪੁਲਿਸ ਦੀ ਸਵੈਟ ਟੀਮ, ਨੈਸ਼ਨਲ ਸਕਿਊਰਿਟੀ ਗਾਰਡ ਦੇ ਕਮਾਂਡੋਜ਼ ਤੇ ਏਅਰ ਫੋਰਸ ਦੇ ਜਵਾਨਾਂ ਨੇ ਪੂਰੀ ਮੁਸਤੈਦੀ ਨਾਲ ਉਨ੍ਹਾਂ ਦਾ ਮੁਕਾਬਲਾ ਕੀਤਾ। ਫੌਜ ਵੱਲੋਂ ਬੁਲਟ ਪਰੂਫ ਬਖਤਰਬੰਦ ਗੱਡੀਆਂ ਦੀ ਵੀ ਵਰਤੋਂ ਕੀਤੀ ਗਈ। ਹੈਲੀਕਾਪਟਰ ਤੇ ਜਹਾਜ਼ ਹਵਾਈ ਅੱਡੇ ਉਪਰ ਉਡਦੇ ਰਹੇ ਤੇ ਅਤਿਵਾਦੀਆਂ ਉਪਰ ਨਿਗਰਾਨੀ ਰੱਖਦੇ ਰਹੇ। ਅਤਿਵਾਦੀਆਂ ਨੇ ਹੈਲੀਕਾਪਟਰ ਨੂੰ ਵੀ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ। ਅਤਿਵਾਦੀ ਹਵਾਈ ਅੱਡੇ ਅੰਦਰ ਪਿਛਲੇ ਪਾਸੇ ਤੋਂ ਨੌਸ਼ਹਿਰਾ ਨਲਬੰਦਾ ਪਿੰਡ ਵਾਲੀ ਸਾਈਡ ਤੋਂ ਦਾਖਲ ਹੋਏ। ਇਹ ਇਲਾਕਾ ਜੰਗਲੀ ਅਤੇ ਬੀਆਬਾਨ ਹੈ।

## ਲੈਫ. ਕਰਨਲ ਸਣੇ ਸੱਤ ਜਵਾਨਾਂ ਦੀਆਂ ਜਾਨਾਂ ਗਈਆਂ



## ਇਹ ਸੀ ਅਤਿਵਾਦੀਆਂ ਦਾ ਪੰਜਾਬ ਰੂਟ?

**ਨਵੀਂ ਦਿੱਲੀ:** ਮੰਨਿਆ ਜਾ ਰਿਹਾ ਹੈ ਕਿ ਪਠਾਨਕੋਟ ਵਿਚ ਹਮਲਾ ਕਰਨ ਵਾਲੇ ਪਾਕਿਸਤਾਨੀ ਅਤਿਵਾਦੀ ਬਮਿਆਲ ਪਿੰਡ ਦੇ ਰਸਤਿਉਂ ਭਾਰਤ ਅੰਦਰ ਦਾਖਲ ਹੋਏ ਸਨ। ਇਹ ਥਾਂ ਕੌਮਾਂਤਰੀ ਸਰਹੱਦ ਦੇ ਐਨ ਲਾਗੇ ਪੈਂਦੀ ਹੈ ਤੇ ਉਹ 30 ਤੇ 31 ਦਸੰਬਰ ਦੀ ਦਰਮਿਆਨੀ ਰਾਤ ਨੂੰ ਘੁਸਪੈਠ ਕਰਨ ਵਿਚ ਕਾਮਯਾਬ ਰਹੇ। ਅਤਿਵਾਦੀ ਪਾਕਿਸਤਾਨ ਦੇ ਸ਼ਕਰਗੜ੍ਹ ਤੋਂ ਬਮਿਆਲ ਪਿੰਡ ਪੁੱਜੇ ਤੇ ਫਿਰ ਫੌਜੀਆਂ ਦੀ ਵਰਦੀ ਪਹਿਨ ਕੇ ਉਨ੍ਹਾਂ ਐਸ.ਪੀ. ਸਲਵਿੰਦਰ ਸਿੰਘ ਤੇ ਉਸ ਦੇ ਸਾਥੀਆਂ ਨੂੰ ਅਗਵਾ ਕੀਤਾ ਸੀ। ਇਕ ਅਤਿਵਾਦੀ ਨੇ ਸੁਨਿਆਰੇ ਰਾਜੇਸ਼ ਸ਼ਰਮਾ ਦੇ ਮੋਬਾਈਲ ਫੋਨ ਤੋਂ ਪਾਕਿਸਤਾਨ ਦੇ ਬਹਾਵਲਪੁਰ ਵਿਚ ਗੱਲ ਕੀਤੀ ਸੀ ਜਿਸ ਦਾ ਖੁਫ਼ੀਆ ਏਜੰਸੀਆਂ ਨੂੰ ਪਤਾ ਲੱਗ ਗਿਆ। ਹਮਲੇ ਤੋਂ ਸਪੱਸ਼ਟ ਹੋ ਗਿਆ ਕਿ ਨਵੇਂ ਸਾਲ ਦੀ ਆਮਦ 'ਤੇ ਰਾਤ ਨੂੰ ਢਾਈ ਵਜੇ ਫੌਜੀ ਵਰਦੀ ਵਿਚ ਜਿਹੜੇ ਅਤਿਵਾਦੀਆਂ ਨੇ ਐਸ.ਪੀ. ਸਲਵਿੰਦਰ ਸਿੰਘ, ਉਸ ਦੇ ਦੋਸਤ ਰਾਜੇਸ਼ ਵਰਮਾ ਤੇ ਲਾਂਗਰੀ ਮਦਨ ਲਾਲ ਨੂੰ ਅਗਵਾ ਕੀਤਾ ਸੀ, ਇਹ ਉਹੀ ਅਤਿਵਾਦੀ ਸਨ ਕਿਉਂਕਿ ਐਸ.ਪੀ. ਨੇ ਵੀ ਉਨ੍ਹਾਂ ਦੀ ਗਿਣਤੀ ਪੰਜ ਹੀ ਦੱਸੀ ਸੀ। ਸੁਰੱਖਿਆ ਬਲਾਂ ਨੂੰ ਗੁੰਮਰਾਹ ਕਰਨ ਲਈ ਐਸ.ਪੀ. ਤੇ ਉਸ ਦੇ ਸਾਥੀਆਂ ਉਪਰ ਉਨ੍ਹਾਂ ਕੋਈ ਗੋਲੀ ਨਹੀਂ ਚਲਾਈ ਤੇ ਸਿਰਫ ਚਾਕੂਆਂ ਨਾਲ ਹੀ ਹਮਲਾ ਕੀਤਾ ਤਾਂ ਜੋ ਇਹ ਲੱਗ ਸਕੇ ਕਿ ਇਹ ਕਾਂਡ ਅਤਿਵਾਦੀਆਂ ਦਾ ਨਹੀਂ ਬਲਕਿ ਲੁਟੇਰਿਆਂ ਦਾ ਹੈ।

## ਸ਼ਹੀਦ ਹੋਏ ਕਾਹਨੂੰਵਾਨ ਖੇਤਰ ਦੇ ਦੋ ਜਵਾਨ

**ਕਾਹਨੂੰਵਾਨ:** ਪਠਾਨਕੋਟ ਅਤਿਵਾਦੀ ਹਮਲੇ ਵਿਚ ਸ਼ਹੀਦ ਹੋਏ ਦੋ ਜਵਾਨ- ਹੌਲਦਾਰ ਕੁਲਵੰਤ ਸਿੰਘ ਅਤੇ ਕੈਪਟਨ ਫਤਿਹ ਸਿੰਘ ਠਾਕੁਰ ਜ਼ਿਲ੍ਹਾ ਗੁਰਦਾਸਪੁਰ ਦੇ ਬਲਾਕ ਕਾਹਨੂੰਵਾਨ ਦੇ ਪਿੰਡ ਚੱਕ ਸ਼ਰੀਫ ਤੇ ਭੱਠ ਗੁੱਜਰਾਂ ਦੇ ਰਹਿਣ ਵਾਲੇ ਸਨ। ਇਹ ਦੋਵੇਂ ਪਿੰਡ ਇਕ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹਨ। ਕੁਲਵੰਤ ਸਿੰਘ 1985 ਵਿਚ ਫੌਜ ਦੇ ਕੇਂਦਰ ਹੈਦਰਾਬਾਦ ਵਿਚ ਬਤੌਰ ਸਿਪਾਹੀ ਭਰਤੀ ਹੋਇਆ ਸੀ ਤੇ 2004 ਵਿਚ ਸੇਵਾ ਮੁਕਤ ਹੋ ਗਿਆ ਸੀ। ਸਾਲ 2006 ਵਿਚ ਉਹ ਮੁੜ ਫੌਜ ਦੀ ਡੀ.ਐਸ.ਸੀ. ਸੇਵਾ ਵਿਚ ਭਰਤੀ ਹੋ ਗਿਆ। ਦੋ ਕੁ ਮਹੀਨੇ ਪਹਿਲਾਂ ਹੀ ਉਹ ਉੜੀਸਾ ਤੋਂ ਤਬਦੀਲ ਹੋ ਕੇ ਪਠਾਨਕੋਟ ਏਅਰਬੇਸ ਵਿਚ ਡਿਊਟੀ 'ਤੇ ਆਇਆ ਸੀ। ਇਸੇ ਤਰ੍ਹਾਂ ਕੈਪਟਨ ਫਤਿਹ ਸਿੰਘ ਠਾਕੁਰ ਭਾਰਤੀ ਫੌਜ ਦੀ 16 ਡੋਗਰਾ ਰੈਜੀਮੈਂਟ ਤੋਂ ਬਤੌਰ ਕੈਪਟਨ ਸੇਵਾ ਮੁਕਤ ਹੋ ਕੇ ਆਪਣੇ ਪਰਿਵਾਰ ਕੋਲ ਮੱਧ ਪ੍ਰਦੇਸ਼ ਦੇ ਸ਼ਹਿਰ ਮਹੂ ਵਿਚ ਰਹਿਣ ਲੱਗ ਪਿਆ ਸੀ। ਕੁਝ ਸਾਲ ਪਹਿਲਾਂ ਉਹ ਮੁੜ ਭਾਰਤੀ ਫੌਜ ਦੀ ਡੀ.ਐਸ.ਸੀ. ਕੋਰ ਵਿਚ ਸ਼ਾਮਲ ਹੋ ਗਿਆ ਸੀ। ਫਤਿਹ ਸਿੰਘ ਫੌਜ ਵਿਚ ਅੰਤਰ ਰਾਸ਼ਟਰੀ ਪੱਧਰ ਦਾ ਨਿਸ਼ਾਨੇਬਾਜ਼ ਸੀ ਤੇ ਉਸ ਨੇ ਏਸ਼ੀਆ ਅਤੇ ਅੰਤਰ ਰਾਸ਼ਟਰੀ ਪੱਧਰ ਦੀਆਂ ਖੇਡਾਂ ਵਿਚ ਨਿਸ਼ਾਨੇਬਾਜ਼ੀ ਵਿਚੋਂ ਤਗਮੇ ਹਾਸਲ ਕੀਤੇ ਸਨ। ਇਸ ਪ੍ਰਾਪਤੀ ਲਈ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਦੇਵਗੌੜਾ ਨੇ ਉਸ ਦਾ ਸਨਮਾਨ ਕੀਤਾ ਸੀ। ਉਸ ਦਾ ਪੁੱਤਰ ਗੁਰਦੀਪ ਸਿੰਘ ਦੀਪੂ ਵੀ 15 ਡੋਗਰਾ ਵਿਚ ਹੀ ਸੇਵਾ ਨਿਭਾਅ ਰਿਹਾ ਹੈ।

# ਹਮਲੇ ਦੇ ਮਾਮਲੇ 'ਤੇ ਕਾਂਗਰਸ ਨੇ ਮੋਦੀ ਨੂੰ ਘੇਰਿਆ

**ਨਵੀਂ ਦਿੱਲੀ:** ਪਠਾਨਕੋਟ ਵਿਚ ਅਤਿਵਾਦੀ ਹਮਲੇ ਪਿੱਛੋਂ ਕਾਂਗਰਸ ਨੇ ਮੋਦੀ ਸਰਕਾਰ ਵੱਲੋਂ ਪਾਕਿਸਤਾਨ ਨਾਲ ਸਬੰਧ ਸੁਧਾਰਨ ਦੀ ਨੀਤੀ ਉਤੇ ਸਵਾਲ ਚੁੱਕੇ ਹਨ। ਕੁਲ ਹਿੰਦ ਕਾਂਗਰਸ ਕਮੇਟੀ ਦੇ ਸੰਚਾਰ ਮਹਿਕਮੇ ਦੇ ਮੁਖੀ ਰਣਦੀਪ ਸੁਰਜੇਵਾਲਾ ਨੇ ਕਿਹਾ ਕਿ ਸ੍ਰੀ ਮੋਦੀ ਵੱਲੋਂ ਲਾਹੌਰ ਵਿਚ ਪਾਕਿਸਤਾਨੀ ਹਮਰੁਤਬਾ ਨਵਾਜ਼ ਸ਼ਰੀਫ਼ ਨਾਲ ਮੁਲਾਕਾਤ ਦੇ ਸੱਤ ਦਿਨਾਂ ਅੰਦਰ ਹਮਲਾ ਹੋਣਾ ਸੰਜੀਦਾ ਮਾਮਲਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਮੋਦੀ ਦੇ ਦੌਰੇ ਦੇ ਬਾਵਜੂਦ ਆਈ.ਐਸ.ਆਈ. ਭਾਰਤ ਖਿਲਾਫ ਅਤਿਵਾਦੀ ਕਾਰਵਾਈਆਂ ਵਿਚ ਜੁਟੀ ਹੋਈ ਹੈ। ਮਕਬੂਜ਼ਾ ਕਸ਼ਮੀਰ ਵਿਚ ਪਾਕਿਸਤਾਨੀ ਅਦਾਰਿਆਂ ਵੱਲੋਂ ਭਾਰਤ ਵਿਰੋਧੀ ਸਰਗਰਮੀਆਂ ਲਈ ਅਤਿਵਾਦੀਆਂ ਨੂੰ ਸ਼ਹਿ ਦਿੱਤੀ ਜਾ ਰਹੀ ਹੈ। ਸ੍ਰੀ ਸੁਰਜੇਵਾਲਾ ਨੇ ਸਰਕਾਰ ਨੂੰ ਕਿਹਾ ਹੈ ਕਿ ਉਹ ਪਾਕਿਸਤਾਨ ਨਾਲ ਇਨ੍ਹਾਂ ਅਤਿਵਾਦੀ ਹਮਲਿਆਂ ਦਾ ਮਾਮਲਾ ਜ਼ਰੂਰ ਚੁੱਕਣ। ਉਨ੍ਹਾਂ ਮੁਤਾਬਕ ਪੰਜਾਬ ਵਿਚ ਪਿਛਲੇ 20 ਸਾਲਾਂ ਤੋਂ ਸ਼ਾਂਤੀ ਰਹਿਣ ਦੇ ਬਾਅਦ ਅਤਿਵਾਦੀ ਕਾਰਵਾਈਆਂ ਵਿਚ ਅਚਾਨਕ ਵਾਧਾ ਚਿੰਤਾ ਵਾਲੀ ਗੱਲ ਹੈ। ਉਧਰ, ਕੇਂਦਰੀ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਦੋਸ਼ ਲਾਇਆ ਕਿ ਕਾਂਗਰਸ ਅਤਿਵਾਦੀ ਹਮਲੇ ਦਾ ਸਿਆਸੀਕਰਨ ਕਰ ਰਹੀ ਹੈ।



## ਮੋਦੀ ਦੇ ਪਾਕਿਸਤਾਨ ਦੌਰੇ ਖਿਲਾਫ ਪਟੀਸ਼ਨ

**ਇਸਲਾਮਾਬਾਦ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਬੀਤੇ ਦਿਨੀਂ ਅਚਾਨਕ ਪਾਕਿਸਤਾਨ ਦੇ ਕੀਤੇ ਦੌਰੇ ਖਿਲਾਫ ਲਾਹੌਰ ਉੱਚ ਅਦਾਲਤ ਵਿਚ ਇਕ ਪਟੀਸ਼ਨ ਪਾਈ ਗਈ ਹੈ। 'ਦ ਨੇਸ਼ਨ' ਦੀ ਰਿਪੋਰਟ ਅਨੁਸਾਰ ਮੁਨੀਰ ਅਹਿਮਦ ਨਾਂ ਦੇ ਵਿਅਕਤੀ ਵੱਲੋਂ ਪਾਈ ਪਟੀਸ਼ਨ ਵਿਚ ਕਿਹਾ ਕਿ ਮੋਦੀ ਨੇ ਆਪਣੇ 120 ਮੈਂਬਰੀ ਪ੍ਰਤੀਨਿਧੀ ਮੰਡਲ ਨਾਲ ਪਾਕਿਸਤਾਨ ਦੀ ਯਾਤਰਾ ਅਧਿਕਾਰਤ ਹੁਕਮਾਂ ਦੇ ਬਿਨਾਂ ਕੀਤੀ ਹੈ, ਜਿਸ ਵਿਚ ਕਾਨੂੰਨੀ ਪ੍ਰਕਿਰਿਆ ਦੀ ਪਾਲਣਾ ਨਹੀਂ ਕੀਤੀ ਗਈ। ਇਸ ਪਟੀਸ਼ਨ ਵਿਚ ਸੰਘੀ ਸਰਕਾਰ ਤੇ ਹਵਾਈ ਅੱਡਾ ਸੁਰੱਖਿਆ ਬਲ ਨੂੰ ਧਿਰ ਬਣਾਇਆ ਗਿਆ ਹੈ। ਜ਼ਿਕਰਯੋਗ ਹੈ ਕਿ ਸ੍ਰੀ ਮੋਦੀ ਨੇ 25 ਦਸੰਬਰ ਨੂੰ ਆਪਣੇ ਅਫਗਾਨਿਸਤਾਨ ਦੌਰੇ ਦੌਰਾਨ ਅਚਾਨਕ ਲਾਹੌਰ ਜਾਣ ਦਾ ਫੈਸਲਾ ਕੀਤਾ ਸੀ।

## ਮਨੁੱਖਤਾ ਦੇ ਦੁਸ਼ਮਣਾਂ ਦਾ ਕਾਰਾ: ਮੋਦੀ



**ਮੈਸੂਰ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪਠਾਨਕੋਟ ਵਿਚ ਹੋਏ ਅਤਿਵਾਦੀ ਹਮਲੇ ਦੀ ਨਿਖੇਧੀ ਕਰਦਿਆਂ ਕਿਹਾ ਹੈ ਕਿ ਮਨੁੱਖਤਾ ਦੇ ਦੁਸ਼ਮਣਾਂ ਨੇ ਇਹ ਕਾਰਾ ਕੀਤਾ ਹੈ ਜੋ ਭਾਰਤ ਦੀ ਤਰੱਕੀ ਤੋਂ ਸੜਦੇ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਭਾਰਤੀ ਰੱਖਿਆ ਸੇਵਾਵਾਂ ਦੁਸ਼ਮਣਾਂ ਦੇ ਨਾਪਾਕ ਇਰਾਦਿਆਂ ਨੂੰ ਮਾਤ ਦੇਣ ਦੇ ਸਮਰੱਥ ਹਨ। ਸ੍ਰੀ ਮੋਦੀ ਨੇ ਕਿਹਾ ਕਿ ਪਠਾਨਕੋਟ ਦੇ ਰਣਨੀਤੀ ਪੱਖੋਂ ਅਹਿਮ ਹਵਾਈ ਟਿਕਾਣੇ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਗਈ ਜਿਸ ਨੂੰ ਸਾਡੇ ਜਵਾਨਾਂ ਨੇ ਨਾਕਾਮ ਬਣਾ ਦਿੱਤਾ।

## ਮੂੰਹ ਤੋੜ ਜਵਾਬ ਦੇਵਾਂਗੇ: ਰਾਜਨਾਥ ਸਿੰਘ



**ਨਵੀਂ ਦਿੱਲੀ:** ਭਾਰਤ ਗਵਾਂਢੀ ਦੇਸ਼ਾਂ ਨਾਲ ਦੋਸਤੀ ਵਾਲੇ ਰਿਸ਼ਤੇ ਚਾਹੁੰਦਾ ਹੈ, ਪਰ ਦੇਸ਼ 'ਤੇ ਹਮਲੇ ਦਾ ਮੂੰਹ ਤੋੜ ਜਵਾਬ ਦਿਆਂਗੇ। ਇਹ ਕਹਿਣਾ ਹੈ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਦਾ। ਗ੍ਰਹਿ ਮੰਤਰੀ ਨੇ ਕਿਹਾ ਕਿ ਸ਼ਾਂਤੀ ਬਰਕਰਾਰ ਰੱਖਣ ਦੀ ਕੋਸ਼ਿਸ਼ ਲਈ ਦੋਸਤੀ ਦੇ ਕਦਮ ਚੁੱਕੇ ਜਾ ਰਹੇ ਹਨ, ਪਰ ਅਤਿਵਾਦ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਕਿਉਂ ਬਣਿਆ ਪਠਾਨਕੋਟ ਏਅਰਬੇਸ ਨਿਸ਼ਾਨਾ?

**ਨਵੀਂ ਦਿੱਲੀ:** ਪੰਜਾਬ ਦੇ ਪਠਾਨਕੋਟ ਵਿਚ ਏਅਰ ਫੋਰਸ ਸਟੇਸ਼ਨ ਉਤੇ ਹੋਏ ਦਹਿਸ਼ਤੀ ਹਮਲੇ ਨੇ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ। ਪਾਕਿਸਤਾਨ ਦੀ ਸਰਹੱਦ ਤੋਂ ਸਿਰਫ 20 ਕਿਲੋਮੀਟਰ ਦੀ ਦੂਰੀ ਉਤੇ ਇਹ ਸਟੇਸ਼ਨ ਹੈ। ਭਾਰਤ ਲਈ ਇਹ ਏਅਰ ਫੋਰਸ ਬੇਸ ਕਾਫੀ ਅਹਿਮ ਹੈ।

ਜੰਮੂ-ਕਸ਼ਮੀਰ ਤੇ ਹਿਮਾਚਲ ਸੂਬੇ ਦੇ ਪਠਾਨਕੋਟ ਬਿਲਕੁਲ ਨਜ਼ਦੀਕ ਹੈ। ਹਵਾਈ ਸੈਨਾ ਤੋਂ ਇਲਾਵਾ ਪਠਾਨਕੋਟ ਭਾਰਤੀ ਥਲ ਸੈਨਾ ਦਾ ਵੀ ਵੱਡਾ ਬੇਸ ਹੈ। ਪਠਾਨਕੋਟ ਬੇਸ ਏਅਰ ਫੋਰਸ ਵੈਸਟਨ ਕਮਾਂਡ ਅਧੀਨ ਆਉਂਦਾ ਹੈ ਤੇ ਇਹ ਬਾਰਡਰ ਦੇ ਬਿਲਕੁਲ ਨਜ਼ਦੀਕ ਹੈ। ਏਅਰ ਫੋਰਸ ਬੇਸ ਦੋ ਖੇਤਰਾਂ ਵਿਚ ਵੰਡਿਆਂ ਹੋਇਆ ਹੈ। ਇਕ ਟੈਕਨੀਕਲ ਖੇਤਰ ਤੇ ਦੂਜਾ ਰਿਹਾਇਸ਼ੀ ਖੇਤਰ ਹੈ। 1965 ਅਤੇ 1971 ਦੀ ਜੰਗ ਸਮੇਂ ਇਸ ਏਅਰ ਫੋਰਸ ਬੇਸ ਨੇ ਅਹਿਮ ਭੂਮਿਕਾ ਨਿਭਾਈ ਸੀ। ਏਅਰ ਫੋਰਸ ਬੇਸ ਦੇ ਅੰਦਰ ਮਿੱਗ-21 ਤੇ ਹੋਰ ਲੜਾਕੂ ਜਹਾਜ਼ ਤਾਇਨਾਤ ਰਹਿੰਦੇ ਹਨ। ਦੇਸ਼ ਦੀ ਏਅਰ ਸਕਿਊਰਿਟੀ ਲਈ ਇਹ ਏਅਰ ਫੋਰਸ ਸਟੇਸ਼ਨ ਕਾਫੀ ਅਹਿਮ ਹੈ।

ਇਸ ਦੇ ਅੰਦਰ ਹੀ ਏਅਰ ਫੋਰਸ ਵਿਚ ਕੰਮ ਕਰਨ ਵਾਲੇ ਕਰਮੀਆਂ ਦੇ ਪਰਿਵਾਰਕ ਮੈਂਬਰ ਵੀ ਰਹਿੰਦੇ ਹਨ। ਇਸ ਹਵਾਈ ਅੱਡੇ ਉਤੇ ਏਅਰ ਡਿਫੈਂਸ ਗੰਨਾਂ ਤੇ ਲੰਬੀ ਦੂਰੀ ਦੇ ਸਰਵੇਲੈਂਸ ਰੇਡਾਰ ਵੀ ਲੱਗੇ ਹਨ। ਪਠਾਨਕੋਟ ਸ਼ਹਿਰ ਦੀ ਆਬਾਦੀ 1.56 ਲੱਖ ਹੈ ਤੇ ਮਾਮੂਨ ਫੌਜੀ ਛਾਉਣੀ ਵਿਚ ਥਲ ਸੈਨਾ ਦੇ 15 ਹਜ਼ਾਰ ਜਵਾਨ ਵੀ ਹਨ ਜਿਨ੍ਹਾਂ ਕੋਲ ਆਰਟਿਲਰੀ ਗੰਨਾਂ ਤੇ ਟੈਂਕ ਵੀ ਹਨ। ਇਸ ਤੋਂ ਇਲਾਵਾ ਇਥੇ ਹਿਮਾਲਿਆ ਦੀ ਤਰਫੋਂ ਹੋਣ ਵਾਲੇ ਹਮਲਿਆਂ ਨੂੰ ਡੱਕਣ ਲਈ ਖੜੀ ਕੀਤੀ ਜਾ ਰਹੀ 17 ਮਾਊਂਟੇਨ ਸਟਰਾਈਕ ਡਿਵੀਜ਼ਨ ਦਾ ਵੀ ਬੇਸ ਹੈ। ਪਠਾਨਕੋਟ ਹਵਾਈ ਸੈਨਾ ਦੀ ਮੁੱਖ ਤਰਜੀਹ ਰਹਿੰਦਾ ਹੈ ਜੋ ਆਦਮਪੁਰ, ਹਲਵਾਰਾ, ਬਠਿੰਡਾ, ਸਿਰਸਾ, ਅੰਬਾਲਾ ਤੇ ਸੂਰਤਗੜ੍ਹ ਨਾਲ ਮਿਲ ਕੇ ਹਵਾਈ ਅੱਡਿਆਂ ਦੀ ਮਾਲਾ ਸਿਰਜਦੇ ਹਨ।



## ਐਸ.ਪੀ. ਨੂੰ ਮਾਰਨ ਲਈ ਪਰਤੇ ਸਨ ਅਤਿਵਾਦੀ

**ਚੰਡੀਗੜ੍ਹ:** ਫੌਜ ਦੇ ਏਅਰ ਬੇਸ 'ਤੇ ਹਮਲਾ ਕਰਨ ਤੋਂ ਪਹਿਲਾਂ ਅਤਿਵਾਦੀਆਂ ਨੇ ਐਸ.ਪੀ. ਸਲਵਿੰਦਰ ਸਿੰਘ ਨੂੰ ਗੱਡੀ ਸਮੇਤ ਅਗਵਾ ਕੀਤਾ ਸੀ। ਗੱਡੀ ਵਿਚ ਐਸ.ਪੀ. ਦਾ ਇਕ ਦੋਸਤ ਤੇ ਲਾਂਗਰੀ ਵੀ ਸਵਾਰ ਸਨ। ਅਤਿਵਾਦੀਆਂ ਨੇ ਤਿੰਨਾਂ ਨੂੰ ਇਕ-ਇਕ ਕਿੱਲੋਮੀਟਰ ਦੀ ਵਿੱਥ ਉਤੇ ਉਤਾਰਿਆ ਸੀ। ਸਲਵਿੰਦਰ ਨੂੰ ਗੱਡੀ ਵਿਚੋਂ ਉਤਾਰਨ ਦੇ ਬਾਅਦ ਜਦੋਂ ਅਤਿਵਾਦੀਆਂ ਨੇ ਉਸ ਦੇ ਦੋਸਤ ਨੂੰ ਪੁੱਛਿਆ ਕਿ ਇਹ ਗੱਡੀ ਕਿਸ ਦੀ ਹੈ ਤਾਂ ਦੋਸਤ ਵੱਲੋਂ ਕਿਹਾ ਗਿਆ ਕਿ ਇਹ ਗੱਡੀ ਐਸ.ਪੀ. ਦੀ ਹੈ। ਅਤਿਵਾਦੀਆਂ ਨੇ ਕਿਹਾ ਕਿ ਐਸ.ਪੀ. ਖੁਦ ਕਿਥੇ ਹੈ ਤਾਂ ਰਾਜੇਸ਼ ਵਰਮਾ ਨੇ ਦੱਸਿਆ ਕਿ ਜਿਸ ਵਿਅਕਤੀ ਨੂੰ ਬੰਨ੍ਹ ਕੇ ਗੱਡੀ ਵਿਚੋਂ ਉਤਾਰਿਆ ਹੈ, ਉਹੀ ਐਸ.ਪੀ. ਹੈ। ਇਹ ਪਤਾ ਲੱਗਣ 'ਤੇ ਅਤਿਵਾਦੀ ਤੁਰੰਤ ਗੱਡੀ ਵਾਪਸ ਮੋੜ ਕੇ ਉਸੇ ਸਥਾਨ 'ਤੇ ਆ ਗਏ, ਪਰ ਇਹ ਗੱਡੀ ਆਉਂਦੀ ਵੇਖ ਕੇ ਐਸ.ਪੀ. ਅਤੇ ਉਸ ਦੇ ਲਾਂਗਰੀ ਇਕ ਖਾਲ ਵਿਚ ਲੇਟ ਗਏ, ਜਿਸ ਕਾਰਨ ਉਨ੍ਹਾਂ ਦੀ ਜਾਨ ਬਚ ਗਈ।

## ਪੰਜਾਬ ਵਿਚ ਅਸਥਿਰਤਾ ਫੈਲਾਉਣ ਦੀ ਸਾਜ਼ਿਸ਼: ਬਾਦਲ



**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਸੂਬੇ ਦੇ ਲੋਕ ਅਤੇ ਸੁਰੱਖਿਆ ਏਜੰਸੀਆਂ ਸਰਹੱਦ ਪਾਰ ਤੋਂ ਹੋਣ ਵਾਲੇ ਕਿਸੇ ਵੀ ਹਮਲੇ ਦਾ ਢੁਕਵਾਂ ਜਵਾਬ ਦੇਣ ਦੇ ਸਮਰੱਥ ਹਨ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿਚ ਅਸਥਿਰਤਾ ਫੈਲਾਉਣ ਵਾਸਤੇ ਸਰਹੱਦ ਪਾਰ ਤੋਂ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਸੂਬੇ ਦੇ ਲੋਕ ਤੇ ਸਰਕਾਰ ਹਰ ਚੁਣੌਤੀ ਲਈ ਤਿਆਰ ਹਨ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਤਿਵਾਦੀ ਹਮਲਾ ਪਾਕਿਸਤਾਨ ਵੱਲੋਂ ਭਾਰਤ 'ਤੇ ਕੀਤਾ ਗਿਆ ਸਿੱਧਾ ਹਮਲਾ ਹੈ।

## ਹਮਲਾ ਸ਼ਾਂਤੀ ਪ੍ਰਕਿਰਿਆ ਰੋਕਣ ਦੀ ਕੋਸ਼ਿਸ਼: ਕੈਪਟਨ



**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ, ਰਾਜਿੰਦਰ ਕੌਰ ਭੱਠਲ ਤੇ ਕਾਂਗਰਸ ਵਿਧਾਇਕ ਦਲ ਦੇ ਨੇਤਾ ਚਰਨਜੀਤ ਸਿੰਘ ਚੰਨੀ ਨੇ ਹਮਲੇ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਹ ਹਮਲਾ ਖੁਫੀਆ ਏਜੰਸੀਆਂ ਦੇ ਫੇਲ੍ਹ ਹੋਣ ਦਾ ਸਬੂਤ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿਚ ਬੈਠੇ ਸ਼ਰਾਰਤੀ ਅਨਸਰਾਂ ਵੱਲੋਂ ਦੋਵਾਂ ਦੇਸ਼ਾਂ ਵਿਚਾਲੇ ਸ਼ਾਂਤੀ ਪ੍ਰਕਿਰਿਆ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਕਾਮਯਾਬ ਨਹੀਂ ਹੋਣ ਦਿੱਤਾ ਜਾਣਾ ਚਾਹੀਦਾ। ਪਾਕਿਸਤਾਨ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਅਜਿਹੇ ਅਨਸਰਾਂ ਦੀ ਪਛਾਣ ਕਰ ਕੇ ਉਨ੍ਹਾਂ ਨਾਲ ਸਖਤੀ ਨਾਲ ਨਿਪਟੇ।

## ਪਾਕਿ ਦੇ ਫੌਜ ਮੁਖੀ ਵੱਲੋਂ ਅਤਿਵਾਦ ਦੇ ਖਾਤਮੇ ਦਾ ਅਹਿਦ

**ਇਸਲਾਮਾਬਾਦ:** ਪਾਕਿਸਤਾਨ ਦੇ ਫੌਜ ਮੁਖੀ ਜਨਰਲ ਰਾਹੀਲ ਸ਼ਰੀਫ਼ ਨੇ ਕਿਹਾ ਕਿ ਸਾਲ 2016 ਵਿਚ ਇਥੋਂ ਅਤਿਵਾਦੀਆਂ ਦਾ ਖਾਤਮਾ ਹੋ ਜਾਵੇਗਾ ਤੇ ਇਹ ਦੇਸ਼ ਅਤਿਵਾਦ ਤੋਂ ਆਜ਼ਾਦ ਹੋ ਜਾਵੇਗਾ। 'ਡਾਨ' ਦੀ ਇਕ ਰਿਪੋਰਟ ਅਨੁਸਾਰ ਉਨ੍ਹਾਂ ਬੀਤੇ ਦਿਨ ਆਪਣੇ ਭਾਸ਼ਣ ਵਿਚ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪੂਰੇ ਦੇਸ਼ ਨੂੰ ਇਸ ਸਬੰਧੀ ਸੁਰੱਖਿਆ ਬਲਾਂ ਦਾ ਸਾਥ ਦੇਣ ਦੀ ਜ਼ਰੂਰਤ ਹੈ। ਅਤਿਵਾਦ ਭ੍ਰਿਸ਼ਟਾਚਾਰ ਤੇ ਅਪਰਾਧ ਵਿਚਕਾਰ ਇਕ ਗਠਜੋੜ ਹੈ ਤੇ ਇਸ ਗਠਜੋੜ ਦੀਆਂ ਸਾਰੀਆਂ ਨਕਾਰਾਤਮਕ ਸ਼ਕਤੀਆਂ ਨੂੰ ਹਰਾਇਆ ਜਾਵੇਗਾ।

## Matrimonial

### ਵਰ ਦੀ ਲੋੜ ਹੈ

ਜੱਟ ਸਿੱਖ ਸਿੱਧੂ ਉਮਰ 27 ਸਾਲ ਕੱਦ 6 ਫੁਟ, ਪੱਕੇ ਵੈਸ਼ਣੋਂ, ਇੰਡੀਆ ਰਹਿੰਦੇ ਬੀ ਏ ਪਾਸ ਲੜਕੇ ਲਈ ਅਮਰੀਕੀ ਸਿਟੀਜ਼ਨ/ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਪਾਸ ਅੱਛੀ ਜ਼ਮੀਨ ਹੈ। ਲੜਕੇ ਦਾ ਭਰਾ ਅਮਰੀਕੀ ਸਿਟੀਜ਼ਨ ਹੈ। ਸੰਪਰਕ ਕਰੋ: ਫੋਨ 661-378-6458 ਜਾਂ ਇੰਡੀਆ ਫੋਨ 091-94171-80347, 98887-03571 2-5

### ਕੰਨਿਆ ਦੀ ਲੋੜ ਹੈ

Looking for Sikh girl for a US born clean shaven, handsome Sikh boy, 38 years 6', MBA, running his own business. Please Contact, Ph: 513-546-7246 50-

Suitable match for handsome Nai boy, 27 years, 5'-9", BBA (convent), Industrialist, family now in USA, marriage possible in USA/Canada. Contact: 646-318-1589 49-

### ਸਾਥੀ ਦੀ ਲੋੜ ਹੈ

ਅਮੈਰੀਕਨ ਸਿਟੀਜ਼ਨ, ਉਮਰ 45 ਸਾਲ, ਕੱਦ 5' 5" ਤਲਾਕਸ਼ੁਦਾ ਵਿਅਕਤੀ ਲਈ ਜੀਵਨ ਸਾਥਣ ਦੀ ਲੋੜ ਹੈ ਜੋ ਘੱਟ ਘੱਟ 35 ਸਾਲ ਦੀ ਹੋਵੇ। ਸੰਪਰਕ ਕਰੋ: ਫੋਨ 317-935-5665 51-2

wwwpunjabtimesusa.com


# ਗੁਰਦੁਆਰਾ ਸੱਚ ਖੰਡ ਈਸ਼ਰ ਦਰਬਾਰ ਵਿਖੇ ਸੈਮੀਨਾਰ 10 ਨੂੰ

**ਸੈਕਰਾਮੈਂਟੋ:** ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਆਫ਼ ਨਾਰਥ ਅਮਰੀਕਾ ਦੇ ਪ੍ਰਧਾਨ ਗੁਲਿੰਦਰ ਸਿੰਘ ਗਿੱਲ, ਕਿਰਪਾਲ ਸਿੰਘ ਢਿੱਲੋਂ ਅਤੇ ਸੰਤ ਬਾਬਾ ਕਸ਼ਮੀਰਾ ਸਿੰਘ ਦੇ ਸਹਿਯੋਗ ਨਾਲ ਗੁਰਦੁਆਰਾ ਸੱਚ ਖੰਡ ਈਸ਼ਰ ਦਰਬਾਰ ਸੈਕਰਾਮੈਂਟੋ ਵਿਖੇ 10 ਜਨਵਰੀ ਐਤਵਾਰ ਨੂੰ ਪੌਣੇ ਗਿਆਰਾਂ ਤੋਂ ਲੈ ਕੇ ਡੇਢ ਵਜੇ ਤੱਕ ਇਕ ਸੈਮੀਨਾਰ ਚਲੇਗਾ ਜਿਸ ਦਾ ਵਿਸ਼ਾ 'ਔਰਤ ਦੇ ਵਧਦੇ ਕਦਮ-ਲੋੜ ਖੁਦ ਦਾ ਬਲ ਪਛਾਣਨ ਦੀ' ਅਤੇ 'ਗੁਰਬਾਣੀ ਦੇ ਸ਼ਬਦਾਂ ਵਿਚ ਔਰਤ ਦਾ ਸੰਕਲਪ' ਹੋਵੇਗਾ।

ਪ੍ਰੈਸ ਨੂੰ ਜਾਰੀ ਇਕ ਬਿਆਨ ਵਿਚ ਸ. ਚਰਨ ਸਿੰਘ ਜੱਜ ਨੇ ਕਿਹਾ ਕਿ ਪ੍ਰਾਚੀਨ ਅੰਧਕਾਰ ਯੁੱਗ ਤੋਂ ਲੈ ਕੇ ਸਿੱਖ ਸਮਾਜ ਦੀ ਸਥਾਪਨਾ ਤੱਕ ਭਾਰਤੀ ਔਰਤ ਅਨੇਕਾਂ ਸਮਾਜਕ ਪੱਧਰਾਂ ਇਤਿਹਾਸਕ ਯੁਗਾਂ ਅਤੇ ਰਾਜਸੀ ਹਾਲਾਤਾਂ ਥਾਈਂ ਹੋ ਕੇ ਲੰਘੀ ਹੈ। ਜਿਸ ਨੇ ਅੱਗ ਤੇ ਪਾਣੀ ਨੂੰ ਇਕੋ ਹੀ ਤਰ੍ਹਾਂ ਨਿਗਲਿਆ ਹੈ। ਸੇਵਾ ਉਸ ਦੀ ਫਿਤਰਤ ਹੈ ਅਤੇ ਕੁਰਬਾਨੀ ਉਸ ਦੀ ਤਾਕਤ ਹੈ।

ਉਨ੍ਹਾਂ ਦੱਸਿਆ ਕਿ ਸੈਮੀਨਾਰ ਦੌਰਾਨ ਪ੍ਰੋ. ਹਰਪਾਲ ਸਿੰਘ, ਡਾ. ਪ੍ਰਗਟ ਸਿੰਘ ਹੁੰਦਲ, ਚਰਨ ਸਿੰਘ ਜੱਜ, ਅਨਮੋਲ ਪ੍ਰੀਤ ਕੌਰ, ਮਨਜੀਤ ਕੌਰ ਸੇਖੋਂ, ਦਿਲ ਨਿੱਝਰ, ਬੀਬੀ ਗੁਰਮੇਲ ਕੌਰ ਅਤੇ ਬੀਬੀ ਕੁਲਵੰਤ ਕੌਰ ਆਪਣੇ ਵਿਚਾਰ ਪੇਸ਼ ਕਰਨਗੇ। ਜਨਕ ਰਾਜ ਸਿੱਧਰਾ, ਮਦਨ ਲਾਲ ਸ਼ਰਮਾ, ਗੁਰਦੀਪ ਸਿੰਘ ਗਿੱਲ ਅਤੇ ਬਲਵਿੰਦਰ ਸਿੰਘ ਡੁਲਕੂ ਸੰਗਤਾਂ ਨੂੰ ਨਾਲ ਲੈ ਕੇ ਗੁਰਦੁਆਰਾ ਸਾਹਿਬ ਪਹੁੰਚਣਗੇ।

ਗੁਰਦੁਆਰਾ ਦੇ ਸੰਚਾਲਕਾਂ ਅਤੇ ਜਥੇਬੰਦੀਆਂ ਦੇ ਕਾਰਕੁੰਨਾਂ ਨੇ ਸੰਗਤਾਂ ਨੂੰ ਗੁਰਦੁਆਰਾ ਸੱਚਖੰਡ ਈਸ਼ਰ ਦਰਬਾਰ ਵਿਖੇ 10 ਵਜੇ ਪਹੁੰਚਣ ਦੀ ਬੇਨਤੀ ਕੀਤੀ ਹੈ।

# ਅਰਵਿੰਦ ਕੇਜਰੀਵਾਲ ਤੇ ਨਰੇਂਦਰ ਮੋਦੀ ਦੀ ਫਿਰ ਖੜਕੀ

**ਨਵੀਂ ਦਿੱਲੀ:** ਦਿੱਲੀ ਵਿਚ ਅਰਵਿੰਦ ਕੇਜਰੀਵਾਲ ਤੇ ਨਰੇਂਦਰ ਮੋਦੀ ਸਰਕਾਰ ਇਕ ਵਾਰ ਫਿਰ ਆਹਮੋ-ਸਾਹਮਣੇ ਹਨ। ਦਿੱਲੀ ਦੇ ਗ੍ਰਹਿ ਮੰਤਰੀ ਸਤੇਂਦਰ ਜੈਨ ਦਾ ਹੁਕਮ ਨਾ ਮੰਨਣ 'ਤੇ ਜਿਹੜੇ ਦੋ ਅਧਿਕਾਰੀਆਂ ਨੂੰ ਕੇਜਰੀਵਾਲ ਸਰਕਾਰ ਨੇ ਸਸਪੈਂਡ ਕੀਤਾ ਸੀ, ਉਨ੍ਹਾਂ ਨੂੰ ਮੋਦੀ ਸਰਕਾਰ ਨੇ ਬਹਾਲ ਕਰ ਦਿੱਤਾ ਹੈ। ਦਰਅਸਲ ਦਿੱਲੀ ਸਰਕਾਰ ਦੇ ਗ੍ਰਹਿ ਵਿਭਾਗ ਵਿਚ ਸਪੈਸ਼ਲ ਸੈਕਟਰੀ ਯਸ਼ਪਾਲ ਗਰਗ ਤੇ ਸੁਭਾਸ਼ ਚੰਦਰਾ ਨੂੰ ਸਸਪੈਂਡ ਕੀਤਾ ਗਿਆ ਸੀ।

ਮਾਮਲਾ ਸਰਕਾਰੀ ਵਕੀਲ ਤੇ ਤਿਹਾੜ ਜੇਲ੍ਹ ਦੇ ਕਰਮਚਾਰੀਆਂ ਦੀ ਤਨਖਾਹ ਵਧਾਉਣ ਦਾ ਹੈ। ਦਿੱਲੀ ਸਰਕਾਰ ਨੇ ਬਿਨਾਂ ਕੇਂਦਰ ਦੀ ਮਨਜ਼ੂਰੀ ਦੇ ਕੈਬਨਿਟ ਵਿਚ ਪਾਸ ਕਰ ਫਾਈਲ ਉਪ ਰਾਜਪਾਲ ਨੂੰ ਭੇਜ ਦਿੱਤੀ ਸੀ। ਇਸ ਤੇ ਉਪ ਰਾਜਪਾਲ ਨੇ ਨਿਯਮਾਂ ਦਾ ਹਵਾਲਾ ਦਿੰਦਿਆਂ ਬਿਨਾਂ ਮਨਜ਼ੂਰੀ ਦੇ ਫਾਈਲ ਕੇਂਦਰ ਸਰਕਾਰ ਕੋਲ ਭੇਜ ਦਿੱਤੀ। ਗ੍ਰਹਿ ਮੰਤਰੀ ਸਤੇਂਦਰ ਜੈਨ ਇਨ੍ਹਾਂ ਅਧਿਕਾਰੀਆਂ ਤੋਂ ਇਸ ਬਾਰੇ ਨੋਟੀਫਿਕੇਸ਼ਨ ਜਾਰੀ ਕਰਨ ਨੂੰ ਕਹਿ ਰਹੇ ਸਨ। ਨਿਯਮਾਂ ਕਾਰਨ ਇਸ ਪ੍ਰਕਿਰਿਆ ਨੂੰ ਪੂਰਾ ਨਾ ਕਰਨ ਕਾਰਨ ਜੈਨ ਨੇ ਦੋਵੇਂ ਅਧਿਕਾਰੀਆਂ ਨੂੰ ਸਸਪੈਂਡ ਕਰ ਦਿੱਤਾ ਸੀ। ਹਾਲਾਂਕਿ ਕੇਂਦਰੀ ਗ੍ਰਹਿ ਮੰਤਰਾਲੇ ਨੇ ਇਸ ਸਸਪੈਂਸ਼ਨ ਨੂੰ ਗਲਤ ਦੱਸਿਆ ਹੈ।


# ਡਾ. ਜੋਸਫ਼ ਕਾਸਟਰੋ ਹੋਣਗੇ ਪੰਜਾਬੀਆਂ ਦੇ ਰੂਬਰੂ



**ਫਰਿਜ਼ਨੋ (ਬਿਊਰੋ):** ਫਰਿਜ਼ਨੋ ਸਟੇਟ ਯੂਨੀਵਰਸਿਟੀ ਦੇ ਕੁਲਪਤੀ ਡਾ. ਜੋਸਫ਼ ਕਾਸਟਰੋ 12 ਜਨਵਰੀ, ਮੰਗਲਵਾਰ ਸ਼ਾਮੀਂ 5 ਵਜੇ ਗੁਰਦੁਆਰਾ ਸੈਲਮਾ (ਹਾਈਲੈਂਡ ਐਵੇਨਿਉ) ਵਿਖੇ ਪੰਜਾਬੀ ਭਾਈਚਾਰੇ ਦੇ ਰੂਬਰੂ ਹੋਣਗੇ।

ਡਾ. ਕਾਸਟਰੋ ਕਿਸਾਨਾਂ ਨਾਲ ਮਿਲ ਕੇ ਪੰਜਾਬ ਅੰਦਰ ਖੇਤੀ ਨੂੰ ਵਿਕਸਤ ਕਰਨ ਅਤੇ ਪੰਜਾਬ ਖੇਤੀ ਯੂਨੀਵਰਸਿਟੀ ਲੁਧਿਆਣਾ ਨੂੰ ਸਿਸਟਰ ਯੂਨੀਵਰਸਿਟੀ ਦਾ ਦਰਜਾ ਦਵਾਉਣ ਤੇ ਪੰਜਾਬੀ ਵਿਦਿਆਰਥੀਆਂ ਦੀਆਂ ਮੁਸ਼ਕਲਾਂ ਸਬੰਧੀ ਗੱਲਬਾਤ ਕਰਨਗੇ। ਹੋਰ ਜਾਣਕਾਰੀ ਲਈ ਇਕਬਾਲ ਸਿੰਘ ਗਰੇਵਾਲ ਨਾਲ ਫੋਨ (559) 906-7403 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਕਾਂਗਰਸੀ ਆਗੂ ਹਰਨਾਮ ਦਾਸ ਜੌਹਰ ਦੀ ਮੌਤ



**ਚੰਡੀਗੜ੍ਹ:** ਸਾਬਕਾ ਸਪੀਕਰ ਅਤੇ ਕਾਂਗਰਸੀ ਆਗੂ ਹਰਨਾਮ ਦਾਸ ਜੌਹਰ ਅਕਾਲ ਚਲਾਣਾ ਕਰ ਗਏ ਹਨ। ਉਹ 78 ਸਾਲਾਂ ਦੇ ਸਨ ਅਤੇ ਕਾਫੀ ਸਮੇਂ ਤੋਂ ਬਿਮਾਰ ਚੱਲ ਰਹੇ ਹਨ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਉਨ੍ਹਾਂ ਦੀ ਮੌਤ 'ਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਹੈ ਕਿ ਸ੍ਰੀ ਜੌਹਰ ਸੂਝਵਾਨ ਰਾਜਸੀ ਨੇਤਾ ਅਤੇ ਉਘੇ ਸਮਾਜਸੇਵੀ ਸਨ ਜਿਨ੍ਹਾਂ ਨੇ ਸਮਾਜ ਦੇ ਹਰ ਵਰਗ ਦਾ ਪੱਧਰ ਉਚਾ ਚੁੱਕਣ ਲਈ ਆਪਣੇ ਸਾਰੇ ਜੀਵਨ ਦੌਰਾਨ ਸਖ਼ਤ ਸੰਘਰਸ਼ ਕੀਤਾ ਅਤੇ ਰਾਜਸੀ ਜੀਵਨ ਦੌਰਾਨ ਨੈਤਿਕ ਕਦਰਾਂ-ਕੀਮਤਾਂ ਨੂੰ ਅਪਣਾਈ ਰੱਖਿਆ। ਉਨ੍ਹਾਂ ਉਚੇਰੀ ਸਿੱਖਿਆ ਮੰਤਰੀ ਵਜੋਂ ਸਿੱਖਿਆ ਦੇ ਪਸਾਰ ਲਈ ਉਚੇਚਾ ਯੋਗਦਾਨ ਪਾਇਆ।

# ਅਬੋਹਰ ਕਾਂਡ: ਸ਼ਿਵ ਲਾਲ ਡੋਡਾ ਦੀ ਜ਼ਮਾਨਤ ਰੱਦ

**ਫਾਜ਼ਿਲਕਾ:** ਅਬੋਹਰ ਕਾਂਡ ਦੇ ਮੁੱਖ ਮੁਲਜ਼ਮ ਅਤੇ ਸ਼ਰਾਬ ਦੇ ਕਾਰੋਬਾਰੀ ਸ਼ਿਵ ਲਾਲ ਡੋਡਾ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਅਦਾਲਤ ਨੇ ਰੱਦ ਕਰ ਦਿੱਤੀ ਹੈ। ਇਸ ਮਾਮਲੇ 'ਚ ਸ਼ਿਵ ਲਾਲ ਡੋਡਾ ਦਾ ਭਤੀਜਾ ਅਮਿਤ ਡੋਡਾ ਆਤਮ ਸਮਰਪਣ ਕਰ ਚੁੱਕਾ ਹੈ। ਇਸ ਮਾਮਲੇ 'ਚ ਹੁਣ ਤੱਕ ਕਈ ਮੁਲਜ਼ਮ ਪੁਲਿਸ ਦੀ ਗ੍ਰਿਫ਼ਤ 'ਚ ਆ ਚੁੱਕੇ ਹਨ। ਵਿਰੋਧੀਆਂ ਦਾ ਇਲਜ਼ਾਮ ਹੈ ਕਿ ਅਕਾਲੀ ਦਲ ਨਾਲ ਨਜ਼ਦੀਕੀਆਂ ਕਾਰਨ ਹੀ ਸ਼ਿਵ ਲਾਲ ਡੋਡਾ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਹਾਲਾਂਕਿ ਅਕਾਲੀ ਦਲ ਲਗਾਤਾਰ ਸ਼ਿਵ ਲਾਲ ਡੋਡਾ ਨਾਲ ਕਿਸੇ ਵੀ ਕਿਸਮ ਦੇ ਸਬੰਧ ਹੋਣ ਤੋਂ ਇਨਕਾਰ ਕਰ ਚੁੱਕਾ ਹੈ।

ਜ਼ਿਕਰਯੋਗ ਹੈ ਕਿ ਅਬੋਹਰ 'ਚ ਸ਼ਿਵ ਲਾਲ ਡੋਡਾ ਦੇ ਫਾਰਮ ਹਾਊਸ 'ਤੇ ਦੋ ਨੌਜਵਾਨਾਂ ਭੀਮ ਅਤੇ ਜੰਟਾ ਦੇ ਹੱਥ ਪੈਰ ਕੱਟ ਦਿੱਤੇ ਗਏ ਸਨ। ਘਟਨਾ ਤੋਂ ਬਾਅਦ ਜਦੋਂ ਨੌਜਵਾਨਾਂ ਨੂੰ ਅੰਮ੍ਰਿਤਸਰ ਇਲਾਜ ਲਈ ਲਿਜਾਇਆ ਜਾ ਰਿਹਾ ਸੀ ਤਾਂ ਭੀਮ ਟਾਂਕ ਦੀ ਮੌਤ ਹੋ ਗਈ ਸੀ।


# ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੀਫੋਰਨੀਆ)


ੴ ਸਤਿਗੁਰ ਪ੍ਰਸਾਦਿ॥

ਚਾਰੇ ਸਾਹਿਬਜ਼ਾਦੇ, ਮਾਤਾ ਗੁਜਰੀ ਜੀ ਅਤੇ ਮਹਾਨ ਸਿੰਘਾਂ ਦੀ ਅਦੁੱਤੀ ਕੁਰਬਾਨੀ ਨੂੰ ਸਮਰਪਿਤ

## 'ਸਰਬ ਰੋਗ ਕਾ ਅਉਖਦੁ ਨਾਮੁ' ਰੋਗ ਨਿਵਾਰਨ ਕੈਂਪ

## ਸਥਾਨ: ਸਿੱਖ ਗੁਰਦੁਆਰਾ ਸੈਨ ਹੋਜ਼ੇ (ਕੈਲੀਫੋਰਨੀਆ)

## 7 ਤੋਂ 10 ਜਨਵਰੀ 2016 ਤੱਕ *(ਸਮਾਂ: ਬਾਅਦ ਦੁਪਹਿਰ 2 ਤੋਂ ਰਾਤ 8 ਵਜੇ ਤੱਕ)*



ਸ. ਹਰਦਿਆਲ ਸਿੰਘ

ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥ ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥

ਕੈਂਪਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ ਅੰਦਰ ਸੰਗਤੀ ਰੂਪ ਵਿਚ ਪਾਠ ਸ੍ਰੀ ਸੁਖਮਨੀ ਸਾਹਿਬ, ਰੋਗ ਨਵ੍ਰਿਤੀ ਸ਼ਬਦ ਜਾਪ, ਨਾਮ ਜਾਪ ਅਤੇ ਗੁਰਮਤਿ ਵਿਚਾਰਾਂ ਦੇ ਨਾਲ ਨਾਲ, ਰੋਗਾਂ ਦੇ ਮੂਲ ਕਾਰਨਾਂ ਦੀ ਵਿਚਾਰ ਵੀ ਹੁੰਦੀ ਹੈ। ਸਤਿਗੁਰੂ ਪਾਤਿਸ਼ਾਹ ਜੀ ਦੀ ਮਿਹਰ ਸਦਕਾ ਅਧਿਆਤਮਕ ਮਾਰਗ ਦੀ ਵਡਮੁੱਲੀ ਬਖਸ਼ਿਸ਼ ਪ੍ਰਾਪਤ ਗੁਰਮੁਖ ਸ. ਹਰਦਿਆਲ ਸਿੰਘ (ਸੇਵਾ ਮੁਕਤ ਆਈ ਏ ਐਸ) ਦੀ ਪ੍ਰੇਰਨਾ ਸਦਕਾ 1983 ਤੋਂ ਭਾਰਤ ਅਤੇ 1995 ਤੋਂ ਵਿਦੇਸ਼ਾਂ ਵਿਚ ਲਗਦੇ ਕੈਂਪਾਂ ਵਿਚ ਹਾਜ਼ਰੀ ਭਰ ਕੇ ਹੁਣ ਤੱਕ ਅਨੇਕਾਂ ਪ੍ਰਾਣੀ ਸਾਧ/ਅਸਾਧ ਰੋਗਾਂ ਤੋਂ ਰਾਹਤ ਪ੍ਰਾਪਤ ਕਰ ਚੁੱਕੇ ਹਨ।

ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਕੈਂਪ ਵਿਚ ਹਾਜ਼ਰੀ ਭਰ ਕੇ ਦੁੱਖਾਂ/ਰੋਗਾਂ ਤੋਂ ਰਾਹਤ ਅਤੇ ਨਾਮ/ਗੁਰਬਾਣੀ ਦੀ ਸੋਝੀ ਪ੍ਰਾਪਤ ਕਰਨ ਦੇ ਅਮੁੱਲ ਅਵਸਰ ਦਾ ਲਾਹਾ ਪ੍ਰਾਪਤ ਕਰੋ ਜੀ।

ਨੋਟ: ਮਿਸ਼ਨ ਵੱਲੋਂ ਸੰਗਤਾਂ ਨੂੰ ਬੇਨਤੀ ਹੈ ਕਿ ਦਵਾਈ ਸਬੰਧੀ ਕੋਈ ਵੀ ਫੈਸਲਾ ਵੀਰ ਭੈਣ ਕੇਵਲ ਆਪਣੇ ਡਾਕਟਰ ਦੀ ਸਲਾਹ ਨਾਲ ਹੀ ਕਰਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ: ਸੁਰਜੀਤ ਸਿੰਘ ਬੈਂਸ 408-394-3595 ਅਤੇ ਨਰਿੰਦਰਪਾਲ ਸਿੰਘ 408-623-4977

## ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜ਼ੇ

3636 Murillo Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ: www.sanjosegurdwara.org

**Punjab Times**
**Established in 2000**
**17th Year in Publication**
Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**
The views expressed in the articles published in the columns of Punjab Times are that of their writers, and it is not implied that Punjab Times endorses them.
Sameway Punjab Times does not necessarily endorses the claims made in the advertisements published in Punjab Times.
**All disputes subject to Chicago jurisdiction.**

# ਸਾਡੀਆਂ ਖਾਮੀਆਂ ਦਾ ਲਾਹਾ ਲੈ ਗਏ ਅਤਿਵਾਦੀ: ਪਰੀਕਰ

**ਪਠਾਨਕੋਟ:** ਰੱਖਿਆ ਮੰਤਰੀ ਮਨੋਹਰ ਪਰੀਕਰ ਨੇ ਮੰਨਿਆ ਹੈ ਕਿ ਕੁਝ ਕਮੀਆਂ ਸਨ ਜਿਨ੍ਹਾਂ ਦਾ ਫਾਇਦਾ ਲੈਂਦਿਆਂ ਵਰਦੀਧਾਰੀ ਅਤਿਵਾਦੀ ਇਥੋਂ ਦੇ ਏਅਰਬੇਸ ਵਿਚ ਦਾਖਲ ਹੋ ਗਏ। ਮੰਤਰੀ ਨੇ ਸਪਸ਼ਟ ਕੀਤਾ ਕਿ ਏਅਰਬੇਸ ਅੰਦਰ ਰਹਿੰਦੇ ਪਰਿਵਾਰਾਂ ਦੀ ਸੁਰੱਖਿਆ ਤੇ ਹਵਾਈ ਜਹਾਜ਼ਾਂ ਨੂੰ ਬਚਾਉਣ ਦੇ ਮੱਦੇਨਜ਼ਰ ਅਪਰੇਸ਼ਨ ਲੰਮਾ ਹੋ ਗਿਆ। ਸਾਰੇ ਛੇ ਅਤਿਵਾਦੀ ਮਾਰੇ ਜਾ ਚੁੱਕੇ ਹਨ। ਇਨ੍ਹਾਂ ਕੋਲ ਪਾਕਿਸਤਾਨ ਵਿਚ ਬਣਿਆ ਸਾਜ਼ੋ-ਸਾਮਾਨ ਸੀ। ਉਨ੍ਹਾਂ ਐਲਾਨ ਕੀਤਾ ਕਿ ਅਪਰੇਸ਼ਨ ਦੌਰਾਨ ਜਾਨਾਂ ਵਾਰਨ ਵਾਲੇ ਸਾਰੇ ਸੁਰੱਖਿਆ ਜਵਾਨਾਂ ਨੂੰ ਸ਼ਹੀਦ ਦਾ ਦਰਜਾ ਦਿੱਤਾ ਜਾਵੇਗਾ ਤੇ ਜ਼ਖ਼ਮੀਆਂ ਦਾ ਵੀ ਸਨਮਾਨ ਕੀਤਾ ਜਾਵੇਗਾ।



ਇਥੇ ਏਅਰਬੇਸ ਦਾ ਦੌਰਾ ਕਰਨ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਅਤਿਵਾਦੀਆਂ ਦੇ ਪਾਕਿਸਤਾਨੀ ਹੋਣ ਦਾ ਸੰਕੇਤ ਦਿੱਤਾ, ਪਰ ਨਾਲ ਹੀ ਕਿਹਾ ਕਿ ਸਾਰਾ ਮਾਮਲਾ ਆਈ.ਐਨ.ਏ. ਦੀ ਜਾਂਚ ਬਾਅਦ ਹੀ ਸਪਸ਼ਟ ਹੋ ਸਕੇਗਾ। ਰੱਖਿਆ ਮੰਤਰੀ ਨੇ ਦੱਸਿਆ ਕਿ ਅਤਿਵਾਦੀਆਂ ਕੋਲੋਂ ਕਾਫੀ ਹਥਿਆਰ, ਗੋਲਾ ਬਰੂਦ ਤੇ ਹੋਰ ਸਾਮਾਨ ਮਿਲਿਆ ਹੈ ਜਿਨ੍ਹਾਂ ਵਿਚ ਰਾਤ ਨੂੰ ਦੇਖਣ ਵਾਲੇ ਯੰਤਰ, ਏ.ਕੇ. 47 ਰਾਈਫਲਾਂ, 40-50 ਕਿੱਲੋ ਦੇ ਕਰੀਬ ਗੋਲੀਆਂ ਤੇ ਗੋਲੇ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਐਨ.ਐਸ.ਜੀ. ਗਰੁੜ ਕਮਾਂਡੋ ਅਤੇ ਥਲ ਤੇ ਹਵਾਈ ਸੈਨਾਵਾਂ ਦੇ ਜਵਾਨਾਂ ਨੇ ਬੜੀ ਸੂਝ ਬੂਝ ਨਾਲ ਸਾਰੀਆਂ ਇਮਾਰਤਾਂ ਤੇ ਏਅਰਬੇਸ ਅੰਦਰ ਰਹਿ ਰਹੇ 3 ਹਜ਼ਾਰ ਦੇ ਕਰੀਬ ਪਰਿਵਾਰਾਂ ਨੂੰ ਬਚਾਇਆ। ਏਅਰਬੇਸ ਅੰਦਰ ਕੁਝ ਵਿਦੇਸ਼ੀ ਟਰੇਨੀ ਸਨ। ਇਨ੍ਹਾਂ ਸਾਰਿਆਂ ਨੂੰ ਬਚਾਉਣ ਕਾਰਨ ਅਪਰੇਸ਼ਨ ਖਤਮ ਕਰਨ ਵਿਚ ਕੁਝ ਦੇਰੀ ਹੋਈ।

ਛੇ ਮਹੀਨਿਆਂ ਵਿਚ ਹੀ ਪੰਜਾਬ ਅੰਦਰ ਅਤਿਵਾਦੀਆਂ ਦੇ ਇਸ ਦੂਸਰੇ ਹਮਲੇ ਅਤੇ ਭਵਿੱਖ ਵਿਚ ਰਾਜ ਅੰਦਰ ਅਜਿਹਾ ਕੋਈ ਹੋਰ ਹਮਲਾ ਹੋਣ ਬਾਰੇ ਸੁਆਲ ਦਾ ਜਵਾਬ ਸ੍ਰੀ ਪਰੀਕਰ ਇਹ ਕਹਿ ਕਿ ਟਾਲ ਗਏ ਕਿ ਸਾਰੇ ਮਾਮਲੇ ਦੀ ਜਾਂਚ ਹੋਣ ਬਾਅਦ ਹੀ ਕੁਝ ਕਿਹਾ ਜਾ ਸਕੇਗਾ। ਉਹ ਹਾਲੇ ਇਸ ਗੱਲ ਤੋਂ ਫਿਕਰਮੰਦ ਹਨ ਕਿ ਅਤਿਵਾਦੀ ਭਾਰਤ ਅੰਦਰ ਕਿਵੇਂ ਦਾਖਲ ਹੋਏ? ਇਸ ਵਿਚ ਬੀ.ਐਸ.ਐਫ. ਕਥਿਤ ਅਣਗਹਿਲੀ ਬਾਰੇ ਉਨ੍ਹਾਂ ਕਿਹਾ ਕਿ ਬੀ.ਐਸ.ਐਫ. ਉਨ੍ਹਾਂ ਅਧੀਨ ਨਹੀਂ ਹੈ, ਜਿਸ ਕਰ ਕੇ ਜਾਂਚ ਤੋਂ ਪਹਿਲਾਂ ਉਹ ਕੁਝ ਨਹੀਂ ਕਹਿਣਾ ਚਾਹੁੰਦੇ।

ਇਸੇ ਦੌਰਾਨ ਕਾਂਗਰਸ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ 'ਤੇ ਦੇਸ਼ ਦੀ ਵਿਦੇਸ਼ ਨੀਤੀ ਨੂੰ ਉਲਟਾਉਣ ਤੇ ਪਾਕਿਸਤਾਨ ਨਾਲ ਸਬੰਧਾਂ ਬਾਰੇ ਸਰਕਾਰ 'ਤੇ ਵਾਰ ਕੀਤੇ। ਪਾਰਟੀ ਦੇ ਬੁਲਾਰੇ ਤੇ ਰਾਜ ਸਭਾ ਵਿਚ ਉਪ ਨੇਤਾ ਆਨੰਦ ਸ਼ਰਮਾ ਨੇ ਕਿਹਾ ਕਿ ਸ੍ਰੀ ਮੋਦੀ ਨੂੰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਤੋਂ ਅਜਿਹਾ ਕੀ ਭਰੋਸਾ ਮਿਲਿਆ ਕਿ ਉਹ ਅਚਾਨਕ ਹੀ ਉਥੇ ਚਲੇ ਗਏ। ਉਧਰ, ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਅਤਿਵਾਦੀ ਹਮਲੇ ਵਿਚ ਸ਼ਹੀਦ ਹੋਏ ਕੈਪਟਨ ਫਤਿਹ ਸਿੰਘ ਅਤੇ ਹਵਾਲਦਾਰ ਕੁਲਵੰਤ ਸਿੰਘ ਦੇ ਪਰਿਵਾਰਾਂ ਨੂੰ 25-25 ਲੱਖ ਰੁਪਏ ਅਤੇ 1-1 ਵਾਰਿਸ ਨੂੰ ਸਰਕਾਰੀ ਨੌਕਰੀ ਦੇਣ ਦਾ ਐਲਾਨ ਕੀਤਾ ਹੈ।

## ਪੰਜਾਬ ਵਿਚ 14 ਸਾਲਾਂ ਵਿਚ 7 ਵੱਡੀਆਂ ਘਟਨਾਵਾਂ

**ਗੁਰਦਾਸਪੁਰ:** ਬੀਤੇ ਸਾਲ ਅਤਿਵਾਦੀਆਂ ਵੱਲੋਂ ਗੁਰਦਾਸਪੁਰ ਦੇ ਦੀਨਾਨਗਰ ਥਾਣੇ ਅੰਦਰ ਕੀਤੇ ਹਮਲੇ ਦੇ ਕਰੀਬ 5 ਮਹੀਨਿਆਂ ਬਾਅਦ ਹੀ ਪੰਜਾਬ ਅੰਦਰ ਦੂਜਾ ਵੱਡਾ ਅਤਿਵਾਦੀ ਹਮਲਾ ਸੁਰੱਖਿਆ ਪੱਖੋਂ ਵੱਡੀ ਖਾਮੀ ਮੰਨਿਆ ਜਾ ਰਿਹਾ ਹੈ। ਪਿਛਲੇ ਕਰੀਬ 14 ਸਾਲਾਂ ਦੌਰਾਨ ਹੁਣ ਤੱਕ 7 ਵੱਡੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ। ਜ਼ਿਕਰਯੋਗ ਹੈ ਕਿ ਜਨਵਰੀ 2001 ਵਿਚ ਪਠਾਨਕੋਟ ਏਅਰ ਫੋਰਸ ਸਟੇਸ਼ਨ ਤੋਂ 4 ਕਿਲੋਮੀਟਰ ਦੂਰ ਡਮਟਾਲ ਵਿਖੇ ਫਾਇਰਿੰਗ ਦਾ ਅਭਿਆਸ ਕਰ ਰਹੇ ਜਵਾਨਾਂ 'ਤੇ ਅਤਿਵਾਦੀਆਂ ਨੇ ਹਮਲਾ ਕਰ ਦਿੱਤਾ ਸੀ। ਇਹ ਅੱਤਵਾਦੀ ਪਹਾੜੀ ਰਸਤੇ ਰਾਹੀਂ ਦਾਖਲ ਹੋਏ ਸਨ ਜਿਨ੍ਹਾਂ ਵੱਲੋਂ ਕੀਤੇ ਹਮਲੇ ਕਾਰਨ 3 ਜਵਾਨ ਮਾਰੇ ਗਏ ਸਨ। ਜਨਵਰੀ 2002 ਵਿਚ ਹੁਸ਼ਿਆਰਪੁਰ ਵਿਖੇ ਬੱਸ ਵਿਚ ਧਮਾਕਾ ਹੋਇਆ ਸੀ ਜਦਕਿ ਮਾਰਚ 2002 ਵਿਚ ਫਿਰੋਜ਼ਪੁਰ-ਧਨਬਾਦ ਐਕਸਪ੍ਰੈਸ ਟਰੇਨ ਵਿਚ ਹੋਏ ਧਮਾਕੇ ਨਾਲ 2 ਵਿਅਕਤੀਆਂ ਦੀ ਮੌਤ ਹੋ ਗਈ ਸੀ। ਜਲੰਧਰ ਵਿਖੇ ਬੱਸ ਟਰਮੀਨਲ ਵਿਚ ਅਪਰੈਲ 2006 ਵਿਚ ਹੋਏ ਧਮਾਕੇ ਦੌਰਾਨ 8 ਵਿਅਕਤੀ ਜ਼ਖ਼ਮੀ ਹੋ ਗਏ ਸਨ। ਅਕਤੂਬਰ 2007 ਦੌਰਾਨ ਲੁਧਿਆਣਾ ਵਿਖੇ ਇਕ ਸਿਨੇਮਾ ਘਰ ਵਿਚ ਹੋਏ ਧਮਾਕੇ ਕਾਰਨ 7 ਲੋਕਾਂ ਦੀ ਮੌਤ ਹੋਈ ਸੀ।

# ਹਿੰਦ-ਪਾਕਿਸਤਾਨ ਦੋਸਤੀ ਨੂੰ ਮੁੜ ਵੰਗਾਰਾਂ

(ਸਫਾ ਇਕ ਦੀ ਬਾਕੀ)

ਬਿਹਾਰੀ ਵਾਜਪਾਈ ਵੀ ਬੱਸ ਰਾਹੀਂ ਦੋਸਤੀ ਦਾ ਪੈਗਾਮ ਲੈ ਕੇ ਲਾਹੌਰ ਪੁੱਜੇ ਸਨ। ਉਸ ਸਮੇਂ ਵੀ ਨਵਾਜ਼ ਸ਼ਰੀਫ਼ ਹੀ ਪ੍ਰਧਾਨ ਮੰਤਰੀ ਸਨ। ਇਕ ਪਾਸੇ ਦੋਵਾਂ ਦੇਸ਼ਾਂ ਦੇ ਪ੍ਰਧਾਨ ਮੰਤਰੀ ਸਦਭਾਵਨਾ, ਮਿਲਵਰਤਨ ਤੇ ਦੋਸਤੀ ਦੀਆਂ ਗੱਲਾਂ ਕਰ ਰਹੇ ਸਨ, ਦੂਜੇ ਪਾਸੇ ਪਾਕਿਸਤਾਨੀ ਫ਼ੌਜ ਦਾ ਮੁਖੀ ਹੀ ਇਕ ਸਾਜ਼ਿਸ਼ ਤਹਿਤ ਭਾਰਤੀ ਇਲਾਕੇ 'ਤੇ ਕਬਜ਼ਾ ਕਰਨ ਦੀ ਕਾਰਵਾਈ ਕਰ ਰਿਹਾ ਸੀ। ਜਦੋਂ ਵੀ ਦੋਵਾਂ ਦੇਸ਼ਾਂ ਵਿਚ ਨੇੜਤਾ ਹੋਣ ਲੱਗਦੀ ਹੈ, ਅਤਿਵਾਦੀ ਸੰਗਠਨ ਅਜਿਹਾ ਕਾਰਾ ਕਰਦੇ ਹਨ। ਪਾਕਿਸਤਾਨ ਸਰਕਾਰ ਅੱਜ 'ਵਿਚਾਰੀ' ਵਾਲੀ ਅਵਸਥਾ ਵਿਚ ਹੀ ਵਿਚਰ ਰਹੀ ਹੈ। ਉਸ ਦੇ ਹੱਥ ਦੇਸ਼ ਦੀ ਕਮਾਨ ਨਹੀਂ ਹੈ; ਸਗੋਂ ਉਥੇ ਫ਼ੌਜ, ਖ਼ੁਫ਼ੀਆ ਏਜੰਸੀਆਂ ਤੇ ਅਤਿਵਾਦੀ ਸੰਗਠਨਾਂ ਦੇ ਤਾਕਤ ਦੇ ਤਕੜੇ ਕੇਂਦਰ ਬਣੇ ਹੋਏ ਹਨ। ਉਥੇ ਬਹੁਤੇ ਅਤਿਵਾਦੀ ਸੰਗਠਨ ਸਰਕਾਰ ਵਿਰੁੱਧ ਹਨ। ਆਪਣੀਆਂ ਤੈਅਸ਼ੁਦਾ ਨੀਤੀਆਂ ਕਰ ਕੇ ਉਹ ਉਥੋਂ ਦੇ ਆਮ ਲੋਕਾਂ ਨੂੰ ਨਿਸ਼ਾਨਾ ਬਣਾ ਰਹੇ ਹਨ ਤੇ ਨਿੱਤ ਦਿਨ ਉਨ੍ਹਾਂ ਦਾ ਲਹੂ ਡੋਲ੍ਹ ਰਹੇ ਹਨ। ਪਾਕਿਸਤਾਨ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਹੁਣ ਤੱਕ ਉਥੋਂ ਦੇ 30,000 ਤੋਂ ਵੀ ਵਧੇਰੇ ਨਾਗਰਿਕ ਅਤਿਵਾਦੀ ਕਾਰਵਾਈਆਂ ਦੀ ਭੇਟ ਚੜ੍ਹ ਚੁੱਕੇ ਹਨ। ਹੁਣ ਇਹ ਉਥੋਂ ਦੀ ਸਰਕਾਰ ਦੇ ਵੱਸ ਦੀ ਗੱਲ ਨਹੀਂ ਰਹੀ।

ਪਾਕਿਸਤਾਨ ਦੇ ਬਹੁਤੇ ਸਿਆਸਤਦਾਨ ਭਾਰਤ ਨਾਲ ਚੰਗੇ ਸਬੰਧ ਬਣਾਉਣਾ ਚਾਹੁੰਦੇ ਹਨ ਪਰ ਦੇਸ਼ ਵਿਚ ਬੈਠੇ ਅਤਿਵਾਦੀ ਨਿੱਤ ਦਿਨ ਭਾਰਤ ਵਿਰੁੱਧ ਗੋਂਦਾਂ ਗੁੰਦਦੇ ਰਹਿੰਦੇ ਹਨ। ਅਜਿਹੀ ਸੂਰਤ ਵਿਚ ਭਾਰਤ ਨੂੰ ਪਾਕਿਸਤਾਨ ਸਰਕਾਰ ਵੱਲੋਂ ਦਿੱਤੇ ਗਏ ਵਿਸ਼ਵਾਸਾਂ 'ਤੇ ਪਾਣੀ ਫਿਰ ਜਾਂਦਾ ਹੈ। ਪਾਕਿਸਤਾਨ ਸਰਕਾਰ ਹੁਣ ਇਹ ਸਮਝ ਚੁੱਕੀ ਹੈ। ਸਰਗਰਮ ਅਤਿਵਾਦ ਨੇ ਮੁਲਕ ਦੇ ਅੰਦਰੂਨੀ ਨੁਕਸਾਨ ਦੇ ਨਾਲ ਨਾਲ ਕੌਮਾਂਤਰੀ ਤੌਰ 'ਤੇ ਪਾਕਿਸਤਾਨ ਦੇ ਅਕਸ ਨੂੰ ਧੁੰਦਲਾ ਬਣਾ ਦਿੱਤਾ ਹੈ। ਇਹ ਦੇਸ਼ ਅੱਜ ਕੌਮਾਂਤਰੀ ਕਟਹਿਰੇ ਵਿਚ ਖੜ੍ਹਾ ਦਿਖਾਈ ਦੇਣ ਲੱਗਾ ਹੈ। ਪਾਕਿਸਤਾਨ ਆਪਸੀ ਸਬੰਧਾਂ ਵਿਚ ਮੁੱਖ ਮੁੱਦਾ ਕਸ਼ਮੀਰ ਨੂੰ ਬਣਾਉਂਦਾ ਹੈ।

## ਮੋਦੀ ਲਈ ਪਰਖ ਦੀ ਘੜੀ

**ਨਵੀਂ ਦਿੱਲੀ:** ਪਠਾਨਕੋਟ ਦਹਿਸ਼ਤੀ ਹਮਲਾ ਨਰੇਂਦਰ ਮੋਦੀ ਲਈ ਉਨ੍ਹਾਂ ਔਕੜਾਂ ਦੀ ਵਾਪਸੀ ਦਾ ਪ੍ਰਤੀਕ ਹੈ ਜੋ ਡਾ. ਮਨਮੋਹਨ ਸਿੰਘ ਨੇ ਪ੍ਰਧਾਨ ਮੰਤਰੀ ਵਜੋਂ ਆਪਣੇ ਕਾਰਜਕਾਲ ਦੌਰਾਨ ਪਾਕਿਸਤਾਨ ਪ੍ਰਤੀ ਆਪਣੀ ਨੀਤੀ ਨੂੰ ਲੈ ਕੇ ਭੋਗੀਆਂ ਸਨ। ਡਾ. ਮਨਮੋਹਨ ਸਿੰਘ ਨੇ 2004 ਵਿਚ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਣ ਮਗਰੋਂ ਭਾਰਤ-ਪਾਕਿਸਤਾਨ ਰਿਸ਼ਤਿਆਂ ਵਿਚ ਸੁਧਾਰ ਲਈ ਕਈ ਕਦਮ ਚੁੱਕੇ ਸਨ ਤੇ ਅਸਿੱਧੇ ਸਫ਼ਾਰਤੀ ਯਤਨਾਂ (ਬੈਕ ਚੈਨਲ ਡਿਪਲੋਮੇਸੀ) ਰਾਹ ਸਬੰਧਾਂ ਨੂੰ ਸੁਖਾਵੀਂ ਲੀਹ 'ਤੇ ਲਿਆਉਣ ਦਾ ਯਤਨ ਕੀਤਾ ਸੀ। ਇਨ੍ਹਾਂ ਯਤਨਾਂ ਨੂੰ ਕਾਮਯਾਬੀ ਵੀ ਮਿਲੀ। ਅਜਿਹੀ ਡਿਪਲੋਮੇਸੀ 2007 ਤੱਕ ਚੱਲਦੀ ਰਹੀ ਪਰ 2006 ਵਿਚ ਮੁੰਬਈ ਵਿਚ ਹੋਏ ਬੰਬ ਧਮਾਕਿਆਂ ਨੇ ਮਾਹੌਲ ਵਿਗਾੜ ਦਿੱਤਾ ਤੇ ਪਾਕਿਸਤਾਨ ਨਾਲ ਗੱਲਬਾਤ ਦਾ ਅਮਲ ਮੱਠਾ ਪਾ ਦਿੱਤਾ। ਇਸ ਮਗਰੋਂ ਅਸਿੱਧੀ ਗੱਲਬਾਤ ਤਾਂ ਜਾਰੀ ਰਹੀ, ਪਰ ਨਾ ਤਾਂ ਡਾ. ਮਨਮੋਹਨ ਸਿੰਘ ਪਾਕਿਸਤਾਨ ਜਾਣ ਦੀ ਜੁਰਅਤ ਕਰ ਸਕੇ ਅਤੇ ਨਾ ਹੀ ਸਬੰਧਾਂ ਵਿਚ ਆਈ ਕਸੈਲੀ ਖੜੋਤ ਤੋੜਨ ਦਾ ਕੋਈ ਸੰਜੀਦਾ ਯਤਨ ਕੀਤਾ ਗਿਆ।

## ਫਰਜ਼ੀ ਢੰਗ ਨਾਲ ਪਰਵਾਸ ਕਰਨ ਵਾਲਿਆਂ 'ਤੇ ਸ਼ਿਕੰਜਾ

**ਸਿਡਨੀ:** ਆਸਟਰੇਲੀਆ ਦਾ ਵੀਜ਼ਾ ਲੈਣ ਲਈ ਫ਼ਰਜ਼ੀ ਵਿਆਹ ਅਤੇ ਹੋਰ ਗ਼ੈਰਕਾਨੂੰਨੀ ਢੰਗ ਵਰਤਣ ਵਾਲਿਆਂ ਖ਼ਿਲਾਫ਼ ਆਵਾਸ ਵਿਭਾਗ ਨੇ ਸ਼ਿਕੰਜਾ ਕੱਸ ਦਿੱਤਾ ਹੈ। ਫ਼ਰਜ਼ੀ ਵਿਆਹ ਵਾਲੇ ਜੋੜਿਆਂ ਵਿਚ ਭਾਰਤੀ ਪੰਜਾਬੀ ਵੀ ਸ਼ਾਮਲ ਦੱਸੇ ਜਾ ਰਹੇ ਹਨ। ਸ਼ਾਪਿੰਗ ਸੈਂਟਰਾਂ ਵਿਚ ਸਫ਼ਾਈ ਤੇ ਹੋਰ ਕਈ ਜਗ੍ਹਾ ਕੰਮ ਕਰਦੇ ਰਹੇ ਇਕ ਪੰਜਾਬੀ ਨੌਜਵਾਨ ਨੇ ਦੱਸਿਆ ਕਿ ਏਜੰਟਾਂ ਵੱਲੋਂ ਵਿਖਾਏ ਸਬਜ਼ਬਾਗ ਤਹਿਤ ਉਸ ਨੇ ਵੀ ਕੁਝ ਫਰਜ਼ੀ ਦਸਤਾਵੇਜ਼ ਬਣਾਏ। ਉਹ ਅਤੇ ਉਸ ਨਾਲ ਵਿਆਹੀ ਲੜਕੀ ਪਿਛਲੇ ਸਾਲ ਆਸਟਰੇਲੀਆ ਆਏ ਸਨ। ਲੜਕੀ ਨੇ ਆਈਲੈਟਸ ਟੈਸਟ ਪਾਸ ਕੀਤਾ। ਕਾਲਜ ਦੀਆਂ ਫੀਸ ਤੇ ਹੋਰ ਵੀਜ਼ਾ ਖਰਚੇ ਉਸ ਨੇ ਆਪਣੇ ਮਾਂ ਬਾਪ ਦੀ ਪੂੰਜੀ ਤੇ ਜ਼ਮੀਨ ਗਹਿਣੇ ਰੱਖ ਕੇ ਭਰੇ ਸਨ। ਹੁਣ ਉਨ੍ਹਾਂ ਨੂੰ ਮੁਲਕ ਛੱਡਣ ਲਈ 28 ਦਿਨ ਦਿੱਤੇ ਗਏ ਹਨ।

# ਓਬਾਮਾ ਬੰਦੂਕ ਰੁਝਾਨ ਠੱਲ੍ਹਣ ਲਈ ਦ੍ਰਿੜ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਦੇਸ਼ ਵਿਚ ਬੰਦੂਕ ਰੱਖਣ ਸਬੰਧੀ ਨਿਯਮ ਸਖ਼ਤ ਕਰਨ ਲਈ ਕਾਂਗਰਸ ਨੂੰ ਬਾਈਪਾਸ ਕਰਨਗੇ। ਦੱਸਣਯੋਗ ਹੈ ਕਿ ਅਮਰੀਕਾ ਵਿਚ ਪਿਛਲੇ ਦਹਾਕੇ ਦੌਰਾਨ ਸਮੂਹਿਕ ਗੋਲੀਕਾਂਡ ਵਿਚ ਇਕ ਲੱਖ ਤੋਂ ਵੱਧ ਜਾਨਾਂ ਜਾ ਚੁੱਕੀਆਂ ਹਨ।

ਇਸ ਬਾਰੇ ਆਪਣੇ ਅਟਾਰਨੀ ਜਨਰਲ ਅਤੇ ਐਫ.ਬੀ.ਆਈ. ਡਾਇਰੈਕਟਰ ਤੋਂ ਸੁਝਾਅ ਹਾਸਲ ਕਰਨ ਬਾਅਦ ਸ੍ਰੀ ਓਬਾਮਾ ਨੇ ਕਿਹਾ, "ਇਹ ਨਿਯਮ ਮੇਰੇ ਕਾਨੂੰਨੀ ਅਧਿਕਾਰ ਖੇਤਰ ਅਧੀਨ ਆਉਂਦੇ ਹਨ। ਅਗਲੇ ਕੁਝ ਦਿਨਾਂ ਵਿਚ ਅਸੀਂ ਇਨ੍ਹਾਂ ਨਿਯਮਾਂ ਨੂੰ ਪੇਸ਼ ਕਰਾਂਗੇ। ਅਸੀਂ ਇਹ ਯਕੀਨੀ ਬਣਾਵਾਂਗੇ ਕਿ ਲੋਕਾਂ ਨੂੰ ਇਹ ਸਪਸ਼ਟ ਹੋਵੇ ਕਿ ਇਸ ਨਾਲ ਕੀ ਤਬਦੀਲੀ ਆਵੇਗੀ ਅਤੇ ਅਸੀਂ ਕੀ ਕਰ ਸਕਦੇ ਹਾਂ।" ਰਾਸ਼ਟਰਪਤੀ ਨੇ ਕਿਹਾ ਕਿ ਭਾਵੇਂ ਸਾਨੂੰ ਇਹ ਵੀ ਸਪਸ਼ਟ ਹੋਣਾ ਚਾਹੀਦਾ ਹੈ ਕਿ ਇਸ ਨਾਲ ਮੁਲਕ ਵਿਚੋਂ ਸਾਰੇ ਅਪਰਾਧ ਖ਼ਤਮ ਨਹੀਂ ਹੋਣੇ, ਇਸ ਨਾਲ ਸਾਰੇ ਅਪਰਾਧੀਆਂ ਦੇ ਹੱਥਾਂ ਵਿਚੋਂ ਬੰਦੂਕਾਂ ਵੀ ਨਹੀਂ ਖੋਹੀਆਂ ਜਾ ਸਕਣਗੀਆਂ, ਪਰ ਇਸ ਨਾਲ ਬੰਦੂਕਾਂ ਦੇ ਗਲਤ ਲੋਕਾਂ ਦੇ ਹੱਥ ਵਿਚ ਜਾਣ ਨੂੰ ਕੁਝ ਠੱਲ੍ਹ ਜ਼ਰੂਰ ਪਵੇਗੀ

## ਜਥੇਦਾਰਾਂ ਨੂੰ ਹਟਾਉਣ ਦੇ ਮੁੱਦੇ ਉਤੇ ਮੁੜ ਟਕਰਾਅ

(ਸਫਾ ਇਕ ਦੀ ਬਾਕੀ)

ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਪੰਜ ਪਿਆਰਿਆਂ ਨੂੰ ਸੇਵਾ ਨਿਯਮਾਂ ਦੀ ਉਲੰਘਣਾ ਦੇ ਦੋਸ਼ ਵਿਚ ਬਰਖ਼ਾਸਤ ਕਰ ਦਿੱਤਾ ਗਿਆ ਸੀ। ਇਨ੍ਹਾਂ ਪੰਜ ਪਿਆਰਿਆਂ ਵਿਚੋਂ ਇਕ ਸੇਵਾਮੁਕਤ ਹੋ ਚੁੱਕਾ ਹੈ।

ਅੰਤ੍ਰਿੰਗ ਕਮੇਟੀ ਦੇ ਦੋ ਮੈਂਬਰਾਂ ਹਰਭਜਨ ਸਿੰਘ ਅਤੇ ਮੰਗਲ ਸਿੰਘ ਨੇ ਪੰਜ ਪਿਆਰਿਆਂ ਦੀਆਂ ਸੇਵਾਵਾਂ ਖਤਮ ਕਰਨ ਦੇ ਫੈਸਲੇ ਦਾ ਵਿਰੋਧ ਵੀ ਕੀਤਾ ਸੀ ਤੇ ਉਹ ਮੀਟਿੰਗ ਵਿਚਾਲੇ ਛੱਡ ਕੇ ਬਾਹਰ ਆ ਗਏ ਸਨ। ਪੰਜ ਪਿਆਰਿਆਂ ਨੇ 28 ਦਸੰਬਰ ਨੂੰ ਹੁਕਮ ਜਾਰੀ ਕਰ ਕੇ ਸ਼੍ਰੋਮਣੀ ਕਮੇਟੀ ਨੂੰ ਅਲਟੀਮੇਟਮ ਦਿੱਤਾ ਸੀ ਕਿ ਪਹਿਲੀ ਜਨਵਰੀ ਤੱਕ ਤਖ਼ਤਾਂ ਦੇ ਜਥੇਦਾਰਾਂ ਨੂੰ ਹਟਾਉਣ ਸਬੰਧੀ ਜੇ ਕੋਈ ਫੈਸਲਾ ਨਾ ਹੋਇਆ ਤਾਂ ਉਹ ਦੋ ਜਨਵਰੀ ਨੂੰ ਮੀਟਿੰਗ ਕਰ ਕੇ ਇਸ ਬਾਰੇ ਅਗਲਾ ਫੈਸਲਾ ਜਾਰੀ ਕਰਨਗੇ। ਸ਼੍ਰੋਮਣੀ ਕਮੇਟੀ ਨੇ ਇਸ ਤੋਂ ਪਹਿਲਾਂ ਹੀ ਸੇਵਾ ਨਿਯਮਾਂ ਦੀ ਉਲੰਘਣਾ ਕਰਨ, ਸਿੱਖ ਸੰਸਥਾਵਾਂ ਨੂੰ ਢਾਹ ਲਾਉਣ ਅਤੇ ਪੰਥ ਵਿਰੋਧੀ ਕਾਰਵਾਈਆਂ ਕਰਨ ਦੇ ਦੋਸ਼ ਹੇਠ ਪੰਜ ਪਿਆਰਿਆਂ ਵਿਚੋਂ ਚਾਰ ਭਾਈ ਸਤਨਾਮ ਸਿੰਘ ਖੰਡਾ, ਭਾਈ ਮੰਗਲ ਸਿੰਘ, ਭਾਈ ਤਰਲੋਕ ਸਿੰਘ ਅਤੇ ਭਾਈ ਸਤਨਾਮ ਸਿੰਘ ਨੂੰ ਸ਼੍ਰੋਮਣੀ ਕਮੇਟੀ ਦੀ ਨੌਕਰੀ ਤੋਂ ਫਾਰਗ ਕਰ ਦਿੱਤਾ।

ਪੰਜ ਪਿਆਰਿਆਂ ਵਿਚ ਸ਼ਾਮਲ ਭਾਈ ਮੇਜਰ ਸਿੰਘ 31 ਦਸੰਬਰ ਨੂੰ ਸੇਵਾਮੁਕਤ ਹੋ ਚੁੱਕਾ ਹੈ। ਮੀਟਿੰਗ ਤੋਂ ਪਹਿਲਾਂ ਅੰਤ੍ਰਿੰਗ ਕਮੇਟੀ ਦੇ ਕੁਝ ਮੈਂਬਰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਇਕ ਹੋਟਲ, ਜਿਥੇ ਉਹ ਠਹਿਰੇ ਹੋਏ ਸਨ, ਵਿਚ ਮਿਲੇ ਸਨ। ਜਿਥੇ ਵਿਚਾਰ ਮਗਰੋਂ ਪੰਜ ਪਿਆਰਿਆਂ ਨੂੰ ਫਾਰਗ ਕਰਨ ਦਾ ਫੈਸਲਾ ਕੀਤਾ ਗਿਆ। ਵਿਵਾਦ ਖਤਮ ਕਰਨ ਲਈ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਗਰੇਵਾਲ ਦੇ ਪ੍ਰਧਾਨ ਗੁਰਚਰਨ ਸਿੰਘ ਗਰੇਵਾਲ ਨੇ ਵੀ ਪੰਜ ਪਿਆਰਿਆਂ ਨਾਲ ਮੁਲਾਕਾਤ ਕੀਤੀ ਸੀ ਪਰ ਫੈਡਰੇਸ਼ਨ ਦੀ ਵਿਚੋਲਗੀ ਫੇਲ੍ਹ ਹੋ ਗਈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਦਿੱਲੀ ਸਰਕਾਰ ਦੇ ਜਿਸਤ-ਟੌਂਕ ਫਾਰਮੂਲੇ ਨੂੰ ਭਰਵਾਂ ਹੁੰਗਾਰਾ

**ਨਵੀਂ ਦਿੱਲੀ:** ਦੁਨੀਆਂ ਦੇ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਦਿੱਲੀ ਦੇ ਵਾਤਾਵਰਨ ਨੂੰ ਸਵੱਛ ਬਣਾਉਣ ਲਈ ਆਰੰਭ ਕੀਤੀ ਮੋਟਰ ਗੱਡੀਆਂ ਦੀ ਜਿਸਤ-ਟੌਂਕ ਨੰਬਰਾਂ ਦੀ ਮੁਹਿੰਮ ਨੂੰ ਕੌਮੀ ਰਾਜਧਾਨੀ ਖੇਤਰ ਵਿਚ ਭਰਵਾਂ ਹੁੰਗਾਰਾ ਮਿਲਿਆ ਹੈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਵੀ ਇਸ ਫਾਰਮੂਲੇ ਲਈ ਲੋਕਾਂ ਦਾ ਸਾਥ ਮਿਲਣ ਦਾ ਦਾਅਵਾ ਕੀਤਾ ਹੈ। ਦਿੱਲੀ ਦੀਆਂ ਸੜਕਾਂ 'ਤੇ ਪਹਿਲੇ ਦਿਨ ਹੀ ਤਕਰੀਬਨ ਦਸ ਲੱਖ ਗੱਡੀਆਂ ਆਮ ਦਿਨਾਂ ਦੇ ਮੁਕਾਬਲੇ ਘੱਟ ਸਨ।




ਮੁੱਖ ਮੰਤਰੀ ਨੇ ਇਸ ਫਾਰਮੂਲੇ ਦੇ ਲਾਗੂ ਹੋਣ ਦੇ ਦੋ ਘੰਟੇ ਬਾਅਦ ਕਿਹਾ ਕਿ ਪਹਿਲਾ ਤਜਰਬਾ ਸਫਲ ਰਿਹਾ ਹੈ ਤੇ ਲੋਕਾਂ ਨੇ ਇਸ ਨੂੰ ਖੁੱਲ੍ਹੇ ਦਿਲ ਨਾਲ ਸਵੀਕਾਰ ਕੀਤਾ ਹੈ। ਹੁਣ ਇਹ ਮੁਹਿੰਮ ਬਣ ਗਈ ਹੈ। ਇਹ ਯੋਜਨਾ ਤਾਂ ਹੀ ਸਫਲ ਹੋ ਸਕਦੀ ਹੈ ਜੇਕਰ ਦਿੱਲੀ ਵਾਸੀ ਸਹਿਯੋਗ ਕਰਨ। ਉਨ੍ਹਾਂ ਕਿਹਾ ਕਿ ਦਿੱਲੀ ਪੂਰੇ ਮੁਲਕ ਲਈ ਰਾਹ ਦਸੇਰਾ ਬਣੇਗੀ। ਉਹ ਖੁਦ ਪਹਿਲੇ ਦਿਨ ਸਾਥੀ ਮੰਤਰੀਆਂ ਸਤਿੰਦਰ ਜੈਨ ਤੇ ਟਰਾਂਸਪੋਰਟ ਮੰਤਰੀ ਗੋਪਾਲ ਰਾਇ ਨਾਲ ਇਕ ਕਾਰ ਵਿਚ ਸਵਾਰ ਹੋ ਸਕੱਤਰੇਤ ਪੁੱਜੇ।

ਪਹਿਲੇ ਦਿਨ 66 ਆਟੋ ਚਾਲਕਾਂ ਦੇ ਚਲਾਨ ਕੱਟੇ ਗਏ ਹਨ ਅਤੇ ਮੈਟਰੋ 70 ਗੇੜੇ ਵਧਾਏ ਗਏ ਹਨ। ਵਾਤਾਵਰਨ ਮੰਤਰੀ ਇਮਰਾਨ ਹਾਸ਼ਮੀ ਬੈਟਰੀ ਰਿਕਸ਼ਾ ਤੇ ਸਮਾਜ ਭਲਾਈ ਮੰਤਰੀ ਸੰਦੀਪ ਕੁਮਾਰ ਬੱਸ ਫੜ ਕੇ ਦਫਤਰ ਆਏ।

ਇਸ ਮੁਹਿੰਮ ਦਾ ਇਕ ਸ਼ਲਾਘਾਯੋਗ ਪੱਖ ਇਹ ਵੀ ਸੀ ਕਿ ਸੁਪਰੀਮ ਕੋਰਟ ਤੇ ਦਿੱਲੀ ਹਾਈਕੋਰਟ ਦੇ ਜੱਜਾਂ ਨੇ ਛੋਟ ਦੇ ਬਾਵਜੂਦ ਇਸ ਮੁਹਿੰਮ ਵਿਚ ਪੂਰੀ ਭਾਈਵਾਲੀ ਕੀਤੀ। ਜਦੋਂ ਇਸ ਯੋਜਨਾ ਦਾ ਐਲਾਨ ਹੋਇਆ ਸੀ, ਉਦੋਂ ਬਹੁਤ ਸਾਰੇ ਰਾਜਸੀ ਆਗੂਆਂ ਤੇ ਹੋਰ ਹਸਤੀਆਂ ਨੇ ਇਸ ਨੂੰ ਗ਼ੈਰ-ਅਮਲੀ ਦੱਸਿਆ ਸੀ ਪਰ ਪਿਛਲੇ ਪੰਦਰਾਂ ਦਿਨਾਂ ਦੇ ਪ੍ਰਚਾਰ ਨੇ ਆਮ ਆਦਮੀ ਦੇ ਅੰਦਰ ਇਹ ਭਾਵਨਾ ਉਪਜਾਉਣੀ ਸ਼ੁਰੂ ਕਰ ਦਿੱਤੀ ਕਿ ਜੇਕਰ ਉਸ ਨੇ ਆਪਣਾ ਅਤੇ ਘੱਟੋ-ਘੱਟ ਅਗਲੀ ਪੀੜ੍ਹੀ ਦਾ ਜੀਵਨ ਬਿਹਤਰ ਬਣਾਉਣਾ ਹੈ ਅਤੇ ਘੱਟ ਪ੍ਰਦੂਸ਼ਿਤ ਆਬੋ-ਹਵਾ ਵਿਚ ਵਿਚਰਨਾ ਹੈ ਤਾਂ ਪ੍ਰਦੂਸ਼ਣ ਘਟਾਉਣ ਪੱਖੋਂ ਕਾਰਗਰ ਕਦਮਾਂ ਵਿਚ ਭਾਈਵਾਲੀ ਕਰਨੀ ਹੀ ਪਵੇਗੀ।

ਹੁਣ ਜੇਕਰ ਦਿੱਲੀ ਵਿਚ ਇਹ ਭਾਈਵਾਲੀ ਚੰਗੇ ਨਤੀਜੇ ਸਾਹਮਣੇ ਲਿਆਂਦੀ ਹੈ ਤਾਂ ਦੇਸ਼ ਦੇ ਹੋਰਨਾਂ ਹਿੱਸਿਆਂ ਵਿਚ ਇਸ ਨੂੰ ਅਜ਼ਮਾਉਣਾ ਆਸਾਨ ਹੋ ਜਾਵੇਗਾ। ਦਿੱਲੀ ਵਿਚ ਆਟੋ ਰਿਕਸ਼ਿਆਂ ਤੇ ਬੱਸਾਂ ਲਈ ਸੀ.ਐਨ.ਜੀ. ਦੀ ਵਰਤੋਂ ਯਕੀਨੀ ਬਣਾਉਣ ਲਈ ਸੱਤ ਸਾਲ ਪਹਿਲਾਂ ਚਲਾਈ ਮੁਹਿੰਮ ਤੋਂ ਬਾਅਦ ਇਹ ਪ੍ਰਦੂਸ਼ਣ ਘਟਾਉਣ ਲਈ ਦੂਜੀ ਅਹਿਮ ਪਹਿਲ ਹੈ।

ਦਿੱਲੀ ਸਰਕਾਰ ਨੇ ਇਸ ਮੁਹਿੰਮ ਬਾਰੇ ਫੈਸਲਾ ਹਾਈਕੋਰਟ ਦੀ ਸਖਤੀ ਤੇ ਗ੍ਰੀਨ ਟ੍ਰਿਬਿਊਨਲ ਦੇ ਹੁਕਮਾਂ ਉਤੇ ਲਿਆ। ਉਂਜ, ਦਿੱਲੀ ਨੂੰ 'ਸਭ ਤੋਂ ਪ੍ਰਦੂਸ਼ਿਤ ਸ਼ਹਿਰ' ਦੇ ਠੱਪੇ ਤੋਂ ਬਚਾਉਣ ਲਈ ਅਜੇ ਹੋਰ ਕਈ ਕਦਮ ਚੁੱਕੇ ਜਾਣ ਦੀ ਜ਼ਰੂਰਤ ਹੈ। ਟੌਂਕ-ਜਿਸਤ ਨੰਬਰਾਂ ਦੀ ਮੁਹਿੰਮ ਤਹਿਤ ਰੋਜ਼ਾਨਾ ਸਾਢੇ ਸੱਤ ਲੱਖ ਗੱਡੀਆਂ ਸੜਕਾਂ 'ਤੇ ਨਾ ਆਉਣ ਦਾ ਅਨੁਮਾਨ ਹੈ। ਸੁਪਰੀਮ ਕੋਰਟ ਨੇ ਵੱਡੀਆਂ ਡੀਜ਼ਲ ਗੱਡੀਆਂ ਦੀ ਦਿੱਲੀ ਕੌਮੀ ਰਾਜਧਾਨੀ ਖੇਤਰ ਵਿਚ ਰਜਿਸਟਰੇਸ਼ਨ ਉੱਤੇ ਪਾਬੰਦੀ ਲਾ ਦਿੱਤੀ ਹੈ ਅਤੇ ਕੁਝ ਹੋਰ ਬੰਦਸ਼ਾਂ ਆਇਦ ਕੀਤੀਆਂ ਹਨ ਜੋ ਅਨੁਮਾਨਤ 14 ਲੱਖ ਗੱਡੀਆਂ ਦੇ ਕੇਂਦਰੀ ਪ੍ਰਦੇਸ਼ ਵਿਚ ਦਾਖਲੇ ਨੂੰ ਘਟਾਉਣਗੀਆਂ। ਉਧਰ, ਦਿੱਲੀ ਪ੍ਰਦੇਸ਼ ਭਾਜਪਾ ਦੇ ਪ੍ਰਧਾਨ ਸਤੀਸ਼ ਉਪਾਧਿਆਏ ਨੇ ਕਿਹਾ ਇਸ ਯੋਜਨਾ ਨੂੰ ਲਾਗੂ ਕਰਨ ਵਿਚ 'ਪ੍ਰੈਕਟੀਕਲ ਦਿੱਕਤਾਂ' ਆਈਆਂ ਹਨ ਤੇ ਇਨ੍ਹਾਂ ਮੁਸ਼ਕਲਾਂ ਨੂੰ ਇਸ ਨੂੰ ਲਾਗੂ ਕਰਨ ਤੋਂ ਪਹਿਲਾਂ ਵਿਚਾਰਿਆ ਜਾਣਾ ਚਾਹੀਦਾ ਸੀ। ਕਾਂਗਰਸ ਦੇ ਸੂਬਾਈ ਪ੍ਰਧਾਨ ਅਜੈ ਮਾਕਨ ਨੇ ਕਿਹਾ ਕਿ ਇਸ ਯੋਜਨਾ ਬਾਰੇ 15 ਦਿਨਾਂ ਬਾਅਦ ਹੀ ਪ੍ਰਤੀਕਿਰਿਆ ਦਿੱਤੀ ਜਾ ਸਕਦੀ ਹੈ।

## ਇਰਾਨ ਲਈ ਪ੍ਰਦੂਸ਼ਣ ਬਣਿਆ ਚੁਣੌਤੀ

**ਤਹਿਰਾਨ:** ਇਰਾਨ ਦੀ ਰਾਜਧਾਨੀ ਤਹਿਰਾਨ ਵਿਚ ਖਰਾਬ ਆਬੋ ਹਵਾ ਤੋਂ ਉਥੋਂ ਦੀ ਸਰਕਾਰ ਜਾਗ ਪਈ ਹੈ। ਤਹਿਰਾਨ ਤੇ ਨੇੜਲੇ ਇਲਾਕਿਆਂ ਵਿਚ ਲਗਾਤਾਰ 18ਵੇਂ ਦਿਨ ਵੀ ਹਵਾ ਵਿਚ ਪ੍ਰਦੂਸ਼ਣ ਹਾਵੀ ਰਿਹਾ। ਪ੍ਰਦੂਸ਼ਣ ਦੇ ਵਧਦੇ ਪੱਧਰ ਨੂੰ ਦੇਖਦਿਆਂ ਇਰਾਨ ਦੇ ਅਧਿਕਾਰੀਆਂ ਨੇ ਖੁਲ੍ਹੇ ਮੈਦਾਨਾਂ ਵਿਚ ਖੇਡਾਂ ਦੇ ਹੋਣ ਵਾਲੇ ਮੁਕਾਬਲਿਆਂ 'ਤੇ ਰੋਕ ਲਾ ਦਿੱਤੀ ਹੈ ਅਤੇ ਆਵਾਜਾਈ ਦੇ ਨਵੇਂ ਪ੍ਰਬੰਧ ਲਾਗੂ ਕੀਤੇ ਹਨ। ਤਹਿਰਾਨ ਵਿਚ ਜ਼ੋਰਦਾਰ ਠੰਢ ਨੇ ਪ੍ਰਦੂਸ਼ਣ ਨੂੰ ਹੋਰ ਵਧਾ ਦਿੱਤਾ ਹੈ।ਪਿਛਲੇ ਤਿੰਨ ਸਾਲਾਂ ਵਿਚ ਪ੍ਰਦੂਸ਼ਣ ਦਾ ਪੱਧਰ ਇਸ ਸਮੇਂ ਸਭ ਤੋਂ ਵੱਧ ਖਰਾਬ ਹੈ।

# ਪਾਕਿ 'ਚ ਮਜ਼ਬੂਤ ਹੋ ਰਹੀਆਂ ਨੇ ਆਈ.ਐਸ. ਦੀਆਂ ਜੜ੍ਹਾਂ

**ਲਾਹੌਰ:** ਮੁੰਬਈ ਹਮਲਿਆਂ ਦਾ ਮਾਸਟਰਮਾਈਂਡ ਹਾਫਿਜ਼ ਸਈਦ ਆਪਣੇ ਅਤਿਵਾਦੀਆਂ ਨੂੰ ਆਈ.ਐਸ. ਵਿਚ ਸ਼ਾਮਲ ਹੋਣ ਲਈ ਭੇਜ ਰਿਹਾ ਹੈ। ਇਹ ਖੁਲਾਸਾ ਪਾਕਿਸਤਾਨ ਵਿਚ ਐਂਟੀ-ਟੈਰਿਸਟ ਮਹਿਕਮੇ ਨੇ ਕੀਤਾ ਹੈ। ਜਮਾਤ ਉਦ-ਦਾਵਾ ਦੇ ਅੱਠ ਲੋਕਾਂ ਨੂੰ ਪਿਛਲੇ ਦਿਨੀਂ ਗ੍ਰਿਫਤਾਰ ਕੀਤਾ ਗਿਆ ਸੀ।ਗ੍ਰਿਫਤਾਰ ਕੀਤੇ ਗਏ ਇਹ ਅਤਿਵਾਦੀ ਆਈ.ਐਸ. ਵਿਚ ਸ਼ਾਮਲ ਹੋਣ ਜਾ ਰਹੇ ਸਨ। ਇਨ੍ਹਾਂ ਕੋਲੋਂ ਕਾਫੀ ਹਥਿਆਰ ਵੀ ਬਰਾਮਦ ਕੀਤੇ ਗਏ ਹਨ। ਪਾਕਿਸਤਾਨ ਦੇ ਡਾਨ ਅਖਬਾਰ ਨੇ ਇੰਟੈਲੀਜੈਂਸ ਏਜੰਸੀਆਂ ਦੇ ਹਵਾਲੇ ਨਾਲ ਦੱਸਿਆ ਹੈ ਕਿ ਪੰਜਾਬ ਸੂਬੇ ਦੇ ਸਿਆਲਕੋਟ ਵਿਚ ਮਾਰੇ ਛਾਪੇ ਵਿਚ ਇਹ ਲੋਕ ਗ੍ਰਿਫਤਾਰ ਕੀਤੇ ਗਏ ਹਨ। ਇਹ ਪਹਿਲਾਂ ਜਮਾਤ ਉਦ-ਦਾਵਾ ਲਈ ਕੰਮ ਕਰ ਰਹੇ ਸਨ।

ਬਰਾਮਦ ਹੋਏ ਕਾਗਜ਼ਾਤਾਂ ਤੇ ਪੁੱਛਗਿੱਛ ਦੌਰਾਨ ਪਤਾ ਲੱਗਿਆ ਹੈ ਕਿ ਇਨ੍ਹਾਂ ਵਿਚੋਂ ਤਿੰਨ ਨੇ ਅਤਿਵਾਦ ਦੀ ਟਰੇਨਿੰਗ ਲਈ ਹੈ। ਇਹ ਲੋਕ ਪਾਕਿਸਤਾਨ ਵਿਚ ਆਈ.ਐਸ. ਦਾ ਨੈੱਟਵਰਕ ਫੈਲਾਉਣਾ ਚਾਹੁੰਦੇ ਸਨ। ਇਸ ਮਕਸਦ ਲਈ ਇਨ੍ਹਾਂ ਨੂੰ ਪਾਕਿ ਦੇ ਪੰਜਾਬ ਵਿਚ ਅਤਿਵਾਦੀਆਂ ਗਤੀਵਿਧੀਆਂ ਦੀ ਸਿਖਲਾਈ ਦਿੱਤੀ ਜਾ ਰਹੀ ਹੈ। ਅਖਬਾਰ ਦਾ ਦਾਅਵਾ ਹੈ ਕਿ ਪਾਕਿ ਸਰਕਾਰ ਨੂੰ ਅਸਥਿਰ ਕਰਨ ਲਈ ਵੱਡੇ ਪੱਧਰ 'ਤੇ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

## ਪਾਕਿ ਔਰਤਾਂ ਨੇ ਚੁੱਕੀ ਇਸਲਾਮਿਕ ਸਟੇਟ ਦੀ ਬੰਦੂਕ

**ਇਸਲਾਮਾਬਾਦ:** ਲਾਹੌਰ ਤੋਂ ਲਾਪਤਾ ਹੋਈਆਂ ਤਿੰਨ ਔਰਤਾਂ ਹੁਣ ਅਤਿਵਾਦੀ ਸੰਗਠਨ ਇਸਲਾਮਿਕ ਸਟੇਟ ਦੀਆਂ ਮੈਂਬਰ ਬਣ ਚੁੱਕੀਆਂ ਹਨ। ਪਾਕਿਸਤਾਨੀ ਪੁਲਿਸ ਦੇ ਇਕ ਸੀਨੀਅਰ ਅਧਿਕਾਰੀ ਨੇ ਖੁਲਾਸਾ ਕੀਤਾ ਕਿ ਲਾਪਤਾ ਔਰਤਾਂ ਹੁਣ ਸੀਰੀਆ ਵਿਚ ਹਨ। ਪਹਿਲਾਂ ਮੰਨਿਆ ਜਾ ਰਿਹਾ ਸੀ ਕਿ ਉਨ੍ਹਾਂ ਨੂੰ ਅਗਵਾ ਕਰ ਲਿਆ ਗਿਆ ਹੈ। ਇਹ ਪਹਿਲਾ ਮੌਕਾ ਹੈ ਜਦੋਂ ਪਾਕਿਸਤਾਨੀ ਔਰਤਾਂ ਦੇ ਇਸਲਾਮਿਕ ਸਟੇਟ ਵਿਚ ਸ਼ਾਮਲ ਹੋਣ ਦੀ ਗੱਲ ਸਾਹਮਣੇ ਆਈ ਹੈ। ਇਹ ਔਰਤਾਂ ਆਪਣੇ ਬੱਚਿਆਂ ਸਣੇ ਸਰਹੱਦ ਟੱਪ ਕੇ ਇਰਾਨ ਵਿਚ ਦਾਖਲ ਹੋਈਆਂ ਤੇ ਉਥੋਂ ਉਨ੍ਹਾਂ ਨੂੰ ਸੀਰੀਆ ਲਿਜਾਇਆ ਗਿਆ। ਪੁਲਿਸ ਅਨੁਸਾਰ ਜੋ ਔਰਤਾਂ ਸੀਰੀਆ ਪਹੁੰਚੀਆਂ ਹਨ, ਉਨ੍ਹਾਂ ਵਿਚੋਂ ਇਕ ਲਾਹੌਰ ਦੇ ਇਸਲਾਮਿਕ ਕੇਂਦਰ ਦੀ ਪ੍ਰਿੰਸੀਪਲ ਹੈ। ਸਤੰਬਰ ਵਿਚ ਉਹ ਆਪਣੇ ਚਾਰ ਬੱਚਿਆਂ ਸਣੇ ਘਰ ਛੱਡ ਕੇ ਚਲੀ ਗਈ ਸੀ। ਪਾਕਿ ਸੈਨਾ ਤੇ ਪਾਕਿ ਗ੍ਰਹਿ ਮੰਤਰਾਲੇ ਨੇ ਵਾਰ-ਵਾਰ ਪਾਕਿਸਤਾਨ ਵਿਚ ਆਈ.ਐਸ. ਦੀ ਮੌਜੂਦਗੀ ਤੋਂ ਇਨਕਾਰ ਕੀਤਾ ਹੈ। ਇਸ ਹਫਤੇ ਅਤਿਵਾਦ ਵਿਰੋਧੀ ਪੁਲਿਸ ਨੇ ਅੱਠ ਸ਼ੱਕੀਆਂ ਨੂੰ ਗ੍ਰਿਫਤਾਰ ਕੀਤਾ ਤੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੇ ਲਾਹੌਰ ਨੇੜੇ ਆਈ.ਐਸ. ਨਾਲ ਜੁੜੇ ਇਕ ਗਰੁੱਪ ਦਾ ਪਰਦਾਫਾਸ਼ ਕੀਤਾ ਹੈ।


**Golden State Realty**

9912 Kapalua Ln., Elk Grove, CA 95624



Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014

*Please Contact For*
**Commercial**
or
**Residential**
**Needs**

ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ

*Call: Sohanpreet 'Sam' Chahal*
**Ph: 916-612-5773**

**email:** samchahal@hotmail.com

***Serving all over California***



**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**

***National Truck Driving School***

**ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ**

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ਵੱਡੀ ਤਬਾਹੀ ਦੇ ਇਰਾਦੇ ਨਾਲ ਆਏ ਸਨ ਦਹਿਸ਼ਤਗਰਦ

**ਗੁਰਦਾਸਪੁਰ:** ਪਠਾਨਕੋਟ ਵਿਚ ਫੌਜ ਦੇ ਏਅਰ ਬੇਸ 'ਤੇ ਹਮਲਾ ਕਰਨ ਵਾਲੇ ਅਤਿਵਾਦੀ ਪੰਜਾਬ ਵਿਚ ਵੱਡੀ ਤਬਾਹੀ ਦੇ ਇਰਾਦੇ ਨਾਲ ਆਏ ਸਨ। ਉਨ੍ਹਾਂ ਦੀ ਯੋਜਨਾ ਨਵੇਂ ਸਾਲ ਦੇ ਪਹਿਲੇ ਦਿਨ ਹਮਲਾ ਕਰ ਦੀ ਸੀ, ਪਰ ਉਹ ਸਫਲ ਨਾ ਹੋ ਸਕੇ। ਖੁਫੀਆ ਏਜੰਸੀਆਂ ਵੱਲੋਂ ਟਰੇਸ ਕੀਤੀ ਫੋਨ ਕਾਲ ਵਿਚ ਵੀ ਇਹ ਅਤਿਵਾਦੀ ਤੈਅ ਯੋਜਨਾ ਮੁਤਾਬਕ ਹਮਲਾ ਨਾ ਕਰ ਸਕਣ ਦੀ ਗੱਲ ਆਖ ਰਹੇ ਹਨ। ਸੂਤਰਾਂ ਮੁਤਾਬਕ ਅਤਿਵਾਦੀਆਂ ਵੱਲੋਂ ਅਗਵਾ ਕੀਤੀ ਇਨੋਵਾ ਗੱਡੀ ਖਰਾਬ ਹੋਣ ਤੇ ਡਰਾਈਵਰ ਦੇ ਕਤਲ ਦੇ ਬਾਅਦ ਐਸ.ਪੀ. ਦੀ ਗੱਡੀ ਅਗਵਾ ਕਰਨ ਵਿਚ ਕਾਫੀ ਸਮਾਂ ਖਰਾਬ ਹੋ ਗਿਆ। ਇਹੀ ਕਾਰਨ ਸੀ ਕਿ ਹਮਲਾ ਇਕ ਦਿਨ ਲਈ ਟਾਲ ਦਿੱਤਾ ਗਿਆ। ਪੂਰਾ ਇਕ ਦਿਨ ਲੁਕੇ ਪਹਿਣ ਤੋਂ ਬਾਅਦ ਅਗਲੇ ਦਿਨ ਮੁੜ ਇਸ ਘਟਨਾ ਨੂੰ ਅੰਜਾਮ ਦਿੱਤਾ ਗਿਆ। ਇਹ ਵੀ ਦਾਅਵਾ ਕੀਤਾ ਜਾ ਰਿਹਾ ਹੈ ਕਿ ਨਵੀਂ ਦਿੱਲੀ ਸਮੇਤ ਉੱਤਰੀ ਭਾਰਤ ਦੇ ਪ੍ਰਮੁੱਖ ਸੁਰੱਖਿਆ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਦੀ ਯੋਜਨਾ ਸੀ। ਪਿਛਲੇ ਸਾਲ ਪਹਿਲੀ ਅਗਸਤ ਨੂੰ ਸੁਰੱਖਿਆ ਏਜੰਸੀਆਂ ਵੱਲੋਂ ਨਵਾਂ ਸ਼ਹਿਰ ਦੇ ਪਿੰਡ ਕਰਨਾਣਾ ਤੋਂ ਪਾਬੰਦੀਸ਼ੁਦਾ ਥੁਰਾਇਆ ਸੈਟੇਲਾਈਟ ਫੋਨ ਦਾ ਸੰਦੇਸ਼ ਫੜੇ ਜਾਣ ਤੋਂ ਬਾਅਦ ਪੰਜਾਬ ਵਿਚ ਹਲਵਾਰਾ, ਆਦਮਪੁਰ ਅਤੇ ਪਠਾਨਕੋਟ ਸਮੇਤ ਹਵਾਈ ਸੈਨਾ ਦੇ ਕਈ ਟਿਕਾਣਿਆਂ ਲਾਗਿਓਂ ਫੋਨ ਚਾਲੂ ਹੋਣ ਦਾ ਪਤਾ ਲਾਇਆ ਸੀ।



ਸੂਤਰਾਂ ਨੇ ਹਾਲ ਹੀ ਵਿਚ 26 ਦਸੰਬਰ ਨੂੰ ਹੁਸਿਆਰਪੁਰ ਨੇੜਿਓਂ ਅਜਿਹਾ ਸੰਦੇਸ਼ ਫੜਿਆ ਸੀ ਜਦੋਂ ਦਹਿਸ਼ਤਪਸੰਦਾਂ ਦੀ ਆਦਮਪੁਰ ਹਵਾਈ ਅੱਡੇ ਸਬੰਧੀ ਕੋਈ ਅਹਿਮ ਜਾਣਕਾਰੀ ਦੇਣ ਲਈ ਆਪਣੇ 'ਹੈਂਡਲਰਾਂ' ਨਾਲ ਗੱਲ ਹੋਈ ਸੀ। ਏਜੰਸੀਆਂ ਨੂੰ ਕੌਮੀ ਸੁਰੱਖਿਆ ਦੇ ਇਕ ਬੇਹੱਦ ਅਹਿਮ ਟਿਕਾਣੇ ਦੇ ਨੇੜੇ ਸ਼ੱਕੀ ਦਹਿਸ਼ਤਗਰਦ ਹਰਕਤ ਹੋਣ ਦਾ ਪਤਾ ਚੱਲਿਆ ਸੀ। ਇਸ ਤੋਂ ਬਾਅਦ ਦੇਸ਼ ਭਰ ਵਿਚ ਚੌਕਸੀ ਦੇ ਹੁਕਮ ਜਾਰੀ ਕੀਤੇ ਗਏ ਸਨ ਤੇ ਸੁਰੱਖਿਆ ਏਜੰਸੀਆਂ ਨੂੰ ਆਪੋ-ਆਪਣੇ ਖੇਤਰਾਂ ਵਿਚ ਪੈਂਦੇ ਅਹਿਮ ਟਿਕਾਣਿਆਂ ਦੀ ਸੁਰੱਖਿਆ ਕਰਨ ਲਈ ਕਿਹਾ ਗਿਆ ਸੀ।

## ਅਗਾਊਂ ਸੂਹ ਦੇ ਬਾਵਜੂਦ ਨਾਕਾਮੀ

**ਚੰਡੀਗੜ੍ਹ:** ਪਠਾਨਕੋਟ ਵਿਚ ਭਾਰਤੀ ਹਵਾਈ ਸੈਨਾ ਦੇ ਟਿਕਾਣੇ 'ਤੇ ਹੋਏ ਅਤਿਵਾਦੀ ਹਮਲੇ ਤੋਂ ਠੀਕ 24 ਘੰਟੇ ਪਹਿਲਾਂ ਅਤਿਵਾਦੀਆਂ ਨੇ ਉਸੇ ਇਲਾਕੇ ਵਿਚ ਐਸ.ਪੀ. ਨੂੰ ਅਗਵਾ ਕੀਤਾ ਸੀ, ਪਰ ਸੁਰੱਖਿਆ ਏਜੰਸੀਆਂ ਹਮਲਾ ਹੋਣ ਤੱਕ ਅਤਿਵਾਦੀਆਂ ਦਾ ਪਤਾ ਨਹੀਂ ਲਗਾ ਸਕੀਆਂ। ਖੁਫੀਆ ਰਿਪੋਰਟਾਂ ਅਨੁਸਾਰ 15 ਅਤਿਵਾਦੀਆਂ ਦੇ 30-31 ਦਸੰਬਰ ਨੂੰ ਪਾਕਿਸਤਾਨ ਤੋਂ ਭਾਰਤ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰਨ ਬਾਰੇ ਜਾਣਕਾਰੀ ਦੇ ਦਿੱਤੀ ਸੀ, ਇਸ ਤੋਂ ਬਾਅਦ ਪੰਜਾਬ ਦੇ ਸਾਰੇ ਸੁਰੱਖਿਆ ਟਿਕਾਣਿਆਂ ਨੂੰ ਹਾਈ ਅਲਰਟ ਜਾਰੀ ਕਰ ਦਿੱਤਾ ਗਿਆ ਸੀ। ਚਾਰ ਅਤਿਵਾਦੀਆਂ ਨੇ ਹਮਲੇ ਤੋਂ ਇਕ ਦਿਨ ਪਹਿਲਾਂ ਐਸ.ਪੀ. ਸਲਵਿੰਦਰ ਸਿੰਘ ਨੂੰ ਅਗਵਾ ਕਰ ਲਿਆ ਸੀ, ਪਰ 24 ਘੰਟੇ ਬਾਅਦ ਵੀ ਸੁਰੱਖਿਆ ਏਜੰਸੀਆਂ ਇਨ੍ਹਾਂ ਅਤਿਵਾਦੀਆਂ ਨੂੰ ਲੱਭਣ ਵਿਚ ਨਾਕਾਮ ਰਹੀਆਂ। ਅਗਵਾ ਹੋਏ ਐਸ.ਪੀ. ਨੇ ਦੱਸਿਆ ਕਿ ਅਤਿਵਾਦੀ ਸੈਨਾ ਦੀ ਵਰਦੀ ਵਿਚ ਸੀ ਤੇ ਬਿਨਾ ਕਿਸੇ ਡਰ ਤੋਂ ਇਲਾਕੇ ਵਿਚ ਘੁੰਮ ਰਹੇ ਸਨ। ਸਲਵਿੰਦਰ ਨੇ ਦਾਅਵਾ ਕੀਤਾ ਕਿ ਉਹ ਆਪਣੇ ਸਾਥੀਆਂ ਨਾਲ ਵੀਰਵਾਰ ਨੂੰ ਆਪਣੀ ਗੱਡੀ ਵਿਚ ਜਾ ਰਹੇ ਸਨ, ਇਸੇ ਦੌਰਾਨ ਚਾਰ ਅਤਿਵਾਦੀਆਂ ਨੇ ਉਨ੍ਹਾਂ ਨੂੰ ਰੋਕਿਆ। ਉਨ੍ਹਾਂ ਵਿਚੋਂ ਇਕ ਗੱਡੀ ਚਲਾਉਣ ਲੱਗਾ ਤੇ ਹੌਲੀ ਹੌਲੀ ਸਾਨੂੰ ਸਾਰਿਆਂ ਨੂੰ ਥੋੜੀ ਥੋੜੀ ਦੂਰੀ 'ਤੇ ਗੱਡੀ ਵਿਚੋਂ ਬਾਹਰ ਸੁੱਟ ਦਿੱਤਾ। ਉਨ੍ਹਾਂ ਦੇ ਇਕ ਸਾਥੀ ਰਾਜੇਸ਼ ਕੁਮਾਰ ਦਾ ਅਤਿਵਾਦੀਆਂ ਨੇ ਗਲਾ ਵੱਢ ਦਿੱਤਾ। ਸੀਨੀਅਰ ਅਧਿਕਾਰੀ ਵੱਲੋਂ ਅਗਵਾ ਕਰਨ ਦੀ ਸੂਚਨਾ ਦੇਣ ਦੇ ਬਾਵਜੂਦ ਵੀ ਪਹਿਲੀ ਜਨਵਰੀ ਨੂੰ ਸਾਰਾ ਦਿਨ ਪੁਲਿਸ ਪੂਰੀ ਮੁਸ਼ਤੈਦੀ ਦਿਖਾਉਣ ਦੀ ਬਜਾਏ ਇਸ ਮਾਮਲੇ ਨੂੰ ਵੱਖ-ਵੱਖ ਪਹਿਲੂਆਂ 'ਤੇ ਹੀ ਦੇਖਦੀ ਰਹੀ। ਜਿਸ ਸਥਾਨ ਤੋਂ ਅਤਿਵਾਦੀਆਂ ਨੇ ਏਅਰ ਫੋਰਸ ਸਟੇਸ਼ਨ ਵਿਚ ਘੁਸਪੈਠ ਕੀਤੀ ਹੈ, ਉਸ ਤੋਂ ਤਕਰੀਬਨ ਇਕ ਕਿੱਲੋਮੀਟਰ ਦੀ ਦੂਰੀ 'ਤੇ ਹੀ ਐਸ.ਪੀ. ਤੋਂ ਖੋਹੀ ਗੱਡੀ ਛੱਡੀ ਸੀ, ਪਰ ਸਥਾਨਕ ਲੋਕਾਂ ਦੇ ਦੱਸਣ ਅਨੁਸਾਰ ਸ਼ਾਮ ਤੱਕ ਪੁਲਿਸ ਨੇ ਸਿਰਫ ਇਸ ਗੱਡੀ ਦੇ ਆਲੇ-ਦੁਆਲੇ ਵਾਲੀਆਂ ਝਾੜੀਆਂ ਤੇ ਕੁਝ ਥਾਵਾਂ ਦੀ ਤਲਾਸ਼ੀ ਹੀ ਲਈ, ਜਦੋਂ ਕਿ ਬਾਕੀ ਸਮੁੱਚੇ ਇਲਾਕੇ ਵਿਚ ਇਨ੍ਹਾਂ ਅਤਿਵਾਦੀਆਂ ਨੂੰ ਲੱਭਣ ਲਈ ਕੋਈ ਵੱਡੀ ਮੁਹਿੰਮ ਨਹੀਂ ਵਿੱਢੀ ਜਾ ਸਕੀ। ਇਹ ਅਤਿਵਾਦੀ ਤਕਰੀਬਨ 24 ਘੰਟੇ ਇਸੇ ਇਲਾਕੇ ਵਿਚ ਲੁਕੇ ਰਹਿਣ ਉਪਰੰਤ ਆਪਣੇ ਮਨਸੂਬੇ ਨੂੰ ਅੰਜਾਮ ਦੇਣ ਲਈ ਏਅਰ ਫੋਰਸ ਸਟੇਸ਼ਨ ਵਿਚ ਦਾਖਲ ਹੋ ਗਏ।

# ਬੀਫ ਖਾਣ ਵਾਲਿਆਂ ਦਾ ਆਰ.ਐਸ.ਐਸ. 'ਚ ਸਵਾਗਤ?

**ਈਟਾਨਗਰ:** ਗਊ ਦਾ ਮਾਸ ਖਾਣ ਵਾਲਿਆਂ ਉਤੇ ਆਰ.ਐਸ.ਐਸ. ਵਿਚ ਸ਼ਾਮਲ ਹੋਣ ਉਤੇ ਕੋਈ ਰੋਕ ਨਹੀਂ ਹੈ। ਇਹ ਕਹਿਣਾ ਹੈ ਆਰ.ਐਸ.ਐਸ. ਦੇ ਆਲ ਇੰਡੀਆ ਪ੍ਰਚਾਰ ਪ੍ਰਮੁੱਖ ਮਨਮੋਹਨ ਵੈਦਿਯਾ ਦਾ। ਵੈਦਿਯਾ ਨੇ ਇਹ ਬਿਆਨ ਈਟਾਨਗਰ ਵਿਚ ਤਕਰੀਬਨ 3000 ਹਜ਼ਾਰ ਪ੍ਰਚਾਰਕਾਂ ਨੂੰ ਸੰਬੋਧਨ ਕਰਨ ਦੌਰਾਨ ਦਿੱਤਾ। ਅਖਬਾਰ ਦੇ ਹਵਾਲੇ ਨਾਲ ਖਬਰ ਹੈ ਕਿ ਵੈਦਿਯਾ ਦਾ ਕਹਿਣਾ ਹੈ ਕਿ ਆਰ.ਐਸ.ਐਸ. ਕਿਸੇ ਧਰਮ ਦੇ ਖਿਲਾਫ ਨਹੀਂ ਹੈ, ਸਗੋਂ ਸਿਰਫ ਦੇਸ਼ ਵਿਰੋਧੀ ਤਾਕਤਾਂ ਦੇ ਖਿਲਾਫ ਹਨ।ਕਿਉਂਕਿ ਆਰ.ਐਸ.ਐਸ. ਕੋਈ ਧਾਰਮਿਕ ਸੰਸਥਾ ਨਹੀਂ ਹੈ, ਇਕ ਸਮਾਜਿਕ ਸੰਸਥਾ ਹੈ। ਸੰਗ ਦੇ ਇਸ ਵੱਡੇ ਲੀਡਰ ਦਾ ਬਿਆਨ ਹੁਣ ਤੱਕ ਦੇ ਬਿਆਨਾਂ ਦੇ ਬਿਲਕੁਲ ਉਲਟ ਹੈ।

ਆਰ.ਐਸ.ਐਸ. ਤੇ ਭਾਜਪਾ ਦੇਸ਼ ਵਿਚ ਬੀਫ ਖਾਣ ਵਾਲਿਆਂ ਦੀ ਕੱਟੜ ਵਿਰੋਧੀ ਰਹੀ ਹੈ। ਇਸ ਦੇ ਚੱਲਦੇ ਹੀ ਯੂ.ਪੀ. ਦੇ ਦਾਦਰੀ ਵਿਚ ਅਖਲਾਕ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ। ਅਖਲਾਕ 'ਤੇ ਇਲਜ਼ਾਮ ਸੀ ਕਿ ਉਸ ਦੇ ਘਰ ਵਿਚ ਬੀਫ ਬਣਾਇਆ ਜਾ ਰਿਹਾ ਹੈ, ਜਦਕਿ ਘਟਨਾ ਤੋਂ ਬਾਅਦ ਇਹ ਸਾਫ ਹੋ ਗਿਆ ਸੀ ਕਿ ਉਸ ਦੇ ਘਰ ਬੀਫ ਨਹੀਂ, ਸਗੋਂ ਮਟਨ ਸੀ। ਬਿਹਾਰ ਵਿਧਾਨ ਸਭਾ ਚੋਣਾਂ ਵਿਚ ਵੀ ਬੀ.ਜੇ.ਪੀ. ਨੇ ਬੀਫ ਨੂੰ ਚੁਣਾਵੀ ਮੁੱਦਾ ਬਣਾਇਆ ਸੀ। ਬੀ.ਜੇ.ਪੀ. ਤੇ ਆਰ.ਐਸ.ਐਸ. ਲੀਡਰ ਖੁੱਲ੍ਹ ਕੇ ਬੀਫ ਖਾਣ ਵਾਲਿਆਂ ਦੇ ਖਿਲਾਫ ਪ੍ਰਚਾਰ ਕਰਦੇ ਰਹੇ ਹਨ, ਪਰ ਬੀਫ ਨੂੰ ਵੱਡਾ ਮੁੱਦਾ ਬਣਾਉਣ ਦੇ ਬਾਵਜੂਦ ਭਾਜਪਾ ਨੂੰ ਵੱਡਾ ਝਟਕਾ ਲੱਗਾ ਸੀ।



ਦੇਸ਼ ਵਿਚ ਭਾਜਪਾ ਦੀ ਸੱਤਾ ਵਾਲੇ ਹਰਿਆਣਾ ਸਮੇਤ ਕਈ ਸੂਬਿਆਂ ਵਿਚ ਗਊ ਮਾਸ 'ਤੇ ਪਾਬੰਦੀ ਲਗਾਈ ਹੋਈ ਹੈ ।ਵੈਦਿਯਾ ਦੇ ਇਸ ਬਿਆਨ ਨੂੰ ਆਰ.ਐਸ.ਐਸ. ਦੀ ਉੱਤਰ-ਪੂਰਬ ਵਿਚ ਜੜ੍ਹ ਮਜ਼ਬੂਤ ਕਰਨ ਦੀ ਇਕ ਕੋਸ਼ਿਸ਼ ਵਜੋਂ ਦੇਖਿਆ ਜਾ ਸਕਦਾ ਹੈ। ਕਿਉਂਕਿ ਅਰੁਣਾਚਲ ਪ੍ਰਦੇਸ਼ ਸਮੇਤ ਉੱਤਰ-ਪੂਰਬ ਦੇ ਕਈ ਸੂਬਿਆਂ ਵਿਚ ਵੱਡੀ ਗਿਣਤੀ ਲੋਕ ਬੀਫ ਖਾਂਦੇ ਹਨ।

# ਅਕਾਲੀ ਆਗੂ ਵੱਲੋਂ ਗੋਲੀ ਮਾਰ ਕੇ ਖੁਦਕੁਸ਼ੀ

**ਬਰਨਾਲਾ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਨੇ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਪੰਚਾਇਤ ਯੂਨੀਅਨ ਦੇ ਪ੍ਰਧਾਨ ਤੇ ਮਹਿਲ ਕਲਾਂ ਬਲਾਕ ਸਮਿਤੀ ਦੇ ਮੈਂਬਰ ਕਮਿੱਕਰ ਸਿੰਘ ਸੋਢਾ (50) ਨੇ ਆਪਣੇ ਲਾਇਸੈਂਸੀ 32 ਬੋਰ ਰਿਵਾਲਵਰ ਨਾਲ ਛਾਤੀ ਵਿਚ ਗੋਲੀ ਮਾਰ ਲਈ। ਉਹ ਰੋਜ਼ਾਨਾ ਦੀ ਤਰ੍ਹਾਂ ਸਵੇਰੇ ਸੈਰ ਕਰਨ ਗਿਆ ਸੀ ਤੇ ਮੋਟਰ ਕੋਲ ਆਪਣੇ ਰਿਵਾਲਵਰ ਨਾਲ ਛਾਤੀ ਵਿਚ ਗੋਲੀ ਮਾਰ ਲਈ।

ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਸੂਤਰਾਂ ਅਨੁਸਾਰ ਕਮਿੱਕਰ ਸਿੰਘ ਸੋਢਾ ਦੇ ਪਰਿਵਾਰ ਦੀ ਆਰਥਿਕ ਹਾਲਤ ਠੀਕ ਨਹੀਂ ਸੀ। ਇਸ ਕਾਰਨ ਉਹ ਮਾਨਸਿਕ ਤੌਰ 'ਤੇ ਪਰੇਸ਼ਾਨ ਰਹਿੰਦਾ ਸੀ। ਇਸੇ ਮਾਨਸਿਕ ਪਰੇਸ਼ਾਨੀ ਦੇ ਚਲਦਿਆਂ ਉਸ ਨੇ ਖੁਦਕੁਸ਼ੀ ਕਰ ਲਈ।

# ਸਾਊਦੀ ਅਰਬ ਵਿਚ ਮੌਲਵੀ ਸਣੇ 47 ਲੋਕਾਂ ਦਾ ਸਿਰ ਕਲਮ

**ਰਿਆਧ:** ਸਾਊਦੀ ਅਰਬ ਨੇ ਦਹਿਸ਼ਤਗਰਦੀ ਦੇ ਦੋਸ਼ਾਂ ਹੇਠ ਬਾਗੀ ਸ਼ੀਆ ਮੌਲਵੀ ਸਮੇਤ 47 ਵਿਅਕਤੀਆਂ ਨੂੰ ਸਜ਼ਾ-ਏ-ਮੌਤ ਦੇ ਦਿੱਤੀ ਗਈ। ਅਰਬ ਮੁਲਕਾਂ ਵਿਚ 2011 ਵਿਚ ਹੋਏ ਵਿਰੋਧ ਦੌਰਾਨ ਮੌਲਾਨਾ ਸ਼ੇਖ਼ ਨਿਮਰ ਅਲ-ਨਿਮਰ ਨੇ ਅਹਿਮ ਭੂਮਿਕਾ ਨਿਭਾਈ ਸੀ। ਮੌਲਾਨਾ ਨੂੰ ਸਜ਼ਾ-ਏ-ਮੌਤ ਦੇਣ ਨਾਲ ਅਰਬ ਦੇ ਸ਼ੀਆ ਘੱਟ ਗਿਣਤੀਆਂ ਵਿਚਕਾਰ ਨਵਾਂ ਰੋਸ ਪੈਦਾ ਹੋ ਸਕਦਾ ਹੈ।

ਸਾਊਦੀ ਅਰਬ ਵਿਚ ਇਕ ਦਿਨ ਵਿਚ ਹੀ 47 ਲੋਕਾਂ ਦਾ ਸਿਰ ਕਲਮ ਕਰ ਦਿੱਤਾ ਗਿਆ। ਧਾਰਮਿਕ ਗੁਰੂ ਦੀ ਕੀਤੀ ਗਈ ਹੱਤਿਆ ਤੋਂ ਬਾਅਦ ਈਰਾਨ ਤੇ ਸਾਊਦੀ ਅਰਬ ਦੀਆਂ ਦੂਰੀਆਂ ਵੱਧ ਗਈਆਂ ਹਨ। ਈਰਾਨ ਨੇ ਸਾਊਦੀ ਅਰਬ ਨੂੰ ਸਪਸ਼ਟ ਸ਼ਬਦਾਂ ਵਿਚ ਇਸ ਦੀ ਕੀਮਤ ਚੁਕਾਉਣ ਦੀ ਧਮਕੀ ਦਿੱਤੀ ਹੈ।

ਦੱਸਣਯੋਗ ਹੈ ਕਿ ਸਾਊਦੀ ਅਰਬ ਦੇ ਪੂਰਬੀ ਸੂਬੇ ਵਿਚ ਹੋਏ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਦੀ ਅਗਵਾਈ ਨਿਮਰ ਨੇ ਹੀ ਕੀਤੀ ਸੀ। ਇਸ ਤੋਂ ਬਾਅਦ ਨਿਮਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ ਤੇ 2014 ਵਿਚ ਉਸ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ ਗਈ। 1995 ਤੋਂ ਬਾਅਦ ਪਹਿਲੀ ਵਾਰ ਇਕੋ ਦਿਨ ਵਿਚ 47 ਲੋਕਾਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਹੈ। 2015 ਵਿਚ 157 ਲੋਕਾਂ ਨੂੰ ਅਤੇ 2014 ਵਿਚ 90 ਲੋਕਾਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਸੀ।



# ਅਤਿਵਾਦ ਖਿਲਾਫ ਜੰਗ: 4 ਸਾਲਾਂ 'ਚ 235 ਜਵਾਨਾਂ ਦੀਆਂ ਜਾਨਾਂ ਗਈਆਂ

**ਬਠਿੰਡਾ:** ਦਹਿਸ਼ਤਗਰਦੀ ਖਿਲਾਫ ਲੜਾਈ ਵਿਚ ਪਿਛਲੇ ਚਾਰ ਸਾਲ ਵਿਚ 228 ਫੌਜੀ ਅਫਸਰ ਤੇ ਜਵਾਨ ਸ਼ਹੀਦ ਹੋ ਚੁੱਕੇ ਹਨ। ਇਹ ਅਫਸਰ ਤੇ ਜਵਾਨ ਦਹਿਸ਼ਤਗਰਦਾਂ ਨਾਲ ਮੁਕਾਬਲੇ ਤੇ ਕੌਮਾਂਤਰੀ ਸਰਹੱਦ 'ਤੇ ਗੋਲੀ ਬਾਰੀ ਵਿਚ ਸ਼ਹੀਦ ਹੋਏ ਹਨ। ਹੁਣ ਪਠਾਨਕੋਟ ਦੇ ਦਹਿਸ਼ਤੀ ਹਮਲੇ ਵਿਚ ਸੱਤ ਜਵਾਨ ਸ਼ਹੀਦ ਹੋ ਗਏ ਹਨ, ਜਿਸ ਨਾਲ ਇਹ ਗਿਣਤੀ 235 ਹੋ ਗਈ ਹੈ। ਪਹਿਲੀ ਦਸੰਬਰ 2014 ਤੋਂ 27 ਨਵੰਬਰ 2015 ਤੱਕ ਅਤਿਵਾਦ ਖਿਲਾਫ ਲੜਾਈ ਵਿਚ 57 ਫੌਜੀ ਅਫਸਰ ਤੇ ਜਵਾਨ ਸ਼ਹੀਦ ਹੋਏ। ਭਾਵੇਂ ਸ਼ਹੀਦਾਂ ਨੂੰ ਪੂਰਾ ਦੇਸ਼ ਸਲਾਮ ਕਰ ਰਿਹਾ ਹੈ, ਪਰ ਉਨ੍ਹਾਂ ਦੇ ਤੁਰ ਜਾਣ ਨਾਲ ਉਨ੍ਹਾਂ ਦੇ ਪਰਿਵਾਰਾਂ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।



ਕੇਂਦਰੀ ਗ੍ਰਹਿ ਮੰਤਰਾਲੇ ਦੇ ਵੇਰਵਿਆਂ ਮੁਤਾਬਕ ਸਾਲ 2015 ਵਿਚ 57 ਫੌਜੀ ਅਫਸਰ ਤੇ ਜਵਾਨ ਅਤਿਵਾਦ ਖਿਲਾਫ ਜੰਗ ਵਿਚ ਸ਼ਹੀਦ ਹੋਏ। ਜੂਨ ਮਹੀਨੇ ਵਿਚ ਮਨੀਪੁਰ ਵਿਚ ਅਤਿਵਾਦੀ ਹਮਲੇ ਵਿਚ 20 ਫੌਜੀ ਅਫਸਰ ਤੇ ਜਵਾਨ ਸ਼ਹੀਦ ਹੋ ਗਏ ਸਨ। ਸਾਲ 2012 ਵਿਚ 61, 2013 ਵਿਚ 54, 2014 ਵਿਚ 56 ਅਤੇ ਸਾਲ 2015 ਵਿਚ 57 ਫੌਜੀ ਅਫਸਰ ਤੇ ਜਵਾਨ ਸ਼ਹੀਦ ਹੋਏ ਹਨ। ਕੇਂਦਰ ਸਰਕਾਰ ਵੱਲੋਂ ਇਨ੍ਹਾਂ ਵਿਚੋਂ 180 ਦੇ ਪਰਿਵਾਰਾਂ ਨੂੰ ਵਿੱਤੀ ਸਹਾਇਤਾ ਦਿੱਤੀ ਗਈ ਹੈ। ਪਠਾਨਕੋਟ ਏਅਰ ਬੇਸ 'ਤੇ ਹੋਏ ਹਮਲੇ ਵਿਚ ਸ਼ਹੀਦ ਹੋਏ ਦੋ ਫ਼ੌਜੀ ਜਵਾਨ ਜ਼ਿਲ੍ਹਾ ਗੁਰਦਾਸਪੁਰ ਦੇ ਹਨ। ਪਿਛਲੇ ਚਾਰ ਸਾਲਾਂ ਵਿਚ ਜੰਮੂ ਕਸ਼ਮੀਰ ਵਿਚ ਅਤਿਵਾਦ ਸਬੰਧੀ 798 ਘਟਨਾਵਾਂ ਵਾਪਰੀਆਂ, ਜਿਨ੍ਹਾਂ ਵਿਚ ਭਾਰਤੀ ਫੌਜ ਦੇ 153 ਅਫਸਰ ਤੇ ਜਵਾਨ ਸ਼ਹੀਦ ਹੋਏ ਹਨ ਜਦਕਿ 340 ਅਤਿਵਾਦੀ ਮਾਰੇ ਗਏ ਹਨ। ਇਨ੍ਹਾਂ ਘਟਨਾਵਾਂ ਵਿਚ 74 ਆਮ ਨਾਗਰਿਕ ਵੀ ਮਾਰੇ ਗਏ। ਸਾਲ 2015 ਦੌਰਾਨ ਜੰਮੂ ਕਸ਼ਮੀਰ ਵਿਚ 91 ਅਤਿਵਾਦੀ ਮਾਰੇ ਗਏ ਤੇ ਇਸ ਸਮੇਂ ਦੌਰਾਨ 16 ਆਮ ਨਾਗਰਿਕ ਵੀ ਮਾਰੇ ਗਏ। ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੇ ਇਨ੍ਹਾਂ ਚਾਰ ਸਾਲਾਂ ਦੌਰਾਨ ਦੇਸ਼ ਵਿਚ ਅਤਿਵਾਦੀਆਂ ਤੇ ਹਥਿਆਰਬੰਦ ਦਲਾਂ ਖਿਲਾਫ਼ 76 ਕੇਸ ਦਰਜ ਕੀਤੇ ਹਨ, ਜਿਨ੍ਹਾਂ ਵਿਚੋਂ 22 ਕੇਸਾਂ ਦੀ ਹਾਲੇ ਜਾਂਚ ਚੱਲ ਰਹੀ ਹੈ। ਬਾਕੀ 50 ਕੇਸ ਅਦਾਲਤਾਂ ਵਿਚ ਵਿਚਾਰ ਅਧੀਨ ਹਨ ਤੇ ਦੋ ਕੇਸਾਂ ਦਾ ਨਿਪਟਾਰਾ ਹੋਇਆ ਹੈ। ਜਿਹੜੇ ਕੇਸ ਰਾਜ ਪੁਲਿਸ ਵੱਲੋਂ ਦਰਜ ਕੀਤੇ ਗਏ ਹਨ, ਉਹ ਵੱਖਰੇ ਹਨ।

ਸਾਲ 2015 ਵਿਚ ਅਤਿਵਾਦੀਆਂ ਖਿਲਾਫ਼ 19 ਕੇਸ ਤੇ ਸਾਲ 2014 ਵਿਚ 14 ਕੇਸ ਇਕੱਲੀ ਕੌਮੀ ਜਾਂਚ ਏਜੰਸੀ ਨੇ ਦਰਜ ਕੀਤੇ ਸਨ। ਚਾਰ ਵਰ੍ਹਿਆਂ ਦੌਰਾਨ ਅਦਾਲਤਾਂ ਵਿਚ ਦੋ ਕੇਸਾਂ ਦਾ ਨਿਪਟਾਰਾ ਹੋਇਆ ਹੈ, ਜਿਨ੍ਹਾਂ ਵਿਚ 19 ਮੁਲਜ਼ਮਾਂ ਨੂੰ ਸਜ਼ਾ ਹੋਈ ਹੈ ਜਦਕਿ 9 ਬਰੀ ਹੋਏ ਹਨ। ਦੇਸ਼ ਵਿਚ ਅਤਿਵਾਦੀਆਂ ਨੂੰ ਬੀਤੇ ਅੱਠ ਵਰ੍ਹਿਆਂ ਵਿਚ 80 ਕਰੋੜ ਦੇ ਫੰਡ ਵਿਦੇਸ਼ਾਂ ਤੋਂ ਪ੍ਰਾਪਤ ਹੋਏ ਹਨ। ਕੌਮੀ ਜਾਂਚ ਏਜੰਸੀ ਦੀ ਜਾਂਚ ਵਿਚ ਤੱਥ ਉਜਾਗਰ ਹੋਏ ਹਨ ਕਿ ਹਿਜ਼ਬੁਲ ਮੁਜਾਹਿਦੀਨ ਦੇ ਆਪੂ ਬਣੇ ਕਮਾਂਡਰ ਸਲਾਹੂਦੀਨ ਨੇ ਵੱਖ-ਵੱਖ ਸਰੋਤਾਂ ਰਾਹੀਂ ਪਾਕਿਸਤਾਨ ਤੋਂ ਫੰਡ ਹਾਸਲ ਕੀਤੇ ਹਨ। ਜੰਮੂ ਕਸ਼ਮੀਰ ਪ੍ਰਭਾਵਤੀ ਰਿਲੀਫ ਟਰੱਸਟ, ਜਿਸ ਦਾ ਮੁੱਖ ਦਫਤਰ ਰਾਵਲਪਿੰਡੀ ਤੇ ਬ੍ਰਾਂਚ ਦਫਤਰ ਇਸਲਾਮਾਬਾਦ ਤੇ ਮੁਜ਼ੱਫਰਾਬਾਦ ਵਿਚ ਹੈ, ਵਿਦੇਸ਼ਾਂ ਤੋਂ ਫੰਡ ਹਾਸਲ ਕਰਨ ਤੇ ਭਾਰਤ ਵਿਚ ਅਤਿਵਾਦੀ ਸੰਗਠਨਾਂ ਨੂੰ ਵੰਡਣ ਵਿਚ ਸ਼ਾਮਲ ਹੈ।

## ਪਠਾਨਕੋਟ ਹਮਲਾ ਯੂਨਾਈਟਡ ਜਹਾਦ ਕੌਂਸਲ ਦਾ ਕਾਰਾ

**ਨਵੀਂ ਦਿੱਲੀ:** ਪਠਾਨਕੋਟ ਹਮਲੇ ਵਿਚ ਸਾਰੇ ਅਤਿਵਾਦੀਆਂ ਦੇ ਮਾਰੇ ਜਾਣ ਦੀ ਖਬਰ ਤੋਂ ਬਾਅਦ ਪਾਕਿਸਤਾਨ ਦੀ ਯੂਨਾਈਟਿਡ ਜਹਾਦ ਕੌਂਸਲ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਲੈ ਲਈ ਹੈ। ਪਾਕਿਸਤਾਨ ਦੀ ਇਕ ਸਥਾਨਕ ਨਿਊਜ਼ ਏਜੰਸੀ ਨੂੰ ਈ-ਮੇਲ ਭੇਜ ਕੇ ਸੰਗਠਨ ਨੇ ਇਹ ਜਾਣਕਾਰੀ ਦਿੱਤੀ ਤੇ ਦੱਸਿਆ ਕਿ ਹਮਲੇ ਦਾ ਪਾਕਿਸਤਾਨ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਗੌਰ ਹੋਵੇ ਕਿ ਪਾਕਿਸਤਾਨ ਤੇ ਉਥੋਂ ਦੀ ਖੁਫੀਆ ਏਜੰਸੀ ਆਈ.ਐਸ.ਆਈ. ਦੀ ਮਦਦ ਨਾਲ 1994 ਵਿਚ ਇਸ ਸਮੂਹ ਦਾ ਗਠਨ ਕੀਤਾ ਗਿਆ ਸੀ। ਇਹ 15 ਅਤਿਵਾਦੀ ਸੰਗਠਨਾਂ ਦਾ ਗੁੱਟ ਹੈ ਤੇ ਮੁੱਖ ਅਤਿਵਾਦੀ ਸੰਗਠਨ ਹਿਜ਼ਬੁਲ ਮੁਜ਼ਾਹਿਦੀਨ ਹੈ। ਹਿਜ਼ਬੁਲ ਦਾ ਆਕਾ ਸੱਯਦ ਸਲਾਊਦੀਨ ਇਸ ਅਤਿਵਾਦੀ ਗੁੱਟ ਦਾ ਵੀ ਮੁਖੀ ਹੈ।

## ਅਮਰੀਕਾ ਵੱਲੋਂ ਹਮਲੇ ਦੀ ਨਿੰਦਾ

**ਵਾਸ਼ਿਗਟਨ:** ਭਾਰਤੀ ਹਵਾਈ ਸੈਨਾ ਸਟੇਸ਼ਨ 'ਤੇ ਪਾਕਿਸਤਾਨੀ ਅਤਿਵਾਦੀਆਂ ਵੱਲੋਂ ਕੀਤੇ ਵਹਿਸ਼ੀ ਹਮਲੇ ਦੀ ਅਮਰੀਕਾ ਨੇ ਸਖਤ ਆਲੋਚਨਾ ਕੀਤੀ ਹੈ। ਪਠਾਨਕੋਟ ਵਿਚ ਹੋਏ ਹਮਲੇ ਦੀ ਨਿੰਦਾ ਕਰਦਿਆਂ ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਜੌਨ ਕਿਰਬੀ ਨੇ ਕਿਹਾ ਕਿ ਅਮਰੀਕਾ ਚਾਹੁੰਦਾ ਹੈ ਕਿ ਅਤਿਵਾਦੀ ਨੈਟਵਰਕ ਨੂੰ ਖਤਮ ਕਰਨ ਲਈ ਖੇਤਰ ਦੇ ਸਭ ਦੇਸ਼ ਇਕਮੁੱਠ ਹੋਣ।

# ਬਠਿੰਡੇ ਤੋਂ ਜਹਾਜ਼ ਉਡਾਉਣ ਲਈ ਬਾਦਲ ਲਾਣਾ ਸਾਹੋ-ਸਾਹ

**ਬਠਿੰਡਾ:** ਜ਼ਿਲ੍ਹੇ ਦੇ ਪਿੰਡ ਵਿਰਕ ਕਲਾਂ ਦੇ ਟਿੱਬਿਆਂ ਵਿਚਕਾਰ ਹਵਾਈ ਅੱਡਾ ਭਿਸੀਆਣਾ ਅਗਸਤ 2012 ਤੋਂ ਬਣ ਕੇ ਤਿਆਰ ਹੈ, ਜੋ ਉਡਾਣਾਂ ਦਾ ਇੰਤਜ਼ਾਰ ਕਰ ਰਿਹਾ ਹੈ। 25 ਕਰੋੜ ਦੀ ਲਾਗਤ ਨਾਲ 40 ਏਕੜ ਵਿਚ ਬਣੇ ਇਸ ਘਰੇਲੂ ਹਵਾਈ ਅੱਡੇ ਦੀ ਇਮਾਰਤ ਜਰਜਰ ਹੋ ਰਹੀ ਹੈ। ਏਅਰਪੋਰਟ ਅਥਾਰਿਟੀ ਦੇ ਅਧਿਕਾਰੀ ਆਪਣਾ ਬੋਰੀ ਬਿਸਤਰਾ ਚੁੱਕ ਕੇ ਦਿੱਲੀ ਚਲੇ ਗਏ ਹਨ। ਹਵਾਈ ਅੱਡੇ ਦੇ ਚਾਰ-ਚੁਫੇਰੇ ਮਲੇ ਤੇ ਸਰਕੰਡੇ ਦਿਖਾਈ ਦੇ ਰਹੇ ਹਨ। ਹਵਾਈ ਅੱਡੇ ਅੰਦਰ ਪੀਣ ਵਾਲਾ ਵੀ ਖਾਰਾ ਹੈ। ਪਿਛਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਹਰਸਿਮਰਤ ਕੌਰ ਬਾਦਲ ਨੇ ਏਅਰਪੋਰਟ ਦੀ ਇਮਾਰਤ ਜਲਦ ਤਿਆਰ ਕਰਨ ਦੀਆਂ ਹਦਾਇਤਾਂ ਦਿੱਤੀਆਂ ਸਨ। 28 ਫਰਵਰੀ 2015 ਨੂੰ ਬੀਬੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਬਠਿੰਡਾ-ਜੰਮੂ ਹਵਾਈ ਰੂਟ ਦਾ ਸਰਵੇ ਕਰਵਾ ਰਹੇ ਹਾਂ। ਮਾਤਾ ਵੈਸ਼ਨੂੰ ਦੇਵੀ ਦੇ ਦਰਸ਼ਨਾਂ ਲਈ ਮਾਲਵੇ ਵਿਚੋਂ ਕਾਫੀ ਪੈਸੰਜਰ ਜਾਂਦੇ ਹਨ। ਇਥੋਂ ਰੂਟ ਫਾਇਦੇਮੰਦ ਰਹੇਗਾ, ਪਰ ਅਗਸਤ-ਸਤੰਬਰ ਵਿਚ ਹੀ ਕੇਂਦਰੀ ਮੰਤਰੀ ਨੇ ਬਿਆਨ ਦਿੱਤਾ ਕਿ ਸਤਾਬਦੀ ਨੂੰ ਤਾਂ ਉਮੀਦ ਮੁਤਾਬਕ ਪੈਸੰਜਰ ਨਹੀਂ ਮਿਲ ਰਹੇ, ਏਅਰਲਾਈਨਜ਼ ਕੰਪਨੀਆਂ ਨੇ ਹਵਾਈ ਉਡਾਣ ਸ਼ੁਰੂ ਕਰਨ ਤੋਂ ਇਨਕਾਰ ਕਰ ਦਿੱਤਾ ਹੈ ਕਿਉਂਕਿ ਏਅਰਲਾਈਨਜ਼ ਦੇ ਸਰਵੇ ਮੁਤਾਬਕ ਇਥੋਂ ਯਾਤਰੀ ਨਹੀਂ ਮਿਲਣਗੇ। 28 ਮਾਰਚ 2015 ਨੂੰ ਬੀਬੀ ਬਾਦਲ ਨੇ ਕਿਹਾ ਸੀ ਕਿ ਜੰਮੂ ਰੂਟ ਲਈ ਗੱਲ ਨਹੀਂ ਬਣੀ ਤੇ ਹੁਣ ਬੀਕਾਨੇਰ ਏਅਰਰੂਟ ਦਾ ਸਰਵੇ ਕਰਵਾਉਣਗੇ। 15 ਅਪਰੈਲ 2015 ਨੂੰ ਡਿਪਟੀ ਸੀ.ਐਮ. ਨੇ ਕਿਹਾ ਕਿ ਬੀਕਾਨੇਰ ਦਾ ਕੋਈ ਮਤਲਬ ਹੀ ਨਹੀਂ ਬਣਦਾ, ਜੰਮੂ ਰੂਟ ਦਾ ਹੀ ਸਰਵੇ ਕਰਵਾਉਣਗੇ ਤੇ 70 ਸੀਟਰ ਪਲੇਨ ਚਲਾਉਣਗੇ। 17 ਅਪਰੈਲ 2015 ਨੂੰ ਡਿਪਟੀ ਸੀ.ਐਮ. ਨੇ ਫੇਰ ਮਜ਼ਾਕੀਆ ਅੰਦਾਜ਼ ਵਿਚ ਬਠਿੰਡਾ ਵਾਸੀਆਂ ਨੂੰ ਸਤਾਬਦੀ ਘਾਟੇ ਵਿਚ ਚੱਲਣ ਦਾ ਉਲਾਂਭਾ ਦਿੰਦੇ ਹੋਏ ਕਿਹਾ ਕਿ ਤੁਸੀਂ ਸਤਾਬਦੀ 'ਤੇ ਤਾਂ ਚੜਦੇ ਨਹੀਂ, ਜਹਾਜ਼ ਦਾ ਕੀ ਕਰਨਾ ਹੈ।

ਜਨਵਰੀ 2011 ਵਿਚ ਕੇਂਦਰੀ ਹਵਾਈ ਵਿਭਾਗ ਨੇ ਬਠਿੰਡਾ ਏਅਰਪੋਰਟ ਦੀ ਮਨਜ਼ੂਰੀ ਦਿੱਤੀ ਸੀ। ਇਕ ਸਾਲ ਵਿਚ ਜ਼ਿਆਦਾ ਤੋਂ ਜ਼ਿਆਦਾ 3000 ਜਹਾਜ਼ਾਂ ਦੀ ਉਡਾਣ ਤੇ ਲੈਂਡਿੰਗ ਦਾ ਕਰਾਰ ਦਿੱਤਾ ਗਿਆ ਸੀ। ਬਠਿੰਡਾ ਏਅਰਪੋਰਟ ਤੋਂ ਜਹਾਜ਼ ਸੇਵਾ ਸ਼ੁਰੂ ਕਰਨ ਲਈ ਸਪਾਈਸ ਜੈਟ ਨੇ ਮਾਰਚ 2013 ਵਿਚ ਇੱਛਾ ਜਤਾਈ ਸੀ। ਏਅਰਵੇਜ਼ ਅਥਾਰਿਟੀ ਆਫ ਇੰਡੀਆ ਦਿੱਲੀ ਸਥਿਤ ਰਿਜਨਲ ਡਾਇਰੈਕਟਰ ਅਨੁਜ ਅਗਰਵਾਲ ਨੇ ਦੱਸਿਆ ਕਿ ਸਪਾਈਸ ਜੈਟ ਏਅਰਵੇਜ਼ ਨੇ ਪੱਤਰ ਲਿਖ ਕੇ ਇੱਛਾ ਤਾਂ ਜਤਾਈ ਪਰ ਅਜੇ ਤੱਕ ਕੋਈ ਗੱਲ ਨਹੀਂ ਬਣੀ ਹੈ।

# ਕਿਸਾਨਾਂ ਦੇ ਫਸਲੀ ਮੁਆਵਜ਼ੇ ਦੇ ਚੈਕ ਹੋਏ ਬਾਊਂਸ

**ਬਠਿੰਡਾ:** ਮਾਲਵਾ ਪੱਟੀ ਦੇ ਤਕਰੀਬਨ 150 ਕਿਸਾਨਾਂ ਦੇ ਫਸਲੀ ਮੁਆਵਜ਼ੇ ਦੇ ਚੈੱਕ ਬਾਊਂਸ ਹੋ ਗਏ ਹਨ ਜਦਕਿ ਹਜ਼ਾਰਾਂ ਕਿਸਾਨਾਂ ਦੇ ਚੈੱਕ ਬੈਂਕਾਂ ਨੇ ਰੋਕ ਲਏ ਹਨ। ਸਰਕਾਰੀ ਖਾਤੇ ਵਿਚ ਫੰਡ ਨਾ ਹੋਣ ਕਰ ਕੇ ਇਹ ਮੁਸ਼ਕਲ ਖੜ੍ਹੀ ਹੋਈ ਹੈ। ਪੰਜਾਬ ਸਰਕਾਰ ਇਨ੍ਹਾਂ ਦਿਨਾਂ ਵਿਚ ਲੋਕਾਂ ਨੂੰ ਤੀਰਥ ਯਾਤਰਾ ਕਰਾਉਣ ਵਿਚ ਜੁਟੀ ਹੋਈ ਹੈ ਜਦਕਿ ਕਿਸਾਨ ਬੈਂਕਾਂ ਦੇ ਚੱਕਰ ਕੱਢ ਰਹੇ ਹਨ।

ਪਹਿਲਾਂ ਤਾਂ ਸਰਕਾਰ ਮੁਆਵਜ਼ੇ ਦੀ ਵੰਡ ਵਿਚ ਕਾਫੀ ਲੇਟ ਹੋ ਗਈ ਤੇ ਹੁਣ ਬੈਂਕਾਂ ਤੋਂ ਚੈੱਕ ਪਾਸ ਨਹੀਂ ਹੋ ਰਹੇ ਹਨ। ਸੰਗਤ ਬਲਾਕ ਦੇ ਪਿੰਡ ਗਹਿਰੀ ਬੁੱਟਰ, ਫੁੱਲੋਮਿੱਠੀ, ਜੈ ਸਿੰਘ ਵਾਲਾ, ਕੋਟਗੁਰੂ, ਬਾਂਡੀ ਆਦਿ ਦੇ ਕਿਸਾਨਾਂ ਦੇ ਚੈੱਕ ਬਾਊਂਸ ਹੋਏ ਹਨ। ਇਨ੍ਹਾਂ ਕਿਸਾਨਾਂ ਦੇ ਸੰਗਤ ਦੀ ਪੰਜਾਬ ਨੈਸ਼ਨਲ ਬੈਂਕ ਵਿਚ ਖਾਤੇ ਹਨ ਅਤੇ ਸਰਕਾਰ ਨੇ ਇਨ੍ਹਾਂ ਕਿਸਾਨਾਂ ਨੂੰ ਫਸਲੀ ਮੁਆਵਜ਼ੇ ਦੇ ਐਕਸਿਸ ਬੈਂਕ ਦੇ ਚੈੱਕ ਕੱਟ ਕੇ ਦਿੱਤੇ ਹਨ। ਪਿੰਡ ਸੰਗਤ ਸਥਿਤ ਪੰਜਾਬ ਨੈਸ਼ਨਲ ਬੈਂਕ ਦੇ ਮੈਨੇਜਰ ਸੁਨੀਲ ਮਿੱਤਲ ਨੇ ਕਿਹਾ ਕਿ ਤਕਰੀਬਨ 120 ਕਿਸਾਨਾਂ ਦੇ ਫਸਲੀ ਮੁਆਵਜ਼ੇ ਦੇ ਚੈੱਕ ਫੰਡ ਨਾ ਹੋਣ ਕਰ ਕੇ ਵਾਪਸ ਆ ਗਏ ਹਨ ਜਦਕਿ 480 ਦੇ ਕਰੀਬ ਚੈੱਕ ਕਲੀਅਰੈਂਸ ਵਿਚ ਰੋਕ ਕੇ ਰੱਖਣੇ ਪਏ ਹਨ। ਇਸ ਬੈਂਕ ਕੋਲ ਤਕਰੀਬਨ 600 ਚੈੱਕ ਆਏ ਸਨ ਤੇ ਇਨ੍ਹਾਂ ਦੀ ਕਰੀਬ 60 ਲੱਖ ਰੁਪਏ ਦੀ ਰਾਸ਼ੀ ਬਣਦੀ ਹੈ। ਪੰਜਾਬ ਸਰਕਾਰ ਨੇ ਮੁਆਵਜ਼ਾ ਵੰਡਣ ਲਈ ਐਕਸਿਸ ਬੈਂਕ ਦੀ ਬ੍ਰਾਂਚ ਜਗਾ ਰਾਮ ਤੀਰਥ ਅਤੇ ਮੁਲਤਾਨੀਆਂ ਵਿਚ ਖਾਤੇ ਖੁੱਲ੍ਹਵਾ ਕੇ ਪੈਸਾ ਰੱਖਿਆ ਸੀ। ਪੰਜਾਬ ਸਰਕਾਰ ਨੇ ਪਹਿਲੀ ਅਕਤੂਬਰ ਨੂੰ 643 ਕਰੋੜ ਦੀ ਮੁਆਵਜ਼ਾ ਰਾਸ਼ੀ ਜਾਰੀ ਕੀਤੀ ਸੀ ਜੋ ਕਿ 3.32 ਲੱਖ ਹੈਕਟੇਅਰ ਰਕਬੇ ਦੇ ਖਰਾਬੇ ਵਾਲੇ ਕਿਸਾਨਾਂ ਨੂੰ ਵੰਡੀ ਜਾਣੀ ਸੀ। ਬਠਿੰਡਾ ਵਿਚ 2.75 ਲੱਖ ਏਕੜ ਰਕਬੇ ਵਿਚ ਖਰਾਬਾ ਹੋਇਆ ਸੀ। ਪ੍ਰਸ਼ਾਸਨ ਨੇ ਕੁੱਲ 220.29 ਕਰੋੜ ਰੁਪਏ ਦੀ ਮੁਆਵਜ਼ਾ ਰਾਸ਼ੀ ਵਿਚੋਂ ਕਾਫੀ ਮੁਆਵਜ਼ਾ ਰਾਸ਼ੀ ਵੰਡ ਵੀ ਦਿੱਤੀ ਹੈ। ਜ਼ਿਲ੍ਹਾ ਮਾਨਸਾ ਵਿਚ 95 ਫੀਸਦੀ ਮੁਆਵਜ਼ਾ ਰਾਸ਼ੀ ਵੰਡੀ ਜਾ ਚੁੱਕੀ ਹੈ।

# ਨਵਜੋਤ ਕੌਰ ਸਿੱਧੂ ਨੇ ਕੀਤੀ ਸੀ ਕੇਜਰੀਵਾਲ ਨਾਲ ਮੁਲਾਕਾਤ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਖੁਲਾਸਾ ਕੀਤਾ ਹੈ ਕਿ ਭਾਜਪਾ ਆਗੂ ਤੇ ਮੁੱਖ ਪਾਰਲੀਮਾਨੀ ਸਕੱਤਰ ਨਵਜੋਤ ਕੌਰ ਸਿੱਧੂ ਨੇ ਦਿੱਲੀ ਦੇ ਮੁੱਖ ਮੰਤਰੀ ਤੇ 'ਆਪ' ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਕੀਤੀ ਸੀ।

ਸ. ਛੋਟੇਪੁਰ ਨੇ ਦੱਸਿਆ ਕਿ ਪਿਛਲੇ ਸਮੇਂ ਉਨ੍ਹਾਂ ਨੂੰ ਪਾਰਟੀ ਦੇ ਮੁਖੀ ਸ੍ਰੀ ਕੇਜਰੀਵਾਲ ਨੇ ਫੋਨ ਰਾਹੀਂ ਦੱਸਿਆ ਸੀ ਕਿ ਭਾਜਪਾ ਦੇ ਸਾਬਕਾ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਦੀ ਪਤਨੀ ਡਾਕਟਰ ਸਿੱਧੂ ਉਨ੍ਹਾਂ ਨੂੰ ਮਿਲਣਾ ਚਾਹੁੰਦੀ ਹੈ। ਸ. ਛੋਟੇਪੁਰ ਨੇ ਦੱਸਿਆ ਕਿ ਉਸ ਤੋਂ ਬਾਅਦ ਕੇਜਰੀਵਾਲ ਨੇ ਡਾਕਟਰ ਸਿੱਧੂ ਨਾਲ ਮੁਲਾਕਾਤ ਕੀਤੀ ਸੀ। ਡਾ. ਸਿੱਧੂ ਸ੍ਰੀ ਕੇਜਰੀਵਾਲ ਦੇ ਦਿੱਲੀ ਸਥਿਤ ਰਿਹਾਇਸ਼ ਵਿਖੇ ਉਨ੍ਹਾਂ ਨੂੰ ਮਿਲੀ ਸੀ। ਸ. ਛੋਟੇਪੁਰ ਅਨੁਸਾਰ ਇਸ ਮੁਲਾਕਾਤ ਤੋਂ ਬਾਅਦ ਸ੍ਰੀ ਕੇਜਰੀਵਾਲ ਨੇ ਉਨ੍ਹਾਂ ਨੂੰ ਦੱਸਿਆ ਸੀ ਕਿ ਡਾਕਟਰ ਸਿੱਧੂ ਨਾਲ ਉਨ੍ਹਾਂ ਦੀ ਕੋਈ ਸਿਆਸੀ ਗੱਲਬਾਤ ਨਹੀਂ ਹੋਈ, ਸਿਰਫ ਮੈਡੀਕਲ ਮਾਮਲਿਆਂ ਨਾਲ ਸਬੰਧਤ ਹੀ ਚਰਚਾ ਹੋਈ ਹੈ। ਦੱਸਣਯੋਗ ਹੈ ਕਿ ਨਵਜੋਤ ਕੌਰ ਸਿੱਧੂ ਕੋਲ ਸਿਹਤ ਵਿਭਾਗ ਦਾ ਕੰਮ ਹੈ। ਸ. ਛੋਟੇਪੁਰ ਨੇ ਮੁੜ ਸਾਫ ਕੀਤਾ ਕਿ ਸਿੱਧੂ ਜੋੜੀ ਸਿਆਸੀ ਤੌਰ 'ਤੇ ਕਿਸੇ ਤਰ੍ਹਾਂ ਵੀ 'ਆਪ' ਦੇ ਸੰਪਰਕ ਵਿਚ ਨਹੀਂ ਹੈ ਤੇ ਨਾ ਹੀ ਉਨ੍ਹਾਂ ਨੂੰ ਪਾਰਟੀ ਵਿਚ ਸ਼ਾਮਲ ਕਰਨ ਬਾਰੇ ਕਦੇ ਕੋਈ ਚਰਚਾ ਹੋਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਕਾਂਗਰਸ ਤੋਂ ਇਲਾਵਾ ਅਕਾਲੀ ਦਲ ਤੇ ਭਾਜਪਾ ਦੇ ਕੁਝ ਨੇਤਾ ਉਨ੍ਹਾਂ ਦੇ ਸੰਪਰਕ ਵਿਚ ਹਨ ਅਤੇ ਸਮਾਂ ਆਉਣ 'ਤੇ ਉਹ 'ਆਪ' ਵਿਚ ਸ਼ਾਮਲ ਹੋ ਸਕਦੇ ਹਨ।

*wwwpunjabtimesusa.com*

# ਪੰਥਕ ਧਿਰਾਂ ਮਾਘੀ 'ਤੇ ਮਘਾਉਣਗੀਆਂ ਸੰਘਰਸ਼

**ਚੰਡੀਗੜ੍ਹ:** ਸਰਬੱਤ ਖਾਲਸਾ ਨਾਲ ਜੁੜੀਆਂ ਪੰਥਕ ਧਿਰਾਂ ਵੱਲੋਂ 14 ਜਨਵਰੀ ਨੂੰ ਮੁਕਤਸਰ ਵਿਖੇ ਮਾਘੀ ਮੇਲੇ 'ਤੇ ਕਾਨਫਰੰਸ ਕਰ ਕੇ ਬਾਦਲ ਸਰਕਾਰ ਵਿਰੁੱਧ ਅਗਲੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਇਸ ਤੋਂ ਇਲਾਵਾ 10 ਜਨਵਰੀ ਨੂੰ ਫਤਹਿਗੜ੍ਹ ਸਾਹਿਬ ਤੋਂ ਦਿੱਲੀ ਤੱਕ 'ਸਨਮਾਨ ਮਾਰਚ' ਕਰ ਕੇ ਸਰਬੱਤ ਖਾਲਸਾ ਮੌਕੇ ਥਾਪੇ ਗਏ ਅਕਾਲ ਤਖਤ ਦੇ ਜਥੇਦਾਰ ਜਗਤਾਰ ਸਿੰਘ ਹਵਾਰਾ ਦਾ ਸਨਮਾਨ ਕੀਤਾ ਜਾਵੇਗਾ।

ਯੂਨਾਈਟਿਡ ਅਕਾਲੀ ਦਲ ਤੇ ਸੂਰਤ ਸਿੰਘ ਖਾਲਸਾ ਸੰਘਰਸ਼ ਕਮੇਟੀ ਵੱਲੋਂ ਇਹ ਐਲਾਨ ਕੀਤੇ ਗਏ। ਯੂਨਾਈਟਿਡ ਅਕਾਲੀ ਦਲ ਦੀ ਡਾਕਟਰ ਭਗਵਾਨ ਸਿੰਘ ਦੀ ਅਗਵਾਈ ਹੇਠ ਹੋਈ ਮੀਟਿੰਗ ਵਿਚ ਮੋਹਕਮ ਸਿੰਘ ਦੀ ਥਾਂ ਬਹਾਦਰ ਸਿੰਘ ਰਾਹੋਂ ਨੂੰ ਪਾਰਟੀ ਦਾ ਕਾਰਜਕਾਰੀ ਪ੍ਰਧਾਨ ਥਾਪਿਆ ਗਿਆ। ਸਿੱਖ ਸੰਗਤ 10 ਜਨਵਰੀ ਨੂੰ ਗੁਰਦੁਆਰਾ ਰਕਾਬਗੰਜ ਵਿਖੇ ਠਹਿਰੇਗੀ ਤੇ 11 ਜਨਵਰੀ ਨੂੰ ਹਵਾਰਾ ਦੀ ਪਟਿਆਲਾ ਹਾਊਸ ਕੋਰਟ ਵਿਚ ਪੇਸ਼ੀ ਮੌਕੇ ਸੰਗਤ ਵੱਲੋਂ ਸਨਮਾਨ ਕੀਤਾ ਜਾਵੇਗਾ।

ਸਿੱਖ ਆਗੂਆਂ ਨੇ ਦੱਸਿਆ ਕਿ ਸੂਰਤ ਸਿੰਘ ਖਾਲਸਾ ਦੇ ਸੰਘਰਸ਼ ਨਾਲ ਹੀ ਉੱਤਰ ਪ੍ਰਦੇਸ਼ ਦੀ ਜੇਲ੍ਹ ਵਿਚੋਂ ਵਰਿਆਮ ਸਿੰਘ, ਅੰਮ੍ਰਿਤਸਰ ਦੀ ਜੇਲ੍ਹ ਵਿਚੋਂ ਹਰਦੀਪ ਸਿੰਘ ਤੇ ਬਾਜ ਸਿੰਘ ਤੇ ਨਾਭਾ ਜੇਲ੍ਹ ਵਿੱਚੋਂ ਮੱਖਣ ਸਿੰਘ ਗਿੱਲ ਦੀ ਰਿਹਾਈ ਦਾ ਮਾਮਲਾ ਹੱਲ ਹੋ ਗਿਆ ਹੈ। ਸਰਕਾਰ ਨਾਲ 25-26 ਹੋਰ ਬੰਦੀ ਸਿੱਖਾਂ ਦੀ ਰਿਹਾਈ ਲਈ ਗੱਲਬਾਤ ਚੱਲ ਰਹੀ ਹੈ ਤੇ ਸਰਕਾਰ ਵੱਲੋਂ ਵੀ ਹਾਂ ਪੱਖੀ ਹੁੰਗਾਰਾ ਦਿੱਤਾ ਜਾ ਰਿਹਾ ਹੈ। ਆਗੂਆਂ ਨੇ ਪੰਜ ਪਿਆਰਿਆਂ ਵੱਲੋਂ ਤਖਤਾਂ ਦੇ ਜਥੇਦਾਰਾਂ ਦਾ ਸਮਾਜਕ ਬਾਈਕਾਟ ਕਰਨ ਦੇ ਦਿੱਤੇ ਸੱਦੇ ਦਾ ਸਮਰਥਨ ਕੀਤਾ ਤੇ ਕਿਹਾ ਕਿ ਜਥੇਦਾਰਾਂ ਨੂੰ ਹੁਣ ਤਖਤਾਂ 'ਤੇ ਬੈਠਣ ਦਾ ਕੋਈ ਹੱਕ ਨਹੀਂ ਹੈ।

# ਸ਼ੀਆ ਆਗੂ ਨੂੰ ਮੌਤ ਦੀ ਸਜ਼ਾ ਪਿੱਛੋਂ ਰੋਹ ਭੜਕਿਆ

**ਤਹਿਰਾਨ:** ਸਾਊਦੀ ਅਰਬ ਵਿਚ ਇਕ ਸ਼ੀਆ ਨੇਤਾ ਨੂੰ ਸਜ਼ਾ-ਏ-ਮੌਤ ਦਿੱਤੇ ਜਾਣ ਬਾਅਦ ਗੁੱਸੇ ਵਿਚ ਆਏ ਲੋਕਾਂ ਨੇ ਇਰਾਨ ਦੀ ਰਾਜਧਾਨੀ ਤਹਿਰਾਨ ਵਿਚਲੇ ਸਾਊਦੀ ਅਰਬ ਦੇ ਸਫਾਰਤਖਾਨੇ ਨੂੰ ਅੱਗ ਲਗਾ ਦਿੱਤੀ ਤੇ ਇਸ ਅੰਦਰ ਦਾਖਲ ਹੋ ਗਏ, ਪਰ ਪੁਲਿਸ ਨੇ ਭੀੜ ਨੂੰ ਖਦੇੜ ਦਿੱਤਾ। ਇਨ੍ਹਾਂ ਘਟਨਾਵਾਂ ਲਈ ਪੁਲਿਸ ਨੇ 40 ਦੇ ਕਰੀਬ ਲੋਕਾਂ ਨੂੰ ਹਿਰਾਸਤ ਵਿਚ ਲਿਆ ਹੈ।

ਇਸੇ ਦੌਰਾਨ ਇਰਾਨ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ ਮਸ਼ਹਦ ਵਿਚ ਲੋਕਾਂ ਨੇ ਸਾਊਦੀ ਅਰਬ ਦੇ ਕੌਂਸਲਖਾਨੇ ਨੂੰ ਫੂਕ ਦਿੱਤਾ। ਇਰਾਨ ਦੇ ਸਭ ਤੋਂ ਵੱਡੇ ਧਾਰਮਿਕ ਨੇਤਾ ਆਇਤੁਲਾ ਅਲੀ ਖਮੇਨੀ ਨੇ ਕਿਹਾ ਹੈ ਕਿ ਸਾਊਦੀ ਅਰਬ ਨੂੰ ਆਪਣੀ ਇਸ ਹਰਕਤ ਲਈ ਖੁਦਾ ਦੇ ਕਹਿਰ ਦਾ ਸਾਹਮਣਾ ਕਰਨਾ ਪਵੇਗਾ। ਖੁਦਾ ਸਾਊਦੀ ਅਰਬ ਨੂੰ ਕਦੇ ਮੁਆਫ ਨਹੀਂ ਕਰੇਗਾ। ਦੂਜੇ ਪਾਸੇ ਇਰਾਨ ਦੇ ਰਾਸ਼ਟਰਪਤੀ ਹਸਨ ਰੂਹਾਨੀ ਨੇ ਸਾਊਦੀ ਅਰਬ ਦੇ ਸਫਾਰਤੀ ਟਿਕਾਣਿਆਂ 'ਤੇ ਹਮਲਿਆਂ ਨੂੰ ਗਲਤ ਕਰਾਰ ਦਿੱਤਾ ਹੈ। 56 ਸਾਲਾ ਸ਼ੀਆ ਨੇਤਾ ਨਿਮਰ ਅਲ-ਨਿਮਰ ਨੂੰ ਫਾਂਸੀ ਦੀ ਸਜ਼ਾ ਦਿੱਤੇ ਜਾਣ ਤੋਂ ਕੁਝ ਦੇਰ ਬਾਅਦ ਹੀ ਇਰਾਨ ਵਿਚ ਹਿੰਸਾ ਫੈਲ ਗਈ। ਨਿਮਰ ਸਾਲ 2011 ਤੋਂ ਸਾਊਦੀ ਅਰਬ ਦੀ ਹਕੂਮਤ ਖਿਲਾਫ ਆਵਾਜ਼ ਬੁਲੰਦ ਕਰਦੇ ਆ ਰਹੇ ਹਨ।


ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

**Homeopathic natural medicines supply**



*Gurdip Singh Sandhu*

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
*The California Homeopathic Society*
National Center For Homeopathy- USA

**Ph:(408) 687-1899**
**(408) 729-6691**
**Fax:(408)292-6200**

Email: Homeomdicine@yahoo.com
Website: www.Homeopathyatoz.com

***Toll Free: 1-877-OK-HOMEO (1-877-654-6636)***



ਕਮਾਲ ਬਈ ਕਮਾਲ!

ਐਚ ਡੀ ਅਤੇ ਆਈ ਪੀ
ਕੈਮਰਿਆਂ ਦੀਆਂ
ਬਹੁਤ ਹੀ ਵਾਜਬ ਕੀਮਤਾਂ
ਪੀ ਓ ਐਸ ਅਤੇ ਕੈਸ਼ ਰਜਿਸਟਰ
ਲਈ ਇੰਟਰਫੇਸ ਉਪਲਬਧ ਹੈ



**Upgrade your Security Cameras to High Definition at very reasonable prices**




*For a Free Demo of our new HD Cameras*
*Please Contact us*: **Balbir S Sidhu**
**209-495-3905 (Cell)**
**www.dvrunlimited.com**
**Toll Free (888) 233-4566**

**DVRunlimited Inc.**
**Installation Available**

# ਅਕਾਲੀ ਆਗੂ ਦੀ ਸ਼ਹਿ 'ਤੇ ਪੰਜਾਬ ਪੁਲਿਸ ਨੇ ਫਿਰ ਕੀਤਾ ਘਾਣ



**ਚੰਡੀਗੜ੍ਹ:** ਪੰਜਾਬ ਵਿਚ ਸਿਆਸੀ ਆਗੂਆਂ ਦੀ ਸ਼ਹਿ 'ਤੇ ਪੁਲਿਸ ਵੱਲੋਂ ਲੋਕਾਂ ਉਤੇ ਕੀਤਾ ਜਾ ਰਿਹਾ ਤਸ਼ੱਦਦ ਰੁਕਣ ਦਾ ਨਾਂ ਨਹੀਂ ਲੈ ਰਿਹਾ। ਸੰਗਰੂਰ ਵਿਚ ਇਕ ਅਕਾਲੀ ਆਗੂ ਤੇ ਸ਼ਰਾਬ ਦੇ ਵਪਾਰੀ ਦੇ 'ਹੁਕਮਾਂ' ਉਤੇ ਪੁਲਿਸ ਨੇ ਇਕ ਗਰੀਬ ਨੌਜਵਾਨ ਮੰਗਾ ਸਿੰਘ ਉਤੇ ਅਣਮਨੁੱਖੀ ਤਸ਼ੱਦਦ ਦੀਆਂ ਸਭ ਹੱਦਾਂ ਉਲੰਘ ਦਿੱਤੀਆਂ। ਸ਼ਰਾਬ ਵੇਚਣ ਦੇ ਦੋਸ਼ ਹੇਠ ਹਿਰਾਸਤ ਵਿਚ ਲਏ ਵਿਅਕਤੀ ਦੀ ਕੁੱਟਮਾਰ ਹੀ ਨਹੀਂ ਕੀਤੀ ਸਗੋਂ ਉਸ ਦੇ ਗੁਪਤ ਅੰਗ ਵਿਚ ਸਰਿੰਜ ਨਾਲ ਪੈਟਰੋਲ ਪਾਇਆ ਤੇ ਡੰਡੇ ਨਾਲ ਗੁਪਤ ਅੰਗ ਵਿਚ ਤਸੀਹੇ ਦਿੱਤੇ। ਲਹੂ ਲੁਹਾਣ ਹੋਏ ਵਿਅਕਤੀ ਨੂੰ ਸਿਵਲ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ। ਅਜੇ ਇਸ ਅਣਮਨੁੱਖੀ ਕਾਰੇ ਦੀ ਜਾਂਚ ਚੱਲ ਹੀ ਰਹੀ ਸੀ ਕਿ ਮੌਕੇ 'ਤੇ ਇਕ ਹੋਰ ਵਿਅਕਤੀ ਨੇ ਪਰਿਵਾਰ ਸਮੇਤ ਪੁੱਜ ਕੇ ਡੀ.ਆਈ.ਜੀ. ਅੱਗੇ ਦੁਖੜਾ ਰੋਂਦਿਆਂ ਦੱਸਿਆ ਕਿ ਬੀਤੀ ਰਾਤ ਇਸੇ ਥਾਣੇ ਵਿਚ ਉਹ ਵੀ ਅਣਮਨੁੱਖੀ ਤਸ਼ੱਦਦ ਦਾ ਸ਼ਿਕਾਰ ਹੋਇਆ ਹੈ।

ਪੀੜਤ ਮੰਗਾ ਸਿੰਘ (28) ਰਾਮ ਨਗਰ ਬਸਤੀ ਵਿਚ ਮੀਟ ਵੇਚਣ ਦੀ ਦੁਕਾਨ ਚਲਾਉਂਦਾ ਹੈ। ਅਕਾਲੀ ਆਗੂ ਨੇ ਉਸ 'ਤੇ ਸ਼ਰਾਬ ਵੇਚਣ ਦਾ ਦੋਸ਼ ਲਾਇਆ ਸੀ। ਅਜੇ ਕੁਝ ਦਿਨ ਪਹਿਲਾਂ ਹੀ ਅਬੋਹਰ ਦੇ ਇਕ ਅਕਾਲੀ ਆਗੂ ਤੇ ਸ਼ਰਾਬ ਦੇ ਵਪਾਰੀ ਦੀ ਸ਼ਹਿ ਉਤੇ ਉਸ ਦੇ ਕਾਰਿੰਦਿਆਂ ਵੱਲੋਂ ਫਾਰਮ ਹਾਊਸ 'ਤੇ ਦੋ ਨੌਜਵਾਨਾਂ ਦੇ ਹੱਥ-ਪੈਰ ਵੱਢ ਦਿੱਤੇ ਸਨ ਜਿਨ੍ਹਾਂ ਵਿਚੋਂ ਇਕ ਦੀ ਮੌਤ ਹੋ ਗਈ ਸੀ। ਪੰਜਾਬ ਵਿਚ ਸਿਆਸੀ ਆਗੂਆਂ ਦੀ ਸ਼ਹਿ 'ਤੇ ਅਜਿਹੀਆਂ ਘਟਨਾਵਾਂ ਨਿੱਤ ਵਾਪਰਦੀਆਂ ਹਨ। ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਦੇ ਹੋਂਦ ਵਿਚ ਆਉਣ ਤੋਂ ਹੁਣ ਤੱਕ ਕੁੱਲ 2.27 ਲੱਖ ਸ਼ਿਕਾਇਤਾਂ ਮਿਲੀਆਂ ਹਨ। ਇਨ੍ਹਾਂ ਵਿਚੋਂ 52 ਫੀਸਦੀ ਕੇਸ ਪੁਲਿਸ ਜ਼ਿਆਦਤੀ ਦੇ ਹਨ। ਪੁਲਿਸ ਖਿਲਾਫ ਜਿੰਨੇ ਵੀ ਕੇਸ ਕਮਿਸ਼ਨ ਕੋਲ ਆਏ ਉਨ੍ਹਾਂ ਵਿਚ ਇਹੀ ਸ਼ਿਕਾਇਤ ਹੁੰਦੀ ਹੈ ਪੁਲਿਸ ਸੱਤਾਧਾਰੀ ਪਾਰਟੀ ਦੇ ਆਗੂਆਂ ਦਾ ਪੱਖ ਲੈ ਰਹੀ ਹੈ।

ਇਸ ਤੋਂ ਪਹਿਲਾਂ ਮੋਗੇ ਅਤੇ ਮੁਕਤਸਰ ਦੇ ਪਿੰਡ ਚੰਨੋ ਵਿਖੇ ਦੋ ਕੁੜੀਆਂ ਨੂੰ ਰਸੂਖਵਾਨਾਂ ਦੇ ਬਾਹੂਬਲੀਏ ਟੋਲਿਆਂ ਦਾ ਸ਼ਿਕਾਰ ਹੋਣਾ ਪਿਆ। ਅੰਮ੍ਰਿਤਸਰ ਵਿਚ ਪੁਲਿਸ ਇੰਸਪੈਕਟਰ ਦਾ ਕਤਲ, ਪੰਚਾਇਤ ਮੰਤਰੀ ਦੇ ਬੰਦਿਆਂ ਵੱਲੋਂ ਇਕ ਬਜ਼ੁਰਗ ਦੀ ਕੁੱਟਮਾਰ, ਗੁਰਦਾਸਪੁਰ ਵਿਚ ਇਕ ਪ੍ਰਮੁੱਖ ਸੰਸਦੀ ਸਕੱਤਰ ਵੱਲੋਂ ਇਕ ਟਰੇਡ ਯੂਨੀਅਨ ਕਾਰਕੁਨ ਉੱਪਰ ਤਸ਼ੱਦਦ ਤੋਂ ਇਲਾਵਾ ਅਕਾਲੀ ਦਲ ਵਿਰੁੱਧ ਰੋਸ ਪ੍ਰਗਟਾਉਂਦੇ ਮੁਲਾਜ਼ਮਾਂ ਤੇ ਮਜ਼ਦੂਰਾਂ ਨੂੰ ਰਸੂਖਵਾਨਾਂ ਅਤੇ ਉਨ੍ਹਾਂ ਦੇ ਬਾਹੂਬਲੀਆਂ ਦੀ ਕਰੋਪੀ ਦਾ ਸ਼ਿਕਾਰ ਹੋਣਾ ਪਿਆ ਹੈ।

ਅਜਿਹੀਆਂ ਵਧੀਕੀਆਂ ਜਿਥੇ ਸਰਕਾਰ ਤੇ ਪੁਲਿਸ ਦੀ ਕਾਰਗੁਜ਼ਾਰੀ ਤੇ ਅਮਨ-ਕਾਨੂੰਨ ਦੀ ਹਾਲਤ 'ਤੇ ਸਵਾਲ ਖੜ੍ਹੇ ਕਰ ਰਹੀਆਂ ਹਨ, ਉਥੇ ਜਮਹੂਰੀਅਤ ਉੱਤੇ ਬਾਹੂਬਲੀਆਂ ਦੇ ਭਾਰੀ ਪੈ ਜਾਣ ਦਾ ਵੀ ਸੰਕੇਤ ਹਨ। ਕੁਝ ਦਹਾਕੇ ਪਹਿਲਾਂ ਬਿਹਾਰ ਅਤੇ ਯੂ.ਪੀ. ਵਿਚ ਅਜਿਹੀ ਲੱਠਮਾਰ ਸਿਆਸਤ ਦਾ ਬੋਲਬਾਲਾ ਸੁਣੀਂਦਾ ਸੀ, ਪਰ ਹੁਣ ਨਾ ਸਿਰਫ ਪੰਜਾਬ ਬਲਕਿ ਮੁਲਕ ਦੇ ਕਈ ਹੋਰ ਸੂਬਿਆਂ ਵਿਚ ਵੀ ਇਹ ਵਰਤਾਰਾ ਸਿਖਰਾਂ ਛੋਹ ਰਿਹਾ ਹੈ। ਇਨ੍ਹਾਂ ਘਟਨਾਵਾਂ ਨਾਲ ਸਬੰਧਤ ਅਪਰਾਧੀਆਂ ਦੇ ਸੱਤਾਧਾਰੀ ਧਿਰ ਨਾਲ ਨੇੜਲੇ ਸਬੰਧ ਹੋਣ ਕਾਰਨ ਪੁਲਿਸ ਤੇ ਪ੍ਰਸ਼ਾਸਨ ਉਨ੍ਹਾਂ ਵਿਰੁੱਧ ਕੋਈ ਵੀ ਕਾਰਵਾਈ ਕਰਨ ਤੋਂ ਗੁਰੇਜ਼ ਕਰਦੇ ਹਨ। ਸੰਗਰੂਰ ਵਿਖੇ ਹੋਏ ਅਣਮਨੁੱਖੀ ਤਸ਼ੱਦਦ ਲਈ ਜ਼ਿੰਮੇਵਾਰ ਕੁਝ ਅਪਰਾਧੀਆਂ, ਪੁਲਿਸ ਕਰਮਚਾਰੀਆਂ ਤੇ ਅਧਿਕਾਰੀਆਂ ਵਿਰੁੱਧ ਫੌਰੀ ਕਾਰਵਾਈ ਕਰਕੇ ਭਾਵੇਂ ਪੁਲਿਸ ਮੁਖੀ ਨੇ ਸਾਖ ਨੂੰ ਲੱਗੇ ਖੋਰੇ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਹੈ, ਪਰ ਇਨ੍ਹਾਂ ਘਟਨਾਵਾਂ ਲਈ ਜ਼ਿੰਮੇਵਾਰ ਰਸੂਖਵਾਨਾਂ ਵਿਰੁੱਧ ਕੋਈ ਕਾਰਵਾਈ ਦੀ ਜੁਰਅਤ ਪੁਲਿਸ ਤੇ ਪ੍ਰਸ਼ਾਸਨ ਹਾਲੇ ਤੱਕ ਨਹੀਂ ਕਰ ਸਕੇ। ਸੱਤਾਧਾਰੀ ਧਿਰ ਦੀ ਪੁਲਿਸ ਤੇ ਪ੍ਰਸ਼ਾਸਨ ਵਿਚ ਲਗਾਤਾਰ ਦਖ਼ਲਅੰਦਾਜ਼ੀ ਕਾਰਨ ਆਮ ਲੋਕਾਂ ਵਿਚ ਇਹ ਅਹਿਸਾਸ ਘਰ ਕਰ ਗਿਆ ਹੈ ਕਿ ਪੁਲਿਸ ਥਾਣੇ ਤੇ ਪ੍ਰਸ਼ਾਸਕੀ ਦਫਤਰ ਮਹਿਜ਼ ਸੱਤਾਧਾਰੀ ਦਲ ਦੇ ਦਫਤਰ ਹਨ।

## ਸ਼ਰਾਬ ਮਾਫੀਆ ਦੀ ਗੁਲਾਮ ਬਣੀ ਪੁਲਿਸ: ਭਗਵੰਤ ਮਾਨ




**ਸੰਗਰੂਰ:** ਆਮ ਆਦਮੀ ਪਾਰਟੀ ਦੇ ਕੌਮੀ ਬੁਲਾਰੇ ਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਅਬੋਹਰ ਤੇ ਸੰਗਰੂਰ ਵਿਚ ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲੀਆਂ ਵਾਪਰੀਆਂ ਘਟਨਾਵਾਂ ਨੇ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਪੁਲਿਸ ਸ਼ਰਾਬ ਮਾਫੀਆ ਦੀ ਗੁਲਾਮ ਬਣ ਗਈ ਹੈ। ਗ੍ਰਹਿ ਮੰਤਰੀ ਵਜੋਂ ਨਾਕਾਮ ਸਾਬਤ ਹੋਏ ਸੁਖਬੀਰ ਬਾਦਲ ਨੂੰ ਅਸਤੀਫਾ ਦੇ ਕੇ ਲਾਂਭੇ ਹੋ ਜਾਣਾ ਚਾਹੀਦਾ ਹੈ। ਸ੍ਰੀ ਮਾਨ ਨੇ ਕਿਹਾ ਕਿ ਅਜਿਹੀਆਂ ਘਟਨਾਵਾਂ ਨਾਲ ਪੰਜਾਬ ਸ਼ਰਮਸਾਰ ਹੋ ਗਿਆ ਹੈ, ਜਿਸ ਲਈ ਸਿੱਧੇ ਤੌਰ 'ਤੇ ਗ੍ਰਹਿ ਮੰਤਰੀ ਸੁਖਬੀਰ ਬਾਦਲ ਜ਼ਿੰਮੇਵਾਰ ਹਨ।

## ਸੰਗਰੂਰ ਤਸ਼ੱਦਦ: ਐਸ.ਐਚ.ਓ. ਤੇ ਮੁਨਸ਼ੀ ਮੁਅੱਤਲ

**ਸੰਗਰੂਰ:** ਸਿਟੀ ਥਾਣੇ ਵਿਚ ਅਣਮਨੁੱਖੀ ਤਸ਼ੱਦਦ ਦੇ ਮਾਮਲੇ ਵਿਚ ਪੰਜਾਬ ਪੁਲਿਸ ਦੇ ਹੌਲਦਾਰ ਤੇ ਹੋਮਗਾਰਡ ਦੇ ਦੋ ਜਵਾਨਾਂ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਹੈ, ਜਦੋਂਕਿ ਥਾਣੇ ਦੇ ਮੁਖੀ ਤੇ ਮੁਨਸ਼ੀ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਅਣਮਨੁੱਖੀ ਤਸ਼ੱਦਦ ਦੀ ਘਟਨਾ ਦੇ ਦੋਸ਼ ਵਿਚ ਗ੍ਰਿਫਤਾਰ ਕੀਤੇ ਪੰਜਾਬ ਪੁਲਿਸ ਦੇ ਹੌਲਦਾਰ ਭੋਲਾ ਸਿੰਘ ਤੇ ਹੋਮਗਾਰਡ ਦੇ ਜਵਾਨ ਇਕਬਾਲ ਖਾਂ ਅਤੇ ਗੁਰਜੰਟ ਸਿੰਘ ਨੂੰ ਇਥੇ ਜੁਡੀਸ਼ਲ ਮੈਜਿਸਟ੍ਰੇਟ ਤੇ ਡਿਊਟੀ ਮੈਜਿਸਟ੍ਰੇਟ ਮੈਡਮ ਏਕਤਾ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਅਦਾਲਤ ਵੱਲੋਂ ਤਿੰਨਾਂ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਗਿਆ।

# ਪੁਤਿਨ ਦੀ ਧੀ ਨੂੰ ਨੂੰਹ ਬਣਾਉਣਾ ਚਾਹੁੰਦਾ ਸੀ ਗੱਦਾਫੀ



**ਤ੍ਰਿਪੋਲੀ:** ਲੀਬੀਆ ਦਾ ਮਰਹੂਮ ਤਾਨਾਸ਼ਾਹ ਗੱਦਾਫੀ ਆਪਣੇ ਦੂਸਰੇ ਬੇਟੇ ਦਾ ਵਿਆਹ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀ ਬੇਟੀ ਨਾਲ ਕਰਵਾਉਣਾ ਚਾਹੁੰਦਾ ਸੀ। ਗੱਦਾਫੀ ਦੇ ਸਾਬਕਾ ਸਲਾਹਕਾਰ ਮੁਹੰਮਦ ਅਬਦ ਇਲ ਮੋਟਾਲੇਬ-ਅਲ ਹੌਨੀ ਨੇ ਇਹ ਦਾਅਵਾ ਕੀਤਾ ਹੈ।

ਹੌਨੀ ਨੇ ਲੀਬੀਆ ਦੇ ਇਕ ਅਖ਼ਬਾਰ ਨੂੰ ਦੱਸਿਆ ਹੈ ਕਿ ਗੱਦਾਫੀ ਨੇ ਪੁਤਿਨ ਨੂੰ ਕਿਹਾ ਸੀ ਕਿ ਜੇਕਰ ਉਹ ਆਪਣੀ ਕਿਸੇ ਇਕ ਬੇਟੀ ਦਾ ਵਿਆਹ ਉਸ ਦੇ ਬੇਟੇ ਸੈਫ-ਅਲ-ਇਸਲਾਮ ਨਾਲ ਕਰਵਾ ਦੇਣ ਤਾਂ ਇਸ ਨਾਲ ਲੀਬੀਆ ਤੇ ਰੂਸ ਦੇ ਸਬੰਧ ਹੋਰ ਮਜ਼ਬੂਤ ਹੋਣਗੇ। ਹੌਨੀ ਮੁਤਾਬਕ ਗੱਦਾਫੀ ਦੇ ਇਸ ਪ੍ਰਸਤਾਵ ਨੂੰ ਸੁਣ ਕੇ ਪੁਤਿਨ ਹੈਰਾਨ ਰਹਿ ਗਏ ਸਨ ਤੇ ਉਨ੍ਹਾਂ ਕਿਹਾ ਸੀ ਕਿ ਉਸ ਦੀ ਬੇਟੀ ਸੈਫ-ਅਲ-ਇਸਲਾਮ ਨੂੰ ਨਹੀਂ ਜਾਣਦੀ ਹੈ। ਜ਼ਿਕਰਯੋਗ ਹੈ ਕਿ ਗੱਦਾਫੀ ਨੂੰ 2011 'ਚ ਨਾਟੋ ਵਿਦਰੋਹੀਆਂ ਨੇ ਮਾਰ ਦਿੱਤਾ ਸੀ ਤੇ ਉਸ ਦੇ ਬੇਟਾ ਸੈਫ ਨੂੰ ਲੀਬੀਆ ਤੋਂ ਭੱਜਣ ਦੀ ਕੋਸ਼ਿਸ਼ ਕਰਦਿਆਂ ਫੜ ਲਿਆ ਗਿਆ ਸੀ ਤੇ ਜੁਲਾਈ 2015 ਵਿਚ ਮੌਤ ਦੀ ਸਜ਼ਾ ਦਿੱਤੀ ਗਈ ਸੀ।

# ਪੰਜਾਬ ਵਿਚ ਪਲਾਸਟਿਕ ਲਿਫਾਫਿਆਂ ਉਤੇ ਲਾਈ ਰੋਕ

**ਮੁਹਾਲੀ:** ਪੰਜਾਬ ਵਿਚ ਪਲਾਸਟਿਕ ਲਿਫਾਫਿਆਂ 'ਤੇ ਪਾਬੰਦੀ ਲੱਗ ਗਈ ਹੈ। ਕੈਬਨਿਟ ਦੀ ਮੀਟਿੰਗ ਤੋਂ ਬਾਅਦ ਸੂਬੇ ਵਿਚ ਪਲਾਸਟਿਕ ਉਤੇ ਪੂਰੀ ਤਰ੍ਹਾਂ ਬੈਨ ਲਗਾਉਣ ਦਾ ਫੈਸਲਾ ਕੀਤਾ ਗਿਆ ਸੀ। ਇਹ ਫੈਸਲਾ ਨਵੇਂ ਸਾਲ ਪਹਿਲੀ ਜਨਵਰੀ ਤੋਂ ਲਾਗੂ ਹੋ ਗਿਆ। ਸੂਬਾ ਸਰਕਾਰ ਨੇ ਪਲਾਸਟਿਕ 'ਤੇ ਪੂਰੀ ਤਰ੍ਹਾਂ ਰੋਕ ਲਗਾਉਣ ਲਈ ਇਸ ਦੀ ਵਰਤੋਂ ਕਰਨ ਵਾਲਿਆਂ 'ਤੇ ਜੁਰਮਾਨਾ ਲਗਾਉਣ ਦਾ ਨਿਯਮ ਬਣਾਇਆ ਹੈ।




ਹੁਣ ਸੂਬੇ ਵਿਚ ਪਲਾਸਟਿਕ ਦੀਆਂ ਚੀਜ਼ਾਂ ਬਣਾਉਣ 'ਤੇ 25000 ਤੇ ਵਰਤੋਂ ਕਰਨ ਵਾਲਿਆਂ 'ਤੇ 1000 ਰੁਪਏ ਜੁਰਮਾਨਾ ਲੱਗੇਗਾ। ਪੰਜਾਬ ਵਿਚ 30 ਮਾਈਕ੍ਰੋਨ ਤੋਂ ਘੱਟ ਮੋਟਾਈ ਵਾਲੇ ਪਲਾਸਟਿਕ 'ਤੇ ਪਾਬੰਦੀ ਹੈ। ਕੈਬਨਿਟ ਨੇ 2005 ਵਿਚ ਬਣਾਏ ਗਏ ਪੰਜਾਬ ਪਲਾਸਟਿਕ ਕੈਰੀ ਬੈਗ ਕੰਟਰੋਲ ਐਕਟ ਦੀ ਧਾਰਾ 7 ਵਿਚ ਸੋਧ ਤੋਂ ਬਾਅਦ ਇਸ ਦੀ ਵਰਤੋਂ ਉਤੇ ਪਾਬੰਦੀ ਲਗਾਈ ਹੈ। ਸਿਰਫ ਪੈਕ ਕੀਤੇ ਸਾਮਾਨ ਲਈ ਵਰਤੋਂ ਹੋਣ ਵਾਲੇ ਪਲਾਸਟਿਕ 'ਤੇ ਰੋਕ ਨਹੀਂ ਹੈ।

ਹਾਲਾਂਕਿ ਰੋਕ ਲੱਗਣ ਤੋਂ ਬਾਅਦ ਵੀ ਪੰਜਾਬ ਦੇ ਕਈ ਹਿੱਸਿਆਂ ਵਿਚ ਪਲਾਸਟਿਕ ਕੈਰੀ ਬੈਗ ਦੀ ਵਰਤੋਂ ਆਮ ਦਿਨਾਂ ਵਾਂਗ ਹੀ ਦੇਖੀ ਗਈ। ਬਾਜ਼ਾਰ ਵਿਚ ਖਰੀਦਦਾਰੀ ਕਰਨ ਨਿਕਲੇ ਗਾਹਕ ਨਸੀਹਤਾਂ ਦੇ ਰਹੇ ਹਨ ਤੇ ਲਿਫਾਫੇ ਦੀ ਵਰਤੋਂ ਲਈ ਆਪਣੀਆਂ ਮਜਬੂਰੀਆਂ ਗਿਣਵਾ ਰਹੇ ਹਨ। ਅਜਿਹਾ ਹੀ ਹਾਲ ਦੁਕਾਨਦਾਰਾਂ ਦਾ ਹੈ। ਦੂਜੇ ਪਾਸੇ ਰਾਜਧਾਨੀ ਚੰਡੀਗੜ੍ਹ ਵਿਚ ਪਲਾਸਟਿਕ 'ਤੇ ਰੋਕ ਦਾ ਕਾਨੂੰਨ ਸਖ਼ਤੀ ਨਾਲ ਲਾਗੂ ਹੋ ਗਿਆ ਹੈ। ਪ੍ਰਸ਼ਾਸਨ ਦੀਆਂ ਹਦਾਇਤਾਂ ਦਾ ਅਸਰ ਕੁਝ ਇਸ ਤਰ੍ਹਾਂ ਹੈ ਕਿ ਪਲਾਸਟਿਕ ਬੈਗ ਦੀ ਥਾਂ ਜੂਟ ਦੇ ਬੈਗ ਨੇ ਲੈ ਲਈ ਹੈ।

# ਭਾਰਤ ਵਿਚ 21% ਭਿਖਾਰੀ 12ਵੀਂ ਪਾਸ

**ਨਵੀਂ ਦਿੱਲੀ:** ਭਾਰਤ ਵਿਚ ਕੁੱਲ 3.72 ਲੱਖ ਭਿਖਾਰੀਆਂ ਵਿਚੋਂ 21 ਫੀਸਦੀ 12ਵੀਂ ਪਾਸ ਹਨ। ਇੰਨਾ ਹੀ ਨਹੀਂ ਇਨ੍ਹਾਂ ਵਿਚੋਂ 3000 ਅਜਿਹੇ ਹਨ ਜਿਨ੍ਹਾਂ ਕੋਲ ਕਿਸੇ ਪ੍ਰੋਫੈਸ਼ਨਲ ਕੋਰਸ ਦਾ ਡਿਪਲੋਮਾ ਹੈ ਤੇ ਬਹੁਤ ਸਾਰੇ ਗ੍ਰੈਜੂਏਟ ਤੇ ਪੋਸਟ ਗ੍ਰੈਜੂਏਸ਼ਨ ਦੀ ਡਿਗਰੀ ਹਾਸਲ ਕਰ ਚੁੱਕੇ ਹਨ। ਇਨ੍ਹਾਂ ਅੰਕੜਿਆਂ ਵਿਚ ਇਕ ਹੋਰ ਅਹਿਮ ਗੱਲ



ਸਾਹਮਣੇ ਆਈ ਹੈ। ਇਨ੍ਹਾਂ ਵਿਚੋਂ ਜ਼ਿਆਦਾਤਰ ਭਿਖਾਰੀਆਂ ਦਾ ਕਹਿਣਾ ਹੈ ਕਿ ਉਹ ਪੜ੍ਹਨ ਲਿਖਣ ਦੇ ਬਾਅਦ ਆਪਣੀ ਡਿਗਰੀ ਤੇ ਕੁਆਲੀਫਿਕੇਸ਼ਨ ਦੇ ਅਧਾਰ 'ਤੇ ਵੀ ਮਨਪਸੰਦ ਨੌਕਰੀ ਨਾ ਮਿਲਣ ਉਤੇ ਭਿਖਾਰੀ ਬਣੇ ਹਨ। ਸਮਾਜ-ਸ਼ਾਸਤਰੀ ਗੌਰਾਂਗ ਜਾਨੀ ਦਾ ਕਹਿਣਾ ਹੈ ਕਿ"ਜੇ ਗ੍ਰੈਜੂਏਸ਼ਨ ਤੋਂ ਬਾਅਦ ਵੀ ਲੋਕ ਭੀਖ ਮੰਗ ਰਹੇ ਹਨ ਤਾਂ ਇਸ ਦਾ ਮਤਲਬ ਹੈ ਕਿ ਦੇਸ਼ ਵਿਚ ਬੇਰੁਜ਼ਗਾਰੀ ਦੀ ਸਮੱਸਿਆ ਬਹੁਤ ਗੰਭੀਰ ਰੂਪ ਲੈ ਚੁੱਕੀ ਹੈ"। ਇਹ ਅੰਕੜੇ 2011 ਦੀ ਮਰਦਮਸ਼ੁਮਾਰੀ ਰਿਪੋਰਟ ਦੇ ਆਧਾਰ 'ਤੇ ਨਸ਼ਰ ਕੀਤੇ ਗਏ ਹਨ।

# ਪੰਜਾਬ ਪੁਲਿਸ ਦੇ ਹੱਥ ਅਜੇ ਵੀ ਵੇਲਾ ਵਿਹਾ ਚੁੱਕੇ ਹਥਿਆਰ

## ਦੀਨਾਨਗਰ ਘਟਨਾ ਤੋਂ ਵੀ ਨਾ ਲਿਆ ਸਬਕ



**ਬਠਿੰਡਾ:** ਦੀਨਾਨਗਰ ਘਟਨਾ ਤੋਂ ਬਾਅਦ ਵੀ ਪੰਜਾਬ ਸਰਕਾਰ ਨੇ ਕੋਈ ਸਬਕ ਨਹੀਂ ਲਿਆ ਹੈ। ਸੂਬਾ ਸਰਕਾਰ ਨੇ ਅਜੇ ਵੀ ਕੇਂਦਰੀ ਗ੍ਰਹਿ ਮੰਤਰਾਲੇ ਤੋਂ ਆਧੁਨਿਕ ਹਥਿਆਰਾਂ ਲਈ ਵਾਧੂ ਫੰਡ ਲੈਣ ਲਈ ਪਹੁੰਚ ਨਹੀਂ ਕੀਤੀ। ਪੰਜਾਬ ਪੁਲਿਸ ਅੱਜ ਵੀ ਵੇਲਾ ਵਿਹਾ ਚੁੱਕੇ ਪੁਰਾਣੇ ਹਥਿਆਰਾਂ ਨੂੰ ਚੁੱਕ ਕੇ ਘੁੰਮ ਰਹੀ ਹੈ। ਜਦੋਂ ਕਿ ਦੇਸ਼ ਦੇ ਹੋਰ ਸੱਤ ਸੂਬਿਆਂ ਨੇ ਕੇਂਦਰੀ ਗ੍ਰਹਿ ਮੰਤਰਾਲੇ ਤੋਂ ਆਧੁਨਿਕ ਹਥਿਆਰਾਂ ਵਾਸਤੇ 641.71 ਕਰੋੜ ਦੀ ਮੰਗ ਕੀਤੀ ਹੈ। ਜਦੋਂ ਦੀਨਾਨਗਰ ਘਟਨਾ ਵਾਪਰੀ ਸੀ ਤਾਂ ਉਦੋਂ ਪੰਜਾਬ ਦੇ ਗ੍ਰਹਿ ਵਿਭਾਗ ਨੇ ਆਖਿਆ ਸੀ ਕਿ ਉਹ ਕੇਂਦਰ ਤੋਂ ਐਤਕੀਂ ਵਾਧੂ ਫੰਡਾਂ ਦੀ ਮੰਗ ਕਰਨਗੇ। ਕੇਂਦਰੀ ਗ੍ਰਹਿ ਮੰਤਰਾਲੇ ਨੇ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਤੋਂ ਪੰਜਾਬ ਸਰਕਾਰ ਨੇ ਆਧੁਨਿਕ ਹਥਿਆਰਾਂ ਲਈ ਵਾਧੂ ਫੰਡ ਨਹੀਂ ਮੰਗੇ ਹਨ।

ਕੇਂਦਰੀ ਗ੍ਰਹਿ ਮੰਤਰਾਲੇ ਦੇ ਤਾਜ਼ਾ ਵੇਰਵਿਆਂ ਅਨੁਸਾਰ ਕੇਂਦਰ ਸਰਕਾਰ ਨੇ ਚਾਲੂ ਮਾਲੀ ਵਰ੍ਹੇ ਦੌਰਾਨ ਹੁਣ ਪੰਜਾਬ ਸਰਕਾਰ ਨੂੰ 17.05 ਕਰੋੜ ਰੁਪਏ ਦੇ ਫੰਡ ਜਾਰੀ ਕਰ ਦਿੱਤੇ ਹਨ। ਕੇਂਦਰੀ ਗ੍ਰਹਿ ਮੰਤਰਾਲੇ ਨੇ ਪੁਲਿਸ ਦੇ ਆਧੁਨਿਕੀਕਰਨ ਲਈ ਵਰ੍ਹਾ 2015-16 ਲਈ ਪੰਜਾਬ ਵਾਸਤੇ 15.23 ਕਰੋੜ ਰੁਪਏ ਦੀ ਐਲੋਕੇਸ਼ਨ ਕੀਤੀ ਸੀ। ਦੀਨਾਨਗਰ ਘਟਨਾ ਮਗਰੋਂ ਕੇਂਦਰ ਸਰਕਾਰ ਨੇ ਐਲੋਕੇਸ਼ਨ ਵਿਚ 1.82 ਕਰੋੜ ਦਾ ਵਾਧਾ ਕਰ ਦਿੱਤਾ ਸੀ। ਇਸ ਵਾਧੇ ਮਗਰੋਂ ਹੀ ਪੰਜਾਬ ਨੂੰ 17.05 ਕਰੋੜ ਦੀ ਰਾਸ਼ੀ ਰਿਲੀਜ਼ ਕੀਤੀ ਗਈ ਹੈ। ਪੰਜਾਬ ਪੁਲਿਸ ਨੇ ਇਹ ਦਾਅਵਾ ਕੀਤਾ ਸੀ ਕਿ ਪੁਰਾਣੇ ਹਥਿਆਰਾਂ ਨੂੰ ਤਬਦੀਲ ਕੀਤਾ ਜਾਵੇਗਾ, ਪਰ ਦੀਨਾਨਗਰ ਘਟਨਾ ਮਗਰੋਂ ਮੁੜ ਪੁਲਿਸ ਅਫਸਰ ਸਭ ਕੁਝ ਭੁਲਾ ਬੈਠੇ। ਮੁੱਖ ਮੰਤਰੀ ਨੇ ਵੀ ਉਦੋਂ ਕੇਂਦਰ ਤੋਂ ਵਾਧੂ ਫੰਡ ਲੈਣ ਲਈ ਬਿਆਨ ਜਾਰੀ ਕੀਤੇ ਸਨ। ਹੁਣ ਪਠਾਨਕੋਟ ਘਟਨਾ ਨੇ ਪੰਜਾਬ ਸਰਕਾਰ ਨੂੰ ਮੁੜ ਜਗਾਇਆ ਹੈ। ਪੰਜਾਬ ਪੁਲਿਸ ਨੂੰ ਮੁੜ ਹੱਥਾਂ ਪੈਰਾਂ ਦੀ ਪੈ ਗਈ ਹੈ। ਸੂਤਰ ਆਖਦੇ ਹਨ ਕਿ ਪੰਜਾਬ ਸਰਕਾਰ ਨੇ ਕੇਂਦਰ ਤੋਂ ਵਾਧੂ ਫੰਡ ਨਹੀਂ ਮੰਗੇ ਜਦੋਂ ਕਿ ਪੰਜਾਬ ਵਿਚ ਅੱਜ ਦੂਸਰਾ ਅਤਿਵਾਦੀ ਹਮਲਾ ਹੋ ਗਿਆ ਹੈ।

ਕੇਂਦਰੀ ਗ੍ਰਹਿ ਮੰਤਰਾਲੇ ਅਨੁਸਾਰ ਕੇਂਦਰ ਸਰਕਾਰ ਤੋਂ ਨਾਗਾਲੈਂਡ ਨੇ ਸੁਰੱਖਿਆ ਮਜ਼ਬੂਤੀ ਲਈ 200 ਕਰੋੜ ਰੁਪਏ ਵਾਧੂ ਮੰਗੇ ਹਨ ਜਦੋਂ ਕਿ ਤੇਲੰਗਾਨਾ ਨੇ ਬੁਲੇਟ ਪਰੂਫ ਸਾਜ਼ੋ-ਸਾਮਾਨ ਲਈ 34.30 ਕਰੋੜ ਦੇ ਵਾਧੂ ਫੰਡ ਕੇਂਦਰ ਤੋਂ ਮੰਗੇ ਹਨ। ਇਵੇਂ ਹੀ ਆਂਧਰਾ ਪ੍ਰਦੇਸ਼, ਮੇਘਾਲਿਆ, ਉੱਤਰਾਖੰਡ, ਮੱਧ ਪ੍ਰਦੇਸ਼ ਤੇ ਗੋਆ ਨੇ ਵਾਧੂ ਫੰਡ ਲੈਣ ਲਈ ਕੇਂਦਰ ਸਰਕਾਰ ਨੂੰ ਪੱਤਰ ਲਿਖੇ ਹਨ। ਪੰਜਾਬ ਦਾ ਨਾਮ ਇਸ ਸੂਚੀ ਵਿਚੋਂ ਗਾਇਬ ਹੈ। ਕੌਮਾਂਤਰੀ ਸਰਹੱਦ ਦੇ ਨਾਲ ਲੱਗਦਾ ਹੋਣ ਕਰਕੇ ਪੰਜਾਬ ਨੂੰ ਵਾਧੂ ਫੰਡ ਤਾਂ ਕੀ ਦੇਣੇ ਸਨ, ਪਹਿਲਾਂ ਨਾਲੋਂ ਵੀ ਫੰਡ ਘਟਾ ਦਿੱਤੇ ਗਏ ਹਨ। ਸਾਲ 2013-14 ਵਿਚ ਕੇਂਦਰ ਤੋਂ ਪੰਜਾਬ ਪੁਲਿਸ ਨੂੰ ਆਧੁਨਿਕੀਕਰਨ ਲਈ 30.50 ਕਰੋੜ ਰੁਪਏ ਦੇ ਫੰਡ ਮਿਲੇ ਸਨ।

ਇਵੇਂ ਸਾਲ 2011-12 ਵਿਚ 32.12 ਕਰੋੜ ਰੁਪਏ ਅਤੇ ਸਾਲ 2012-13 ਵਿਚ 8.34 ਕਰੋੜ ਰੁਪਏ ਮਿਲੇ ਸਨ। ਕੇਂਦਰ ਸਰਕਾਰ ਨੇ ਪੰਜਾਬ ਨੂੰ 'ਬੀ' ਕੈਟਾਗਿਰੀ ਵਿਚ ਰੱਖਿਆ ਹੋਇਆ ਹੈ ਜਿਸ ਤਹਿਤ ਕੇਂਦਰ ਸਰਕਾਰ ਤਰਫੋਂ 60 ਫੀਸਦੀ ਫੰਡ ਮਿਲਦੇ ਹਨ ਜਦੋਂ ਕਿ 40 ਫੀਸਦੀ ਹਿੱਸਾ ਰਾਜ ਸਰਕਾਰ ਪਾਉਂਦੀ ਹੈ। ਦੇਸ਼ ਦੇ 'ਏ' ਕੈਟਾਗਿਰੀ ਵਾਲੇ ਨੌਂ ਸੂਬਿਆਂ ਨੂੰ ਰਾਜ ਤਰਫੋਂ ਸਿਰਫ 10 ਫੀਸਦੀ ਹਿੱਸਾ ਹੀ ਪਾਉਣਾ ਪੈਂਦਾ ਹੈ। ਅਤਿਵਾਦ ਤੇ ਹੋਰ ਚੁਣੌਤੀਆਂ ਨਾਲ ਸਿੱਝਣ ਲਈ ਕੇਂਦਰ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇਸ ਸਕੀਮ ਤਹਿਤ ਰਾਜਾਂ ਨੂੰ ਪੁਲਿਸ ਇਮਾਰਤਾਂ, ਹਾਊਸਿੰਗ ਇਮਾਰਤਾਂ, ਟਰੇਨਿੰਗ, ਕੰਪਿਊਟਰੀਕਰਨ, ਆਧੁਨਿਕ ਹਥਿਆਰਾਂ ਦੀ ਖਰੀਦ ਤੇ ਮੈਗਾ ਸਿਟੀ ਪੁਲੀਸਿੰਗ ਆਦਿ ਲਈ ਫੰਡ ਦਿੱਤੇ ਜਾਂਦੇ ਹਨ।

# ਪ੍ਰਿੰ. ਸਰਵਣ ਸਿੰਘ ਦੀ ਪੁਸਤਕ 'ਪੰਜਾਬ ਦੇ ਕੋਹੇਨੂਰ' ਲੋਕ ਅਰਪਣ



**ਮੁਕੰਦਪੁਰ:** ਡਾ. ਸਰਦਾਰਾ ਸਿੰਘ ਜੌਹਲ, ਚਾਂਸਲਰ, ਸੈਂਟਰਲ ਯੂਨੀਵਰਸਿਟੀ ਬਠਿੰਡਾ ਨੇ ਪ੍ਰਿੰ. ਸਰਵਣ ਸਿੰਘ ਦੀ ਰੇਖਾ ਚਿੱਤਰਾਂ ਦੀ ਪੁਸਤਕ 'ਪੰਜਾਬ ਦੇ ਕੋਹੇਨੂਰ' ਅਮਰਦੀਪ ਕਾਲਜ ਦੇ ਸਾਲਾਨਾ ਮੇਲੇ ਵਿਚ ਪਾਠਕਾਂ ਦੇ ਰੂਬਰੂ ਕੀਤੀ। 'ਪੰਜਾਬੀ ਵਾਰਤਕ ਦਾ ਉੱਚਾ ਬੁਰਜ' ਕਹੇ ਜਾਂਦੇ ਸਰਵਣ ਸਿੰਘ ਦੀ ਇਹ ਤੀਹਵੀਂ ਪੁਸਤਕ ਹੈ ਜਿਸ ਵਿਚ ਉੱਚੇ ਬੁਰਜਾਂ ਵਰਗੇ ਨੌਂ ਵਿਅਕਤੀਆਂ ਦੇ ਜੀਵਨੀਨੁਮਾ ਸ਼ਬਦ ਚਿੱਤਰ ਹਨ।

ਪੰਜਾਬ ਦੇ ਇਹ ਬੁਰਜ ਡਾ. ਸਰਦਾਰਾ ਸਿੰਘ ਜੌਹਲ, ਕਵੀਸ਼ਰ ਕਰਨੈਲ ਸਿੰਘ ਪਾਰਸ, ਜਸਵੰਤ ਸਿੰਘ ਕੰਵਲ, ਜਗਦੇਵ ਸਿੰਘ ਜੱਸੋਵਾਲ, ਜਰਨੈਲ ਸਿੰਘ, ਦਾਰਾ ਸਿੰਘ, ਬਾਬਾ ਫੌਜਾ ਸਿੰਘ, ਬਲਬੀਰ ਸਿੰਘ ਤੇ ਮਿਲਖਾ ਸਿੰਘ ਹਨ। ਇਨ੍ਹਾਂ ਵਿਚੋਂ ਕੋਈ ਅਰਥਚਾਰੇ ਦਾ ਉੱਚਾ ਬੁਰਜ ਹੈ, ਕੋਈ ਸਾਹਿਤਕਾਰੀ ਦਾ, ਕੋਈ ਕਵੀਸ਼ਰੀ ਦਾ, ਕੋਈ ਮੇਲਿਆਂ ਗੇਲਿਆਂ, ਕੋਈ ਫੁੱਟਬਾਲ ਦੀ ਖੇਡ ਦਾ, ਕੋਈ ਪਹਿਲਵਾਨੀ ਤੇ ਕੋਈ ਹਾਕੀ ਦਾ ਹੀਰੋ ਹੈ। ਕੋਈ ਤੇਜ਼ਤਰਾਰ ਦੌੜ ਦਾ ਬਾਦਸ਼ਾਹ ਹੈ ਤੇ ਕੋਈ ਮੈਰਾਥਨ ਦੌੜ ਦਾ ਮਹਾਰਥੀ। ਇਹ ਸਾਰੇ ਆਪੋ ਆਪਣੇ ਖੇਤਰਾਂ ਦੇ ਨਾਇਕ ਹਨ ਜਿਨ੍ਹਾਂ ਦੀ ਨੇਕਨਾਮੀ ਪੰਜਾਬ ਤੋਂ ਬਾਹਰ ਦੇਸ਼ਾਂ ਬਦੇਸ਼ਾਂ ਤਕ ਫੈਲੀ ਹੈ। ਰੌਚਿਕ ਸ਼ੈਲੀ ਵਿਚ ਵਿਸਥਾਰ ਨਾਲ ਲਿਖੇ ਨੌਂ ਸ਼ਬਦ ਚਿੱਤਰ 320 ਪੰਨਿਆਂ ਉਪਰ ਫੈਲੇ ਹਨ ਜਿਨ੍ਹਾਂ ਨੂੰ ਸੰਗਮ ਪਬਲੀਕੇਸ਼ਨਜ਼ ਫੋਨ 99151-03490 ਨੇ ਪ੍ਰਕਾਸ਼ਿਤ ਕੀਤਾ ਹੈ।

ਪੁਸਤਕ ਰਿਲੀਜ਼ ਸਮੇਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਰਜਿਸਟਰਾਰ ਡਾ. ਸ਼ਰਨਜੀਤ ਸਿੰਘ ਢਿੱਲੋਂ, ਅਮਰਦੀਪ ਕਾਲਜ ਦੇ ਬਾਨੀ ਗੁਰਚਰਨ ਸਿੰਘ ਸ਼ੇਰਗਿੱਲ, ਜਨਰਲ ਕੇ. ਐਸ. ਗਿੱਲ, ਸੁਰਿੰਦਰ ਸਿੰਘ ਰਹਿਪਾ, ਬਲਦੇਵ ਸਿੰਘ ਔਜਲਾ, ਮਹਿੰਦਰ ਸਿੰਘ ਦੁਸਾਂਝ, ਬਲਦੇਵ ਸਿੰਘ ਰਹਿਪਾ, ਪ੍ਰਿੰ. ਗੁਰਜੰਟ ਸਿੰਘ, ਪ੍ਰਿੰ. ਪਰਮਜੀਤ ਕੌਰ, ਕਾਲਜ ਦਾ ਸਟਾਫ ਤੇ ਵਿਦਿਆਰਥੀ ਅਤੇ ਇਲਾਕੇ ਦੇ ਮੋਹਤਬਰ ਸੱਜਣ ਹਾਜ਼ਰ ਸਨ।

# ਸ਼ਾਂਤ ਦੇਸ਼ਾਂ 'ਚ ਗਈ ਵੱਧ ਪੱਤਰਕਾਰਾਂ ਦੀ ਜਾਨ

ਪੈਰਿਸ: ਸਾਲ 2015 ਵਿਚ ਦੁਨੀਆਂ ਭਰ ਵਿਚ ਕੁੱਲ 110 ਪੱਤਰਕਾਰ ਮਾਰੇ ਗਏ। ਰਿਪੋਰਟਸ ਵਿਦਾਊਟ ਬਾਰਡਰਸ ਨੇ ਇਹ ਜਾਣਕਾਰੀ ਦਿੱਤੀ ਹੈ। ਏਜੰਸੀ ਨੇ ਦਾਅਵਾ ਕੀਤਾ ਹੈ ਕਿ ਜ਼ਿਆਦਾਤਰ ਮਾਮਲੇ ਸ਼ਾਂਤੀਪੂਰਨ ਮੰਨੇ ਜਾਣ ਵਾਲੇ ਦੇਸ਼ਾਂ ਵਿਚ ਸਾਹਮਣੇ ਆਏ ਹਨ ਜਿਥੇ ਪੱਤਰਕਾਰਾਂ ਨੂੰ ਜਾਣਬੁੱਝ ਕੇ ਨਿਸ਼ਾਨਾ ਬਣਾਇਆ ਗਿਆ ਹੈ। ਪੱਤਰਕਾਰਾਂ ਦੇ ਕਤਲ ਮਾਮਲਿਆਂ ਵਿਚ ਭਾਰਤ ਪਹਿਲੇ ਨੰਬਰ ਉਤੇ ਹੈ। ਇਸ ਸਾਲ 67 ਪੱਤਰਕਾਰ ਆਪਣੀ ਡਿਊਟੀ ਦੌਰਾਨ ਮਾਰੇ ਗਏ ਤੇ 43 ਦੀ ਮੌਤ ਦਾ ਕਾਰਨ ਅਜੇ ਤੱਕ ਸਪਸ਼ਟ ਨਹੀਂ ਹੈ। ਇਸ ਤੋਂ ਇਲਾਵਾ 27 ਗੈਰ-ਪੇਸ਼ੇਵਰ 'ਸਿਟੀਜ਼ਨ ਜਰਨਲਿਸਟ' ਤੇ ਸੱਤ ਹੋਰ ਮੀਡੀਆ ਮੁਲਾਜ਼ਮ ਵੀ ਮਾਰੇ ਗਏ ਹਨ। ਏਜੰਸੀ ਨੇ ਰਿਪੋਰਟ ਵਿਚ ਦੱਸਿਆ ਹੈ ਕਿ ਜ਼ਿਆਦਾਤਰ ਪੱਤਰਕਾਰਾਂ ਦਾ ਕਤਲ ਉਨ੍ਹਾਂ ਖਿਲਾਫ ਜਾਣਬੁੱਝ ਕੇ ਕੀਤੀ ਗਈ ਹਿੰਸਾ ਦਾ ਨਤੀਜਾ ਸੀ। ਪੱਤਰਕਾਰਾਂ ਦੇ ਕਤਲ ਮਾਮਲਿਆਂ ਵਿਚ ਜਾਰੀ ਰਿਪੋਰਟ ਵਿਚ ਯੂ.ਐੱਨ.ਓ. ਵੱਲੋਂ ਕਾਰਵਾਈ ਕਰਨ ਦੀ ਮੰਗ ਕੀਤੀ ਗਈ ਹੈ। ਇਸ ਮੁਤਾਬਕ ਭਾਰਤ ਵਿਚ ਸਾਲ 2015 ਵਿਚ ਨੌਂ ਪੱਤਰਕਾਰਾਂ ਨੂੰ ਕਤਲ ਕੀਤਾ ਗਿਆ, ਇਹ ਪੱਤਰਕਾਰ ਕ੍ਰਾਈਮ, ਲੀਡਰਾਂ ਨਾਲ ਜੁੜੀ ਕਵਰੇਜ ਕਰਨ ਤੇ ਮਾਈਨਿੰਗ ਦੇ ਮਾਮਲਿਆਂ ਦੀ ਕਵਰੇਜ ਦੌਰਾਨ ਸ਼ਿਕਾਰ ਬਣਾਏ ਗਏ। ਭਾਰਤ ਵਿਚ ਪੰਜ ਪੱਤਰਕਾਰ ਡਿਊਟੀ ਦੌਰਾਨ ਮਾਰੇ ਗਏ ਹਨ, ਜਦਕਿ ਬਾਕੀ ਚਾਰਾਂ ਦੀ ਮੌਤ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ। ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਭਾਰਤ ਵਿਚ ਪੱਤਰਕਾਰਾਂ ਦੀ ਮੌਤ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਇਹ ਦੇਸ਼ ਪੱਤਰਕਾਰਾਂ ਦੇ ਕਤਲਾਂ ਕਾਰਨ ਏਸ਼ੀਆ ਦਾ ਸਭ ਤੋਂ ਘਾਤਕ ਦੇਸ਼ ਹੈ, ਜਿਸ ਦਾ ਨੰਬਰ ਪਾਕਿਸਤਾਨ ਤੇ ਅਫ਼ਗਾਨਿਸਤਾਨ ਦੋਵਾਂ ਤੋਂ ਪਹਿਲਾਂ ਆਉਂਦਾ ਹੈ।



## ਬਲੌਗਰ ਦੇ ਹਤਿਆਰਿਆਂ ਨੂੰ ਸਜ਼ਾ-ਏ-ਮੌਤ

**ਢਾਕਾ:** ਬੰਗਲਾਦੇਸ਼ ਵਿਚ 2013 ਵਿਚ ਮੁਸਲਿਮ ਕੱਟੜ ਪੰਥੀਆਂ ਦੇ ਆਲੋਚਕ ਇਕ ਬਲੌਗਰ ਦੀ ਹੱਤਿਆ ਦੇ ਦੋਸ਼ ਵਿਚ ਅਦਾਲਤ ਨੇ ਦੋ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਦੋਵੇਂ ਦੋਸ਼ੀ ਯੂਨੀਵਰਸਿਟੀ ਦੇ ਵਿਦਿਆਰਥੀ ਸਨ। ਇਨ੍ਹਾਂ ਤੋਂ ਇਲਾਵਾ ਛੇ ਹੋਰ ਦੋਸ਼ੀਆਂ ਨੂੰ ਵੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਸਰਕਾਰੀ ਵਕੀਲ ਮਹਾਬੂਉਰ ਰਹਿਮਾਨ ਨੇ ਦੱਸਿਆ ਕਿ ਫਾਸਟ ਟਰੈਕ ਅਦਾਲਤ ਨੇ ਆਰਕੀਟੈਕਟ ਤੇ ਬਲੌਗਰ ਰਾਜੀਬ ਹੈਦਰ ਦੀ ਹੱਤਿਆ ਦੇ ਦੋਸ਼ ਵਿਚ ਯੂਨੀਵਰਸਿਟੀ ਦੇ ਦੋ ਪੁਰਾਣੇ ਵਿਦਿਆਰਥੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਹੈ। ਤੀਜਾ ਦੋਸ਼ੀ ਲਾਪਤਾ ਹੈ। ਦੋਸ਼ੀਆਂ ਨੇ ਹੈਦਰ ਨੂੰ ਢਾਕਾ ਦੇ ਬਾਹਰਵਾਰ ਫਾਹਾ ਲਾ ਕੇ ਮਾਰ ਦਿੱਤਾ ਸੀ। ਹੈਦਰ 1971 ਦੀ ਜੰਗ ਦੌਰਾਨ ਲੋਕਾਂ ਨਾਲ ਵਧੀਕੀਆਂ ਕਰਨ ਵਾਲੇ ਕੱਟੜਪੰਥੀਆਂ ਨੂੰ ਸਜ਼ਾ ਦਿਵਾਉਣ ਲਈ ਮੋਹਰੀ ਆਗੂਆਂ ਵਿਚ ਸ਼ੁਮਾਰ ਸੀ। ਸਜ਼ਾਯਾਫ਼ਤਾ ਦੋਸ਼ੀਆਂ ਵਿਚ ਪਾਬੰਦੀਸ਼ੁਦਾ ਜਥੇਬੰਦੀ ਅਨਸਾਰ ਉਲ ਬਾਂਗਲਾ ਦਾ ਮੁਖੀ ਜਾਸਿਮ ਉਦ ਦੀਨ ਰਹਿਮਾਨੀ ਵੀ ਸ਼ਾਮਲ ਹੈ। ਇਹ ਜਥੇਬੰਦੀ ਅਲ ਕਾਇਦਾ ਤੋਂ ਪ੍ਰਭਾਵਿਤ ਹੈ।

## ਇਰਾਨ ਖਿਲਾਫ ਮੁੜ ਸਖਤ ਹੋਇਆ ਅਮਰੀਕਾ

**ਵਾਸ਼ਿੰਗਟਨ:** ਇਰਾਨ ਦੇ ਪਰਮਾਣੂ ਪ੍ਰੋਗਰਾਮ ਵਿਚ ਸਰਗਰਮ ਭੂਮਿਕਾ ਨਿਭਾਉਣ ਵਾਲੀਆਂ ਕੰਪਨੀਆਂ ਤੇ ਵਿਅਕਤੀਆਂ ਵਿਰੁੱਧ ਅਮਰੀਕਾ ਮੁੜ ਤੋਂ ਸਖਤ ਪਾਬੰਦੀਆਂ ਲਾਉਣ ਦੀ ਤਿਆਰੀ ਕਰ ਰਿਹਾ ਹੈ। ਦੂਜੇ ਪਾਸੇ ਇਰਾਨ ਨੇ ਚਿਤਾਵਨੀ ਦਿੱਤੀ ਕਿ ਕਿਸੇ ਵੀ ਪ੍ਰਕਾਰ ਦੀਆਂ ਪਾਬੰਦੀਆਂ ਇਰਾਨ ਤੇ ਅਮਰੀਕਾ ਵਿਚ ਹੋਏ ਸਮਝੌਤੇ ਦੀ ਭਾਵਨਾ ਦੇ ਉਲਟ ਮੰਨੀਆਂ ਜਾਣਗੀਆਂ।

ਮੀਡੀਆ ਰਿਪੋਰਟਾਂ ਅਨੁਸਾਰ ਅਮਰੀਕਾ ਦਾ ਵਿੱਤ ਵਿਭਾਗ ਇਰਾਨ, ਹਾਂਗਕਾਂਗ ਅਤੇ ਸੰਯੁਕਤ ਅਰਬ ਅਮੀਰਾਤ ਵਿਰੁੱਧ ਪਰਮਾਣੂ ਗਤੀਵਿਧੀਆਂ ਨੂੰ ਲੈ ਕੇ ਤਾਜ਼ਾ ਪਾਬੰਦੀਆਂ ਲਾਉਣ ਲਈ ਸਰਗਰਮ ਹੋ ਗਿਆ ਹੈ।

ਪਰਮਾਣੂ ਹਥਿਆਰ ਨਾ ਬਣਾਉਣ ਲਈ ਸਮਝੌਤੇ ਤੋਂ ਬਾਅਦ ਇਰਾਨ ਵਿਰੁੱਧ ਇਹ ਤਾਜ਼ਾ ਪਾਬੰਦੀਆਂ ਹੋਣਗੀਆਂ। ਪਾਬੰਦੀਆਂ ਤਹਿਤ ਅਮਰੀਕੀਆਂ ਤੇ ਵਿਦੇਸ਼ੀ ਨਾਗਰਿਕਾਂ ਨੂੰ ਸਬੰਧਤ ਕੰਪਨੀਆਂ ਨਾਲ ਕਾਰੋਬਾਰ ਕਰਨ ਤੋਂ ਰੋਕਿਆ ਜਾਵੇਗਾ।

WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ
Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)
Cell: (510)-677-9942
Shop: (510)-505-9605
www.princebarbershop.com

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com
REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

ਪੰਜਾਬ ਟਾਈਮਜ਼

*ਸਨਿਚਰਵਾਰ, 9 ਜਨਵਰੀ 2016*

## ਦੋਸਤੀ ਬਨਾਮ ਦਹਿਸ਼ਤ

ਪਠਾਨਕੋਟ ਵਿਚ ਦਹਿਸ਼ਤੀ ਹਮਲੇ ਨੇ ਬਹੁਤ ਸਾਰੇ ਸਵਾਲ ਖੜ੍ਹੇ ਕੀਤੇ ਹਨ। ਇਹ ਹਮਲਾ ਉਸ ਵੇਲੇ ਹੋਇਆ ਹੈ ਜਦੋਂ ਭਾਰਤ ਅਤੇ ਪਾਕਿਸਤਾਨ ਹਰ ਹਾਲ ਅਮਨ ਗੱਲਬਾਤ ਅਗਾਂਹ ਵਧਾਉਣ ਲਈ ਦ੍ਰਿੜ ਹਨ। ਇਸ ਤਰ੍ਹਾਂ ਦੀ ਦ੍ਰਿੜਤਾ ਪਹਿਲਾਂ ਕਦੀ ਦੋਹਾਂ ਦੇਸ਼ਾਂ ਦੇ ਹੁਕਮਰਾਨਾਂ ਵਿਚ ਘੱਟ ਹੀ ਸਾਹਮਣੇ ਆਈ ਹੈ। ਭਾਰਤ ਵਿਚ ਹਕੂਮਤ ਕਰ ਰਹੀ ਭਾਰਤੀ ਜਨਤਾ ਪਾਰਟੀ ਦੀ ਅੱਧੀ ਸਿਆਸਤ ਤਾਂ ਮਜ਼ਹਬ ਅਤੇ ਪਾਕਿਸਤਾਨ ਨਾਲ ਜੋੜ ਕੇ ਕੀਤੀ ਜਾਂਦੀ ਰਹੀ ਹੈ। ਚੋਣਾਂ ਜਿੱਤਣ ਖਾਤਰ ਇਹ ਪਾਰਟੀ ਆਵਾਮ ਵਿਚ ਪਾੜਾ ਵਧਾਉਣ ਨੂੰ ਵੀ ਠੀਕ ਹੀ ਮੰਨਦੀ ਆਈ ਹੈ। ਦੂਜੇ ਬੰਨੇ, ਪਾਕਿਸਤਾਨ ਦੀਆਂ ਸਿਆਸੀ ਜਥੇਬੰਦੀਆਂ ਲਈ ਕਸ਼ਮੀਰ ਬੜਾ ਕਾਰਗਰ ਮੁੱਦਾ ਬਣਿਆ ਰਿਹਾ ਹੈ ਅਤੇ ਚੋਖੀ ਸਿਆਸਤ ਇਸ ਮੁੱਦੇ ਉਤੇ ਘੁੰਮਦੀ ਰਹੀ ਹੈ। ਹੁਣ ਵਾਲੀ ਦ੍ਰਿੜਤਾ ਦੀ ਵਿਆਖਿਆ ਬਹੁਤੇ ਸਿਆਸੀ ਵਿਸ਼ਲੇਸ਼ਣਕਾਰਾਂ ਨੇ ਕੌਮਾਂਤਰੀ ਅਤੇ ਖੇਤਰੀ ਮਾਹੌਲ ਨਾਲ ਜੋੜ ਕੇ ਕੀਤੀ ਹੈ। ਇਸ ਦੇ ਇਕ ਨਹੀਂ, ਅਨੇਕ ਪੱਖ ਹਨ ਅਤੇ ਹਰ ਪੱਖ ਨਾਲ ਵੱਖ-ਵੱਖ ਧਿਰਾਂ ਜੁੜੀਆਂ ਹੋਈਆਂ ਹਨ। ਭਾਰਤ ਅਤੇ ਪਾਕਿਸਤਾਨ ਦੇ ਸਬੰਧ ਵਿਚ ਅਮਰੀਕਾ ਦੀ ਆਪਣੀ ਪਹੁੰਚ ਹੈ। ਫੌਜੀ ਸਬੰਧਾਂ ਦੇ ਮਾਮਲੇ ਵਿਚ ਪਾਕਿਸਤਾਨ ਦੀ ਨੇੜਤਾ ਪਿਛਲੇ ਕੁਝ ਸਮੇਂ ਤੋਂ ਚੀਨ ਨਾਲ ਕੁਝ ਜ਼ਿਆਦਾ ਹੀ ਵਧ ਰਹੀ ਹੈ। ਇਸੇ ਤਰ੍ਹਾਂ ਕੁਝ ਸਮੇਂ ਤੋਂ ਭਾਰਤ ਅਤੇ ਨੇਪਾਲ ਦੇ ਸਬੰਧਾਂ ਵਿਚ ਵੀ ਕਈ ਨਵੇਂ ਅਧਿਆਏ ਜੁੜ ਗਏ ਹਨ ਅਤੇ ਅੱਜ ਵੀ ਜੁੜਦੇ ਜਾ ਰਹੇ ਹਨ। ਇਸ ਸੂਰਤ ਵਿਚ ਨੇਪਾਲ ਅਤੇ ਚੀਨ ਇਕ ਦੂਜੇ ਦੇ ਵਧੇਰੇ ਨੇੜੇ ਲੱਗ ਰਹੇ ਹਨ। ਇਸ ਤੋਂ ਇਲਾਵਾ ਕੌਮਾਂਤਰੀ ਮੰਡੀ ਵਾਲੇ ਕਾਰੋਬਾਰੀ ਜਿਹੜੇ ਭਾਰਤ ਨੂੰ ਕੱਲ੍ਹ ਦੀ ਵਿਸ਼ਾਲ ਮੰਡੀ ਵਜੋਂ ਚਿਤਵ ਰਹੇ ਹਨ, ਨਹੀਂ ਚਾਹੁੰਦੇ ਕਿ ਕਾਰੋਬਾਰ ਵਾਲੇ ਮਾਹੌਲ ਨੂੰ ਕਿਸੇ ਵੀ ਕਿਸਮ ਦੀ ਕੋਈ ਠੋਕਰ ਲੱਗੇ। ਉਹ ਆਪਣਾ ਰਸਤਾ ਐਨ ਸਾਫ ਚਾਹੁੰਦੇ ਹਨ।

ਪਾਕਿਸਤਾਨ ਭਾਵੇਂ ਲੱਖ ਇਨਕਾਰ ਕਰੇ, ਪਰ ਇਸ ਦਾ ਦਹਿਸ਼ਤਗਰਦੀ ਨਾਲ ਜੋ ਲਾਗਾ-ਦੇਗਾ ਬਣਿਆ ਹੋਇਆ ਹੈ, ਉਹ ਕਿਸੇ ਤੋਂ ਲੁਕਿਆ ਹੋਇਆ ਨਹੀਂ ਹੈ। ਇਹ ਸਾਰਾ ਤਾਣਾ-ਬਾਣਾ ਸਰਕਾਰੀ ਸਰਪ੍ਰਸਤੀ ਹੇਠ ਦਹਾਕਿਆਂ ਤੋਂ ਬਣ ਰਿਹਾ ਸੀ ਅਤੇ ਇਸ ਤਾਣੇ-ਬਾਣੇ ਦਾ ਅਰੰਭ ਜਨਰਲ ਜ਼ਿਆ ਉਲ ਹੱਕ ਨੇ ਵੱਡੀ ਪੱਧਰ 'ਤੇ ਕੀਤਾ ਸੀ। ਉਸ ਦੇ ਰਾਜ ਵਿਚ ਜਹਾਦ ਨੂੰ ਧਿਆਨ ਵਿਚ ਰੱਖ ਕੇ ਜੋ ਨੀਤੀਆਂ-ਰਣਨੀਤੀਆਂ ਬਣਾਈਆਂ ਗਈਆਂ, ਉਨ੍ਹਾਂ ਦੇ ਅਸਰ ਕਰ ਕੇ ਹੀ ਦਹਿਸ਼ਤਪਸੰਦ ਜਥੇਬੰਦੀਆਂ ਇੰਨੀ ਜ਼ਿਆਦਾ ਤਾਕਤ ਹਾਸਲ ਕਰ ਸਕੀਆਂ ਹਨ। ਹੁਣ ਤਾਂ ਇਹ ਤੱਥ ਵੀ ਜੱਗ-ਜ਼ਾਹਿਰ ਹੈ ਕਿ ਪਾਕਿਸਤਾਨ ਦੀ ਖੁਫੀਆ ਏਜੰਸੀ ਅਤੇ ਫੌਜ ਵੀ ਇਸ ਤਾਣੇ-ਬਾਣੇ ਨਾਲ ਨੇੜਿਓਂ ਜੁੜੀਆਂ ਰਹੀਆਂ ਹਨ। ਤਾਲਿਬਾਨ ਦੀ ਪੈਦਾਇਸ਼ ਅਤੇ ਚੜ੍ਹਤ ਇਸ ਤਾਣੇ-ਬਾਣੇ ਨਾਲ ਜੁੜਨ ਦਾ ਹੀ ਨਤੀਜਾ ਹੈ। ਇਹ ਗੱਲ ਵੱਖਰੀ ਹੈ ਕਿ ਪਾਕਿਸਤਾਨੀ ਆਵਾਮ ਨੂੰ ਵੀ ਹੁਣ ਦਹਿਸ਼ਤਗਰਦੀ ਨੇ ਬੁਰੀ ਤਰ੍ਹਾਂ ਘੇਰਾ ਪਾਇਆ ਹੋਇਆ ਹੈ। ਮੁਲਕ ਵਿਚ ਦਹਿਸ਼ਤਪਸੰਦ ਜਥੇਬੰਦੀਆਂ ਇੰਨੀਆਂ ਜ਼ਿਆਦਾ ਤਾਕਤਵਰ ਹਨ ਕਿ ਕੋਈ ਵੀ ਸਿਆਸੀ ਧਿਰ ਜਾਂ ਸਰਕਾਰ ਇਨ੍ਹਾਂ ਨੂੰ ਹੱਥ ਪਾਉਣ ਤੋਂ ਹਿਚਕਚਾਉਂਦੀ ਹੈ। ਇਸੇ ਦੌਰਾਨ ਜਦੋਂ ਤੋਂ ਭਾਰਤ ਵਿਚ ਸਰਕਾਰ ਦੀ ਕਮਾਨ ਭਾਰਤੀ ਜਨਤਾ ਪਾਰਟੀ ਦੇ ਹੱਥ ਆਈ ਹੈ, ਪਾਕਿਸਤਾਨ ਵਿਚਲੀਆਂ ਇਨ੍ਹਾਂ ਜਥੇਬੰਦੀਆਂ ਨੂੰ ਆਪਣੇ ਜਹਾਦੀ ਦੰਦ ਤਿੱਖੇ ਕਰਨ ਦਾ ਬਹਾਨਾ ਮਿਲ ਗਿਆ ਹੈ। ਇਸ ਮਾਮਲੇ 'ਤੇ ਭਾਰਤ ਦੀਆਂ ਕੱਟੜ ਜਥੇਬੰਦੀਆਂ ਤੇ ਸੰਸਥਾਵਾਂ ਪਾਕਿਸਤਾਨ ਵਿਚਲੀਆਂ ਇਨ੍ਹਾਂ ਜਥੇਬੰਦੀਆਂ ਦੀਆਂ ਹੀ ਪੂਰਕ ਬਣ ਰਹੀਆਂ ਹਨ। ਦੋਹਾਂ ਪਾਸਿਆਂ ਦੀਆਂ ਇਹ ਧਰਮ ਅਧਾਰਤ ਜਥੇਬੰਦੀਆਂ ਆਵਾਮ ਵਿਚਕਾਰ ਪਾੜਾ ਹੀ ਵਧਾ ਰਹੀਆਂ ਹਨ। ਦੋਹੀਂ ਪਾਸੀਂ ਜੰਗਬਾਜ਼ਾਂ ਦੀ ਤਾਂ ਕਦੀ ਵੀ ਕਮੀ ਨਹੀਂ ਰਹੀ, ਇਸ ਲਈ ਇਹ ਤਕਰੀਬਨ ਤੈਅ ਹੁੰਦਾ ਹੈ ਕਿ ਤਾਲਮੇਲ ਵਾਲੀ ਸਿਆਸਤ ਨੂੰ ਪਛਾੜਨ ਲਈ ਹੀ ਅਜਿਹੇ ਹਮਲੇ ਕੀਤੇ ਅਤੇ ਕਰਵਾਏ ਜਾਂਦੇ ਹਨ।

ਉਂਜ, ਐਤਕੀਂ ਹਮਲੇ ਤੋਂ ਬਾਅਦ ਜਿਸ ਤਰ੍ਹਾਂ ਦਾ ਮਾਹੌਲ ਦੋਹਾਂ ਮੁਲਕਾਂ ਦੀਆਂ ਸਰਕਾਰਾਂ ਵਿਚਕਾਰ ਬਣਿਆ ਹੈ, ਉਸ ਤੋਂ ਜਾਪਦਾ ਹੈ ਕਿ ਗੱਲ ਹੁਣ ਪਹਿਲਾਂ ਵਾਲੀ ਨਹੀਂ ਹੈ। ਮੋਦੀ ਸਰਕਾਰ ਆਪਣੀ ਸੱਤਾ ਦੇ ਡੇਢ ਸਾਲ ਤੋਂ ਬਾਅਦ ਹੁਣ ਵਿਰੋਧੀ ਧਿਰਾਂ ਦੇ ਨਿਸ਼ਾਨੇ ਉਤੇ ਹੈ। ਸੰਸਦ ਢੰਗ ਨਾਲ ਚੱਲ ਨਹੀਂ ਰਹੀ ਅਤੇ ਕਿਸੇ ਨਾ ਕਿਸੇ ਮੁੱਦੇ ਕਾਰਨ ਵਿਰੋਧ ਦੀ ਧਾਰ ਨਿੱਤ ਦਿਨ ਤਿੱਖੀ ਹੋ ਰਹੀ ਹੈ। ਇਸ ਸੂਰਤ ਵਿਚ ਇਸ ਨੂੰ ਕਿਸੇ ਵਡੇਰੀ ਪੁਲਾਂਘ ਦੀ ਤਾਂਘ ਹੈ। ਇਹੀ ਨਹੀਂ, ਪਿਛਲੇ ਸਮੇਂ ਦੌਰਾਨ ਭਾਰਤੀ ਜਨਤਾ ਪਾਰਟੀ ਦੀ ਕੱਟੜਪੰਥੀ ਸਿਆਸਤ ਦਾ ਜਿੰਨਾ ਸਿਆਸੀ ਤੇ ਚੁਣਾਵੀ ਨੁਕਸਾਨ ਪੁੱਜਾ ਹੈ, ਉਸ ਨੇ ਇਸ ਪਾਰਟੀ ਨੂੰ ਘੱਟੋ-ਘੱਟ ਇਕ ਵਾਰ ਤਾਂ ਰਾਹ ਦਿਖਾਇਆ ਹੀ ਹੈ। ਇਸੇ ਤਰ੍ਹਾਂ ਪਾਕਿਸਤਾਨ ਦੀ ਨਵਾਜ਼ ਸ਼ਰੀਫ ਸਰਕਾਰ ਲਈ ਤਾਂ ਸ਼ਾਇਦ ਕੋਈ ਵੀ ਦਿਨ ਅਜਿਹਾ ਨਹੀਂ ਲੰਘਿਆ ਹੋਵੇਗਾ ਜਦੋਂ ਵੰਗਾਰਾਂ ਨਾ ਪਈਆਂ ਹੋਣ। ਇਸ ਵਾਰ ਵੱਡੀ ਗੱਲ ਜੋ ਪਹਿਲੀ ਵਾਰ ਹੋਈ ਹੈ, ਪਾਕਿਸਤਾਨ ਨੇ ਤਕਰੀਬਨ ਤਸਲੀਮ ਕਰ ਹੀ ਲਿਆ ਹੈ ਕਿ ਪਠਾਨਕੋਟ ਵਾਲਾ ਹਮਲਾ ਪਾਕਿਸਤਾਨ ਅੰਦਰ ਸਰਗਰਮ ਦਹਿਸ਼ਤਪਸੰਦ ਜਥੇਬੰਦੀਆਂ ਦਾ ਹੀ ਕਾਰਾ ਹੈ। ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੇ ਤਾਂ ਤੁਰੰਤ ਅਤੇ ਢੁਕਵੀਂ ਕਾਰਵਾਈ ਦਾ ਵੀ ਭਰੋਸਾ ਦਿੱਤਾ ਹੈ। ਇਸ ਲਈ ਸੰਭਵ ਹੈ ਕਿ ਇਨ੍ਹਾਂ ਜਥੇਬੰਦੀਆਂ ਅਤੇ ਸਰਕਾਰ ਵਿਚਕਾਰ ਟਕਰਾਅ ਆਉਣ ਵਾਲੇ ਸਮੇਂ ਵਿਚ ਸਿਖਰ ਵੱਲ ਜਾਣਾ ਹੈ। ਇਸ ਸੂਰਤ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਉਤੇ ਅਮਨ ਗੱਲਬਾਤ ਦੀ ਜ਼ਿੰਮੇਦਾਰੀ ਵੱਧ ਪੈ ਜਾਂਦੀ ਹੈ। ਜ਼ਾਹਿਰ ਹੈ ਕਿ ਪਠਾਨਕੋਟ ਵਾਲਾ ਇਹ ਹਮਲਾ ਅਤੇ ਇਸ ਤੋਂ ਬਾਅਦ ਦੀ ਸਿਆਸਤ ਪਹਿਲਾਂ ਵਾਲੀ ਸਿਆਸਤ ਤੋਂ ਐਨ ਨਿਆਰੀ ਹੋ ਸਕਦੀ ਹੈ। ਇਸ ਘਟਨਾ ਦੀ ਮਾਰ ਦੇਰ ਤੱਕ ਰਹਿਣ ਦੀ ਸੰਭਾਵਨਾ ਹੈ। ਹੁਣ ਜਦੋਂ ਸੰਸਾਰ ਦੇ ਕਈ ਮੁਲਕਾਂ ਵਿਚ ਦਹਿਸ਼ਤੀ ਜਨੂੰਨ ਤਾਂਡਵ ਨਾਚ ਨੱਚ ਰਿਹਾ ਹੈ ਅਤੇ ਇਨਸਾਨੀਅਤ ਨੂੰ ਸ਼ਰਮਸਾਰ ਕਰ ਰਿਹਾ ਹੈ ਤਾਂ ਦੋਹਾਂ ਮੁਲਕਾਂ ਨੂੰ ਮਾੜੇ-ਮੋਟੇ ਵੈਰ-ਵਿਰੋਧ ਤਜ ਕੇ ਅਗਾਂਹ ਵਧਣਾ ਚਾਹੀਦਾ ਹੈ ਅਤੇ ਖਿੱਤੇ ਲਈ ਹੀ ਨਹੀਂ, ਸੰਸਾਰ ਲਈ ਰਾਹ ਦਸੇਰਾ ਬਣਨਾ ਚਾਹੀਦਾ ਹੈ। ਹੁਣ ਦੇਖਣਾ ਇਹ ਹੈ ਕਿ ਦੋਹਾਂ ਪਾਸਿਆਂ ਦੇ ਹੁਕਮਰਾਨ ਇਸ ਵੰਗਾਰ ਨੂੰ ਕਿਸ ਤਰ੍ਹਾਂ ਲੈਂਦੇ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਪੰਜਾਬ ਵਿਚ ਸਿਆਸੀ ਖੌਰੂ!*

ਖੂਬ ਹੋ ਰਿਹੈ ਭੰਡੀ-ਪ੍ਰਚਾਰ ਭੈੜਾ, ਇਕ ਦੂਜੇ ਨੂੰ ਛੱਜ ਵਿਚ ਛੱਟਿਆ ਐ।
ਅਸੀਂ ਸੇਵਕ ਹਾਂ ਲੋਕਾਂ ਦੇ ਕਹਿਣ ਸਾਰੇ, ਆਹੀ ਨਾਹਰਾ ਚਿਰੋਕਣਾ ਰੱਟਿਆ ਐ।
ਭੇਜਣ ਲੱਗ ਪਏ ਯਾਤਰੂ ਤੀਰਥਾਂ ਨੂੰ, ਹੁਣ ਤੱਕ ਜਿਨ੍ਹਾਂ ਕਲੰਕ ਹੀ ਖੱਟਿਆ ਐ।
ਉਹ ਵੀ ਦਰਦੀ ਪੰਜਾਬ ਦਾ ਫਿਰੇ ਬਣਿਆ, ਲੋਕ-ਹਿੱਤਾਂ ਦੇ ਨਾਲੋਂ ਜੋ ਕੱਟਿਆ ਐ।
ਤਾੜ ਰਿਹੈ ਟਪੂਸੀਆਂ ਮਾਰਨੇ ਨੂੰ, ਆਪਣੀ ਪਾਰਟੀ ਨਾਲ ਜੋ ਵੱਟਿਆ ਐ।
ਵੋਟਾਂ ਵਿਚ ਤਾਂ ਸਾਲ ਦਾ ਸਮਾਂ ਰਹਿੰਦਾ, ਖੌਰੂ ਹੁਣੇ ਪੰਜਾਬ ਵਿਚ ਪੱਟਿਆ ਐ!

# ਸਰਕਾਰੀ ਰੇਲ ਗੱਡੀਆਂ ਵਿਚ 'ਕੌਣ ਲੱਗੂ ਲੜ ਤੇਰੇ?'

*ਅਵਾਮ ਨੂੰ ਅਵਾਜ਼ਾਰੀ ਅਤੇ ਬੇਚੈਨੀ ਤੋਂ ਬਚਾਉਣ ਵਿਚ ਨਾਕਾਮਯਾਬ ਰਹੀ ਸਰਕਾਰ ਤੀਰਥ ਯਾਤਰਾਵਾਂ ਦਾ ਬੰਦੋਬਸਤ ਕਿਉਂ ਕਰਦੀ ਹੈ? ਹਰ ਤਰ੍ਹਾਂ ਦੇ ਲੋਕ ਕਲਿਆਣ ਦੀਆਂ ਯੋਜਨਾਵਾਂ ਵਿਚੋਂ ਹੱਥ ਪਿਛੇ ਖਿੱਚਣ ਵਾਲੀ ਸਰਕਾਰ ਦੀਆਂ ਰੱਲ ਗੱਡੀਆਂ ਕਿਹੜਾ ਧਾਰਮਿਕ ਜੀਅ ਸਫ਼ਰ ਕਰਨਾ ਜਾਵੇਗਾ? ਸਰਕਾਰ ਅਤੇ ਨਿਜ਼ਾਮ ਦਾ ਬੁਨਿਆਦੀ ਕੰਮ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਮੁਖ਼ਾਤਬ ਹੋਣਾ ਹੈ। ਅਵਾਮ ਦੇ ਸ਼ਹਿਰੀ, ਜਮਹੂਰੀ, ਮਨੁੱਖੀ ਅਤੇ ਕਾਨੂੰਨੀ ਹਕੂਕ ਨੂੰ ਯਕੀਨੀ ਬਣਾਉਣਾ ਸਰਕਾਰ ਦੀ ਜ਼ਿੰਮੇਵਾਰੀ ਹੈ। ਸਿਹਤ, ਸਿੱਖਿਆ, ਖੇਡਾਂ, ਸਭਿਆਚਾਰ ਅਤੇ ਵਿਗਿਆਨ ਦੇ ਖੇਤਰਾਂ ਵਿਚ ਪੰਜਾਬ ਸਰਕਾਰ ਦੀਆਂ ਕੀ ਪ੍ਰਾਪਤੀਆਂ ਹਨ? ਨੁਮਾਇਸ਼ੀ ਕਬੱਡੀ ਕੱਪ ਜਾਰੀ ਰੱਖਣ ਵਿਚ ਨਾਕਾਮਯਾਬ ਹੋਈ ਸਰਕਾਰ ਦਰਅਸਲ ਸਕੂਲਾਂ, ਕਾਲਜਾਂ, ਜ਼ਿਲ੍ਹਿਆਂ ਅਤੇ ਸੂਬੇ ਦੇ ਮੁਕਾਬਲੇ ਕਰਵਾਉਣ ਵਿਚ ਮੁਕੰਮਲ ਤੌਰ ਉਤੇ ਨਾਕਾਮਯਾਬ ਹੋਈ ਹੈ। ਪੰਜਾਬ ਵਿਚ ਤਕਰੀਬਨ ਪੰਦਰਾਂ ਜੀਅ ਹਰ ਰੋਜ਼ ਸੜਕ ਹਾਦਸਿਆਂ ਦੌਰਾਨ ਮੌਕੇ ਉਤੇ ਮਰਦੇ ਹਨ। ਹਸਪਤਾਲ ਜਾ ਕੇ ਜਾਂ ਮਹੀਨਿਆਂ ਦੀਆਂ ਤਕਲੀਫ਼ਾਂ ਤੋਂ ਬਾਅਦ ਦਮ ਤੋੜਨ ਵਾਲਿਆਂ ਅਤੇ ਪੱਕੀ ਅਪੰਗਤਾ ਹੰਢਾਉਣ ਵਾਲਿਆਂ ਦਾ ਕੋਈ ਹਿਸਾਬ-ਕਿਤਾਬ ਨਹੀਂ ਹੈ।*

ਪੰਜਾਬ ਲਈ 2015 ਹਾਦਸਿਆਂ ਅਤੇ ਸਰਕਾਰ ਦੀ ਨਾਕਸ ਕਾਰਗੁਜ਼ਾਰੀ ਦਾ ਵਰ੍ਹਾ ਰਿਹਾ ਹੈ। ਇਸ ਸਾਲ ਦੌਰਾਨ ਸੁੱਖਾ ਕਾਹਲਵਾਂ ਦੇ ਕਤਲ ਤੋਂ ਸੜਕ ਹਾਦਸਿਆਂ ਵਿਚ ਸਰਕਾਰੀ ਸਰਪ੍ਰਸਤੀ ਹੇਠ ਚੱਲਦਾ ਗ਼ੈਰ-ਸਰਕਾਰੀ ਤੰਤਰ ਸਾਹਮਣੇ ਆਇਆ ਹੈ। ਇਸ ਸਾਲ ਦੌਰਾਨ ਖੇਤੀ ਸੰਕਟ ਕਰੂਰਤਾ ਦੇ ਨਵੇਂ ਪੜਾਅ ਵਿਚ ਪਹੁੰਚ ਗਿਆ ਹੈ। ਇਸ ਸੰਕਟ ਦੀ ਮਾਰ ਖ਼ੁਦਕੁਸ਼ੀਆਂ ਦੀ ਅਤੁੱਟ ਲੜੀ ਬਣ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਨਾਮ ਹੇਠ ਬਾਦਲ ਪਰਿਵਾਰ ਦੀ ਦਖ਼ਲਅੰਦਾਜ਼ੀ ਖ਼ਿਲਾਫ਼ ਭਾਰੀ ਰੋਸ ਉਠਿਆ ਹੈ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਜਥੇਦਾਰਾਂ ਦੇ ਫ਼ੈਸਲਿਆਂ ਨੇ ਸਰਕਾਰੀ ਭ੍ਰਿਸ਼ਟਾਚਾਰ ਅਤੇ ਸਿਆਸੀ ਕੁਨਬਾਪ੍ਰਸਤੀ ਖ਼ਿਲਾਫ਼ ਰੋਹ ਨੂੰ ਆਵਾਜ਼ ਦਿੱਤੀ ਹੈ। ਪੰਜਾਬ ਪੁਲਿਸ ਦੀਆਂ ਗੋਲੀਆਂ ਦਾ ਸ਼ਿਕਾਰ ਹੋਏ ਦੋ ਨੌਜਵਾਨਾਂ ਨੇ ਪੁਲਿਸ ਤਸ਼ੱਦਦ ਦੀ ਲੰਮੀ ਕੜੀ ਨੂੰ ਉਜਾਗਰ ਕੀਤਾ ਹੈ। ਕਿਸਾਨ-ਮਜ਼ਦੂਰ ਧਰਨਿਆਂ-ਮੁਜ਼ਾਹਰਿਆਂ ਉਤੇ ਹੁੰਦੇ ਹੁਕਮਰਾਨ ਦਲ ਦੀ ਯੂਥ ਬ੍ਰਿਗੇਡ ਅਤੇ ਪੁਲਿਸ ਦੇ ਸਾਂਝੇ ਹਮਲੇ, ਔਰਬਿਟ ਬਸ ਕਾਂਡ, ਚੰਨੋ ਦਾ ਸੜਕ ਹਾਦਸਾ, ਪਿੰਕੀ ਦੇ ਇਕਬਾਲੀਆ ਬਿਆਨ, ਅਬੋਹਰ ਅਤੇ ਸੰਗਰੂਰ ਵਿਚ ਤਸ਼ੱਦਦ ਦੀਆਂ ਵਾਰਦਾਤਾਂ ਨਾਲ ਸਮੁੱਚਾ ਰੁਝਾਨ ਬੇਪਰਦ ਹੋ ਜਾਂਦਾ ਹੈ। ਇਸੇ ਦੌਰਾਨ ਸਰਕਾਰੀ ਮਹਿਕਮਿਆਂ ਦੀ ਸ਼ਮੂਲੀਅਤ ਨਾਲ ਹੋਇਆ ਨਕਲੀ ਦਵਾਈਆਂ ਦਾ ਘਪਲਾ ਡੰਗ ਟਪਾਊ ਕਾਰਵਾਈ ਤੋਂ ਅੱਗੇ ਨਹੀਂ ਵਧਿਆ। ਖਤਾਨਾਂ ਅਤੇ ਨਹਿਰਾਂ ਵਿਚ ਸੁੱਟੀਆਂ ਗਈਆਂ ਦਵਾਈਆਂ ਬਾਬਤ ਕੋਈ ਪੁਖ਼ਤਾ ਕਾਰਵਾਈ ਨਹੀਂ ਹੋਈ। ਫ਼ਸਲਾਂ ਦੇ ਖ਼ਰਾਬੇ ਅਤੇ ਗੰਨਾ ਮਿੱਲਾਂ ਦੇ ਬਕਾਏ ਦੇ ਮਾਮਲੇ ਕਿਸੇ ਤਣ-ਪੱਤਣ ਨਹੀਂ ਲੱਗੇ।



**ਦਲਜੀਤ ਅਮੀ**
ਫੋਨ: +447452155354

ਇਨ੍ਹਾਂ ਹਾਲਾਤ ਵਿਚ ਪੰਜਾਬ ਸਰਕਾਰ ਨੇ ਵਿਧਾਨ ਸਭਾ ਦੇ ਹਰ ਹਲਕੇ ਵਿਚ ਤੀਰਥ ਯਾਤਰੀਆਂ ਲਈ ਮੁਫ਼ਤ ਰੇਲਗੱਡੀ ਦੀ ਸਹੂਲਤ ਦੇਣ ਦਾ ਫ਼ੈਸਲਾ ਕੀਤਾ ਹੈ। ਮੁੱਖ ਮੰਤਰੀ ਤੀਰਥ ਦਰਸ਼ਨ ਯਾਤਰਾ ਸਕੀਮ ਤਹਿਤ ਯਾਤਰੂਆਂ ਦੇ ਕਿਰਾਏ, ਖਾਣ-ਪੀਣ ਅਤੇ ਰਿਹਾਇਸ਼ ਦਾ ਖ਼ਰਚ ਸਰਕਾਰ ਕਰੇਗੀ। ਪਛਾਣ ਪੱਤਰ ਅਤੇ ਸਰਕਾਰੀ ਅਦਾਰਿਆਂ ਦੇ ਸਿਹਤਯਾਬੀ ਪ੍ਰਣਾਮ ਪੱਤਰ ਨਾਲ ਕੋਈ ਵੀ ਸ਼ਰਧਾਲੂ ਇਨ੍ਹਾਂ ਰੇਲਗੱਡੀਆਂ ਵਿਚ ਤੀਰਥ ਯਾਤਰਾ ਕਰ ਸਕਦਾ ਹੈ। ਇਸੇ ਦੌਰਾਨ ਪੰਜਾਬ ਦੇ ਸਰਕਾਰੀ ਅਦਾਰਿਆਂ ਅਤੇ ਅਵਾਮ ਦੀ ਹਾਲਤ ਪਹਿਲਾਂ ਤੋਂ ਬਦਤਰ ਹੋ ਰਹੀ ਹੈ। ਇਸ ਵੇਲੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਅਹਿਦ ਨਾਲ ਬਣੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਵਿੱਤੀ ਹਾਲਤ ਖ਼ਸਤਾ ਹੈ। ਇਸ ਅਦਾਰੇ ਨਾਲ ਸਰਕਾਰ ਆਪਣੇ ਵਿੱਤੀ ਵਾਅਦੇ ਵਫ਼ਾ ਨਹੀਂ ਕਰ ਰਹੀ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨਾਲ ਪੰਜਾਬ ਸਰਕਾਰ ਦੇ ਵਿੱਤੀ ਵਾਅਦੇ ਕਈ ਸਾਲਾਂ ਤੋਂ ਬੇਵਫ਼ਾਈ ਦਾ ਸ਼ਿਕਾਰ ਹਨ। ਜਦੋਂ ਹੁਕਮਰਾਨ ਸਿਆਸੀ ਪਾਰਟੀ ਦੀ ਸਰਪ੍ਰਸਤੀ ਨਾਲ ਜੁੜੀ ਵਿਦਿਆਰਥੀ ਜਥੇਬੰਦੀ ਦੀ ਚੋਣਾਂ ਦੀ ਜਿੱਤ ਦਾ ਜਸ਼ਨ ਮਨਾਉਣ ਲਈ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਉਸ ਸਮਾਗਮ ਵਿਚ ਸ਼ਾਮਲ ਹੋਏ ਸਨ, ਤਾਂ ਉਨ੍ਹਾਂ ਯੂਨੀਵਰਸਿਟੀ ਨੂੰ ਇੱਕ ਕਰੋੜ ਰੁਪਈਆ ਦੇਣ ਦਾ ਐਲਾਨ ਕੀਤਾ ਸੀ। ਦੋ ਸੁਆਲ ਸਨ: ਜਦੋਂ ਇਹ ਯੂਨੀਵਰਸਿਟੀ ਨਾਲ ਜੁੜਿਆ ਸਮਾਗਮ ਨਹੀਂ ਸੀ ਤਾਂ ਅਜਿਹੇ ਸਮਾਗਮ ਉਤੇ ਇਸ ਤਰ੍ਹਾਂ ਦਾ ਐਲਾਨ, ਕਿਸ ਸਲੀਕੇ ਦੇ ਘੇਰੇ ਵਿਚ ਆਉਂਦਾ ਹੈ? ਉਸ ਰਕਮ ਦਾ ਕੀ ਬਣਿਆ ਜੋ ਸਰਕਾਰ ਉਤੇ ਯੂਨੀਵਰਸਿਟੀ ਦੀ ਦੇਣਦਾਰੀ ਹੈ?

ਜੇ ਯੂਨੀਵਰਸਿਟੀ ਕੋਲ ਕਿਸੇ ਵੀ ਤਰ੍ਹਾਂ ਦੀ ਖ਼ੁਦਮੁਖ਼ਤਿਆਰੀ ਦੀ ਗੁੰਜਾਇਸ਼ ਹੁੰਦੀ ਤਾਂ ਇਸ ਐਲਾਨ ਦਾ ਜੁਆਬ ਦਿੱਤਾ ਜਾਂਦਾ ਕਿ 'ਖੈਰਾਤ' ਨਹੀਂ, ਸਗੋਂ ਸਰਕਾਰੀ ਵਾਅਦਾ ਵਫ਼ਾ ਕਰੋ ਅਤੇ ਯੂਨੀਵਰਸਿਟੀ ਨੂੰ ਵਿੱਤੀ ਸੰਕਟ ਵਿਚੋਂ ਕੱਢੋ। ਇਸ ਤਰ੍ਹਾਂ ਨੁਮਾਇਸ਼ੀ ਅਤੇ ਕਰੋੜੀ ਬਿਆਨ ਮੌਜੂਦਾ ਸਰਕਾਰ ਦੀ ਕਾਰਗੁਜ਼ਾਰੀ ਦੀ ਨੁਮਾਇੰਦਗੀ ਕਰਦੇ ਹਨ। ਉਦਘਾਟਨੀ ਪੱਥਰਾਂ ਅਤੇ ਸਰਕਾਰੀ ਇਸ਼ਤਿਹਾਰਾਂ ਉਤੇ ਛਪੀਆਂ ਤਸਵੀਰਾਂ ਨੂੰ ਇਸੇ ਕੜੀ ਵਿਚ ਦੇਖਿਆ ਜਾਣਾ ਬਣਦਾ ਹੈ। ਜਦੋਂ ਕਿਸਾਨ-ਮਜ਼ਦੂਰ ਮੋਰਚਿਆਂ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਾਰਨ ਸਰਕਾਰ ਨੂੰ ਮੂੰਹ ਦਿਖਾਉਣ ਤੱਕ ਦਾ ਸੰਕਟ ਖੜ੍ਹਾ ਹੋਇਆ ਹੈ, ਤਾਂ ਸਰਕਾਰੀ ਇਸ਼ਤਿਹਾਰਾਂ ਵਿਚੋਂ ਸਿਆਸਤਦਾਨਾਂ ਦੀਆਂ ਤਸਵੀਰਾਂ ਲਾਪਤਾ ਹੋ ਗਈਆਂ ਹਨ। ਇਸੇ ਮੌਕੇ ਤੀਰਥ ਯਾਤਰਾ ਦੀਆਂ ਰੇਲ ਗੱਡੀਆਂ ਚਲਾਈਆਂ ਗਈਆਂ ਹਨ। ਇਹ ਗੱਡੀਆਂ ਨਾ ਕਿਸੇ ਦੀ ਮੰਗ ਸਨ ਅਤੇ ਨਾ ਹੀ ਕਿਸੇ ਚੋਣ ਮਨੋਰਥ ਪੱਤਰ ਦਾ ਵਾਅਦਾ ਸਨ। ਹੁਣ ਇਹ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਰੇਲ ਗੱਡੀਆਂ ਨੂੰ ਸਰਕਾਰੀ ਪ੍ਰਾਪਤੀਆਂ ਵਿਚ ਪੇਸ਼ ਕੀਤਾ ਜਾਵੇਗਾ। ਹੁਣ ਇਹ ਬਿਨਾਂ ਸ਼ੱਕ ਚੋਣ ਮਨੋਰਥ ਪੱਤਰਾਂ ਦਾ ਹਿੱਸਾ ਵੀ ਬਣ ਜਾਣਗੀਆਂ।

ਅਵਾਮ ਨੂੰ ਅਵਾਜ਼ਾਰੀ ਅਤੇ ਬੇਚੈਨੀ ਤੋਂ ਬਚਾਉਣ ਵਿਚ ਨਾਕਾਮਯਾਬ ਰਹੀ ਸਰਕਾਰ ਤੀਰਥ ਯਾਤਰਾਵਾਂ ਦਾ ਬੰਦੋਬਸਤ ਕਿਉਂ ਕਰਦੀ ਹੈ? ਹਰ ਤਰ੍ਹਾਂ ਦੇ ਲੋਕ ਕਲਿਆਣ ਦੀਆਂ ਯੋਜਨਾਵਾਂ ਵਿਚੋਂ ਹੱਥ ਪਿਛੇ ਖਿੱਚਣ ਵਾਲੀ ਸਰਕਾਰ ਦੀਆਂ ਰੱਲ ਗੱਡੀਆਂ ਕਿਹੜਾ ਧਾਰਮਿਕ ਜੀਅ ਸਫ਼ਰ ਕਰਨਾ ਜਾਵੇਗਾ? ਸਰਕਾਰ ਅਤੇ ਨਿਜ਼ਾਮ ਦਾ ਬੁਨਿਆਦੀ ਕੰਮ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਮੁਖ਼ਾਤਬ ਹੋਣਾ ਹੈ। ਅਵਾਮ ਦੇ ਸ਼ਹਿਰੀ, ਜਮਹੂਰੀ, ਮਨੁੱਖੀ ਅਤੇ ਕਾਨੂੰਨੀ ਹਕੂਕ ਨੂੰ ਯਕੀਨੀ ਬਣਾਉਣਾ ਸਰਕਾਰ ਦੀ ਜ਼ਿੰਮੇਵਾਰੀ ਹੈ।

ਸਿਹਤ, ਸਿੱਖਿਆ, ਖੇਡਾਂ, ਸਭਿਆਚਾਰ ਅਤੇ ਵਿਗਿਆਨ ਦੇ ਖੇਤਰਾਂ ਵਿਚ ਪੰਜਾਬ ਸਰਕਾਰ ਦੀਆਂ ਕੀ ਪ੍ਰਾਪਤੀਆਂ ਹਨ? ਨੁਮਾਇਸ਼ੀ ਕਬੱਡੀ ਕੱਪ ਜਾਰੀ ਰੱਖਣ ਵਿਚ ਨਾਕਾਮਯਾਬ ਹੋਈ ਸਰਕਾਰ ਦਰਅਸਲ ਸਕੂਲਾਂ, ਕਾਲਜਾਂ, ਜ਼ਿਲ੍ਹਿਆਂ ਅਤੇ ਸੂਬੇ ਦੇ ਮੁਕਾਬਲੇ ਕਰਵਾਉਣ ਵਿਚ ਮੁਕੰਮਲ ਤੌਰ ਉਤੇ ਨਾਕਾਮਯਾਬ ਹੋਈ ਹੈ। ਪੰਜਾਬ ਵਿਚ ਤਕਰੀਬਨ ਪੰਦਰਾਂ ਜੀਅ ਹਰ ਰੋਜ਼ ਸੜਕ ਹਾਦਸਿਆਂ ਦੌਰਾਨ ਮੌਕੇ ਉਤੇ ਮਰਦੇ ਹਨ। ਹਸਪਤਾਲ ਜਾ ਕੇ ਜਾਂ ਮਹੀਨਿਆਂ ਦੀਆਂ ਤਕਲੀਫ਼ਾਂ ਤੋਂ ਬਾਅਦ ਦਮ ਤੋੜਨ ਵਾਲਿਆਂ ਅਤੇ ਪੱਕੀ ਅਪੰਗਤਾ ਹੰਢਾਉਣ ਵਾਲਿਆਂ ਦਾ ਕੋਈ ਹਿਸਾਬ-ਕਿਤਾਬ ਨਹੀਂ ਹੈ। ਸੜਕਾਂ ਦੀ ਬਦਇੰਤਜ਼ਾਮੀ ਅਤੇ ਆਵਾਜਾਈ ਦੇ ਨੇਮ ਲਾਗੂ ਕਰਨ ਦੀ ਫ਼ੌਜਦਾਰੀ ਘੇਸਲ ਦੇ ਨਾਲ ਇਹ ਤੱਥ ਵੀ ਅਹਿਮ ਹੈ ਕਿ ਪੰਜਾਬ ਵਿਚ ਸਿਰ ਦੀਆਂ ਸੱਟਾਂ ਦੇ ਇਲਾਜ ਲਈ ਸਰਕਾਰੀ ਕਮਿਊਨਿਟੀ ਹੈਲਥ ਸੈਂਟਰਾਂ/ਹਸਪਤਾਲਾਂ ਵਿਚ ਪੰਜ ਡਾਕਟਰ ਵੀ ਨਹੀਂ ਹਨ।

ਪੰਜਾਬ ਸਰਕਾਰ ਨੇ ਖ਼ੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ-ਮਜ਼ਦੂਰਾਂ ਨੂੰ ਮੁਆਵਜ਼ਾ ਦੇਣ ਦਾ ਐਲਾਨ ਕਈ ਵਾਰ ਕੀਤਾ ਹੈ। ਸਰਕਾਰ ਨੇ ਆਪ ਅਧਿਐਨ ਕਰਵਾਏ ਹਨ। ਇਹ ਮੁਆਵਜ਼ੇ ਦੇਣ ਤੋਂ ਸਰਕਾਰ ਲਗਾਤਾਰ ਕੰਨੀ ਕਤਰਾ ਰਹੀ ਹੈ ਅਤੇ ਕਿਸਾਨ-ਮਜ਼ਦੂਰ ਖ਼ੁਦਕੁਸ਼ੀਆਂ ਦੇ ਮਾਮਲੇ ਵਿਚ 2015 ਘੱਟੋ-ਘੱਟ 21ਵੀਂ ਸਦੀ ਦਾ ਬਦਤਰ ਸਾਲ ਰਿਹਾ ਹੈ। ਇਸੇ ਸਾਲ ਕਿਸਾਨਾਂ, ਮਜ਼ਦੂਰਾਂ, ਵਿਦਿਆਰਥੀਆਂ ਅਤੇ ਮੁਲਾਜ਼ਮਾਂ ਉਤੇ ਲਗਾਤਾਰ ਝੂਠੇ ਪਰਚੇ ਦਰਜ ਕੀਤੇ ਗਏ ਹਨ।

ਪਿੰਡਾਂ ਵਿਚ ਸ਼ਰਧਾਲੂ ਬੇਈਮਾਨੀ ਦੇ ਦਾਗ਼ ਵਾਲੇ ਲੋਕਾਂ ਦੀਆਂ ਟਰਾਲੀਆਂ ਅਤੇ ਟਰੱਕਾਂ ਵਿਚ ਗੁਰਦੁਆਰੇ ਮੱਥਾ ਟੇਕਣ ਜਾਣ ਤੋਂ ਕੰਨੀ ਕਤਰਾਉਂਦੇ ਰਹੇ ਹਨ। ਉਨ੍ਹਾਂ ਦੀ ਬੇਈਮਾਨੀ ਨਾਲ ਜੁੜੀਆਂ ਗ਼ਰੀਬਾਂ ਦੀਆਂ ਗਰਜ਼ਾਂ ਜਾਂ ਤੀਰਥ ਯਾਤਰਾ ਵਿਚ ਭੁੱਖ ਅਤੇ ਜ਼ਿੰਦਗੀ ਦੇ ਨੀਰਸ ਰੋਜ਼ਨਾਮਚੇ ਤੋਂ ਵਕਤੀ ਨਿਜਾਤ ਭਾਲਦੀ ਲੋਕਾਈ ਉਨ੍ਹਾਂ ਹੀ ਟਰਾਲੀਆਂ-ਟਰੱਕਾਂ ਨੂੰ 'ਪਰਉਪਕਾਰੀ ਕੰਮ' ਦਾ ਰੁਤਬਾ ਦਿੰਦੀ ਰਹੀ ਹੈ। ਮਜ਼ਦੂਰਾਂ ਦੀਆਂ ਦਿਹਾੜੀਆਂ ਮਾਰਨ ਵਾਲੇ ਅਤੇ ਸਰਕਾਰੇ-ਦਰਬਾਰੇ 'ਖਾਣ-ਪੀਣ' ਦੀ ਸਾਂਝ ਰੱਖਣ ਵਾਲੇ ਚੌਧਰੀ ਤੀਰਥ ਯਾਤਰਾਵਾਂ ਉਤੇ ਟਰਾਲੀਆਂ-ਟਰੱਕ ਲਿਜਾ ਕੇ ਆਪਣੀ ਸਾਖ਼ ਬਚਾਉਣ ਜਾਂ ਭੱਲ ਕਾਇਮ ਕਰਨ ਦੀ ਮਸ਼ਕ ਕਰਦੇ ਰਹੇ ਹਨ। ਹੁਣ ਪੰਜਾਬ ਦਾ ਇਹੋ ਰੁਝਾਨ ਸਭਿਆਚਾਰ ਤੋਂ ਸਿਆਸਤ ਰਾਹੀਂ ਪੱਕੇ ਪੈਰੀਂ ਹੋ ਰਿਹਾ ਹੈ। ਪੰਜਾਬ ਸਰਕਾਰ ਦੀਆਂ ਤੀਰਥ ਯਾਤਰਾ ਵਾਲੀਆਂ ਰੇਲ ਗੱਡੀਆਂ ਵਿਚ ਹਲਕਾ ਇੰਚਾਰਜਾਂ ਨਾਲ ਜੁੜੀਆਂ ਗਰਜ਼ਾਂ ਅਤੇ ਅਵਾਜ਼ਾਰੀ ਤੋਂ ਵਕਤੀ ਨਿਜਾਤ ਦੇ ਉਪਰਾਲੇ ਸਫ਼ਰ ਕਰਨਗੇ। ਕੀ ਇਸ ਨਾਲ ਥਾਣਿਆਂ-ਕਚਿਹਰੀਆਂ ਅਤੇ ਬੱਸਾਂ-ਠੇਕਿਆਂ ਵਿਚ 'ਚੰਮ ਦੀਆਂ ਚਲਾਉਣ ਵਾਲੇ' ਹਲਕਾ ਇੰਚਾਰਜ ਪਰਉਪਕਾਰੀ ਹੋ ਜਾਣਗੇ?

ਪੰਜਾਬ ਦੇ ਸਭਿਆਚਾਰ ਵਿਚ ਗੁਰਦੁਆਰੇ ਜਾਣ ਜਾਂ ਭੇਜਣ ਦਾ ਇੱਕ ਪੱਖ ਘਰੇਲੂ ਕਲੇਸ਼ ਅਤੇ ਬੇਹੁਰਮਤੀ ਨਾਲ ਵੀ ਜੁੜਿਆ ਹੋਇਆ ਹੈ। ਘਰੇਲੂ ਕਲੇਸ਼ ਤੋਂ ਪਰੇਸ਼ਾਨ ਬਜ਼ੁਰਗ 'ਗੁਰਦੁਆਰੇ ਜਾ ਕੇ ਬੈਠਣ' ਦੀ ਧਮਕੀ ਦਿੰਦੇ ਰਹੇ ਹਨ ਅਤੇ ਬਹੁਤ ਸਾਰੇ ਨਵੇਂ ਬਣੇ ਲਾਣੇਦਾਰਾਂ ਨੇ 'ਬਜ਼ੁਰਗਾਂ ਦੇ ਗੁਰਦੁਆਰੇ ਬੈਠੇ ਹੋਣ ਦਾ' ਮਿਹਣਾ ਜਰਿਆ ਹੈ। ਗੁਰਦੁਆਰਿਆਂ ਨੂੰ 'ਨਿਆਸਰਿਆਂ ਦਾ ਆਸਰਾ' ਮੰਨਿਆ ਜਾਂਦਾ ਹੈ ਅਤੇ ਇਹ ਗੁਰਦੁਆਰੇ ਦੀ ਅਦਾਰੇ ਵਜੋਂ ਪੂੰਜੀ ਹੈ। ਕੀ ਹੁਕਮਰਾਨ ਧਿਰ ਗੁਰਦੁਆਰਿਆਂ ਦੇ ਪ੍ਰਬੰਧ ਦੇ ਸਿਆਸੀਕਰਨ ਤੋਂ ਬਾਅਦ ਹੁਣ ਸਰਕਾਰੀ ਖ਼ਰਚ ਉਤੇ 'ਨਿਆਸਰਿਆਂ ਦਾ ਆਸਰਾ' ਬਣ ਰਹੀ ਹੈ?

'ਨਿਆਸਰਿਆਂ ਦਾ ਆਸਰਾ ਬਣਨਾ' ਤਾਂ ਅਹਿਮ ਮਨੁੱਖੀ ਗੁਣ ਹੈ ਅਤੇ ਪਰਉਪਕਾਰ ਮੰਨਿਆ ਜਾਂਦਾ ਹੈ, ਪਰ 'ਲੋਕਾਂ ਨੂੰ ਨਿਆਸਰਾ ਕਰਨਾ' ਤਾਂ ਸਦਾ ਕ੍ਰਿਤਘਣਤਾ ਹੀ ਅਖਵਾਈ ਹੈ। ਲੋਕਾਂ ਨੂੰ ਭਾਵੇਂ 'ਨਿਆਸਰੇ ਕਰ ਕੇ ਗੁਰੂ ਦੇ ਲੜ ਲਗਾਉਣ' ਦਾ ਦਾਅਵਾ ਕੀਤਾ ਜਾਵੇ, ਪਰ ਇਹ ਕ੍ਰਿਤਘਣਤਾ ਦੇ ਘੇਰੇ ਵਿਚੋਂ ਬਾਹਰ ਨਹੀਂ ਆ ਸਕਦੀ। ਉਂਝ ਲੋਕਾਂ ਨੂੰ ਬੇਆਸਰਾ ਕਰਨ ਵਾਲੀ ਸਰਕਾਰ ਅਤੇ ਅਵਾਮ ਦੀ ਬੇਹੁਰਮਤੀ ਕਰਨ ਵਾਲੇ ਹਲਕਾ ਇੰਚਾਰਜਾਂ ਨੂੰ ਸ਼ਰਧਾਲੂਆਂ ਨੂੰ 'ਗੁਰੂ ਦੇ ਲੜ ਲਗਾਉਣਾ' ਕਿੰਨਾ ਕੁ ਸ਼ੋਭਦਾ ਹੈ? ਇਹ ਅਵਾਮ ਨੂੰ ਸੋਚਣ-ਸਮਝਣ ਵਾਲੇ ਸੰਵੇਦਨਸ਼ੀਲ ਜੀਅ ਵਜੋਂ ਪਛਾਣਨ ਦੀ ਥਾਂ ਸੀਲ ਸ਼ਰਧਾਲੂ ਬਣਾਉਣ ਦੀ ਮਸ਼ਕ ਵਧੇਰੇ ਹੈ ਪਰ ਲੋਕ ਸ਼ਰਧਾ ਦੇ ਘੇਰੇ ਤੋਂ ਬਾਹਰ ਵੀ 'ਵਿਵੇਕ ਦਾਨ, ਵਿਸਾਹ ਦਾਨ ਅਤੇ ਭਰੋਸਾ ਦਾਨ' ਦੀ ਅਰਦਾਸ ਕਰਦੇ ਹਨ।

# ਕੀ ਵਿਧਾਨ ਸਭਾ ਚੋਣਾਂ ਦੌਰਾਨ ਧਰਮ ਵੀ ਬਣੇਗਾ ਹਥਿਆਰ?

ਪੰਜਾਬ ਵਿਧਾਨ ਸਭਾ ਚੋਣਾਂ ਲਈ ਹੁਣ ਸਿਰਫ਼ ਇੱਕ ਸਾਲ ਬਚਿਆ ਹੈ। ਸਿਆਸੀ ਪਾਰਟੀਆਂ, ਖਾਸ ਕਰ ਕੇ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਨੇ ਇਨ੍ਹਾਂ ਚੋਣਾਂ ਲਈ ਧਰਮ ਦੀ ਵਰਤੋਂ ਖੁੱਲ੍ਹ ਕੇ ਕਰਨੀ ਸ਼ੁਰੂ ਕਰ ਦਿੱਤੀ ਹੈ। ਕਾਂਗਰਸ ਭਾਵੇਂ ਸੈਕੂਲਰ ਪਾਰਟੀ ਅਤੇ ਸੈਕੂਲਰਵਾਦ ਦੀ ਪਹਿਰੇਦਾਰ ਹੋਣ ਦਾ ਦਾਅਵਾ ਕਰਦੀ ਹੈ, ਪਰ ਜਿਸ ਢੰਗ ਨਾਲ ਕੈਪਟਨ

**ਕੇ.ਐੱਸ. ਚਾਵਲਾ**

ਅਮਰਿੰਦਰ ਸਿੰਘ ਨੇ ਆਪਣੀ 'ਤਾਜਪੋਸ਼ੀ' ਲਈ ਹੋਈ ਬਠਿੰਡਾ ਰੈਲੀ ਦੌਰਾਨ ਗੁਰਬਾਣੀ ਦਾ ਗੁਟਕਾ ਆਪਣੇ ਮੱਥੇ ਨਾਲ ਲਾ ਕੇ ਪੰਜਾਬ ਵਿਚੋਂ ਨਸ਼ਿਆਂ ਦਾ ਕਾਰੋਬਾਰ ਚਾਰ ਹਫ਼ਤਿਆਂ ਦੇ ਅੰਦਰ ਬੰਦ ਕਰਨ ਦਾ ਵਾਅਦਾ ਕੀਤਾ, ਉਹ ਸਨਸਨੀਖੇਜ਼ ਸੀ। ਅਮਰਿੰਦਰ ਸਿੰਘ ਅਤੀਤ ਵਿਚ ਵੀ ਅਕਾਲੀਆਂ ਵਾਲਾ ਏਜੰਡਾ ਆਪ ਸਾਂਭ ਲੈਣ ਲਈ ਜਾਣੇ ਜਾਂਦੇ ਹਨ। ਉਹ ਕਿਉਂਕਿ ਖੁਦ ਸਿਖ ਹਨ, ਇਸ ਲਈ ਸਿੱਖੀ ਨਾਲ ਜੁੜੇ ਮਾਮਲਿਆਂ ਵਿਚ ਅਕਾਲੀਆਂ ਦੇ ਹਰ ਦਾਅ-ਪੇਚ ਦਾ ਟਾਕਰਾ ਕਰਨ ਦੇ ਸਮਰਥ ਹਨ। ਮੁੱਖ ਮੰਤਰੀ ਵਜੋਂ ਆਪਣੇ ਕਾਰਜਕਾਲ ਦੌਰਾਨ ਉਨ੍ਹਾਂ ਨੇ ਵਿਧਾਨ ਸਭਾ ਪਾਸੋਂ ਦਰਿਆਈ ਪਾਣੀਆਂ ਬਾਰੇ ਸਾਰੇ ਸਮਝੌਤੇ ਰੱਦ ਕਰਵਾ ਕੇ ਅਕਾਲੀਆਂ ਤੋਂ ਇਹ ਅਹਿਮ ਮੁੱਦਾ ਖੋਹ ਲਿਆ ਸੀ। ਇਹ ਸਹੀ ਹੈ ਕਿ ਉਸ ਕਾਰਵਾਈ ਕਾਰਨ ਉਨ੍ਹਾਂ ਨੇ ਕਾਂਗਰਸ ਹਾਈ ਕਮਾਂਡ ਦੀ ਨਾਰਾਜ਼ਗੀ ਸਹੇੜ ਲਈ ਸੀ, ਪਰ ਉਨ੍ਹਾਂ ਦੀ ਦੀਦਾ-ਦਲੇਰੀ ਨੂੰ ਪੰਜਾਬੀਆਂ ਨੇ ਖੂਬ ਸਰਾਹਿਆ ਸੀ। ਹੁਣ ਫਿਰ ਉਨ੍ਹਾਂ ਵੱਲੋਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਥਕ ਮੁੱਦੇ ਉਠਾਏ ਜਾਣਾ ਸੰਭਵ ਜਾਪਦਾ ਹੈ।

ਹੁਕਮਰਾਨ ਸ਼੍ਰੋਮਣੀ ਅਕਾਲੀ ਦਲ, ਜੋ ਵਿਧਾਨ ਸਭਾ ਤੇ ਲੋਕ ਸਭਾ ਚੋਣਾਂ ਸੈਕੂਲਰ ਆਧਾਰ 'ਤੇ ਲੜਨ ਦਾ ਦਾਅਵਾ ਕਰਦਾ ਹੈ, ਨੇ ਚੋਣਾਂ ਜਿੱਤਣ ਲਈ ਸਿਖ ਧਰਮ ਦੀ ਵਰਤੋਂ ਹਮੇਸ਼ਾ ਕੀਤੀ ਹੈ। ਇਸ ਵਾਰ ਵੀ ਉਸ ਨੇ ਕਾਂਗਰਸ ਤੇ ਆਮ ਆਦਮੀ ਪਾਰਟੀ (ਆਪ) ਨੂੰ ਮਾਤ ਦੇਣ ਲਈ ਹੋਰਨਾਂ ਪ੍ਰਬੰਧਾਂ ਤੋਂ ਇਲਾਵਾ ਧਾਰਮਿਕ ਉਪਬੰਦ ਭਰਵੇਂ ਕੀਤੇ ਹਨ। ਅਕਾਲੀ ਦਲ ਦੀ ਖੁਸ਼ਕਿਸਮਤੀ ਵੀ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਦਾ 350ਵਾਂ ਪ੍ਰਕਾਸ਼ ਪੁਰਬ ਜਨਵਰੀ 2017 ਵਿਚ ਪੈਂਦਾ ਹੈ। ਅਕਾਲੀ ਦਲ ਨੇ ਇਸ ਨੂੰ ਮਨਾਉਣ ਲਈ ਵਿਆਪਕ ਪੱਧਰ 'ਤੇ ਪ੍ਰੋਗਰਾਮ ਉਲੀਕੇ ਹਨ। ਭਾਵੇਂ ਡੇਰਾ ਮੁਖੀ ਮੁਆਫ਼ੀ ਵਿਵਾਦ ਅਤੇ ਬਰਗਾੜੀ ਤੇ ਬਹਿਬਲ ਕਲਾਂ ਕਾਂਡਾਂ ਕਾਰਨ ਅਕਾਲੀ ਦਲ ਦੇ ਧਰਮਪ੍ਰਸਤ ਪਾਰਟੀ ਵਾਲੇ ਅਕਸ ਨੂੰ ਭਾਰੀ ਧੱਕਾ ਲੱਗਿਆ ਹੈ, ਫਿਰ ਵੀ ਅਕਾਲੀ ਦਲ ਹੁਣ ਧਾਰਮਿਕ ਅਨੁਸ਼ਠਾਨਾਂ ਰਾਹੀਂ ਇਹ ਸਾਖ ਬਹਾਲ ਕਰਨ ਦੇ ਭਰਪੂਰ ਯਤਨ ਕਰ ਰਿਹਾ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਪਟਨਾ ਵਿਖੇ ਮਿਲ ਕੇ ਪਟਨਾ ਸਾਹਿਬ ਵਿਖੇ 350 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਬਾਰੇ ਉਨ੍ਹਾਂ ਨੂੰ ਜਾਣਕਾਰੀ ਦੇ ਚੁੱਕੇ ਹਨ ਅਤੇ ਉਨ੍ਹਾਂ ਤੋਂ ਸਹਿਯੋਗ ਵੀ ਮੰਗ ਚੁੱਕੇ ਹਨ। ਦਸਵੇਂ ਗੁਰੂ ਨੇ ਪਟਨਾ ਸਾਹਿਬ ਵਿਖੇ ਅਵਤਾਰ ਧਾਰਿਆ ਸੀ। ਇਸੇ ਲਈ ਸਮਾਗਮਾਂ ਦਾ ਕੇਂਦਰ ਉਹ ਅਸਥਾਨ ਰਹੇਗਾ। ਮੁੱਖ ਮੰਤਰੀ ਨੇ ਇਨ੍ਹਾਂ ਸਮਾਗਮਾਂ ਲਈ 100 ਕਰੋੜ ਰੁਪਏ ਦੀ ਰਕਮ ਨੂੰ ਮਨਜ਼ੂਰੀ ਦਿੱਤੀ ਹੈ ਅਤੇ ਐਲਾਨ ਕੀਤਾ ਹੈ ਕਿ ਇਸ ਰਕਮ ਨੂੰ ਸਾਲ 2016-17 ਦੇ ਸੂਬਾਈ ਬਜਟ ਦਾ ਹਿੱਸਾ ਬਣਾਇਆ ਜਾਵੇਗਾ।

ਸੀਨੀਅਰ ਤੇ ਜੂਨੀਅਰ ਬਾਦਲ ਸੜਕੀ ਆਵਾਜਾਈ ਮੰਤਰੀ ਨਿਤਿਨ ਗਡਕਰੀ ਅਤੇ ਰੇਲ ਮੰਤਰੀ ਸੁਰੇਸ਼ ਪ੍ਰਭੂ ਸਮੇਤ ਕਈ ਕੇਂਦਰੀ ਮੰਤਰੀਆਂ ਨੂੰ ਮਿਲ ਚੁੱਕੇ ਹਨ ਤਾਂ ਜੋ ਜਨਵਰੀ 2017 ਵਿਚ ਪਟਨਾ ਸਾਹਿਬ ਵੱਲ ਸੜਕੀ ਆਵਾਜਾਈ ਸੁਵਿਧਾਜਨਕ ਬਣਾਈ ਜਾ ਸਕੇ ਅਤੇ ਵਿਸ਼ੇਸ਼ ਰੇਲ ਗੱਡੀਆਂ ਵੀ ਚਲਾਈਆਂ ਜਾ ਸਕਣ। ਪੰਜਾਬ ਸਰਕਾਰ ਦੀ 'ਮੁੱਖ ਮੰਤਰੀ ਤੀਰਥ ਦਰਸ਼ਨ ਯਾਤਰਾ' ਵੀ ਵੋਟਰਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਵੋਟਾਂ ਵਿਚ ਭੁਨਾਉਣ ਦਾ ਇੱਕ ਹੀਲਾ ਮੰਨਿਆ ਰਿਹਾ ਹੈ। ਰਾਜ ਸਰਕਾਰ ਨਾ ਸਿਰਫ਼ ਇਹ ਯਾਤਰਾਵਾਂ ਮੁਫ਼ਤ ਕਰਵਾ ਰਹੀ ਹੈ ਸਗੋਂ ਯਾਤਰੀਆਂ ਦੀ ਖਾਧ-ਖੁਰਾਕ ਤੇ ਠਹਿਰਨ ਦਾ ਖਰਚ ਵੀ ਖੁਦ ਚੁੱਕ ਰਹੀ ਹੈ। ਜ਼ਿਲ੍ਹਾ ਅਧਿਕਾਰੀਆਂ ਨੂੰ ਹੁਣ ਯਾਤਰੀਆਂ ਦੀ ਰਜਿਸਟਰੇਸ਼ਨ ਅਤੇ ਸੁੱਖ ਸਹੂਲਤਾਂ ਮੁਹੱਈਆ ਕਰਨ ਦੇ ਕੰਮ ਲਾਇਆ ਹੋਇਆ ਹੈ। ਮਾਲੀ ਸੰਕਟ ਨਾਲ ਜੂਝ ਰਹੀ ਰਾਜ ਸਰਕਾਰ ਕੋਲ ਹੋਰ ਜ਼ਰੂਰੀ ਕੰਮਾਂ ਲਈ ਫੰਡ ਹੋਣ ਜਾਂ ਨਾ ਹੋਣ, ਧਾਰਮਿਕ ਯਾਤਰਾਵਾਂ ਲਈ ਫੰਡਾਂ ਦੀ ਘਾਟ ਨਹੀਂ ਰਹਿਣ ਦਿੱਤੀ ਜਾ ਰਹੀ। ਇਹ ਕਹਿਣਾ ਮੁਸ਼ਕਿਲ ਹੈ ਕਿ ਇਹ ਯਾਤਰਾਵਾਂ ਤੇ ਹੋਰ ਧਾਰਮਿਕ ਪ੍ਰੋਗਰਾਮ, ਸਰਕਾਰ ਖ਼ਿਲਾਫ਼ ਚੱਲ ਰਹੇ ਲੋਕ ਰੋਹ ਨੂੰ ਮੋੜਾ ਦੇ ਸਕਣਗੇ ਜਾਂ ਨਹੀਂ, ਪਰ ਦੋਵੇਂ ਬਾਦਲ ਆਪਣੀ ਥਾਂ ਪੂਰਾ ਜ਼ੋਰ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੁਨਾਉਣ 'ਤੇ ਲਾ ਰਹੇ ਹਨ।




ਫਤਿਹਗੜ੍ਹ ਸਾਹਿਬ ਸ਼ਹੀਦੀ ਜੋੜ ਮੇਲ ਮੌਕੇ ਸਿਆਸੀ ਪਾਰਟੀਆਂ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਅਕੀਦਤ ਪੇਸ਼ ਕਰਨ ਦੀ ਥਾਂ ਆਪਣੀਆਂ ਕਾਨਫਰੰਸਾਂ ਨੂੰ ਸਿਆਸੀ ਅਖਾੜਿਆਂ ਵਿਚ ਬਦਲ ਦਿੱਤਾ ਸੀ। ਹੁਣ ਮੁਕਤਸਰ ਵਿਚ ਮਾਘੀ ਮੇਲੇ ਮੌਕੇ ਫਿਰ ਕਾਨਫਰੰਸਾਂ ਦੀ ਤਿਆਰੀ ਕੀਤੀ ਜਾ ਰਹੀ ਹੈ। ਅਕਾਲੀ ਦਲ, ਕਾਂਗਰਸ ਤੇ ਆਮ ਆਦਮੀ ਪਾਰਟੀ (ਆਪ) ਉਥੇ ਰਿਕਾਰਡ ਇਕੱਠ ਕਰਨ ਦੇ ਦਾਅਵੇ ਕਰ ਰਹੇ ਹਨ। ਜ਼ਾਹਿਰ ਹੈ ਕਿ ਉਥੇ ਫਿਰ ਧਰਮ ਨੂੰ ਸਿਆਸਤ ਲਈ ਰਿੜਕਿਆ ਜਾਵੇਗਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਨੂੰ ਸਿੱਖਾਂ ਦੀ ਪਾਰਲੀਮੈਂਟ ਵੀ ਕਿਹਾ ਜਾਂਦਾ ਹੈ। ਇਸ ਦਾ ਕੰਟਰੋਲ ਹੁਕਮਰਾਨ ਅਕਾਲੀ ਦਲ ਦੇ ਹੱਥ ਹੈ। ਇਸ ਦੀਆਂ ਚੋਣਾਂ ਵਿਚ ਅਕਾਲੀ ਉਮੀਦਵਾਰ ਅਕਾਲੀ ਦਲ ਦੇ ਅਧਿਕਾਰਤ ਚੋਣ ਚਿੰਨ੍ਹ, 'ਤੱਕੜੀ' ਉਤੇ ਹੀ ਚੋਣ ਲੜਦੇ ਹਨ। ਇਸੇ ਚੋਣ ਨਿਸ਼ਾਨ 'ਤੇ ਅਕਾਲੀ ਦਲ ਵਿਧਾਨ ਸਭਾ ਤੇ ਲੋਕ ਸਭਾ ਚੋਣਾਂ ਜਿੱਤਦਾ ਹੈ। ਅਕਾਲੀ ਦਲ ਆਪਣੇ ਆਪ ਨੂੰ ਸੈਕੂਲਰ ਪਾਰਟੀ ਦੱਸਦਾ ਹੈ, ਪਰ ਨਾਲ ਹੀ ਸਿੱਖ ਭਾਈਚਾਰੇ ਦਾ ਪ੍ਰਤੀਨਿਧ ਹੋਣ ਦਾ ਦਾਅਵਾ ਕਰਦਾ ਹੈ। ਜ਼ਾਹਰਾ ਤੌਰ 'ਤੇ ਇਹ ਦੋਗਲਾਪਣ ਜਾਪਦਾ ਹੈ, ਪਰ ਪੰਜਾਬ ਦੀ ਰਾਜਨੀਤੀ ਪੰਜ ਦਹਾਕਿਆਂ ਤੋਂ ਇਸੇ ਤਰ੍ਹਾਂ ਤੁਰੀ ਆ ਰਹੀ ਹੈ। ਉਂਜ ਵੀ, ਸ਼੍ਰੋਮਣੀ ਕਮੇਟੀ ਹੁਕਮਰਾਨ ਅਕਾਲੀ ਦਲ ਦੇ ਧਾਰਮਿਕ ਵਿੰਗ ਵਜੋਂ ਕੰਮ ਕਰਦੀ ਆ ਰਹੀ ਹੈ। ਇਸ ਦੀ ਇਸ ਭੂਮਿਕਾ ਨੂੰ ਸਿੱਖ ਭਾਈਚਾਰਾ ਪਿਛਲੇ ਕੁਝ ਦਹਾਕਿਆਂ ਤੋਂ ਸਹਾਰਦਾ ਆ ਰਿਹਾ ਸੀ, ਪਰ ਹੁਣ ਇਸ ਖ਼ਿਲਾਫ਼ ਵੀ ਰੋਸ ਪ੍ਰਚੰਡ ਹੋਣ ਲੱਗਾ ਹੈ। ਕਮੇਟੀ ਦਾ ਕੰਮ ਕਾਜ ਵੀ ਅਜਿਹਾ ਹੈ ਕਿ ਇਹ ਆਜ਼ਾਦਾਨਾ ਹੋਂਦ ਦਰਸਾ ਨਹੀਂ ਰਹੀ। ਵੱਡੇ ਬਾਦਲ ਇਸ ਦੇ ਕੰਮ ਵਿਚ ਦਖ਼ਲ ਨਾ ਦੇਣ ਦੇ ਚਾਹੇ ਕਿੰਨੇ ਦਾਅਵੇ ਕਿਉਂ ਨਾ ਕਰ ਲੈਣ, ਛੋਟੇ ਬਾਦਲ ਦੇ ਦਖ਼ਲ ਦੇ ਸੰਕੇਤ ਲਗਾਤਾਰ ਮਿਲਦੇ ਆ ਰਹੇ ਹਨ। ਇਹ ਭੂਮਿਕਾ ਪੰਥਕ ਹਲਕਿਆਂ ਵਿਚ ਨਾਖੁਸ਼ੀ ਵਧਾ ਰਹੀ ਹੈ। ਅਕਾਲੀ ਦਲ ਪਿਛਲੇ ਲਗਾਤਾਰ 9 ਸਾਲਾਂ ਤੋਂ ਰਾਜ ਕਰਦਾ ਆ ਰਿਹਾ ਹੈ। ਜਿਸ ਕਿਸਮ ਦੀ ਸੱਤਾ-ਵਿਰੋਧੀ ਹਵਾ ਇਸ ਸਮੇਂ ਉਸ ਖ਼ਿਲਾਫ਼ ਝੁਲ ਰਹੀ ਹੈ, ਉਸ ਨੂੰ ਦੇਖ ਕੇ ਇਹ ਅੰਦਾਜ਼ਾ ਲਾਉਣਾ ਮੁਸ਼ਕਲ ਹੈ ਕਿ ਧਾਰਮਿਕ ਪ੍ਰੋਗਰਾਮ ਵੋਟਾਂ ਹਾਸਲ ਕਰਨ ਪੱਖੋਂ ਉਸ ਦੇ ਕੰਮ ਆਉਣਗੇ ਜਾਂ ਨਹੀਂ ਜਾਂ ਕਿੰਨੇ ਕੁ ਕੰਮ ਆਉਣਗੇ।

ਕੈਪਟਨ ਅਮਰਿੰਦਰ ਸਿੰਘ ਧਾਰਮਿਕ ਮੁਹਾਜ਼ 'ਤੇ ਅਕਾਲੀਆਂ ਨੂੰ ਟੱਕਰ ਦੇਣ ਪੱਖੋਂ ਪਿੱਛੇ ਨਹੀਂ ਰਹਿਣ ਵਾਲੇ। ਉਨ੍ਹਾਂ ਦੇ ਪਰਿਵਾਰ ਕੋਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤਰ ਤੇ ਹੋਰ ਨਿਸ਼ਾਨੀਆਂ ਮੌਜੂਦ ਹਨ। ਲੋੜ ਪੈਣ 'ਤੇ ਇਨ੍ਹਾਂ ਦੀ ਵਰਤੋਂ ਕਰਨ ਦੀ ਸੰਭਾਵਨਾ ਨੂੰ ਕੈਪਟਨ ਦੇ ਸਹਿਯੋਗੀ ਰੱਦ ਨਹੀਂ ਕਰ ਸਕਦੇ।

ਪੰਜਾਬ ਕਾਂਗਰਸ ਦੇ ਤਰਜਮਾਨ ਸੁਖਪਾਲ ਸਿੰਘ ਖਹਿਰਾ ਦੀ 'ਆਪ' ਵਿਚ ਸ਼ਮੂਲੀਅਤ ਸਦਕਾ 'ਆਪ' ਨੂੰ ਅਜਿਹਾ ਆਗੂ ਮਿਲ ਗਿਆ ਹੈ ਜੋ ਜੁਝਾਰੂ ਹੈ ਅਤੇ ਤਿੱਖੇ ਸ਼ਬਦ-ਬਾਣ ਚਲਾਉਣ ਤੋਂ ਨਹੀਂ ਝਿਜਕਦਾ। ਖਹਿਰਾ ਦੀ 'ਦਲ ਬਦਲੀ' ਬਾਰੇ ਕਾਂਗਰਸ ਤੇ ਅਕਾਲੀ ਦਲ ਦੀ ਪ੍ਰਤੀਕਿਰਿਆ ਬਹੁਤ ਤਿੱਖੀ ਰਹੀ ਹੈ। 'ਆਪ' ਅਗਲੇ ਦਿਨਾਂ ਵਿਚ ਇਸ ਆਗੂ ਦੀ ਵਰਤੋਂ ਕਿਵੇਂ ਕਰਦੀ ਹੈ, ਇਹ ਵੀ ਦੇਖਣ ਵਾਲੀ ਗੱਲ ਹੋਵੇਗੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ 'ਚ ਆਮ ਆਦਮੀ ਪਾਰਟੀ ਦੀ ਹਮਾਇਤ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਪਿੰਡਾਂ ਅਤੇ ਸੋਸ਼ਲ ਮੀਡੀਆ ਵਿਚ ਇਸ ਦੇ ਹੱਕ ਵਿਚ 'ਹਵਾ' ਚੱਲ ਰਹੀ ਹੈ। ਪਰ ਵਿਧਾਨ ਸਭਾ ਚੋਣਾਂ ਜਿੱਤਣ ਲਈ 'ਆਪ' ਨੂੰ ਪਹਿਲਾਂ ਆਪਣੀ ਅੰਦਰੂਨੀ ਫੁੱਟ ਦੂਰ ਕਰਨੀ ਪਵੇਗੀ। ਜਦੋਂ ਤਕ ਉਸ ਦਾ ਆਪਣਾ ਘਰ ਕਲਹਿ-ਮੁਕਤ ਨਹੀਂ ਹੁੰਦਾ, ਉਦੋਂ ਤਕ ਉਸ ਨੂੰ ਸੱਤਾ ਨਸੀਬ ਨਹੀਂ ਹੋਵੇਗੀ।

ਕੁੱਲ ਮਿਲਾ ਕੇ ਅਗਲੇ ਦਿਨਾਂ ਦੌਰਾਨ ਪੰਜਾਬ ਵਿਚ ਧਾਰਮਿਕ ਪੱਤੇ ਤੋਂ ਇਲਾਵਾ ਵੋਟਰਾਂ ਦੇ ਮਨ ਜਿੱਤਣ ਲਈ ਹੋਰ ਕਈ ਪੱਤੇ ਵੀ ਖੇਡੇ ਜਾਣਗੇ। ਧਰਮ ਨੇ ਪੰਜਾਬ ਵਿਚ ਚੋਣਾਂ ਦੌਰਾਨ ਹਮੇਸ਼ਾਂ ਅਹਿਮ ਭੂਮਿਕਾ ਨਿਭਾਈ ਹੈ। ਹੁਣ ਦੇਖਣਾ ਇਹ ਹੈ ਕਿ 2017 ਵਿਚ ਵੋਟਰ ਅਜਿਹੀਆਂ ਵਲਗਣਾਂ ਤੋਂ ਉੱਚਾ ਉਠੇਗਾ ਜਾਂ ਨਹੀਂ।

# ਪਠਾਨਕੋਟ ਕਾਂਡ ਅਤੇ ਜੈਸ਼-ਏ-ਮੁਹੰਮਦ ਦੀ ਵਾਪਸੀ

ਪਠਾਨਕੋਟ ਦਹਿਸ਼ਤੀ ਹਮਲੇ ਨੇ ਪਾਕਿਸਤਾਨ ਆਧਾਰਿਤ ਦਹਿਸ਼ਤੀ ਗਰੁੱਪ ਜੈਸ਼-ਏ-ਮੁਹੰਮਦ ਦੀ ਮਾਰੂ ਸਮਰੱਥਾ ਨੂੰ ਜੱਗ-ਜ਼ਾਹਿਰ ਕਰ ਦਿੱਤਾ ਹੈ। ਇਹ ਉਹ ਗਰੁੱਪ ਹੈ ਜਿਸ ਨੂੰ ਸੰਯੁਕਤ ਰਾਸ਼ਟਰ ਨੇ ਬੈਨ ਕੀਤਾ ਹੋਇਆ ਹੈ। ਅਮਰੀਕਾ ਸਰਕਾਰ ਨੇ ਇਸ ਉਤੇ ਆਰਥਿਕ ਬੰਦਸ਼ਾਂ ਲਾਈਆਂ ਹੋਈਆਂ ਹਨ। ਭਾਰਤੀ ਵਿਦੇਸ਼ ਤੇ ਰੱਖਿਆ ਮੰਤਰਾਲਿਆਂ ਦੇ ਸੀਨੀਅਰ ਅਧਿਕਾਰੀ ਮਹਿਸੂਸ ਕਰਦੇ ਹਨ ਕਿ ਜੈਸ਼ ਉਹ

**ਜਸਕੀਰਤ ਸਿੰਘ**

ਜਥੇਬੰਦੀ ਹੈ ਜਿਸ ਦੇ ਖ਼ਿਲਾਫ਼ ਪਾਕਿਸਤਾਨ ਆਪਣੇ ਤੌਰ 'ਤੇ ਕਾਰਵਾਈ ਕਰ ਸਕਦਾ ਹੈ ਅਤੇ ਜੇ ਕਾਰਵਾਈ ਨਹੀਂ ਵੀ ਕਰਦਾ ਤਾਂ ਜਾਂਚ-ਪੜਤਾਲ ਵਿਚ ਸਹਿਯੋਗ ਦੇ ਕੇ ਦੁਵੱਲੀ ਗੱਲਬਾਤ ਦਾ ਅਮਲ ਜਾਰੀ ਰੱਖਣ ਦਾ ਰਾਹ ਆਸਾਨ ਬਣਾ ਸਕਦਾ ਹੈ।

ਜੈਸ਼-ਏ-ਮੁਹੰਮਦ ਦੀ ਸਥਾਪਨਾ ਸਾਲ 2000 ਵਿਚ ਮੌਲਾਨਾ ਮਸੂਦ ਅਜ਼ਹਰ ਨੇ ਕੀਤੀ ਸੀ। ਇਹ ਉਹ ਅਤਿਵਾਦੀ ਸਰਗਨਾ ਸੀ ਜਿਸ ਨੂੰ ਸਾਲ 1999 ਦੇ ਆਖ਼ਰੀ ਦਿਨ ਵਾਜਪਾਈ ਸਰਕਾਰ ਨੇ ਇੰਡੀਅਨ ਏਅਰਲਾਈਨਜ਼ ਦੇ ਅਗਵਾ ਜਹਾਜ਼ ਦੇ ਮੁਸਾਫ਼ਰਾਂ ਦੇ ਅਮਲੇ ਦੀ ਰਿਹਾਈ ਬਦਲੇ, ਦੋ ਹੋਰ ਅਤਿਵਾਦੀਆਂ ਨਾਲ ਕੰਧਾਰ ਵਿਚ ਤਾਲਿਬਾਨ ਸਰਕਾਰ ਦੇ ਹਵਾਲੇ ਕੀਤਾ ਸੀ। ਅਜ਼ਹਰ ਨੂੰ ਤਾਲਿਬਾਨ ਨੇ ਕੰਧਾਰ ਤੋਂ ਕੋਇਟਾ (ਬਲੋਚਿਸਤਾਨ) ਭੇਜ ਦਿੱਤਾ ਸੀ। ਅਜ਼ਹਰ ਪਹਿਲਾਂ ਹਰਕਤ-ਉਲ-ਮੁਜਾਹਿਦੀਨ ਨਾਲ ਜੁੜਿਆ ਹੋਇਆ ਸੀ, ਪਰ ਰਿਹਾਈ ਮਗਰੋਂ ਉਸ ਨੇ ਆਪਣੀ ਵੱਖਰੀ ਜਥੇਬੰਦੀ ਖੜ੍ਹੀ ਕਰਨ ਦਾ ਫ਼ੈਸਲਾ ਕੀਤਾ। ਜੈਸ਼ ਦੀ ਹੋਂਦ ਦਾ ਪਤਾ 17 ਸਾਲਾ ਸਕੂਲੀ ਮੁੰਡੇ ਆਫ਼ਾਕ ਅਹਿਮਦ ਵੱਲੋਂ ਵਿਸਫੋਟਾਂ ਨਾਲ ਭਰੀ ਮਾਰੂਤੀ ਕਾਰ ਸ੍ਰੀਨਗਰ ਵਿਚ ਥਲ ਸੈਨਾ ਦੀ 15ਵੀਂ ਕੋਰ ਦੇ ਹੈੱਡਕੁਆਰਟਰ ਦੇ ਗੇਟ ਵਿਚ ਲਿਆ ਮਾਰਨ ਦੀ ਘਟਨਾ ਤੋਂ ਲੱਗਿਆ। ਜੈਸ਼ ਨੇ ਇਸ ਘਟਨਾ ਦੀ ਜ਼ਿੰਮੇਵਾਰੀ ਲਈ। ਜੈਸ਼ ਅਨੁਸਾਰ ਇਸ ਘਟਨਾ ਦਾ ਮਨੋਰਥ ਕਸ਼ਮੀਰ ਨੂੰ ਕੌਮਾਂਤਰੀ ਜਹਾਦ ਦੇ ਨਕਸ਼ੇ ਤੇ ਏਜੰਡੇ ਉਤੇ ਲਿਆਉਣਾ ਸੀ।

ਲਸ਼ਕਰ-ਏ-ਤੋਇਬਾ ਤੇ ਜੈਸ਼-ਏ-ਮੁਹੰਮਦ ਭਾਵੇਂ ਤਾਲਿਬਾਨ ਦੀ ਸਰਪ੍ਰਸਤੀ ਦੀ ਹੀ ਪੈਦਾਇਸ਼ ਹਨ, ਫਿਰ ਵੀ ਭਾਰਤੀ ਸੁਰੱਖਿਆ ਬਲਾਂ ਵੱਲੋਂ ਜੈਸ਼ ਨੂੰ ਵੱਧ ਖ਼ਤਰਨਾਕ ਮੰਨਿਆ ਜਾਂਦਾ ਸੀ। ਇਸ ਦੀ ਵਜ੍ਹਾ ਹੈ ਕਿ ਇਹ ਜਥੇਬੰਦੀ ਆਤਮਘਾਤੀ ਮਿਸ਼ਨਾਂ ਵਿਚ ਯਕੀਨ ਰੱਖਦੀ ਹੈ ਜਦੋਂ ਕਿ ਲਸ਼ਕਰ ਦੇ ਕਾਰਕੁਨ ਖ਼ੁਦਕੁਸ਼ੀ ਸਿਰਫ਼ ਉਦੋਂ ਕਰਦੇ ਹਨ ਜਦੋਂ ਕੋਈ ਚਾਰਾ ਹੀ ਨਾ ਰਹੇ। ਅਮਰੀਕਾ ਵਿਚ 9/11 ਦੇ ਕਾਂਡ ਮਗਰੋਂ ਪਾਕਿਸਤਾਨ ਨੂੰ ਵੀ ਦਹਿਸ਼ਤ ਖ਼ਿਲਾਫ਼ ਕੌਮਾਂਤਰੀ ਜੰਗ ਵਿਚ ਸ਼ਾਮਲ ਹੋਣਾ ਪਿਆ ਅਤੇ ਤਾਲਿਬਾਨ ਖ਼ਿਲਾਫ਼ ਕਾਰਵਾਈ ਕਰਨੀ ਪਈ। ਇਸ ਕਾਰਨ ਲਸ਼ਕਰ ਤੇ ਜੈਸ਼, ਪਾਕਿਸਤਾਨ ਸਰਕਾਰ ਖ਼ਿਲਾਫ਼ ਹੋ ਗਈਆਂ। ਹਾਲਾਂਕਿ ਜੈਸ਼ ਨੇ ਪਾਕਿਸਤਾਨੀ ਫ਼ੌਜ ਉਤੇ ਕੋਈ ਹਮਲਾ ਨਹੀਂ ਕੀਤਾ, ਪਰ ਭਾਰਤ ਵਿਚ ਇਸ ਦੇ ਹਮਲੇ ਇੰਨੇ ਖ਼ਤਰਨਾਕ ਹੋ ਗਏ ਕਿ ਦੋਵਾਂ ਦੇਸ਼ਾਂ ਦਰਮਿਆਨ ਜੰਗ ਦਾ ਖ਼ਤਰਾ ਮੰਡਰਾਉਣ ਲੱਗਾ। ਪਹਿਲਾਂ ਇਸ ਨੇ ਜੰਮੂ ਕਸ਼ਮੀਰ ਵਿਧਾਨ ਸਭਾ ਉਤੇ ਹਮਲਾ ਕੀਤਾ ਜਿਸ ਵਿਚ 23 ਸਿਵਲੀਅਨ ਮਾਰੇ ਗਏ। ਇਸ ਤੋਂ ਪੂਰੀ ਵਾਦੀ ਵਿਚ ਰੋਹ ਫੈਲ ਗਿਆ। ਹੁਰੀਅਤ ਤੇ ਹੋਰ ਵੱਖਵਾਦੀ ਆਗੂਆਂ ਨੇ ਹਮਲੇ ਨੂੰ ਭਾਰਤੀ ਖ਼ੁਫ਼ੀਆ ਏਜੰਸੀਆਂ ਦਾ ਕਾਰਾ ਦੱਸਿਆ, ਪਰ ਜੈਸ਼ ਨੇ ਹਮਲੇ ਤੋਂ ਕੁਝ ਘੰਟਿਆਂ ਬਾਅਦ ਜ਼ਿੰਮੇਵਾਰੀ ਲੈਂਦਿਆਂ ਸਿਵਲੀਅਨਾਂ ਦੇ ਮਾਰੇ ਜਾਣ 'ਤੇ ਅਫ਼ਸੋਸ ਪ੍ਰਗਟਾਇਆ। ਨਾਲ ਹੀ ਕਿਹਾ ਕਿ ਅਜਿਹੀਆਂ ਮੌਤਾਂ ਟਾਲੀਆਂ ਨਹੀਂ ਜਾ ਸਕਦੀਆਂ।

ਪਾਕਿਸਤਾਨ ਵਿਚ ਜੈਸ਼ ਦੀਆਂ ਸਰਗਰਮੀਆਂ ਦਾ ਮੁਜ਼ਾਹਰਾ 2003 ਵਿਚ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ਼ ਉੱਪਰ ਦੋ ਹਮਲਿਆਂ ਰਾਹੀਂ ਹੋਇਆ। ਹਮਲਿਆਂ ਵਿਚ ਮੁਸ਼ੱਰਫ਼ ਬਚ ਗਏ, ਪਰ ਜੈਸ਼ ਖ਼ਿਲਾਫ਼ ਸਖ਼ਤੀ ਬਹੁਤ ਵਧ ਗਈ। ਇਸ 'ਤੇ ਇਸ ਜਥੇਬੰਦੀ ਨੇ ਆਪਣੇ ਅੱਡੇ ਕਸ਼ਮੀਰ ਵਾਦੀ ਵਿਚ ਤਬਦੀਲ ਕਰਨ ਦਾ ਫ਼ੈਸਲਾ ਕੀਤਾ। ਇਸ ਦੀ ਸੂਹ ਭਾਰਤੀ ਖ਼ੁਫ਼ੀਆ ਏਜੰਸੀਆਂ ਨੂੰ ਮਿਲ ਗਈ। ਇਹ ਵੀ ਕਿਹਾ ਜਾਂਦਾ ਹੈ ਕਿ ਸੂਹ, ਪਾਕਿਸਤਾਨੀ ਏਜੰਸੀਆਂ ਨੇ ਹੀ ਭਾਰਤੀ ਏਜੰਸੀਆਂ ਨੂੰ ਦਿੱਤੀ ਜਿਨ੍ਹਾਂ ਨੇ ਲੋਲਾਬ ਵਿਚ ਜੁੜੇ ਜੈਸ਼ ਦੇ ਸਾਰੇ ਕਾਰਕੁਨਾਂ ਦਾ ਸਫ਼ਾਇਆ ਕਰ ਦਿੱਤਾ। ਇਸ ਮਗਰੋਂ ਜੈਸ਼ ਨੂੰ ਕਸ਼ਮੀਰ ਵਿਚ ਆਪਣੇ ਪੈਰ ਟਿਕਾਉਣ ਲਈ ਕਈ ਵਰ੍ਹੇ ਲੱਗ ਗਏ।

ਜੈਸ਼ ਦੇ ਜਿਹੜੇ ਹੋਰ ਸਰਗਰਮ ਮੈਂਬਰ ਵਾਦੀ ਵਿਚ ਮਾਰੇ ਗਏ, ਉਨ੍ਹਾਂ ਵਿਚ ਸੱਜਾਦ ਅਫ਼ਗ਼ਾਨੀ, ਉਮਰ ਬਿਲਾਲ, ਕਾਰੀ ਯਾਸਿਰ, ਅਬਦੁਲ ਰਹਿਮਾਨ ਉਰਫ਼ ਛੋਟਾ ਬਰਮੀ ਅਤੇ 2001 ਵਿਚ ਪਾਰਲੀਮੈਂਟ ਉਪਰ ਹਮਲੇ ਦਾ ਮੁੱਖ ਸਾਜ਼ਿਸ਼ੀ ਗ਼ਾਜ਼ੀ ਬਾਬਾ ਸ਼ਾਮਲ ਸਨ। ਇਨ੍ਹਾਂ ਮੌਤਾਂ ਕਾਰਨ ਦਹਿਸ਼ਤੀ ਗੁੱਟਾਂ ਵਿਚ ਇਹ ਪ੍ਰਭਾਵ ਵਧ ਗਿਆ ਕਿ ਜੈਸ਼ ਵਿਚ ਸਭ ਤੋਂ ਵੱਧ ਭਾਰਤੀ ਸੂਹੀਏ ਘੁਸੇ ਹੋਏ ਹਨ। ਜੈਸ਼ ਨੇ ਕਸ਼ਮੀਰ ਬਾਰੇ ਵੱਖਰਾ ਅਤਿਵਾਦੀ ਗੁੱਟ ਖੜ੍ਹਾ ਕਰਨ ਦੀ ਕੋਸ਼ਿਸ਼ ਵੀ ਕੀਤੀ। ਇਸ ਦੀ ਕਮਾਨ ਅਲਤਾਫ਼ ਬਾਬਾ ਨੂੰ ਸੌਂਪੀ ਗਈ ਪਰ ਉਹ 2013 ਵਿਚ ਪੁਲਵਾਮਾ ਵਿਚ ਮਾਰਿਆ ਗਿਆ। ਇਸ ਵੇਲੇ ਕਸ਼ਮੀਰ ਵਾਦੀ ਵਿਚ ਜੈਸ਼ ਨਾਲ ਸਬੰਧਤ ਕੁਝ ਦਹਿਸ਼ਤੀ ਮੌਜੂਦ ਹਨ, ਪਰ ਇਸ ਨੂੰ ਉਥੇ ਬਹੁਤਾ ਸ਼ਕਤੀਸ਼ਾਲੀ ਨਹੀਂ ਮੰਨਿਆ ਜਾਂਦਾ। ਸ਼ਾਇਦ ਇਹ ਪ੍ਰਭਾਵ ਦੂਰ ਕਰਨ ਲਈ ਇਸ ਨੇ ਪਠਾਨਕੋਟ ਏਅਰਬੇਸ ਉਤੇ ਹਮਲੇ ਦਾ ਰਾਹ ਚੁਣਿਆ।

*ਅਜ਼ਹਰ ਨੇ ਰਿਹਾਈ ਮਗਰੋਂ ਹਰਕਤ-ਉਲ-ਮੁਜਾਹਿਦੀਨ ਵਿਚ ਦੁਫੇੜ ਪਾ ਕੇ ਜੈਸ਼-ਏ-ਮੁਹੰਮਦ ਖੜ੍ਹੀ ਕਰ ਲਈ। ਸ਼ੁਰੂ ਵਿਚ ਜੈਸ਼ ਨੂੰ ਪਾਕਿਸਤਾਨ ਸਦਰ ਪਰਵੇਜ਼ ਮੁਸ਼ੱਰਫ਼ ਤੋਂ ਭਰਵੀਂ ਇਮਦਾਦ ਮਿਲੀ, ਪਰ ਬਾਅਦ ਵਿਚ ਮੁਸ਼ੱਰਫ਼ ਨੇ ਹੀ ਇਸ ਜਥੇਬੰਦੀ ਦਾ ਜਿਉਣਾ ਹਰਾਮ ਕਰ ਦਿੱਤਾ। ਮੌਲਾਨਾ ਮਸੂਦ ਬਹੁਤ ਲੰਮੀ ਦੇਰ ਤਕ ਆਪਣੇ ਘਰ ਵਿਚ ਨਜ਼ਰਬੰਦ ਰਿਹਾ। ਹੁਣ ਪਿੱਛੇ ਜਹੇ ਉਹ ਕੁਝ ਸਰਗਰਮ ਹੋਇਆ ਹੈ।*

ਭਾਰਤ ਨੇ ਹੁਣ ਪਠਾਨਕੋਟ ਹਮਲੇ ਦੇ ਸਬੰਧ ਵਿਚ ਜੈਸ਼-ਏ-ਮੁਹੰਮਦ ਦੇ ਮੁਖੀ ਮੌਲਾਨਾ ਮਸੂਦ ਅਜ਼ਹਰ ਦੀ ਗ੍ਰਿਫ਼ਤਾਰੀ ਦੀ ਮੰਗ ਪਾਕਿਸਤਾਨ ਕੋਲੋਂ ਕੀਤੀ ਹੈ। 47 ਸਾਲਾਂ ਦਾ ਮਸੂਦ ਅਜ਼ਹਰ ਪਿਛਲੇ ਕਈ ਦਿਨਾਂ ਤੋਂ ਪਾਕਿਸਤਾਨੀ ਮੀਡੀਆ ਵਿਚ ਭਾਰਤ-ਵਿਰੋਧੀ ਪ੍ਰਚਾਰ ਵਿਚ ਮਸ਼ਗੂਲ ਸੀ, ਪਰ ਹੁਣ ਰੂਪੋਸ਼ ਹੋ ਗਿਆ ਹੈ। ਬਹਾਵਲਪੁਰ ਵਿਚ ਜਨਮੇ ਮਸੂਦ ਅਜ਼ਹਰ ਨੇ ਕਰਾਚੀ ਦੇ ਇੱਕ ਮਦਰੱਸੇ ਵਿਚ ਸਿੱਖਿਆ ਪ੍ਰਾਪਤ ਕੀਤੀ ਅਤੇ ਫਿਰ ਯੂਨੀਵਰਸਿਟੀ ਤੋਂ ਡਿਗਰੀ ਹਾਸਲ ਕਰ ਕੇ ਅਧਿਆਪਕ ਬਣ ਗਿਆ। ਮਦਰੱਸੇ ਵਿਚ ਰਹਿੰਦਿਆਂ ਹੀ ਉਸ ਨੂੰ ਮੁਜਾਹਿਦਾਂ ਵਾਲਾ ਜੀਵਨ ਜਿਉਣ ਲਈ ਪ੍ਰੇਰਿਆ ਗਿਆ ਅਤੇ ਹੌਲੀ ਹੌਲੀ ਉਹ ਹਰਕਤ-ਉਲ-ਮੁਜਾਹਿਦੀਨ ਵਿਚ ਸ਼ਾਮਲ ਹੋ ਗਿਆ। ਇਹ ਜਥੇਬੰਦੀ ਹਰਕਤ-ਉਲ-ਅਨਸਾਰ ਦਾ ਨਵਾਂ ਰੂਪ ਸੀ ਜੋ ਅਨਸਾਰ 'ਤੇ ਕੌਮਾਂਤਰੀ ਪਾਬੰਦੀ ਤੋਂ ਉਪਜਿਆ।

ਬਾਅਦ ਵਿਚ ਮਸੂਦ ਅਜ਼ਹਰ ਨੇ ਅਫ਼ਗਾਨਿਸਤਾਨ ਵਿਚ ਸੋਵੀਅਤ ਫ਼ੌਜਾਂ ਖ਼ਿਲਾਫ਼ ਜੰਗ ਵਿਚ ਹਿੱਸਾ ਲਿਆ, ਪਰ ਤਾਲਿਬਾਨ ਤੇ ਜਹਾਦ ਕੌਂਸਲ ਨੂੰ ਉਹ ਲੜਾਕੂ ਨਾਲੋਂ ਪੜ੍ਹਾਕੂ ਵੱਧ ਜਾਪਿਆ। ਲਿਹਾਜ਼ਾ, ਉਸ ਨੂੰ ਦੋ ਪਰਚਿਆਂ - 'ਸਦਾ-ਏ-ਮੁਜਾਹਿਦੀਨ' ਤੇ 'ਸਾਵਤੇ ਕਸ਼ਮੀਰ' ਦੇ ਸੰਪਾਦਨ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਗਈ। ਹਰਕਤ-ਉਲ-ਮੁਜਾਹਿਦੀਨ ਦੇ ਪ੍ਰਚਾਰਕ ਤੇ ਸਿਧਾਂਤਕਾਰ ਦੇ ਤੌਰ 'ਤੇ ਉਸ ਨੇ ਸਾਊਦੀ ਅਰਬ, ਯੂ.ਕੇ., ਜ਼ਾਂਬੀਆ ਤੇ ਅਬੂ ਧਾਬੀ ਦੇ ਦੌਰੇ ਕੀਤੇ ਅਤੇ ਆਪਣੀ ਜਥੇਬੰਦੀ ਲਈ ਫੰਡ ਜੁਟਾਏ। ਉਹ 1994 ਵਿਚ ਢਾਕੇ ਤੋਂ ਜਾਅਲੀ ਪਾਸਪੋਰਟ 'ਤੇ ਭਾਰਤ ਆਇਆ ਅਤੇ ਦੇਵਬੰਧ (ਉੱਤਰ ਪ੍ਰਦੇਸ਼) ਦੇ ਦਾਰੁਲ-ਉਲੂਮ ਵਿਚ ਕੁਝ ਦਿਨ ਗੁਜ਼ਾਰਨ ਮਗਰੋਂ ਸ੍ਰੀਨਗਰ ਪਹੁੰਚ ਗਿਆ। ਕੁਝ ਦਿਨਾਂ ਬਾਅਦ ਉਹ ਹਰਕਤ ਦੇ ਕਸ਼ਮੀਰੀ ਕਮਾਂਡਰ ਸੱਜਾਦ ਕਸ਼ਮੀਰੀ ਨਾਲ ਸੁਰੱਖਿਆ ਬਲਾਂ ਦੇ ਕਾਬੂ ਆ ਗਿਆ। ਉਸ ਨੂੰ ਜੇਲ੍ਹ ਵਿਚੋਂ ਛੁਡਾਉਣ ਲਈ ਹਰਕਤ-ਉਲ-ਮੁਜਾਹਿਦੀਨ ਨੇ ਕਈ ਯਤਨ ਕੀਤੇ, ਪਰ ਕਾਮਯਾਬੀ ਨਾ ਮਿਲੀ।

ਅਸਲ ਕਾਮਯਾਬੀ ਹਰਕਤ ਵੱਲੋਂ ਇੰਡੀਅਨ ਏਅਰਲਾਈਨਜ਼ ਦਾ ਜਹਾਜ਼ ਕਾਠਮੰਡੂ (ਨੇਪਾਲ) ਤੋਂ ਅਗਵਾ ਕਰਨ ਸਦਕਾ ਮਿਲੀ। ਜਹਾਜ਼ ਦੇ ਮੁਸਾਫ਼ਰਾਂ ਦੀ ਰਿਹਾਈ ਬਦਲੇ ਭਾਰਤ ਸਰਕਾਰ ਮੌਲਾਨਾ ਮਸੂਦ ਅਜ਼ਹਰ, ਉਮਰ ਸ਼ੇਖ ਤੇ ਮੁਸ਼ਤਾਕ ਅਹਿਮਦ ਜ਼ਰਗਰ ਨਾਮੀ ਤਿੰਨ ਦਹਿਸ਼ਤਗਰਦਾਂ ਨੂੰ ਕੰਧਾਰ ਵਿਚ ਸੁਰੱਖਿਅਤ ਤਾਲਿਬਾਨ ਹਵਾਲੇ ਕਰਨ ਲਈ ਮਜਬੂਰ ਹੋ ਗਈ। ਅਜ਼ਹਰ ਨੇ ਰਿਹਾਈ ਮਗਰੋਂ ਹਰਕਤ-ਉਲ-ਮੁਜਾਹਿਦੀਨ ਵਿਚ ਦੁਫੇੜ ਪਾ ਕੇ ਜੈਸ਼-ਏ-ਮੁਹੰਮਦ ਖੜ੍ਹੀ ਕਰ ਲਈ। ਸ਼ੁਰੂ ਵਿਚ ਜੈਸ਼ ਨੂੰ ਪਾਕਿਸਤਾਨ ਸਦਰ ਪਰਵੇਜ਼ ਮੁਸ਼ੱਰਫ਼ ਤੋਂ ਭਰਵੀਂ ਇਮਦਾਦ ਮਿਲੀ, ਪਰ ਬਾਅਦ ਵਿਚ ਮੁਸ਼ੱਰਫ਼ ਨੇ ਹੀ ਇਸ ਜਥੇਬੰਦੀ ਦਾ ਜਿਉਣਾ ਹਰਾਮ ਕਰ ਦਿੱਤਾ। ਮੌਲਾਨਾ ਮਸੂਦ ਬਹੁਤ ਲੰਮੀ ਦੇਰ ਤਕ ਆਪਣੇ ਘਰ ਵਿਚ ਨਜ਼ਰਬੰਦ ਰਿਹਾ। ਹੁਣ ਪਿੱਛੇ ਜਹੇ ਉਹ ਕੁਝ ਸਰਗਰਮ ਹੋਇਆ ਹੈ।

ਪਾਕਿਸਤਾਨੀ ਫ਼ੌਜੀ ਹਲਕੇ ਦਾਅਵਾ ਕਰਦੇ ਹਨ ਕਿ ਜੈਸ਼-ਏ-ਮੁਹੰਮਦ ਓਨੀ ਤਾਕਤਵਰ ਨਹੀਂ, ਜਿੰਨੀ ਲਸ਼ਕਰ-ਏ-ਤੋਇਬਾ ਹੈ, ਪਰ ਜਿਸ ਢੰਗ ਨਾਲ ਹੁਣ ਇਸ ਜਥੇਬੰਦੀ ਨੂੰ ਅੱਗੇ ਲਿਆਂਦਾ ਗਿਆ ਹੈ, ਉਸ ਤੋਂ ਇਹੀ ਜਾਪਦਾ ਹੈ ਕਿ ਪਾਕਿਸਤਾਨੀ ਖ਼ੁਫ਼ੀਆ ਏਜੰਸੀ ਆਈ.ਐੱਸ.ਆਈ. ਜਾਂ ਫ਼ੌਜ ਦਾ ਕੋਈ ਨਾ ਕੋਈ ਹਿੱਸਾ ਦੋਗਲੀ ਖੇਡ ਖੇਡ ਰਿਹਾ ਹੈ। ਉਹ ਲਸ਼ਕਰ-ਏ-ਤੋਇਬਾ ਨੂੰ ਨੀਵਾਂ ਵੀ ਦਿਖਾਉਣਾ ਚਾਹੁੰਦਾ ਹੈ ਅਤੇ ਨਾਲ ਹੀ ਭਾਰਤ-ਪਾਕਿਸਤਾਨ ਗੱਲਬਾਤ ਨੂੰ ਵੀ ਸਾਬੋਤਾਜ ਕਰਨਾ ਚਾਹੁੰਦਾ ਹੈ। ਪਠਾਨਕੋਟ ਉਤੇ ਹਮਲਾ ਕਰਨ ਵਾਲੇ ਜੈਸ਼ ਦੇ ਕਾਰਕੁਨਾਂ ਦੀ ਕਾਰਜ-ਵਿਧੀ ਫ਼ੌਜੀ ਕਮਾਂਡੋਜ਼ ਵਾਲੀ ਟ੍ਰੇਨਿੰਗ ਦਰਸਾਉਂਦੀ ਹੈ। ਇਹ ਟ੍ਰੇਨਿੰਗ ਪਾਕਿਸਤਾਨੀ ਫ਼ੌਜ ਦੀ ਮਦਦ ਤੋਂ ਬਿਨਾਂ ਸੰਭਵ ਨਹੀਂ ਹੋ ਸਕਦੀ।

ਲਿਖਤੁਮ

# ਸਾਹਬਾਂ-ਸਿਆਣਿਆਂ ਦੇ ਸਿਰ 'ਚ...?



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਮਸਤ ਮੌਲੇ ਬਾਬੇ ਬੁੱਲ੍ਹੇ ਸ਼ਾਹ ਨੇ ਵਜਦ ਵਿਚ ਆ ਕੇ ਇਹ ਬੇਬਾਕ ਬਚਨ ਕਹੇ ਹੋਣੇ ਨੇ ਕਿ ਮੂੰਹ ਆਈ ਬਾਤ ਨਾ ਰਹਿੰਦੀ ਹੈ, ਪਰ ਹਨ੍ਹੇਰੀ ਵਾਂਗ ਅੰਦਰੋਂ ਉਠ ਕੇ ਬੁੱਲ੍ਹਾਂ 'ਤੇ ਆਏ ਸੱਚ ਨੂੰ ਬਿਨਾਂ ਬਰੇਕ ਬੋਲਣ ਦੀ ਸੂਰਮਗਤੀ, ਬਾਬੇ ਬੁੱਲ੍ਹੇ ਵਰਗੇ ਹੀ ਕੋਈ ਦੀਵਾਨੇ ਮਸਤਾਨੇ ਕਰ ਸਕਦੇ ਹਨ। ਸੌ ਤਰ੍ਹਾਂ ਦੇ ਮੂੰਹ-ਮੁਲਾਹਜੇ ਪਾਲਣ ਵਾਲੇ ਅਤੇ ਥਾਂ-ਕੁਥਾਂਹ ਵੇਖ ਕੇ ਗੱਲ ਕਰਨ ਵਾਲੇ ਸਾਡੇ ਵਰਗੇ ਲੋਕ, ਮੂੰਹ ਵਿਚ ਆਏ ਸੱਚ ਨੂੰ ਸ਼ਰਬਤ ਦੇ ਘੁੱਟ ਵਾਂਗ ਅੰਦਰ ਤਾਂ ਲੰਘਾ ਸਕਦੇ ਹਨ, ਪਰ ਇਹ ਮੌਕੇ ਸਿਰ ਬਿਆਨ ਕਰਨਾ ਬਹੁਤ ਔਖਾ ਹੁੰਦਾ ਹੈ। ਸ਼ਾਦੀਸ਼ੁਦਾ ਆਦਮੀ ਲਈ ਤਾਂ ਹੋਰ ਵੀ ਔਖਾ, ਜਦੋਂ ਲਾਗੇ-ਚਾਗੇ ਬੈਠੀ ਉਸ ਦੀ ਪਤਨੀ ਅੱਖ ਦੇ ਇਸ਼ਾਰੇ ਨਾਲ ਉਸ ਨੂੰ ਖਾਮੋਸ਼ ਰਹਿਣ ਦਾ ਆਦੇਸ਼ ਦੇ ਦੇਵੇ।

ਇਕ ਦਿਨ ਅਜਿਹਾ ਹੀ ਹੋਇਆ। ਸਾਡੇ ਜਾਣਕਾਰ ਇਕ ਪਰਿਵਾਰ ਦਾ ਨੌਜਵਾਨ ਲੜਕਾ ਹਸਪਤਾਲ ਦਾਖਲ ਸੀ। ਸਾਥੋਂ ਥੋੜ੍ਹਾ ਦੂਰ ਹੋਣ ਕਾਰਨ ਅਸੀਂ ਫੋਨ ਕਰ ਕੇ ਤਾਂ ਉਸ ਦਾ ਹਾਲ-ਚਾਲ ਪੁੱਛਦੇ ਰਹੇ, ਪਰ ਉਥੇ ਜਾ ਨਾ ਸਕੇ। ਹੁਣ ਉਹ ਲੜਕਾ ਹਸਪਤਾਲੋਂ ਛੁੱਟੀ ਮਿਲਣ ਉਪਰੰਤ ਘਰੇ ਆ ਚੁੱਕਾ ਸੀ। ਇਸ ਕਰ ਕੇ ਅਸੀਂ ਉਸ ਦੀ ਮਿਜ਼ਾਜ-ਪੁਰਸ਼ੀ ਲਈ ਉਨ੍ਹਾਂ ਦੇ ਘਰ ਜਾਣ ਦਾ ਪ੍ਰੋਗਰਾਮ ਬਣਾ ਲਿਆ।

ਗਏ ਤਾਂ ਭਾਵੇਂ ਅਸੀਂ ਅਗਾਊਂ ਫੋਨ ਕਰ ਕੇ ਹੀ ਸੀ, ਪਰ ਸਾਡੇ ਜਾਂਦਿਆਂ ਨੂੰ ਮੁੰਡੇ ਨੂੰ ਕੋਈ ਛੋਟੀ-ਮੋਟੀ ਸਮੱਸਿਆ ਆ ਗਈ। ਉਸ ਦਾ ਬਾਪ ਉਸ ਨੂੰ ਗੱਡੀ ਵਿਚ ਬਿਠਾ ਕੇ ਡਾਕਟਰ ਕੋਲ ਲਿਜਾ ਚੁੱਕਾ ਸੀ। ਸਾਨੂੰ 'ਅਟੈਂਡ' ਕਰਨ ਲਈ ਮੁੰਡੇ ਦੀ ਮਾਂ ਅਤੇ ਹੋਰ ਕਈ ਜੀਅ ਹਾਜ਼ਰ ਸਨ। ਅਜਿਹੇ ਮੌਕਿਆਂ 'ਤੇ ਜਿਵੇਂ ਅਕਸਰ ਹੁੰਦਾ ਹੀ ਹੈ, ਮੁੰਡੇ ਦੀ ਮਾਂ ਨੇ ਬੇਟੇ ਦੇ ਬਿਮਾਰ ਹੋਣ ਦੇ ਕਾਰਨਾਂ ਸਮੇਤ ਹਸਪਤਾਲ ਵਿਚ ਹੋਈ ਟਰੀਟਮੈਂਟ ਦਾ ਸਾਰਾ ਵੇਰਵਾ ਤਰਤੀਬਵਾਰ ਕਹਿ ਸੁਣਾਇਆ।

ਉਸ ਦੀਆਂ ਗੱਲਾਂ ਸੁਣ ਕੇ ਅਸੀਂ ਅਨੁਮਾਨ ਲਾਇਆ ਕਿ ਲਫੰਗਿਆਂ ਨਾਲ ਬਹਿਣ-ਉਠਣ ਕਰ ਕੇ ਮੁੰਡਾ ਜ਼ਿਆਦਾ ਸ਼ਰਾਬ ਪੀਣ ਦਾ ਆਦੀ ਹੋ ਗਿਆ। ਸ਼ਰਾਬ ਦੀ ਲਤ ਕਾਰਨ ਅਚਾਨਕ ਉਸ ਦੇ ਪੇਟ ਵਿਚ ਕੋਈ ਖਰਾਬੀ ਆ ਗਈ। ਕਈ ਦਿਨ ਹਸਪਤਾਲ ਤੋਂ ਇਲਾਜ ਕਰਵਾ ਕੇ ਹੁਣ ਘਰ ਆਇਆ ਸੀ।

"ਚਲੋ ਭੈਣ, ਸ਼ੁਕਰ ਹੈ ਵਹਿਗੁਰੂ ਦਾ...!" ਮੇਰੀ ਪਤਨੀ ਨੇ ਸ਼ੁਕਰਾਨੇ ਵਜੋਂ 'ਤਾਂਹ ਨੂੰ ਹੱਥ ਜੋੜਦਿਆਂ ਪੂਰੀ ਗੱਲ ਸੁਣ ਕੇ ਆਖਿਆ, "...ਦੁੱਖ ਆਇਆ ਵੀ, ਪਰ ਦਾਤੇ ਨੇ ਹੱਥ ਦੇ ਕੇ ਬਚਾ ਲਿਆ। ਜਿਵੇਂ ਦੀ ਉਹਦੀ ਹਾਲਤ ਤੁਸੀਂ ਦੱਸੀ ਐ, ਨਵਾਂ ਜਨਮ ਈ ਹੋਇਆ ਸਮਝੋ ਉਹਦਾ...ਤਾਂ ਹੀ ਕਹਿੰਦੇ ਐ ਕਿ ਮਾਰਨ ਵਾਲੇ ਨਾਲੋਂ ਰੱਖਣ ਵਾਲਾ ਬਿਅੰਤ ਹੈ।"

"...ਲੈ...ਲੈ ਭੈਣੇਂ...ਏਂ...ਏਂ...ਏਂ...!" ਮੁੰਡੇ ਦੀ ਮਾਂ ਦੇ ਚਿਹਰੇ 'ਤੇ ਹਾਵ-ਭਾਵ ਕੁਝ ਅਜਿਹੇ 'ਨਾਂਹ ਵਾਚੀ' ਜਿਹੇ ਬਣ ਗਏ, ਜਿਵੇਂ ਮੇਰੀ ਘਰ ਵਾਲੀ ਕੋਲੋਂ ਕੋਈ ਗਲਤ ਗੱਲ ਕਹੀ ਗਈ ਹੋਵੇ। ਖੱਬੇ-ਸੱਜੇ ਨੂੰ ਸਿਰ ਘੁਮਾਉਂਦਿਆਂ 'ਭੈਣੇ' ਲਫ਼ਜ਼ ਗਜ ਭਰ ਲਮਕਾ ਕੇ ਉਹ ਇੰਜ ਬੋਲੀ, ਜਿਵੇਂ ਉਹ ਤਰਦੀਦ ਕਰਨ ਲੱਗੀ ਹੋਵੇ। ਉਹ ਬੜੇ ਦਾਅਵੇ ਨਾਲ ਦੱਸਣ ਲੱਗੀ- "...ਇਹ ਤਾਂ ਸਾਡੇ...ਸਾਹਬ ਜੀ ਦੀ ਮਿਹਰ ਹੋਈ ਆ ਭੈਣ ਜੀ!...ਇਸ ਛੋਕਰੇ ਨੂੰ 'ਨਸੀਹਤ' ਲਾਈ ਆ 'ਸਾਹਬ ਜੀ' ਨੇ...ਉਨ੍ਹਾਂ ਨੇ ਹੱਥ ਦੇ ਕੇ ਬਲਦੀ ਅੱਗ ਵਿਚੋਂ ਬਚਾਅ ਵੀ ਲਿਆ ਤੇ ਭੁੱਲੇ ਨੂੰ ਰਾਹ ਵੀ ਪਾ'ਤਾ।"

ਮੈਂ ਮਹਿਸੂਸ ਕੀਤਾ ਕਿ ਅਸਲ ਵਿਚ ਉਹ ਇਹ ਕਹਿਣਾ ਚਾਹ ਰਹੀ ਹੈ ਕਿ ਸਾਡੇ ਮੁੰਡੇ ਨੂੰ ਕਿਸੇ ਵਾਹਿਗੁਰੂ ਨੇ ਨਹੀਂ ਬਚਾਇਆ, ਸਗੋਂ ਉਨ੍ਹਾਂ ਦੇ '...ਸਾਹਬ' ਨੇ ਹੀ ਨਵਾਂ ਨਰੋਆ ਕਰ ਦਿੱਤਾ ਉਸ ਨੂੰ। ਇਸਲਾਮੀ ਜਿਹੇ ਜਾਪਦੇ ਨਾਮ ਪਿੱਛੇ 'ਸਾਹਬ' ਜੋੜਦਿਆਂ, ਉਹ ਬੜੀ ਸ਼ਰਧਾ ਨਾਲ ਉਸ ਦੀ ਮਹਿਮਾ ਗਾ ਰਹੀ ਸੀ। ਮੈਨੂੰ ਖਿਝ ਬੜੀ ਫੁੱਟੀ ਕਿ ਡਾਕਟਰਾਂ ਦੀ ਮਿਹਨਤ ਭੁਲਾ ਕੇ ਇਹ ਪੰਜਾਬ ਬੈਠੇ ਕਿਸੇ ਟੁੱਚੇ ਜਿਹੇ ਬਾਬੇ ਨੂੰ ਜੀਵਨ-ਦਾਨੀ ਬਣਾ ਰਹੀ ਹੈ। ਜ਼ਰਾ 'ਤਹਿ ਲਾਉਣ' ਦੀ ਮਨਸ਼ਾ ਨਾਲ ਮੈਂ ਗੱਲ ਵਧਾਈ- "ਇਹ ਤੁਹਾਡੇ ਸਾਹਬ ਜੀ ਰਹਿੰਦੇ ਕਿਥੇ ਨੇ?"

ਮੇਰੇ ਮੂੰਹ ਵੱਲ ਦੇਖ ਮੇਰੀ ਪਤਨੀ ਨੂੰ ਖੁੜਕ ਗਈ ਕਿ ਮੈਂ ਹੁਣ ਸਿੱਧਾ ਹੋ ਕੇ ਲੱਗਾ ਹਾਂ ਲੈਕਚਰ ਝਾੜਨ! ਉਧਰ ਉਹ ਬੀਬੀ ਸ਼ਰਧਾ ਸਤਿਕਾਰ ਨਾਲ ਅੱਖਾਂ ਮੁੰਦ ਕੇ ਲਾਗੇ ਮੇਜ਼ 'ਤੇ ਪਈ ਬਾਬੇ ਦੀ ਫੋਟੋ ਵੱਲ ਹੱਥ ਕਰ ਕੇ ਜਾਣਕਾਰੀ ਦੇਣ ਲੱਗੀ। ਐਨ ਉਨ੍ਹਾਂ ਪਲਾਂ-ਛਿਣਾਂ ਵਿਚ ਮੇਰੀ ਪਤਨੀ ਨੇ ਬੁੱਲ੍ਹ ਦੱਬ ਕੇ ਮੈਨੂੰ ਖਾਮੋਸ਼ ਰਹਿਣ ਦਾ ਹੁਕਮ ਦੇ ਦਿੱਤਾ।

ਮੌਕੇ ਦੀ ਨਜ਼ਾਕਤ ਸਮਝਦਿਆਂ ਮੈਂ ਤਾਂ ਫਿਰ ਕੋਈ ਹੋਰ ਚਿੰਜੜੀ ਛੇੜਨ ਤੋਂ ਗੁਰੇਜ਼ ਕੀਤਾ, ਪਰ ਉਸ ਬੀਬੀ ਨੇ ਆਪਣੇ 'ਸਾਹਬ' ਦੀ ਤਫ਼ਸੀਲੀ ਜਾਣਕਾਰੀ ਜੋ ਅੰਨ੍ਹੀ ਸ਼ਰਧਾ ਨਾਲ ਗੜੁੱਚ ਬੋਲਾਂ ਰਾਹੀਂ ਸੁਣਾਈ, ਉਸ ਦਾ ਸਾਰਾ ਅੰਸ਼ ਇਹ ਸੀ ਕਿ ਪਿੱਛੇ ਦੇਸ਼ ਵਿਚ ਇਨ੍ਹਾਂ ਦੇ ਪਿੰਡੋਂ ਬਾਹਰਵਾਰ ਕੋਈ ਬੇਆਬਾਦ ਕਬਰ ਸੀ, ਜਿਸ 'ਤੇ ਕੋਈ ਘਰੋਂ ਕੱਢਿਆ ਵਿਹਲੜ ਨਸ਼ੇੜੀ ਮਜੌਰ ਬਣ ਕੇ ਬਹਿ ਗਿਆ। ਆਪਣੇ ਕੋਲ 'ਇੱਲ-ਬਲਾਵਾਂ' ਕਾਬੂ ਕਰਨ ਦੀਆਂ ਸ਼ਕਤੀਆਂ ਹੋਣ ਦਾ ਢਕਵੰਜ ਰਚਾ ਕੇ ਉਸ ਨੇ ਇਲਾਕੇ ਵਿਚ ਆਪਣਾ ਹਲਵਾ-ਮੰਡਾ ਚਲਾ ਲਿਆ। ਇਨ੍ਹਾਂ ਵਰਗੇ ਹੋਰ ਅਨੇਕਾਂ ਭੌਂਦੂਆਂ ਨੂੰ ਉਸ ਨੇ ਆਪਣੇ ਮੁਰੀਦ ਬਣਾ ਲਿਆ ਸੀ।

ਇਸ ਟੱਬਰ ਨੂੰ ਵਿਦੇਸ਼ ਸੱਦਣ ਵਾਲੇ, ਪਹਿਲੋਂ ਤੋਂ ਇਥੇ ਵਸਦੇ ਇਨ੍ਹਾਂ ਦੇ ਰਿਸ਼ਤੇਦਾਰਾਂ ਦੀਆਂ ਅਣਥੱਕ ਕੋਸ਼ਿਸ਼ਾਂ, ਡਾਲਰਾਂ ਵਿਚ ਭਰੀਆਂ ਮੋਟੀਆਂ ਫੀਸਾਂ ਤੇ ਆਪਣੇ ਖੁਦ ਦੇ ਦਿੱਲੀ ਅੰਬੈਸੀਆਂ ਵਿਚ ਦਰਜਨਾਂ ਗੇੜੇ ਮਾਰ ਕੇ ਉਥੇ ਪੇਸ਼ ਕੀਤੇ ਗਏ ਖਰਚੀਲੇ (ਸੱਚੇ ਝੂਠੇ) ਕਾਗਜ਼-ਪੱਤਰਾਂ ਨੂੰ ਭੁਲਾ ਕੇ ਇਹ ਬੀਬੀ 'ਬਾਹਰ ਆ ਜਾਣ' ਦੀ ਫੁੱਲ ਮਿਹਰ ਕਬਰ ਵਾਲੇ ਸਾਹਬ ਦੀ ਦੱਸ ਰਹੀ ਸੀ।

ਸ਼ਰਾਬ ਪੀ-ਪੀ ਕੇ ਅੰਦਰ ਸੜਨ ਵਾਲੇ, ਪਰ ਹੁਣ ਰਾਜ਼ੀ ਹੋ ਰਹੇ ਆਪਣੇ ਮੁੰਡੇ ਨੂੰ ਮਿਲੀ ਨਸੀਹਤ ਦਾ ਵੀ ਭੇਤ ਖੋਲ੍ਹਦਿਆਂ ਬੀਬੀ ਨੇ ਬੜੇ ਸਵੈ-ਵਿਸ਼ਵਾਸ ਨਾਲ ਦੱਸਿਆ ਕਿ ਮੁੰਡੇ ਦੇ ਪੇਟ ਵਿਚ ਕੋਈ ਨੁਕਸਾਨ ਸਾਹਬ ਜੀ ਦੀ ਕਰੋਪੀ ਕਾਰਨ ਹੀ ਪਿਆ, ਕਿਉਂਕਿ ਇਹ ਮੁੰਡਾ ਬਾਬੇ ਦੀ ਸ਼ਾਨ ਦੇ ਬਰ-ਖਿਲਾਫ ਬੋਲਦਾ ਰਹਿੰਦਾ ਸੀ ਤੇ ਘਰਦਿਆਂ ਨੂੰ ਟਿੱਚਰਾਂ ਕਰਦਾ ਰਹਿੰਦਾ ਸੀ।

"ਹੁਣ ਪਤਾ ਲੱਗਿਆ ਨ-ਖਸਮੇਂ ਨੂੰ!...ਸਾਹਬ ਨੇ ਨਸੀਹਤ ਵੀ ਲਾ'ਤੀ, ਪਰ ਹੱਥ ਦੇ ਕੇ ਬਚਾਅ ਵੀ ਲਿਆ।"

ਇਸ ਮਿਜ਼ਾਜ-ਪੁਰਸ਼ੀ ਮੀਟਿੰਗ ਦੇ ਅਖੀਰ ਵਿਚ ਇਹ ਵਾਕ ਬੋਲ ਕੇ ਬੀਬੀ ਨੇ ਆਪਣੇ ਟੱਬਰ ਵੱਲੋਂ ਆਉਂਦੇ ਦਿਨਾਂ ਵਿਚ ਹੋਰ ਝੱਲ ਖਿਲਾਰਨ ਦੀ ਵੰਨਗੀ ਵੀ ਦਿਖਾ ਦਿੱਤੀ-ਅਖੇ, ਅਸੀਂ ਮਹਾਰਾਜ ਤੋਂ ਭੁੱਲ ਬਖਸ਼ਾਉਂਦਿਆਂ ਪੁੱਛਿਆ ਕਿ ਸਾਹਬ ਜੀ, ਸਾਨੂੰ ਕੋਈ ਸੇਵਾ ਦੱਸੋ? ਬਾਬੇ ਨੇ ਹੁਕਮ ਕੀਤਾ ਕਿ ਇਥੇ ਇਕ ਕਮਰਾ ਬਣਵਾਉ ਤੇ ਨਾਲੇ ਸਬਮਰਸੀਬਲ ਮੋਟਰ ਲਗਵਾਉ। ਦੇਸ਼ ਰਹਿੰਦੇ ਸਕੇ-ਸੋਧਰਿਆਂ ਰਾਹੀਂ ਇਨ੍ਹਾਂ ਵੱਲੋਂ ਖੱਲ ਲੁਹਾਉਣ ਦੀਆਂ ਹੁਣ ਪੂਰੀਆਂ ਤਿਆਰੀਆਂ ਹੋ ਰਹੀਆਂ ਨੇ।

ਰੱਜ ਕੇ ਝੱਲ-ਵਲੱਲੀਆਂ ਸੁਣਦਿਆਂ, ਮੂੰਹ 'ਤੇ ਆ ਰਹੀਆਂ ਅਨੇਕਾਂ ਬਾਤਾਂ ਨੂੰ ਅੰਦਰੇ-ਅੰਦਰ ਦੱਬ ਕੇ ਮੈਂ ਉਥੋਂ ਉਠ ਖੜ੍ਹਾ ਹੋਇਆ। ਦੋ-ਚਾਰ ਕੁ ਹੋਰ ਰਸਮੀ ਜਿਹੀਆਂ ਗੱਲਾਂ ਕਰ ਕੇ ਅਸੀਂ ਉਥੋਂ ਵਿਦਾਇਗੀ ਲੈ ਲਈ।

ਵਾਪਸੀ ਲਈ ਗੱਡੀ ਵਿਚ ਬਹਿੰਦਿਆਂ ਹੀ ਮੇਰੀ ਘਰ ਵਾਲੀ ਨੇ ਮੇਰੇ ਅੰਦਰ ਜਮ੍ਹਾਂ ਹੋਏ ਪਏ 'ਗੁਬਾਰ' ਦੀ ਫੂਕ ਕੱਢਣ ਵਾਸਤੇ ਸਮਝੋ ਭੁਕਾਨੇ ਵਿਚ ਸੂਈ ਮਾਰੀ- "ਇਹ ਕਿੱਦਾਂ ਦਾ ਸਾਹਬ ਹੋਇਆ ਜਿਹੜਾ ਹਜ਼ਾਰਾਂ ਮੀਲ ਦੂਰ ਬੈਠਾ ਹੀ ਆਪਣੇ ਵਿਰੋਧੀ ਦੇ ਢਿੱਡ ਵਿਚ ਨੁਕਸ ਪਾਈ ਜਾਂਦੈ ਤੇ ਨਾਲੇ ਮਿਹਰ ਵੀ ਕਰੀ ਜਾਂਦਾ ਹੈ?...ਕਿਹੋ ਜਿਹੇ ਅੰਨ੍ਹੇ ਸ਼ਰਧਾਲੂ ਨੇ ਲੋਕ!"

"ਸ਼ਰਧਾਲੂ ਨਹੀਂ, ਅਜਿਹੇ ਅਕਲੋਂ ਹੀਣਿਆਂ ਨੂੰ 'ਸ਼ਰਧਾ-ਊਲੂ' ਕਹਿਣਾ ਵਧੇਰੇ ਵਾਜਬ ਹੈ।"

ਮੁੰਡੇ ਦੀ ਮਾਂ ਵੱਲੋਂ ਧੇਲੇ ਦੇ ਮੰਗ-ਖਾਣੇ ਨਸ਼ੇੜੀ ਨੂੰ 'ਸਾਹਬ ਸਾਹਬ' ਕਹੀ ਜਾਣ ਤੋਂ ਮੇਰੇ ਜ਼ਿਹਨ ਵਿਚ ਢਾਡੀ ਦਿਲਬਰ ਜੀ ਦੇ ਮੂੰਹੋਂ ਸੁਣੀ ਹੋਈ ਗੱਲ ਘੁੰਮ ਰਹੀ ਸੀ ਜੋ ਮੈਂ ਪਤਨੀ ਨੂੰ ਸੁਣਾਉਣ ਲੱਗਾ...ਪੁਰਾਣੇ ਵੇਲਿਆਂ ਵਿਚ ਕਿਸੇ ਪਿੰਡ ਪ੍ਰੋਗਰਾਮ ਕਰਨ ਗਿਆਂ ਉਨ੍ਹਾਂ ਦੇਖਿਆ ਕਿ ਇਕ ਘਰ ਦੇ ਵਿਹੜੇ ਵਿਚ ਡੱਠੇ ਮੰਜੇ ਉਤੇ ਛੋਟਾ ਬੱਚਾ ਬਿਸਤਰੇ ਵਿਚ ਬੇਸੁਧ ਪਿਆ ਹੂੰਗੇ ਮਾਰ ਰਿਹਾ ਸੀ। ਉਸ ਦੇ ਆਲੇ-ਦੁਆਲੇ ਕੁਝ ਮਾਈਆਂ ਮੌਲੀ ਧਾਗਾ, ਚੁੰਨੀ ਅਤੇ ਸੰਧੂਰ ਵਗੈਰਾ ਚੁੱਕੀ ਖੜ੍ਹੀਆਂ ਸਨ। ਅੱਗੇ ਹੋ ਕੇ ਗਿਆਨੀ ਜੀ ਨੇ ਉਨ੍ਹਾਂ ਨੂੰ ਪੁੱਛਿਆ ਕਿ ਬੀਬੀਓ, ਇਸ ਬੱਚੇ ਨੂੰ ਬੁਖਾਰ ਚੜ੍ਹਿਆ ਜਾਪਦਾ ਹੈ, ਇਹਦੇ ਲਈ ਕੋਈ ਦਵਾ-ਦਾਰੂ ਦਾ ਪ੍ਰਬੰਧ ਨਹੀਂ ਕੀਤਾ ਜਾ ਰਿਹਾ?

"ਨਾ...ਨਾ...ਨਾ ਭਾਈ! ਦਵਾਈ ਦਾ ਨਾਮ ਨਾ ਲੈ ਇਹਦੇ ਕੋਲ ਖੜ੍ਹ ਕੇ। ਇਹਦੇ ਉਤੇ ਮਾਤਾ ਦੀ ਮਿਹਰ ਹੋਈ ਹੋਈ ਹੈ। 'ਡਾਲੀ' ਕਰਾਉਣ ਲਈ ਸਾਡੇ ਬੰਦੇ ਲਾਗਲੇ ਫਲਾਣਾ ਸਾਹਬ ਤੋਂ ਸਿਆਣੇ ਨੂੰ ਲੈਣ ਗਏ ਹੋਏ ਨੇ।"

ਮੱਥੇ 'ਤੇ ਹੱਥ ਮਾਰ ਕੇ ਮੇਰੀ ਪਤਨੀ ਕਹਿੰਦੀ, "ਅੱਗ ਲੱਗਣੇ ਇਨ੍ਹਾਂ 'ਸਾਹਬਾਂ-ਸਿਆਣਿਆਂ ਦੇ ਸਿਰ ਵਿਚ ਸੁਆਹ।"

"ਸੇਵਕਾਂ ਨੂੰ ਕਾਹਤੋਂ ਛੱਡ ਲਿਆ ਤੈਂ?" ਅਸੀਂ ਦੋਵੇਂ ਜਣੇ ਹੱਸ ਪਏ।

# ਪੰਜ ਪਿਆਰਿਆਂ ਦੀ ਬਰਤਰਫੀ ਦੇ ਹੁਕਮ

ਪ੍ਰੋ. ਹਰਪਾਲ ਸਿੰਘ ਪੰਨੂ
ਫੋਨ: 91-94642-51454

ਅੱਜ ਦੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਪੰਜਾਬ ਸਰਕਾਰ ਇਕੋ ਸੱਤਾ ਦੇ ਵੱਖ ਵੱਖ ਪਹਿਲੂ ਹਨ, ਕਿਉਂਕਿ ਤਿੰਨਾਂ ਦਾ ਕੰਟਰੋਲ ਅਕਾਲੀ ਦਲ ਪਾਸ ਹੈ। ਪਿਛਲੀ ਵਾਰ ਜਦੋਂ ਜਥੇਦਾਰ ਅਵਤਾਰ ਸਿੰਘ ਮੱਕੜ ਕਮੇਟੀ ਪ੍ਰਧਾਨ ਚੁਣੇ ਗਏ ਤਦ ਪ੍ਰੈਸ ਮਿਲਣੀ ਵਿਚ ਇਕ ਪੱਤਰਕਾਰ ਨੇ ਪੁਛਿਆ, 'ਪਰ ਪ੍ਰਧਾਨ ਜੀ ਚੋਣ ਤਾਂ ਹੋਈ ਨਹੀਂ, ਇਹ ਤਾਂ ਸ. ਪ੍ਰਕਾਸ਼ ਸਿੰਘ ਬਾਦਲ ਦੀ ਜੇਬ ਵਿਚੋਂ ਨਿਕਲੀ ਪਰਚੀ ਹੈ।' ਮੁਸਕਾਨਾ ਬਿਖੇਰਦਿਆਂ ਪ੍ਰਧਾਨ ਜੀ ਨੇ ਕਿਹਾ, ਤੁਸੀਂ ਇਹ ਦੇਖੋ ਸ. ਬਾਦਲ ਦੀ ਜੇਬ ਹੈ ਕਿੰਨੀ ਵੱਡੀ ਜਿਥੋਂ ਪ੍ਰਧਾਨਗੀਆਂ, ਵਜ਼ੀਰੀਆਂ, ਚੇਅਰਮੈਨੀਆਂ ਸਭ ਵਾਹਿਗੁਰੂ ਦੀ ਕ੍ਰਿਪਾ ਨਾਲ ਉਨ੍ਹਾਂ ਦੀ ਜੇਬ ਵਿਚ ਹਨ। ਟੈਗੋਰ ਦਾ ਵਾਕ-ਕੁਝ ਬੰਦੇ ਰੱਬ ਦੀਆਂ ਅਜਿਹੀਆਂ ਮਿਹਰਬਾਨੀਆਂ ਦਾ ਜ਼ਿਕਰ ਕਰਦੇ ਹਨ ਕਿ ਰੱਬ ਸ਼ਰਮਿੰਦਾ ਹੋ ਜਾਂਦਾ ਹੈ।

ਹਾਲਾਤ ਦੀਆਂ ਦੁਸ਼ਵਾਰੀਆਂ ਤੋਂ ਬਦਜ਼ਨ ਹੋ ਕੇ ਦੌਰ ਬਦਲਣ ਵਾਸਤੇ ਥੋੜ੍ਹੇ ਕੁ ਲੋਕ ਆਵਾਜ਼ ਬੁਲੰਦ ਕਰਦੇ ਹਨ ਤਾਂ ਲੋਕ ਆਖਦੇ ਹਨ-ਇਨ੍ਹਾਂ ਦੀ ਮਨਸ਼ਾ ਤਾਂ ਸਹੀ ਹੈ ਪਰ ਇਹ ਥੋੜ੍ਹੇ ਜਿਹੇ ਵਿਚਾਰੇ ਕੀ ਕਰ ਸਕਣਗੇ? ਹਮੇਸ਼ਾਂ ਇਹ ਹੋਇਆ ਹੈ ਕਿ ਥੋੜ੍ਹੇ ਕੁ ਹਿੰਮਤੀ ਬੰਦਿਆਂ ਨੇ ਅਗਵਾਈ ਕੀਤੀ ਤੇ ਸਫਲ ਹੋਏ। ਵੱਡੀ ਗਿਣਤੀ ਪਹਿਲਾਂ ਇਸ ਛੋਟੀ ਗਿਣਤੀ ਉਪਰ ਹਸਦੀ ਹੈ, ਫਿਰ ਵਿਰੋਧ ਕਰਦੀ ਹੈ, ਫਿਰ ਲੜਦੀ ਹੈ ਤੇ ਆਖਰ ਹਾਰ ਜਾਂਦੀ ਹੈ।

ਖਾਲਸਈ ਪਰੰਪਰਾ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੀ ਤਾਬਿਆਦਾਰੀ ਹੇਠ ਖਾਲਸਾ ਪੰਥ ਦੀ ਅਗਵਾਈ ਪੰਜ ਪਿਆਰੇ ਕਰਨਗੇ। 1699 ਦੀ ਵਿਸਾਖੀ ਨੂੰ ਜਦੋਂ ਅਨੰਦਪੁਰ ਸਾਹਿਬ ਖਾਲਸਾ ਪੰਥ ਪ੍ਰਗਟਿਆ, ਗੁਰੂ ਗੋਬਿੰਦ ਰਾਇ ਜੀ ਨੇ ਪੰਜ ਪਿਆਰਿਆਂ ਅਗੇ ਹੱਥ ਜੋੜ ਕੇ ਬੇਨਤੀ ਕੀਤੀ, 'ਤੁਸੀਂ ਪੰਥ ਹੋ, ਸਾਡੇ ਤੋਂ ਵੱਡੇ ਹੋ, ਕ੍ਰਿਪਾ ਕਰਕੇ ਸਾਨੂੰ ਵੀ ਆਪਣੇ ਵਿਚ ਸ਼ਾਮਲ ਕਰੋ।' ਪੰਜ ਪਿਆਰਿਆਂ ਨੇ ਗੁਰੂ ਜੀ ਨੂੰ ਅੰਮ੍ਰਿਤ ਛਕਾ ਕੇ ਰਾਇ ਤੋਂ ਸਿੰਘ ਦੀ ਉਪਾਧੀ ਦਿਤੀ। ਉਸ ਦਿਨ ਤੋਂ ਬਾਦ ਜੋਤੀ ਜੋਤ ਸਮਾਉਣ ਤਕ ਗੁਰੂ ਗੋਬਿੰਦ ਸਿੰਘ ਜੀ ਨੇ ਪੰਥ ਦੇ ਹੁਕਮ ਮੰਨੇ। ਦਾਦੂ ਪੀਰ ਦੀ ਕਬਰ ਉਤੇ ਤੀਰ ਝੁਕਾਉਣ ਤੋਂ ਬਾਦ ਚਮਕੌਰ ਦੀ ਜੰਗ ਦੌਰਾਨ ਗੜ੍ਹੀ ਵਿਚੋਂ ਨਿਕਲਣ ਬਾਬਤ। ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ 1708 ਵਿਚ ਨਾਂਦੇੜ ਵਿਖੇ ਮਿਲੀ ਪਰ ਪੰਥ ਨੂੰ ਗੁਰਿਆਈ 1699 ਵਿਚ ਨੌਂ ਸਾਲ ਪਹਿਲਾਂ ਮਿਲ ਗਈ।

ਪਾਠਕਾਂ ਨੂੰ ਦੱਸ ਦੇਈਏ ਕਿ ਪੰਥ ਨੇ ਅਜਿਹਾ ਫੈਸਲਾ ਕਦੀ ਨਹੀਂ ਕੀਤਾ ਕਿ ਪੰਜ ਤਖਤਾਂ ਦੇ ਜਥੇਦਾਰ ਪੰਥ ਦੇ ਪੰਜ ਪਿਆਰੇ ਹੋਣਗੇ। ਪਹਿਲਾਂ ਤਾਂ ਤਖਤ ਹੀ ਚਾਰ ਹੋਇਆ ਕਰਦੇ ਸਨ। ਦਮਦਮਾ ਸਾਹਿਬ ਦੀ ਤਖਤ ਵਜੋਂ ਸਥਾਪਨਾ ਸੱਠਵਿਆਂ ਵਿਚ ਹੋਈ ਸੀ। ਚੁਣੀ ਹੋਈ ਸੰਸਥਾ ਹੋਣ ਕਰਕੇ ਸ਼੍ਰੋਮਣੀ ਕਮੇਟੀ ਨੂੰ ਹੀ ਪੰਥ ਸਮਝਿਆ ਜਾਣ ਲੱਗਾ। ਕਿਉਂਕਿ ਸ਼੍ਰੋਮਣੀ ਕਮੇਟੀ ਨੇ ਅੰਮ੍ਰਿਤ ਛਕਾਉਣ ਵਾਸਤੇ ਅਕਾਲ ਤਖਤ ਸਾਹਿਬ ਵਿਖੇ ਪੰਜ ਪਿਆਰੇ ਥਾਪੇ ਇਸ ਲਈ ਇਹੋ ਪੰਥ ਦੇ ਨੁਮਾਇੰਦੇ ਸਮਝੇ ਜਾਣਾ ਵਾਜਬ ਸੀ, ਤੇ ਹੈ। ਪੰਜਾਬੋਂ ਬਾਹਰਲੇ ਦੋ ਤਖਤਾਂ ਦੇ ਜਥੇਦਾਰ ਤਾਂ ਸਿਆਸੀ ਕਾਰਨਾਂ ਕਰਕੇ ਬਹੁਤੀ ਵਾਰ ਪੰਜਾਬ ਦੇ ਹਾਲਾਤ ਅਨੁਸਾਰ ਮੀਟਿੰਗਾਂ ਵਿਚ ਸ਼ਾਮਲ ਹੋਣ ਆਉਂਦੇ ਹੀ ਨਹੀਂ।

ਬੀਤੇ ਕੁਝ ਮਹੀਨਿਆਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੇ ਡੇਰਾ ਸਿਰਸਾ ਮੁਖੀ ਦੇ ਮਸਲੇ ਵਿਚ ਤਖਤਾਂ ਦੇ ਜਥੇਦਾਰਾਂ ਨੂੰ ਆਪਣੀ ਸਿਆਸੀ ਤਿਕੜਮਬਾਜ਼ੀ ਕਰਕੇ ਇਉਂ ਵਰਤਿਆ ਕਿ ਇਨ੍ਹਾਂ ਦੀ ਧਾਰਮਿਕ ਪ੍ਰਸੰਗਕਤਾ ਖਤਮ ਹੋ ਗਈ। ਪਹਿਲਾਂ ਡੇਰਾ ਮੁਖੀ ਖਿਲਾਫ ਲਿਆ ਹੁਕਮਨਾਮਾ ਵਾਪਸ ਲੈਣਾ, ਫਿਰ ਪੰਥ ਦੀ ਨਾਰਾਜ਼ਗੀ ਤੋਂ ਡਰਦਿਆਂ ਮੁਆਫੀਨਾਮਾ ਵਾਪਸ ਲੈਣਾ ਪੂਰਨ ਬਚਗਾਨਾ ਹਰਕਤਾਂ ਸਨ, ਜਿਨ੍ਹਾਂ ਸਦਕਾ ਦੁਨੀਆਂ ਦਾ ਹਰੇਕ ਸਿੱਖ ਸ਼ਰਮਿੰਦਾ ਹੋਇਆ।

ਇਸ ਘੋਰ ਆਪਾ-ਧਾਪੀ ਅਤੇ ਸਿਆਸੀ ਹਵਸ ਵਿਚੋਂ ਉਦੋਂ ਰੌਸ਼ਨੀ ਦੀ ਕਿਰਨ ਨਜ਼ਰ ਆਈ ਜਦੋਂ ਅਕਾਲ ਤਖਤ ਦੇ ਪੰਜ ਪਿਆਰਿਆਂ ਨੇ ਤਖਤਾਂ ਦੇ ਜਥੇਦਾਰਾਂ ਵਿਰੁਧ ਜਵਾਬ-ਤਲਬੀ ਦੇ ਸੰਮਨ ਜਾਰੀ ਕਰ ਦਿਤੇ। ਉਧਰੋਂ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਜੀ ਨੇ ਪੰਜ ਪਿਆਰਿਆਂ ਨੂੰ ਮੁਅਤਲ ਕਰਨ ਦੇ ਹੁਕਮ ਜਾਰੀ ਕਰਕੇ ਉਨ੍ਹਾਂ ਦੀਆਂ ਬਦਲੀਆਂ ਦੂਰ-ਦੁਰਾਡੇ ਕਰ ਦਿਤੀਆਂ ਤਾਂ ਕਿ ਉਨ੍ਹਾਂ ਨੂੰ ਇਕੱਠਿਆਂ ਹੋਣ ਤੋਂ ਰੋਕ ਸਕੀਏ। ਇਹ ਮੁਅਤਲੀਆਂ ਇਉਂ ਕੀਤੀਆਂ, ਜਿਵੇਂ ਦਫਤਰ ਦਾ ਕੋਈ ਸੁਪਰਡੰਟ ਆਪਣੇ ਕਲਰਕਾਂ ਨੂੰ ਸਰਵਿਸ-ਰੂਲਜ਼ ਦਾ ਹਵਾਲਾ ਦੇ ਕੇ ਮੁਅਤਲ ਕਰ ਦਏ। ਇਹ ਫੈਸਲਾ ਪੂਰਨ ਤੌਰ ਤੇ ਬਚਗਾਨਾ ਅਤੇ ਮੰਦਭਾਗਾ ਸੀ। ਜਿਨ੍ਹਾਂ ਗੁਰਸਿੱਖਾਂ ਨੇ ਇਨ੍ਹਾਂ ਤੋਂ ਅੰਮ੍ਰਿਤ ਛਕਿਆ ਸੀ, ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾ ਪਾਸੋਂ ਨਹੀਂ, ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਛਕਿਆ ਸੀ।

ਜਿਸ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਸ਼ਾਨਦਾਰ ਖਾਲਸਈ ਪ੍ਰੰਪਰਾਵਾਂ ਦੀ ਰਖਿਆ ਹਿਤ ਹੋਈ ਸੀ, ਉਹੀ ਇਨ੍ਹਾਂ ਪ੍ਰੰਪਰਾਵਾਂ ਨੂੰ ਲੀਰ-ਲੀਰ ਕਰੇਗੀ, ਇਕ ਸਦੀ ਪਹਿਲਾਂ ਇਸ ਦੇ ਸੰਸਥਾਪਕਾਂ ਨੂੰ ਕੀ ਪਤਾ ਸੀ? ਜਪੁਜੀ ਸਾਹਿਬ ਵਿਚਲੇ ਪੰਚ ਪਰਧਾਨੁ ਗੁਰੂ ਗੋਬਿੰਦ ਸਿੰਘ ਜੀ ਦੇ ਪੰਜ ਪਿਆਰਿਆਂ ਦੇ ਰੂਪ ਵਿਚ ਪੰਚ ਪਰਵਾਣ ਹੋਏ। ਸੂਖਮ ਰੂਹਾਨੀਅਤ ਸਥੂਲ ਹੋ ਕੇ ਸਥਾਪਤ ਹੋ ਗਈ।

ਪੰਜ ਪਿਆਰਿਆਂ ਨੂੰ ਸਰਵਿਸ ਰੂਲਜ਼ ਦਾ ਹਵਾਲਾ ਦੇ ਕੇ ਬਰਤਰਫ ਕਰਨ ਦੀ ਖਬਰ ਸੁਣੀ ਤਾਂ ਸੋਲਜ਼ੇਨਿਤਸਿਨ ਯਾਦ ਆਇਆ। ਨੋਬਲ ਇਨਾਮਯਾਫਤਾ ਇਸ ਨਾਵਲਕਾਰ ਨੂੰ ਰੂਸੀ ਸਰਕਾਰ ਨੇ ਇਸ ਲਈ ਦੇਸ ਨਿਕਾਲਾ ਦੇ ਦਿਤਾ ਸੀ, ਕਿਉਂਕਿ ਉਹ ਕਮਿਊਨਿਸਟ ਨਹੀਂ ਸੀ, ਸਰਕਾਰ ਦੀ ਆਲੋਚਨਾ ਕਰਦਾ ਸੀ। ਅਮਰੀਕਾ ਵਿਚ ਸਿਆਸੀ ਸ਼ਰਨ ਲੈ ਕੇ ਉਸ ਨੇ 1972 ਵਿਚ ਰੂਸ ਦੀ ਸਰਕਾਰ ਨੂੰ ਇਕ ਖੁੱਲ੍ਹਾ ਖਤ ਲਿਖਿਆ, ਜਿਸ ਦੀ ਪੰਕਤੀ ਹੈ-"ਤੁਹਾਡੇ ਕੋਲ ਤਾਕਤ ਹੈ, ਬਹੁਤ ਤਾਕਤ। ਇਹ ਤਾਕਤ ਦੇਰ ਤਕ ਰਹੇਗੀ ਤੁਹਾਡੇ ਕੋਲ, ਦੇਰ ਤਕ, ਪਰ ਹਮੇਸ਼ਾਂ ਨਹੀਂ।" ਆਮੀਨ!


# ਸਾਲ 2016 ਨਾਲ ਜਾਣ-ਪਛਾਣ

ਡਾ. ਅਜੀਤ ਸਿੰਘ ਕੋਟਕਪੂਰਾ
ਫੋਨ: 91-58530-50443

ਸਮੇਂ ਦਾ ਚਰਖਾ ਆਪਣੀ ਚਾਲੇ ਗਿੜ ਰਿਹਾ ਹੈ। ਇਸ ਨਾਲ ਮੌਸਮ ਬਦਲਦੇ ਹਨ। ਮੌਸਮ ਦੇ ਬਦਲਣ ਕਾਰਨ ਪੁਰਾਣੇ ਪੱਤੇ ਝੜ ਜਾਂਦੇ ਹਨ ਤੇ ਨਵੇਂ ਪੱਤੇ ਉਗ ਪੈਂਦੇ ਹਨ। ਇਸੇ ਤਰ੍ਹਾਂ ਹੀ ਸਮੇਂ ਨੂੰ ਮਾਪਣ ਲਈ ਬਣਾਇਆ ਕੈਲੰਡਰ ਆਪਣਾ ਰੂਪ ਵਟਾ ਕੇ ਨਵੇਂ ਰੂਪ ਵਿਚ ਸਾਡਾ ਰਾਹ-ਦਸੇਰਾ ਬਣ ਜਾਂਦਾ ਹੈ।

ਸਾਲ 2016 ਵਿਚ ਕਿਸ ਮਿਤੀ ਨੂੰ ਕੀ ਦਿਨ ਹੋਵੇਗਾ? ਇਹ ਜਾਣਨ ਲਈ ਸਧਾਰਨ ਅਤੇ ਸੌਖਾ ਢੰਗ ਇਸ ਤਰ੍ਹਾਂ ਹੈ:

ਸਾਲ ਦੇ ਬਾਰਾਂ ਮਹੀਨਿਆਂ ਨੂੰ ਅੰਕੜੇ ਦਿਤੇ ਗਏ ਹਨ ਜਿਵੇਂ ਜਨਵਰੀ ਲਈ 4, ਫਰਵਰੀ ਲਈ ਸਿਫਰ, ਮਾਰਚ ਲਈ ਇਕ, ਅਪਰੈਲ ਲਈ 4, ਮਈ ਲਈ 6, ਜੂਨ ਲਈ 2, ਜੁਲਾਈ ਲਈ 4,




ਅਗਸਤ ਲਈ ਸਿਫਰ, ਸਤੰਬਰ ਲਈ 3, ਅਕਤੂਬਰ ਲਈ 5, ਨਵੰਬਰ ਲਈ ਇਕ ਅਤੇ ਦਸੰਬਰ ਲਈ ਤਿੰਨ।

ਇਸ ਤਰ੍ਹਾਂ ਦਿਨਾਂ ਲਈ ਵੀ ਅੰਕੜੇ ਦਿਤੇ ਗਏ ਹਨ ਜਿਵੇਂ ਸੋਮਵਾਰ ਲਈ ਇਕ, ਮੰਗਲਵਾਰ ਲਈ 2, ਬੁੱਧਵਾਰ ਲਈ 3, ਵੀਰਵਾਰ ਲਈ 4, ਸ਼ੁੱਕਰਵਾਰ ਲਈ 5, ਸਨਿਚਰਵਾਰ ਲਈ 6, ਐਤਵਾਰ ਲਈ 7 ਜਾਂ ਸਿਫਰ।

ਸਰਲ ਢੰਗ: ਸਾਲ 2016 ਵਿਚ ਜਿਸ ਮਿਤੀ ਨੂੰ ਦਿਨ ਪਤਾ ਕਰਨਾ ਹੋਵੇ ਉਸ ਮਹੀਨੇ ਦੇ ਅੰਕੜੇ ਨੂੰ ਮਿਤੀ ਵਿਚ ਜੋੜ ਲਵੋ ਅਤੇ ਜੋੜ ਨੂੰ ਸੱਤ ਨਾਲ ਵੰਡ ਦਿਓ। ਵੰਡ ਕਰ ਲੈਣ ਪਿਛੋਂ ਬਾਕੀ ਬਚੇ ਅੰਕੜੇ ਵੱਲ ਧਿਆਨ ਦਿਓ। ਜੇ ਬਾਕੀ ਇਕ ਹੈ ਤਾਂ ਉਸ ਮਿਤੀ ਨੂੰ ਸੋਮਵਾਰ ਹੋਵੇਗਾ, ਜੇ ਬਾਕੀ 2 ਹੈ ਤਾਂ ਮੰਗਲਵਾਰ, ਜੇ 3 ਹੈ ਤਾਂ ਬੁੱਧਵਾਰ, ਜੇ 4 ਹੈ ਤਾਂ ਵੀਰਵਾਰ, ਜੇ 5 ਹੈ ਤਾਂ ਸ਼ੁੱਕਰਵਾਰ, ਜੇ 6 ਹੈ ਤਾਂ ਸਨਿਚਰਵਾਰ ਅਤੇ ਜੇ ਬਾਕੀ ਸਿਫਰ ਹੈ ਤਾਂ ਐਤਵਾਰ ਹੋਵੇਗਾ।

ਉਦਾਹਰਣ ਲਈ 26 ਜਨਵਰੀ 2016 ਨੂੰ ਦਿਨ ਪਤਾ ਕਰਨ ਲਈ 26 ਦੇ ਵਿਚ ਜਨਵਰੀ ਦਾ ਅੰਕ 4 ਜੋੜਿਆ ਜਾਵੇਗਾ ਅਰਥਾਤ 26+4=30, ਸੱਤ ਨਾਲ ਵੰਡ ਕਰਕੇ ਬਾਕੀ 2 ਆਵੇਗਾ ਇਸ ਲਈ 26 ਜਨਵਰੀ 2016 ਨੂੰ ਦਿਨ ਮੰਗਲਵਾਰ ਹੋਵੇਗਾ।

ਜੇ 4 ਜੁਲਾਈ 2016 ਨੂੰ ਦਿਨ ਪਤਾ ਕਰਨਾ ਹੈ ਤਾਂ 4 ਵਿਚ ਜੁਲਾਈ ਦਾ ਅੰਕ ਜੋ ਕਿ 4 ਹੈ, ਜੋੜਿਆ ਜਾਵੇਗਾ ਅਰਥਾਤ 4+4=8, ਅੱਠ ਨੂੰ ਸੱਤ ਨਾਲ ਵੰਡ ਕੇ ਬਾਕੀ ਇਕ ਬਚਦਾ ਹੈ। ਇਸ ਲਈ 4 ਜੁਲਾਈ 2016 ਨੂੰ ਸੋਮਵਾਰ ਹੋਵੇਗਾ। ਇਸ ਤਰ੍ਹਾਂ ਹੋਰ ਦਿਨਾਂ ਦਾ ਵੀ ਪਤਾ ਲਾਇਆ ਜਾ ਸਕਦਾ ਹੈ।

# ਨਵਾਂ ਸਾਲ ਕਿਸੇ ਨਵੀਂ ਪਿਰਤ ਦੀ ਆਸ ਬੰਨ੍ਹਾਉਂਦਾ ਨਹੀਂ ਲੱਗਦਾ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

> *ਰਾਜਨੀਤੀ ਹੈ, ਹਰ ਕਿਸੇ ਨੂੰ ਦਾਅ ਖੇਡਣ ਦੀ ਖੁੱਲ੍ਹ ਹੈ, ਪਰ ਬੁਰੀ ਗੱਲ ਇਹ ਹੈ ਕਿ ਪ੍ਰਧਾਨ ਮੰਤਰੀ ਮੋਦੀ ਦਾ ਸਿਆਸੀ ਦਾਅ ਖੇਡਦਿਆਂ ਹਵਾਈ ਕਲਪਨਾ ਦੇ ਕਬੂਤਰ ਛੱਡਣ ਦਾ ਚਸਕਾ ਨਹੀਂ ਹਟਦਾ। ਪਿਛਲੇ ਦਿਨੀਂ ਜਦੋਂ ਇੱਕ ਦਿਨ ਉਹ ਕੇਰਲਾ ਦਾ ਦੌਰਾ ਕਰਨ ਗਿਆ ਤਾਂ ਉਥੇ ਕਾਂਗਰਸ ਅਤੇ ਖੱਬੇ ਪੱਖੀਆਂ ਉਤੇ ਇਸ ਰਾਜ ਵਿਚ ਵਿਕਾਸ ਦੀ ਦਰ ਮੱਠੀ ਕਰਨ ਅਤੇ ਗਰੀਬੀ ਨੂੰ ਨੱਥ ਨਾ ਪਾਉਣ ਦਾ ਦੋਸ਼ ਵੀ ਲਾ ਆਇਆ। ਉਸ ਨੂੰ ਇਹ ਗੱਲ ਭੁੱਲ ਗਈ ਕਿ ਬੀਤੀ ਪੰਦਰਾਂ ਮਾਰਚ ਨੂੰ ਆਰਥਿਕਤਾ ਲਈ ਪ੍ਰਮੁੱਖ ਭਾਰਤੀ ਜਥੇਬੰਦੀ ਐਸੋਚੈਮ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਮੁਤਾਬਕ ਸਾਰੇ ਪੱਖ ਵੇਖਦਿਆਂ ਬਹੁਤ ਸਾਰੇ ਭ੍ਰਿਸ਼ਟਾਚਾਰ ਦੇ ਬਾਵਜੂਦ ਤਾਮਿਲ ਨਾਡੂ ਦਾ ਪਹਿਲਾ ਨੰਬਰ ਸੀ ਤੇ ਦੂਸਰਾ ਕੇਰਲਾ ਦੇ ਹਿੱਸੇ ਆਉਣ ਪਿੱਛੋਂ ਤੀਸਰਾ ਨਰਿੰਦਰ ਮੋਦੀ ਦੇ ਗੁਜਰਾਤ ਦਾ ਸੀ।*

ਚਲੰਤ ਸਦੀ ਦਾ ਸੋਲ੍ਹਵਾਂ ਸਾਲ ਚੜ੍ਹਨਾ ਕਿਸੇ ਮਨੁੱਖ ਦੀ ਜ਼ਿੰਦਗੀ ਵਿਚ ਜਵਾਨੀ ਦੀ ਚੜ੍ਹਤ ਸ਼ੁਰੂ ਕਰਨ ਵਾਲੇ ਸੋਲ੍ਹਵੇਂ ਸਾਲ ਵਰਗਾ ਨਹੀਂ ਹੋ ਸਕਦਾ। ਕੌਮਾਂ ਦੇ ਇਤਿਹਾਸ ਵਿਚ ਹਰ ਸਾਲ ਇੱਕ ਖਾਸ ਮਹੱਤਵ ਰੱਖਦਾ ਹੈ ਤੇ ਇਸ ਦੌਰਾਨ ਵਾਪਰੇ ਦਾ ਲੇਖਾ-ਜੋਖਾ ਵੀ ਹਰ ਵਾਰੀ ਆਪਣੇ ਆਪ ਵਿਚ ਹੋਰਨਾਂ ਤੋਂ ਵੱਖਰਾ ਹੁੰਦਾ ਹੈ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੇ ਵਕਤ ਜਦੋਂ ਵਿਧਾਨ ਸਭਾ ਚੋਣਾਂ ਹੋਣੀਆਂ ਸਨ ਤਾਂ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਸੀ ਕਿ ਇਸ ਵਾਰੀ ਸਾਡੀ ਜਿੱਤ ਇਸ ਲਈ ਯਕੀਨੀ ਹੈ ਕਿ ਜਦੋਂ ਵੀ 'ਸੱਤ' ਵਾਲਾ ਸਾਲ ਆਵੇ, ਸੱਤਾ ਦਾ ਰੁਖ ਸਾਡੇ ਪੱਖ ਵਿਚ ਹੀ ਝੁਕਦਾ ਹੁੰਦਾ ਹੈ। ਅਗਲੀ ਵਾਰੀ 2012 ਵਿਚ ਜਦੋਂ ਵਿਧਾਨ ਸਭਾ ਚੋਣ ਹੋਣ ਵਾਲੀ ਸੀ, ਉਸੇ ਪੱਤਰਕਾਰ ਨੇ ਇਹ ਪੁੱਛਣ ਦੀ ਹਿੰਮਤ ਕਰ ਲਈ ਕਿ ਇਸ ਵਾਰੀ ਤੁਹਾਨੂੰ ਜਿੱਤ ਦੀ ਆਸ ਨਹੀਂ ਹੋ ਸਕਦੀ, ਕਿਉਂਕਿ ਤੁਸੀਂ ਸਿਰਫ ਸੱਤ ਵਾਲੇ ਸਾਲ ਵਿਚ ਸੱਤਾ ਪ੍ਰਾਪਤ ਕਰਦੇ ਹੁੰਦੇ ਹੋ। ਬਾਦਲ ਸਾਹਿਬ ਦੇ ਚਿਹਰੇ ਉਤੇ ਘਬਰਾਹਟ ਜਿਹੀ ਆ ਗਈ। ਫਿਰ ਸੰਭਲ ਕੇ ਉਨ੍ਹਾਂ ਕਿਹਾ ਕਿ ਸਾਲਾਂ ਦੇ ਹਿੰਦਸਿਆਂ ਨਾਲ ਕੌਮਾਂ ਦੀ ਤਕਦੀਰ ਨਹੀਂ ਬੱਝ ਸਕਦੀ। ਉਦੋਂ ਸੱਤ ਦਾ ਸਾਲ ਨਾ ਹੋਣ ਦੇ ਬਾਵਜੂਦ ਉਹ ਜਿੱਤ ਗਏ ਸਨ, ਪਰ ਜਦੋਂ ਸੋਲਾਂ ਵਾਲਾ ਸਾਲ ਮੁੱਕੇਗਾ, ਅਗਲੀ ਚੋਣ ਮੌਕੇ ਉਹ ਫਿਰ ਸੱਤ ਵਾਲੀ ਗੱਲ ਕਹਿ ਦੇਣਗੇ। ਬਾਕੀ ਰਾਜਾਂ ਵਿਚ ਰਾਜ ਕਰਨ ਜਾਂ ਰਾਜ ਦੀ ਪ੍ਰਾਪਤੀ ਲਈ ਜ਼ੋਰ ਲਾਉਣ ਦੇ ਚਾਹਵਾਨ ਵੀ ਆਪਣੇ ਪੱਖ ਨੂੰ ਮਜ਼ਬੂਤ ਕਰਨ ਲਈ ਇਹੋ ਜਿਹੀਆਂ ਗੱਲਾਂ ਕਰਦੇ ਰਹਿੰਦੇ ਹਨ ਤੇ ਹੁਣ ਵੀ ਕਹਿਣਗੇ।

ਸਿਰਫ ਭਾਰਤ ਵਿਚ ਨਹੀਂ, ਇਸ ਤਰ੍ਹਾਂ ਦੇ ਸ਼ਗੂਫੇ ਛੱਡਣ ਦਾ ਕੰਮ ਅਮਰੀਕਾ ਵਿਚ ਵੀ ਹੋ ਸਕਦਾ ਹੈ ਤੇ ਇਸ ਦੀ ਇੱਕ ਵੰਨਗੀ ਸਾਹਮਣੇ ਆ ਚੁੱਕੀ ਹੈ। ਪਿਛਲੇ ਦਿਨੀਂ ਇੱਕ ਬਹਿਸ ਵਿਚ ਰਿਪਬਲਿਕਨ ਪਾਰਟੀ ਦੇ ਇੱਕ ਬੁਲਾਰੇ ਨੇ ਇਹ ਗੱਲ ਕਹਿ ਦਿੱਤੀ ਕਿ ਬਿਲ ਕਲਿੰਟਨ ਦੀ ਪ੍ਰਧਾਨਗੀ ਦੇ ਵਕਤ ਅਮਰੀਕੀ ਲੋਕ ਇਹ ਧਾਰ ਚੁੱਕੇ ਹਨ ਕਿ ਹਰ ਪਾਰਟੀ ਨੂੰ ਲਗਾਤਾਰ ਦੋ ਵਾਰੀਆਂ ਦੇਣੀਆਂ ਹਨ ਅਤੇ ਸਿਰਫ ਦੋ ਹੀ ਦੇਣੀਆਂ ਹਨ, ਤੀਸਰੀ ਵਾਰੀ ਬਦਲ ਕੇ ਪਾਰਟੀ ਜਿਤਾਉਣੀ ਹੈ, ਇਸ ਲਈ ਇਸ ਵਾਰੀ ਸਾਡੀ ਜਿੱਤ ਹੋਵੇਗੀ। ਸਾਹਮਣੇ ਬੈਠਾ ਡੈਮੋਕਰੇਟ ਪ੍ਰਤੀਨਿਧ ਤੁਰੰਤ ਬੋਲ ਪਿਆ ਕਿ ਇਹੋ ਗੱਲ ਚਾਰ ਸਾਲ ਪਹਿਲਾਂ ਸਾਡੇ ਇੱਕ ਪ੍ਰਤੀਨਿਧ ਨੇ ਬਰਾਕ ਓਬਾਮਾ ਦੀ ਜਿੱਤ ਦੇ ਪੱਖ ਵਿਚ ਜਦੋਂ ਕਹੀ ਸੀ, ਤੂੰ ਹੀ ਇਸ ਨੂੰ ਕੱਟ ਕੇ ਕਿਹਾ ਸੀ ਕਿ ਇਹੋ ਜਿਹੀ ਕੋਈ ਪੱਕੀ ਧਾਰਨਾ ਨਹੀਂ ਹੋ ਸਕਦੀ। ਰਿਪਬਲਿਕਨ ਨੇ ਇਸ ਗੱਲ ਦੀ ਸ਼ਰਮ ਕਰਨ ਦੀ ਥਾਂ ਅੱਗੋਂ ਮੋੜ ਕੇ ਕਿਹਾ ਕਿ ਇਹੋ ਤਾਂ ਅਸਲੀ ਗੱਲ ਹੈ, ਉਦੋਂ ਲੋਕਾਂ ਨੇ ਸਾਡੇ ਪੱਖ ਵਿਚ ਵੋਟ ਨਾ ਦੇ ਕੇ ਇਹ ਗੱਲ ਸਾਬਤ ਕਰ ਦਿੱਤੀ ਸੀ ਕਿ ਜਿਹੜਾ ਵੀ ਸਾਹਮਣੇ ਆ ਗਿਆ, ਉਸ ਨੂੰ ਦੋ ਵਾਰੀਆਂ ਦੇ ਦੇਣੀਆਂ ਹਨ ਤੇ ਸਿਰਫ ਦੋ ਹੀ ਦੇਣੀਆਂ ਹਨ। ਏਦਾਂ ਦੀ ਦਲੀਲਬਾਜ਼ੀ ਭਾਰਤੀ ਲੀਡਰ ਵੀ ਬਥੇਰੀ ਕਰ ਸਕਦੇ ਹਨ।

ਸਦੀ ਦਾ ਸੋਲ੍ਹਵਾਂ ਸਾਲ ਸਾਡੇ ਭਾਰਤ ਵਿਚ ਕੁਝ ਮਹੱਤਵਪੂਰਨ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦਾ ਅਖਾੜਾ ਬਣਨ ਵਾਲਾ ਹੈ। ਇਸ ਵਿਚ ਪਾਰਲੀਮੈਂਟ ਦੀਆਂ ਬਤਾਲੀ ਸੀਟਾਂ ਵਾਲੇ ਪੱਛਮੀ ਬੰਗਾਲ ਦੀ ਸਰਕਾਰ ਦਾਅ ਉਤੇ ਲੱਗੀ ਹੋਈ ਹੈ, 39 ਸੀਟਾਂ ਵਾਲੇ ਤਾਮਿਲਨਾਡੂ ਦੀ ਵੀ ਅਤੇ ਕੇਰਲਾ ਤੇ ਆਸਾਮ ਵਰਗੇ ਰਾਜਨੀਤਕ ਪੱਖੋਂ ਵੱਖਰਾ ਮਹੱਤਵ ਰੱਖਦੇ ਰਾਜਾਂ ਦੀ ਵੀ। ਉਂਜ ਭਾਵੇਂ ਛੋਟੇ ਜਿਹੇ ਕੇਂਦਰੀ ਸ਼ਾਸਤ ਰਾਜ ਪੁੱਦੂਚੇਰੀ, ਜਿਸ ਨੂੰ ਹੁਣ ਤੱਕ ਪਾਂਡੀਚਰੀ ਕਿਹਾ ਜਾਂਦਾ ਸੀ, ਵਿਚ ਵੀ ਵਿਧਾਨ ਸਭਾ ਚੋਣ ਹੋਵੇਗੀ, ਪਰ ਭਾਰਤੀ ਜਨਤਾ ਪਾਰਟੀ ਵਾਲਿਆਂ ਦੀ ਉਸ ਵਿਚ ਬਹੁਤੀ ਦਿਲਚਸਪੀ ਨਹੀਂ, ਮੁੱਖ ਜ਼ੋਰ ਚਾਰ ਰਾਜਾਂ ਉਤੇ ਕਬਜ਼ੇ ਲਈ ਲੱਗੇਗਾ। ਇਨ੍ਹਾਂ ਵਿਚੋਂ ਤਾਮਿਲਨਾਡੂ ਦੇ ਵਿਚ ਭਾਰਤੀ ਜਨਤਾ ਪਾਰਟੀ ਆਪਣੇ ਸਿਰ ਕੁਝ ਕਰਨ ਜੋਗੀ ਨਹੀਂ ਤੇ ਦੋਵਾਂ ਵੱਡੀਆਂ ਧਿਰਾਂ ਵਿਚੋਂ ਜਿਹੜੀ ਵੀ ਨਾਲ ਲੈਣਾ ਮੰਨੇਗੀ, ਉਸੇ ਨਾਲ ਗੱਠਜੋੜ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਆਪਣੇ ਭਾਸ਼ਣਾਂ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਿਨ੍ਹਾਂ ਵੱਡੇ-ਵੱਡੇ ਅਸੂਲਾਂ ਦੀ ਗੱਲ ਕਰਦੇ ਰਹਿੰਦੇ ਹਨ, ਅਮਲ ਵਿਚ ਉਨ੍ਹਾਂ ਦਾ ਚੇਤਾ ਕਰਨ ਦੀ ਲੋੜ ਨਹੀਂ ਸਮਝਦੇ। ਏਸੇ ਲਈ ਭ੍ਰਿਸ਼ਟਾਚਾਰ ਦੀਆਂ ਦਾਗੀ ਦੋਵਾਂ ਧਿਰਾਂ ਵੱਲ ਸਾਂਝ ਦੀ ਕੁੰਡੀ ਤਾਮਿਲਨਾਡੂ ਵਿਚ ਹੁਣੇ ਸੁੱਟ ਰੱਖੀ ਹੈ।

ਪੱਛਮੀ ਬੰਗਾਲ ਵਿਚ ਮੁੱਖ ਮੰਤਰੀ ਮਮਤਾ ਬੈਨਰਜੀ ਇਸ ਵਾਰੀ ਪਹਿਲਾਂ ਜਿੰਨੀ ਮਜ਼ਬੂਤ ਨਹੀਂ, ਪਰ ਆਪਣੇ ਕਿਲ੍ਹੇ ਦੀ ਰਾਖੀ ਲਈ ਜੋੜ-ਤੋੜ ਕਰਨ ਦੀ ਮੁਹਾਰਤ ਉਹ ਕਾਫੀ ਸਿੱਖ ਚੁੱਕੀ ਹੈ। ਕਾਂਗਰਸ ਪਾਰਟੀ ਨੂੰ ਵੀ ਉਹ ਚੋਗਾ ਸੁੱਟ ਰਹੀ ਹੈ ਤੇ ਮੁੱਖ ਧਾਰਾ ਦੀਆਂ ਦੋਵਾਂ ਪਾਰਟੀਆਂ, ਭਾਜਪਾ ਅਤੇ ਕਾਂਗਰਸ, ਤੋਂ ਹਟਵੇਂ ਤੀਸਰੇ ਪੱਖ ਵਾਲਿਆਂ ਨਾਲ ਵੀ ਗੱਲ ਚਲਾਈ ਜਾਂਦੀ ਹੈ। ਇਸ ਦੌਰਾਨ ਦਿੱਲੀ ਤੋਂ ਏਦਾਂ ਦੀਆਂ ਖਬਰਾਂ ਮਿਲਦੀਆਂ ਹਨ ਕਿ ਉਥੇ ਕਾਂਗਰਸ ਤੇ ਖੱਬੀ ਧਿਰ ਦੇ ਕੁਝ ਆਗੂਆਂ ਦੀ ਗੱਲਬਾਤ ਚੱਲ ਰਹੀ ਹੈ। ਮਮਤਾ ਬੈਨਰਜੀ ਇਸ ਤੋਂ ਉਪਰਾਮ ਹੋ ਕੇ ਹੁਣ ਭਾਜਪਾ ਨਾਲ ਵੀ ਲੁਕਵੀਂ ਗੱਲ ਸ਼ੁਰੂ ਕਰ ਰਹੀ ਸੁਣੀਂਦੀ ਹੈ। ਭਾਜਪਾ ਉਸ ਰਾਜ ਵਿਚ ਕੁਝ ਪੈਰ-ਧਰਾਵਾ ਕਰਨ ਵਿਚ ਸਫਲ ਹੋਈ ਹੈ, ਪਰ ਅਜੇ ਆਪਣੇ ਸਿਰ ਜਿੱਤਣ ਦਾ ਦਾਅਵਾ ਕਰਨ ਜੋਗੀ ਨਹੀਂ ਹੋ ਸਕੀ। ਇਸ ਲਈ ਉਸ ਕੋਲ ਇੱਕੋ ਟੇਕ ਮਮਤਾ ਬੈਨਰਜੀ ਰਹਿ ਜਾਂਦੀ ਹੈ ਤੇ ਸੁਣਿਆ ਹੈ ਕਿ ਸੀ ਬੀ ਆਈ ਅਧਿਕਾਰੀਆਂ ਨੇ ਪਿਛਲੇ ਦਿਨਾਂ ਵਿਚ ਜਿਵੇਂ ਇੱਕ ਵਾਰ ਫਿਰ ਸ਼ਾਰਧਾ ਚਿੱਟ ਫੰਡ ਘੋਟਾਲੇ ਹੇਠ ਵਿਧਾਇਕਾਂ ਦੀ ਜਾਂਚ ਤੇਜ਼ ਕਰ ਲਈ ਹੈ, ਪੱਛਮੀ ਬੰਗਾਲ ਵਿਚ ਇਹ ਭਾਜਪਾ ਦੇ ਸਿਆਸੀ ਨਿਸ਼ਾਨੇ ਦੀ ਪ੍ਰਾਪਤੀ ਦੇ ਯਤਨਾਂ ਦਾ ਹਿੱਸਾ ਹੋ ਸਕਦਾ ਹੈ। ਬਹੁਜਨ ਸਮਾਜ ਪਾਰਟੀ ਦੀ ਮੁਖੀ ਬੀਬੀ ਮਾਇਆਵਤੀ ਜਦੋਂ ਇਹ ਕਹਿੰਦੀ ਹੈ ਕਿ ਸੀ ਬੀ ਆਈ ਨੂੰ ਸਿਆਸੀ ਨਿਸ਼ਾਨੇ ਫੁੰਡਣ ਵਾਸਤੇ ਵਰਤਿਆ ਜਾਂਦਾ ਹੈ ਤਾਂ ਉਹ ਚੋਣ ਰਾਜਨੀਤੀ ਦੇ ਤਜਰਬੇ ਤੋਂ ਬੋਲਦੀ ਹੈ, ਗਲਤ ਨਹੀਂ ਕਹਿ ਰਹੀ ਹੁੰਦੀ।

ਆਸਾਮ ਵਿਚ ਭਾਜਪਾ ਨੂੰ ਸੱਤਾ ਹਾਸਲ ਕਰਨ ਦੀ ਇਸ ਵਾਰੀ ਚੋਖੀ ਆਸ ਜਾਪਦੀ ਹੈ। ਉਥੇ ਸਿਆਸੀ ਸੰਕਟ ਵੀ ਇਸ ਵਕਤ ਹੈ ਤੇ ਇਹ ਸੰਕਟ ਭਾਜਪਾ ਦੇ ਇਸ਼ਾਰੇ ਉਤੇ ਗਵਰਨਰ ਵੱਲੋਂ ਪੈਦਾ ਕੀਤਾ ਦੱਸਿਆ ਜਾਂਦਾ ਹੈ। ਕਾਂਗਰਸ ਦਾ ਮੁੱਖ ਮੰਤਰੀ ਤਰੁਣ ਗੋਗੋਈ ਪਹਿਲਾ ਆਗੂ ਹੈ, ਜਿਸ ਨੇ ਉਥੇ ਲਗਾਤਾਰ ਤਿੰਨ ਵਾਰੀ ਰਾਜ ਕੀਤਾ ਤੇ ਤਿੰਨੇ ਵਾਰੀ ਪੰਜ ਸਾਲ ਦੀ ਮਿਆਦ ਪੂਰੀ ਕੀਤੀ ਹੈ। ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੇ ਰਾਜ ਵੇਲੇ ਆਸਾਮ ਦੀ ਕਮਾਨ ਸਾਂਭਣ ਪਿੱਛੋਂ ਮਨਮੋਹਨ ਸਿੰਘ ਦੇ ਦਸ ਸਾਲ ਵੀ ਲੰਘਾ ਕੇ ਹੁਣ ਨਰਿੰਦਰ ਮੋਦੀ ਦੇ ਗਲਬੇ ਵਾਲੀ ਸਰਕਾਰ ਦੇ ਸਮੇਂ ਵੀ ਉਹ ਸਿਰ ਉਚਾ ਕਰੀ ਖੜਾ ਹੈ। ਉਸ ਦੇ ਸਾਹਮਣੇ ਮੁਸ਼ਕਲਾਂ ਓਨੀਆਂ ਵਿਰੋਧੀ ਧਿਰ ਤੇ ਇਸ ਵਿਚੋਂ ਵੀ ਖਾਸ ਕਰ ਕੇ ਭਾਜਪਾ ਵੱਲੋਂ ਨਹੀਂ, ਜਿੰਨੀਆਂ ਉਸ ਦੀ ਆਪਣੀ ਪਾਰਟੀ ਕਾਂਗਰਸ ਦੀ ਹਾਈ ਕਮਾਨ ਨੇ ਪੇਸ਼ ਕੀਤੀਆਂ ਹਨ। ਸੋਨੀਆ ਗਾਂਧੀ ਤੇ ਉਸ ਦੇ ਪੁੱਤਰ ਨੂੰ ਕੋਈ ਵੀ ਉਹ ਆਗੂ ਚੰਗਾ ਨਹੀਂ ਲੱਗਦਾ, ਜਿਸ ਦੇ ਲੋਕਾਂ ਅੰਦਰ ਪੈਰ ਪੱਕੇ ਜੰਮੇ ਹੋਏ ਹੋਣ। ਇਹੋ ਜਿਹੇ ਆਗੂ ਕੋਲ ਖੜੋ ਕੇ ਉਨ੍ਹਾਂ ਨੂੰ ਆਪਣਾ ਕੱਦ ਬੌਣਾ ਲੱਗਦਾ ਹੈ। ਏਸੇ ਲਈ ਆਸਾਮ ਕਾਂਗਰਸ ਦੇ ਜਿਸ ਵੀ ਆਗੂ ਨੇ ਬਗਾਵਤ ਲਈ ਸਿਰ ਚੁੱਕਿਆ, ਹਾਈ ਕਮਾਨ ਤੋਂ ਉਸ ਨੂੰ ਮਿਲਦੀ ਸ਼ਹਿ ਦੀ ਚਰਚਾ ਨਾਲ ਹੀ ਹੋਈ ਹੈ। ਵਿਧਾਨ ਸਭਾ ਚੋਣਾਂ ਦੌਰਾਨ ਵੀ ਇਸ ਵਾਰ ਓਨਾ ਆਢਾ ਭਾਜਪਾ ਨਾਲ ਲੱਗਾ ਦਿਖਾਈ ਨਹੀਂ ਦੇ ਰਿਹਾ, ਜਿੰਨਾ ਕਾਂਗਰਸ ਦੀ ਅੰਦਰੂਨੀ ਗੁੱਟਬੰਦੀ ਕਾਰਨ ਲੀਡਰਾਂ ਦਾ ਆਪੋ ਵਿਚ ਲੱਗਦਾ ਦਿਖਾਈ ਦੇਂਦਾ ਹੈ। ਹਰ ਛਿਮਾਹੀ ਜਿਸ ਮੁੱਖ ਮੰਤਰੀ ਨੂੰ ਬਦਲਣ ਦੀ ਮੰਗ ਉਸ ਦੀ ਪਾਰਟੀ ਦੇ ਅੰਦਰੋਂ ਉਠਦੀ ਹੋਵੇ, ਅਤੇ ਕਾਂਗਰਸ ਹਾਈ ਕਮਾਨ ਦਾ ਇੱਕ ਧੜਾ ਦਿੱਲੀ ਵਿਚੋਂ ਇਸ ਮੰਗ ਨੂੰ ਸ਼ਹਿ ਦੇ ਰਿਹਾ ਹੋਵੇ, ਉਹ ਉਸ ਰਾਜ ਵਿਚ ਔਖੀ ਸਥਿਤੀ ਵਿਚ ਤਾਂ ਹੋਵੇਗਾ ਹੀ।

ਸਾਰਿਆਂ ਤੋਂ ਵੱਡੀ ਯਲਗਾਰ ਇਸ ਵਕਤ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਵੱਲੋਂ ਕੇਰਲਾ ਵਿਚ ਪੇਸ਼ ਕਰਨ ਦਾ ਪ੍ਰਭਾਵ ਮਿਲਦਾ ਹੈ। ਉਥੇ ਕਾਂਗਰਸੀ ਅਗਵਾਈ ਵਾਲਾ ਮੋਰਚਾ ਸਰਕਾਰ ਚਲਾ ਰਿਹਾ ਹੈ। ਖੱਬੇ ਪੱਖੀਆਂ ਦਾ ਮੋਰਚਾ ਪਿਛਲੀ ਵਾਰੀ ਮਾਮੂਲੀ ਫਰਕ ਨਾਲ ਚੋਣਾਂ ਵਿਚ ਹਾਰ ਗਿਆ ਸੀ। ਭਾਰਤੀ ਜਨਤਾ ਪਾਰਟੀ ਨੂੰ ਇੱਕ ਵੀ ਸੀਟ ਨਹੀਂ ਸੀ ਮਿਲ ਸਕੀ। ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਬਣਾਏ ਜਾਣ ਦੇ ਨਾਲ ਜਦੋਂ ਆਰ ਐਸ ਐਸ ਨੇ ਸਾਰੀ ਤਾਕਤ ਝੋਕ ਦਿੱਤੀ ਤੇ ਹਿੰਦੂ ਧਰਮ ਦੀ ਬਾਕੀ ਧਰਮਾਂ ਉਤੇ ਸਰਦਾਰੀ ਦਾ ਸੁਫਨਾ ਲੈਣ ਵਾਲਿਆਂ ਨੇ ਧੂੰਆਂਧਾਰ ਪ੍ਰਚਾਰ ਕੀਤਾ ਸੀ ਤਾਂ ਲੋਕ ਸਭਾ ਚੋਣਾਂ ਮੌਕੇ ਕੇਰਲਾ ਦੀ ਰਾਜਨੀਤੀ ਵਿਚ ਭਾਜਪਾ ਪਹਿਲੀ ਵਾਰ ਗਿਣਨ ਜੋਗੀ ਸ਼ਕਤੀ ਬਣ ਸਕੀ ਸੀ। ਉਦੋਂ ਇਸ ਨੇ ਪਾਰਲੀਮੈਂਟ ਲਈ ਭਾਵੇਂ ਕੋਈ ਸੀਟ ਨਹੀਂ ਸੀ ਜਿੱਤੀ, ਪਰ ਉਨ੍ਹਾਂ ਚੋਣਾਂ ਵਿਚ ਤਿੰਨ ਵਿਧਾਨ ਸਭਾ ਖੇਤਰਾਂ ਵਿਚ ਇਹ ਕਾਂਗਰਸ ਅਤੇ ਸੀ ਪੀ ਆਈ ਦੇ ਉਮੀਦਵਾਰਾਂ ਨੂੰ ਪਛਾੜ ਕੇ ਪਹਿਲੇ ਥਾਂ ਪਹੁੰਚ ਗਈ ਸੀ। ਇਹ ਤਿੰਨੇ ਸ਼ਹਿਰੀ ਸੀਟਾਂ ਸਨ। ਵਿਧਾਨ ਸਭਾ ਦੇ ਦੋ ਹੋਰ ਖੇਤਰਾਂ ਤੋਂ ਇਸ ਦਾ ਪਾਰਲੀਮੈਂਟ ਲਈ ਉਮੀਦਵਾਰ ਦੂਸਰੇ ਨੰਬਰ 'ਤੇ ਆਇਆ, ਜਿੱਥੇ ਕਾਂਗਰਸੀ ਉਮੀਦਵਾਰ ਪਹਿਲੇ ਨੰਬਰ ਉਤੇ ਅਤੇ ਸੀ ਪੀ ਆਈ ਐਮ ਦਾ ਤੀਸਰੇ ਥਾਂ ਚਲਾ ਗਿਆ ਸੀ। ਇਸ ਸਥਿਤੀ ਤੋਂ ਭਾਜਪਾ ਆਗੂ ਇਹ ਸੁਫਨੇ ਲੈਣ ਜੋਗੇ ਹੋ ਗਏ ਹਨ ਕਿ ਉਹ ਇਸ ਆਸਾਮ ਦੀਆਂ ਚੋਣਾਂ ਵਿਚ ਕੇਰਲਾ ਵਿਚ ਕੁਝ ਹਾਸਲ ਕਰ ਸਕਦੇ ਹਨ।

ਰਾਜਨੀਤੀ ਹੈ, ਹਰ ਕਿਸੇ ਨੂੰ ਦਾਅ ਖੇਡਣ ਦੀ ਖੁੱਲ੍ਹ ਹੈ, ਪਰ ਬੁਰੀ ਗੱਲ ਇਹ ਹੈ ਕਿ ਪ੍ਰਧਾਨ ਮੰਤਰੀ ਮੋਦੀ ਦਾ ਸਿਆਸੀ ਦਾਅ ਖੇਡਦਿਆਂ ਹਵਾਈ ਕਲਪਨਾ ਦੇ ਕਬੂਤਰ ਛੱਡਣ ਦਾ ਚਸਕਾ ਨਹੀਂ ਹਟਦਾ। ਪਿਛਲੇ ਦਿਨੀਂ ਜਦੋਂ ਇੱਕ ਦਿਨ ਉਹ ਕੇਰਲਾ ਦਾ ਦੌਰਾ ਕਰਨ ਗਿਆ ਤਾਂ ਉਥੇ ਕਾਂਗਰਸ ਅਤੇ ਖੱਬੇ ਪੱਖੀਆਂ ਉਤੇ ਇਸ ਰਾਜ ਵਿਚ ਵਿਕਾਸ ਦੀ ਦਰ ਮੱਠੀ ਕਰਨ ਅਤੇ ਗਰੀਬੀ ਨੂੰ ਨੱਥ ਨਾ ਪਾਉਣ ਦਾ ਦੋਸ਼ ਵੀ ਲਾ ਆਇਆ। ਉਸ ਨੂੰ ਇਹ ਗੱਲ ਭੁੱਲ ਗਈ ਕਿ ਬੀਤੀ ਪੰਦਰਾਂ ਮਾਰਚ ਨੂੰ ਆਰਥਿਕਤਾ ਲਈ ਪ੍ਰਮੁੱਖ ਭਾਰਤੀ ਜਥੇਬੰਦੀ ਐਸੋਚੈਮ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਮੁਤਾਬਕ ਸਾਰੇ ਪੱਖ ਵੇਖਦਿਆਂ ਬਹੁਤ ਸਾਰੇ ਭ੍ਰਿਸ਼ਟਾਚਾਰ ਦੇ ਬਾਵਜੂਦ ਤਾਮਿਲ ਨਾਡੂ ਦਾ ਪਹਿਲਾ ਨੰਬਰ ਸੀ ਤੇ ਦੂਸਰਾ ਕੇਰਲਾ ਦੇ ਹਿੱਸੇ ਆਉਣ ਪਿੱਛੋਂ ਤੀਸਰਾ ਨਰਿੰਦਰ ਮੋਦੀ ਦੇ ਗੁਜਰਾਤ ਦਾ ਸੀ। ਭਾਜਪਾ ਦੀ ਸਰਕਾਰ ਵਾਲੇ ਦੋ ਰਾਜ ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਕਿਸੇ ਖਾਤੇ ਵਿਚ ਨਹੀਂ ਸੀ ਲੱਭਦੇ। ਪਿਛਲੇ ਦਿਨੀਂ ਗਊ ਮਾਸ ਵਾਲੇ ਮੁੱਦੇ ਨਾਲ ਵੀ ਕੇਰਲਾ ਨੂੰ ਜਾਣ-ਬੁੱਝ ਕੇ ਬੱਦੂ ਕਰਨ ਦਾ ਯਤਨ ਕੀਤਾ ਗਿਆ ਤੇ ਦਿੱਲੀ ਦੇ ਕੇਰਲਾ ਭਵਨ ਦੀ ਕੰਟੀਨ ਉਤੇ ਬਿਨਾ ਕਾਨੂੰਨੀ ਅਧਿਕਾਰ ਤੋਂ ਦਿੱਲੀ ਪੁਲਿਸ ਦਾ ਛਾਪਾ ਵੀ ਏਸੇ ਲਈ ਮਰਵਾਇਆ ਗਿਆ ਸੀ। ਕੇਰਲਾ ਵਿਚ ਖੱਬੇ ਪੱਖ ਦੀ ਮਜ਼ਬੂਤੀ ਦਾ ਕਾਰਨ ਹੈ ਕਿ ਜਦੋਂ ਖੱਬੇ ਪੱਖੀਆਂ ਦੀ ਥਾਂ ਕਾਂਗਰਸੀ ਅਗਵਾਈ ਹੇਠ ਵੀ ਸਰਕਾਰ ਹੋਵੇ ਤਾਂ ਸਭ ਤੋਂ ਵੱਧ ਪੜ੍ਹੇ-ਲਿਖੇ ਲੋਕਾਂ ਵਾਲੇ ਉਸ ਰਾਜ ਵਿਚ ਕਾਂਗਰਸੀ ਵੀ ਆਪਣੇ ਮੂੰਹ ਨੂੰ ਸ਼ਰਮ ਦਾ ਛਿੱਕਾ ਬੰਨ੍ਹ ਕੇ ਚੱਲਦੇ ਹਨ ਅਤੇ ਭ੍ਰਿਸ਼ਟਾਚਾਰ ਉਸ ਰਾਜ ਵਿਚ ਓਨਾ ਨਹੀਂ, ਜਿੰਨਾ ਬਾਕੀ ਸਾਰੇ ਦੇਸ਼ ਵਿਚ ਹੈ। ਇਸ ਦੇ ਬਾਵਜੂਦ ਆਪਣੀ ਨੀਤੀ ਦੇ ਮੁਤਾਬਕ ਪ੍ਰਧਾਨ ਮੰਤਰੀ ਨੇ ਉਸ ਰਾਜ ਨੂੰ ਭੰਡਣ ਲਈ ਕਈ ਕੁਝ ਕਹਿ ਧਰਿਆ ਸੀ।

ਪੰਜਾਬ ਵਿਚ ਕਈ ਲੋਕ ਕਹਿ ਦੇਂਦੇ ਹਨ ਕਿ ਆਮ ਚੋਣਾਂ ਹੋਣੀਆਂ ਹੋਣ ਜਾਂ ਕੋਈ ਉਪ ਚੋਣ ਹੋਵੇ, ਸਾਡੇ ਰਾਜ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਵਿਆਹ ਵੇਖਣ ਤੋਂ ਵੱਧ ਚਾਅ ਚੜ੍ਹ ਜਾਂਦਾ ਹੈ। ਇਹੋ ਗੱਲ ਨਰਿੰਦਰ ਮੋਦੀ ਦੇ ਸੁਭਾਅ ਬਾਰੇ ਕਹੀ ਜਾ ਸਕਦੀ ਹੈ। ਉਹ ਵੀ ਹਰ ਵਕਤ ਚੋਣਾਂ ਦੇ ਗੇਅਰ ਵਿਚ ਰਹਿੰਦਾ ਹੈ। ਪਾਰਲੀਮੈਂਟ ਦੇ ਅੰਦਰ ਬੋਲਦਾ ਹੋਵੇ ਜਾਂ ਕਿਸੇ ਥਾਂ ਨੀਂਹ-ਪੱਥਰ ਰੱਖਣਾ ਹੋਵੇ ਜਾਂ ਫਿਰ ਕਿਸੇ ਯੋਗਾ ਕੈਂਪ ਵਿਚ ਵੀ ਚਲਾ ਜਾਵੇ, ਬਾਂਹਾਂ ਉਲਾਰ ਕੇ ਤਕਰੀਰ ਏਦਾਂ ਕਰਦਾ ਹੈ, ਜਿਵੇਂ ਵੋਟਾਂ ਮੰਗਣ ਦੀ ਰੈਲੀ ਵਿਚ ਬੋਲ ਰਿਹਾ ਹੋਵੇ। ਇਸੇ ਲਈ ਕੇਰਲਾ ਦੇ ਦੌਰੇ ਮੌਕੇ ਵੀ ਉਹ ਵਲਾਵਾਂ ਪਾ ਕੇ ਆਪਣੀ ਸਿਆਸਤ ਦਾ ਪ੍ਰਸ਼ਾਦ ਵੰਡ ਆਇਆ ਹੈ, ਪਰ ਪੱਲੇ ਖਾਸ ਕੁਝ ਨਹੀਂ ਪੈਂਦਾ ਜਾਪਦਾ।

ਸਾਡੇ ਇਹ ਪ੍ਰਭਾਵ ਉਸ ਵਕਤ ਦੇ ਹਨ, ਜਦੋਂ ਹਾਲੇ ਨਵਾਂ ਸਾਲ ਸ਼ੁਰੂ ਹੋਇਆ ਹੈ। ਆਗਾਜ਼ ਤੋਂ ਅਗਲੇ ਸਫਰ ਦਾ ਅੰਦਾਜ਼ਾ ਲਾਉਣਾ ਹੋਵੇ ਤਾਂ ਨਵਾਂ ਸਾਲ ਕਿਸੇ ਨਵੀਂ ਪਿਰਤ ਦੀ ਆਸ ਬੰਨ੍ਹਾਉਂਦਾ ਨਜ਼ਰ ਨਹੀਂ ਆ ਰਿਹਾ।

# ਨਾਬਾਲਗ ਅਪਰਾਧੀ ਸੁਚੇਤ ਹੋਣ

**ਨਿੱਕ ਸੁੱਕ**



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਕੁਝ ਸਮੇਂ ਤੋਂ ਕਈ ਨਾਬਾਲਗ ਲੜਕੇ ਬਲਾਤਕਾਰ ਤੇ ਹੱਤਿਆ ਵਰਗੀਆਂ ਘ੍ਰਿਣਾਤਮਕ ਘਟਨਾਵਾਂ ਦਾ ਸ਼ਿਕਾਰ ਹੁੰਦੇ ਦੱਸੇ ਗਏ ਹਨ। ਦਿੱਲੀ ਵਿਚ ਨਿਰਭੈਆ ਹੱਤਿਆ ਕਾਂਡ ਇਸ ਦੀ ਸਿਖਰ ਸੀ। ਮਹਿਲਾ ਸੁਰੱਖਿਆ ਸੰਸਥਾਵਾਂ ਅਤੇ ਆਮ ਲੋਕਾਂ ਦੇ ਜਾਗ੍ਰਿਤ ਹੋਣ ਨਾਲ ਭਾਰਤ ਸਰਕਾਰ ਨੇ ਅਜਿਹੇ ਅਪਰਾਧਾਂ ਵਿਚ ਫੜ੍ਹੇ ਗਏ 16 ਤੋਂ 18 ਸਾਲ ਦੇ ਨਾਬਾਲਗਾਂ ਨੂੰ ਬਣਦੀਆਂ ਸਜ਼ਾਵਾਂ ਦਿਵਾਉਣ ਲਈ ਨਵਾਂ ਕਾਨੂੰਨ ਪਾਸ ਕਰਕੇ ਘਿਨਾਉਣੇ ਅਪਰਾਧ ਕਰਨ ਵਾਲੇ ਨਾਬਾਲਗਾਂ ਦੀ ਉਮਰ 18 ਸਾਲ ਦੀ ਥਾਂ 16 ਸਾਲ ਮਿਥੀ ਹੈ। ਕੁਝ ਮਾਨਵੀ ਹੱਕਾਂ ਉਤੇ ਪਹਿਰਾ ਦੇਣ ਵਾਲੀਆਂ ਸੰਸਥਾਵਾਂ ਨੇ ਇਸ ਨੂੰ ਕਾਹਲੀ ਨਾਲ ਚੁੱਕਿਆ ਕਦਮ ਕਹਿ ਕੇ ਇਸ ਦੀ ਵਿਰੋਧਤਾ ਕੀਤੀ ਹੈ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਵੱਡੇ ਦੋਸ਼ੀ ਨਾਬਾਲਗ ਨਹੀਂ ਹੁੰਦੇ ਸਗੋਂ ਉਨ੍ਹਾਂ ਨੂੰ ਭੁਚਲਾ ਕੇ ਉਨ੍ਹਾਂ ਨੂੰ ਅੱਗੇ ਲਾਉਣ ਵਾਲੇ ਵਡੇਰੀ ਉਮਰ ਦੇ ਮਰਦ ਹੁੰਦੇ ਹਨ।

ਟਿੱਪਣੀਆਂ ਦੇ ਨੁਕਤੇ ਕਿੰਨੇ ਵੀ ਜਾਇਜ਼ ਹੋਣ ਬਲਾਤਕਾਰ, ਖਾਸ ਕਰਕੇ ਸਮੂਹਕ ਬਲਾਤਕਾਰ, ਸਭਿਅਕ ਸਮਾਜ ਦੇ ਮੱਥੇ ਉਤੇ ਵੱਡਾ ਕਲੰਕ ਹੈ। ਅਜਿਹੇ ਕਲੰਕ ਨੂੰ ਨੱਥ ਪਾਉਣ ਵਿਚ ਦੇਰੀ ਕਰਨੀ ਕਿਸੇ ਪੱਖ ਤੋਂ ਵੀ ਯੋਗ ਨਹੀਂ। ਨਵੀਂ ਪਨੀਰੀ ਦੀ ਸੁਖ ਮੰਗਣ ਵਾਲੇ ਇਹ ਵੀ ਜਾਣਦੇ ਹਨ ਕਿ ਵੱਡੇ ਅਪਰਾਧੀ ਉਦੋਂ ਤੱਕ ਬਾਜ਼ ਨਹੀਂ ਆਉਂਦੇ, ਜਦੋਂ ਤੱਕ ਉਨ੍ਹਾਂ ਨੂੰ ਕਾਨੂੰਨ ਦੇ ਸ਼ਿਕੰਜੇ ਵਿਚ ਨਹੀਂ ਕੱਸਿਆ ਜਾਂਦਾ। ਨਾਬਾਲਗਾਂ ਦੇ ਮਾਪਿਆਂ, ਅਧਿਆਪਕਾਂ ਅਤੇ ਸਮਾਜ ਸੇਵਕਾਂ ਦਾ ਧਿਆਨ ਵੀ ਏਸ ਪਾਸੇ ਤੱਦ ਹੀ ਜਾਵੇਗਾ ਜੇ ਅਜਿਹੇ ਅਪਰਾਧੀਆਂ ਨੂੰ ਕਰੜੀਆਂ ਸਜ਼ਾਵਾਂ ਮਿਲਦੀਆਂ ਹਨ।

ਇਹ ਚੰਗੀ ਗੱਲ ਹੈ ਕਿ ਬੱਚਾ ਤੇ ਮਹਿਲਾ ਵਿਕਾਸ ਮੰਤਰੀ ਮੇਨਿਕਾ ਗਾਂਧੀ ਨੇ ਦੇਸ਼ ਭਰ ਵਿਚ 36 ਬਾਰਸਟਲ ਭਾਵ ਨਿਗਰਾਨੀ ਨਿਵਾਸ ਖੋਲ੍ਹਣ ਦਾ ਫੈਸਲਾ ਲਿਆ ਹੈ। ਹੁਣ ਤੱਕ ਦੇ ਕਾਨੂੰਨ ਵਿਚ ਵੱਡਾ ਨੁਕਸ ਇਹ ਸੀ ਕਿ ਇਹ ਹਾਲੀ ਤੱਕ ਨਿਰਭੈਆ ਕਾਂਡ ਦੇ ਦੋਸ਼ੀਆਂ ਨੂੰ ਸਜ਼ਾ ਨਹੀਂ ਦਿਵਾ ਸਕਿਆ ਤੇ ਅਦਾਲਤਾਂ ਨਾਬਾਲਗ ਦੋਸ਼ੀ ਨੂੰ ਛੱਡਣ ਲਈ ਮਜ਼ਬੂਰ ਹੋ ਗਈਆਂ ਹਨ। ਨਵੇਂ ਕਾਨੂੰਨ ਦਾ ਜਿੰਨਾ ਵੀ ਸਵਾਗਤ ਹੋਵੇ ਚੰਗਾ ਹੈ।

**ਬਜ਼ੁਰਗਾਂ ਲਈ ਆਰਥਕ ਸੁਰੱਖਿਆ:** ਪਿਛਲੇ ਹਫਤੇ ਪੰਜਾਬ ਤੇ ਚੰਡੀਗੜ੍ਹ ਦੀਆਂ ਸੀਨੀਅਰ ਸਿਟੀਜ਼ਨ ਫੈਡਰੇਸ਼ਨਾਂ ਨੇ ਸ਼ਿਵਾਲਕ ਸਕੂਲ ਮੋਹਾਲੀ ਵਿਚ ਇਕ ਵੱਡਾ ਸੈਮੀਨਾਰ ਕਰਕੇ ਆਰਥਕ ਤੰਗੀ ਭੋਗ ਰਹੇ ਬਜ਼ੁਰਗਾਂ ਪ੍ਰਤੀ ਚਿੰਤਾ ਪ੍ਰਗਟ ਕੀਤੀ ਹੈ। ਇਹ ਦੁੱਖ ਵਾਲੀ ਗੱਲ ਹੈ ਕਿ ਉਨ੍ਹਾਂ ਦੀ ਆਪਣੀ ਔਲਾਦ ਹੀ ਉਨ੍ਹਾਂ ਨੂੰ ਖੂੰਡੇ ਲਾ ਰਹੀ ਹੈ। ਪੀ. ਐਚ. ਵੈਸ਼ਨਵ ਯਾਦਗਾਰੀ ਸੈਮੀਨਾਰ ਵਿਚ ਹਿੱਸਾ ਲੈ ਰਹੇ ਪੰਜਾਬ ਦੇ ਵਿੱਦਿਆ ਮੰਤਰੀ ਦਲਜੀਤ ਸਿੰਘ ਚੀਮਾ, ਸਰਵਭਾਰਤੀ ਸੀਨੀਅਰ ਸਿਟੀਜ਼ਨ ਕਨਫੈਡਰੇਸ਼ਨ ਦੇ ਪ੍ਰਧਾਨ ਡੀ. ਐਨ. ਚਾਪਕੇ ਤੇ ਪੰਜਾਬ ਇਕਾਈ ਦੇ ਪ੍ਰਧਾਨ ਐਸ. ਪੀ. ਕਰਕਰਾ ਨੇ ਇਕ ਆਵਾਜ਼ ਹੋ ਕੇ ਮੰਗ ਕੀਤੀ ਕਿ ਬਜ਼ੁਰਗਾਂ ਦੀ ਪੈਨਸ਼ਨ ਵਿਚ ਯੋਗ ਵਾਧਾ ਕਰਨਾ ਲਾਜ਼ਮੀ ਹੈ। ਵਿੱਦਿਆ ਮੰਤਰੀ ਵੱਲੋਂ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਅਧੀਨ 28 ਲੱਖ ਨੀਲੇ ਕਾਰਡ ਵਾਲੇ ਪਰਿਵਾਰਾਂ ਦੀ ਰਾਸ਼ੀ 30,000 ਤੋਂ ਵਧਾ ਕੇ 50,000 ਕੀਤੇ ਜਾਣ ਦਾ ਐਲਾਨ ਕੀਤਾ ਗਿਆ ਪਰ ਪਿਛਲੇ ਅੱਠ ਸਾਲਾਂ ਵਿਚ ਭਾਰਤ ਸਰਕਾਰ ਨੇ ਬਜ਼ੁਰਗਾਂ ਦੀ ਪੈਨਸ਼ਨ ਵਿਚ ਇਕ ਆਨੇ ਦਾ ਵਾਧਾ ਨਹੀਂ ਕੀਤਾ। ਇਥੋਂ ਤੱਕ ਕਿ 2012 ਵਿਚ ਐਲਾਨੇ ਗਏ ਸੀਨੀਅਰ ਸਿਟੀਜ਼ਨ ਐਕਟ 2007 ਦੇ ਨਿਯਮਾਂ ਨੂੰ ਨਿਯਮਬੱਧ ਕਰਨ ਲਈ ਹਾਲੀ ਤੱਕ ਇਕ ਵੀ ਬੈਠਕ ਨਹੀਂ ਸੱਦੀ ਗਈ। ਕੇਂਦਰੀ ਤੇ ਰਾਜ ਸਰਕਾਰਾਂ ਦਾ ਫਰਜ਼ ਬਣਦਾ ਹੈ ਕਿ ਉਹ ਏਸ ਪਾਸੇ ਤੁਰੰਤ ਧਿਆਨ ਦੇਣ ਤਾਂ ਕਿ ਬਜ਼ੁਰਗਾਂ ਦੇ ਵਾਰਸ ਵੀ ਉਨ੍ਹਾਂ ਦੇ ਜੀਵਨ ਭਰ ਵਿਚ ਪ੍ਰਾਪਤ ਕੀਤੇ ਗਿਆਨ ਦਾ ਲਾਭ ਲੈਣ ਦੇ ਰਾਹ ਤੁਰਨ।

**ਭਾਰਤ, ਪਾਕਿਸਤਾਨ ਤੇ ਬੰਗਲਾ ਦੇਸ਼:** ਭਾਜਪਾ ਦੇ ਸੰਘੀ ਪਿਛੋਕੜ ਵਾਲੇ ਮੈਂਬਰ ਰਾਮ ਮਾਧਵ ਨੇ ਭਾਰਤ, ਪਾਕਿਸਤਾਨ ਤੇ ਬੰਗਲਾ ਦੇਸ਼ ਦੇ ਮੁੜ ਇਕਮੁੱਠ ਹੋ ਜਾਣ ਦੀ ਚਾਹਨਾ ਦਰਸਾ ਕੇ ਨਰੇਂਦਰ ਮੋਦੀ ਤੇ ਨਵਾਜ਼ ਸ਼ਰੀਫ ਵਿਚ ਪੈਦਾ ਹੋਏ ਸੱਜਰੇ ਨਿੱਘ ਨੂੰ ਹੀ ਨਹੀਂ ਦੁਰਕਾਰਿਆ, ਭਾਜਪਾ ਦੇ ਹਿੰਦੂ ਬਹੁ-ਗਿਣਤੀ ਵਾਲੇ ਏਜੰਡੇ ਦਾ ਵੀ ਘੁੰਡ ਚੁੱਕਿਆ ਹੈ। ਉਸ ਦੀ ਇਹ ਸੋਚ ਘੱਟ ਗਿਣਤੀ ਫਿਰਕੇ ਵਾਲਿਆਂ ਲਈ ਬੜੀ ਹਾਨੀਕਾਰਕ ਹੈ। ਇਸ ਦਾ ਉਹ ਕਾਰਕੁਨ ਵੀ ਲਾਭ ਲੈ ਸਕਦੇ ਹਨ, ਜੋ ਆਏ ਦਿਨ ਕੋਈ ਨਾ ਕੋਈ ਵੱਡਾ ਕਾਰਾ ਕਰਨ ਤੋਂ ਬਾਜ਼ ਨਹੀਂ ਆਉਂਦੇ। ਇਹੋ ਜਿਹੀਆਂ ਬੇਮੌਕਾ, ਬੇਲੋੜੀਆਂ ਤੇ ਬੇਥਵੀਆਂ ਗੱਲਾਂ ਦੇਸ਼ ਲਈ ਬਹੁਤ ਹਾਨੀਕਾਰਕ ਹੋ ਸਕਦੀਆਂ ਹਨ। ਇਨ੍ਹਾਂ ਦੀ ਵੱਧ ਤੋਂ ਵੱਧ ਨਿੰਦਾ ਕਰਨੀ ਬਣਦੀ ਹੈ।

**ਅੰਤਿਕਾ:** (ਮੋਦੀ-ਸ਼ਰੀਫ ਮਿਲਣੀ 'ਤੇ ਲਾਹੌਰ ਦੇ ਕਵੀ)

ਅਸੀਂ ਨਫਰਤਾਂ ਕਰਕੇ ਵੇਖ ਲਈਆਂ
ਦੂਰੀਆਂ ਵੀ ਬਣਾ ਕੇ ਵੇਖ ਲਈਆਂ।
ਹੁਣ ਸਾਂਝਾਂ ਵੇਖਣੀਆਂ ਚਾਹੁੰਦੇ ਹਾਂ
ਮੁਹੱਬਤਾਂ ਕਰਨੀਆਂ ਚਾਹੁੰਦੇ ਹਾਂ।
(ਅਫਜ਼ਲ ਸਾਹਿਰ ਲਾਹੌਰ)

---

ਗੋਲੀ ਅੰਨ੍ਹੀ ਗੋਲੀ ਬੋਲੀ,
ਸੰਗੀਏ ਇਹਦਾ ਸੰਗ ਨਹੀਂ ਚੰਗਾ,
ਕੋਈ ਇਹਦਾ ਰੰਗ ਨਹੀਂ ਚੰਗਾ।
ਗੋਲੀ ਏਧਰੋਂ ਚੱਲੇ, ਉਧਰੋਂ ਚੱਲੇ,
ਗੋਲੀ ਨਾਲ ਪੁਆੜਾ ਪੈਂਦਾ
ਗੋਲੀ ਨਾਲ ਉਜਾੜਾ ਪੈਂਦਾ।
ਏਧਰ ਵੀ ਇਹ ਬੰਦਾ ਮਾਰੇ,
ਓਧਰ ਵੀ ਇਹ ਬੰਦਾ ਮਾਰੇ
ਆਪਣੇ ਬੰਦੇ ਮਾਰਨ ਨਾਲੋਂ,
ਇਕ ਦੂਜੇ ਦੇ ਸੀਨੇ ਲੱਗੋ।
ਫੁੱਲਾਂ ਦੇ ਗੁਲਦਸਤੇ ਲੱਭੋ।
(ਬਾਬਾ ਨਜ਼ਮੀ ਲਾਹੌਰ)

# ਫਰਿਜ਼ਨੋ ਵਾਸੀ ਰਜਿੰਦਰਪਾਲ ਸਿੰਘ ਗਿੱਲ ਨੂੰ ਦਿਖ ਕਰਕੇ ਜਹਾਜ 'ਚੋਂ ਉਤਾਰਿਆ

**ਫਰਿਜ਼ਨੋ (ਬਿਊਰੋ):** ਫਰਿਜ਼ਨੋ ਵਾਸੀ ਰਜਿੰਦਰਪਾਲ ਸਿੰਘ ਗਿੱਲ (53) ਨੂੰ ਲਾਸ-ਏਂਜਲਸ ਤੋਂ ਸਿਡਨੀ ਵਾਇਆ ਸ਼ੰਘਈ ਜਾ ਰਹੀ



ਈਸਟਰਨ ਚਾਈਨਾਂ ਏਅਰ ਲਾਈਨ ਦੀ ਫਲਾਈਟ 586 ਤੋਂ ਸਿਰਫ ਉਸ ਦੀ ਦਿੱਖ ਕਰਕੇ ਜਬਰੀ ਉਤਾਰ ਦਿਤਾ ਗਿਆ। ਰਾਜਿੰਦਰਪਾਲ ਨੇ ਦੱਸਿਆ ਕਿ ਜਹਾਜ ਵਿਚ ਉਹ ਇਕੱਲਾ ਹੀ ਭਾਰਤੀ ਸੀ ਪੁਲਿਸ ਨੇ ਉਸ ਨੂੰ ਜਹਾਜ਼ 'ਚੋਂ ਉਤਰਨ ਲਈ ਕਿਹਾ। ਜਦੋਂ ਉਸ ਨੇ ਕਾਰਨ ਪੁਛਿਆ ਤਾਂ ਜਵਾਬ ਸੀ ਕਿ ਜਹਾਜ ਦਾ ਅਮਲਾ ਅਤੇ ਚੀਨੀ ਯਾਤਰੀ ਉਸ ਨਾਲ ਸਫ਼ਰ ਕਰਨ ਵਿਚ ਸੌਖ ਮਹਿਸੂਸ ਨਹੀਂ ਕਰਦੇ। ਉਸ ਉਤੇ ਇਹ ਵੀ ਦੋਸ਼ ਲਾਇਆ ਗਿਆ ਕਿ ਉਹ ਅਤਿਵਾਦੀਆਂ ਵਾਲੀ ਵੀਡੀਓ ਵੇਖ ਰਿਹਾ ਸੀ। ਰਜਿੰਦਰਪਾਲ ਅਨੁਸਾਰ ਉਸ ਦੀਆਂ ਸਭ ਦਲੀਲਾਂ ਦੇ ਬਾਵਜੂਦ ਪੁਲਿਸ ਨੇ ਇਹ ਦਲੀਲ ਦੇ ਕੇ ਜਹਾਜ 'ਚੋਂ ਉਤਾਰ ਦਿਤਾ ਕਿ ਸਾਡੀ ਮਜ਼ਬੂਰੀ ਹੈ ਕਿ ਸਾਨੂੰ ਏਅਰ ਲਾਈਨ ਦੇ ਸਟਾਫ ਅਤੇ ਜਹਾਜ ਦੇ ਕੈਪਟਨ ਦੀ ਜਿਦ ਕਾਰਨ ਉਸ ਨੂੰ ਜਹਾਜੋਂ ਥੱਲੇ ਉਤਰਨਾਂ ਪੈਣਾ ਹੈ।

ਰਜਿੰਦਰਪਾਲ ਦੇ ਸਪੁਤਰ ਅਮਨਦੀਪ ਗਿੱਲ ਨੇ ਦੱਸਿਆ ਕਿ ਇਸ ਘਟਨਾਕ੍ਰਮ ਤੋਂ ਬਾਅਦ ਜਦੋਂ ਉਨ੍ਹਾਂ ਏਅਰਪੋਰਟ ਦੇ ਗਰਾਉਂਡ ਸਟਾਫ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੂੰ ਲਿਖਤੀ ਸ਼ਿਕਾਇਤ ਦਰਜ ਕਰਵਾਉਣ ਕਰਨ ਲਈ ਆਖਣ ਤੋਂ ਵੱਧ ਕੁਝ ਨਹੀਂ ਕੀਤਾ। ਉਹ ਪਰੇਸ਼ਾਨ ਸੀ ਕਿ ਬਿਨਾ ਕਿਸੇ ਸਬੂਤ ਦੇ ਸਿਰਫ ਸਰੀਰਕ ਦਿੱਖ ਕਰਕੇ ਉਸ ਨੂੰ ਜਹਾਜ਼ 'ਚੋਂ ਲਾਇਆ ਗਿਆ। ਉਨ੍ਹਾਂ ਆਖਿਆ ਕਿ ਉਹ ਵਕੀਲ ਰਾਹੀਂ ਇਹ ਮਾਮਲਾ ਨਸਲੀ ਵਿਤਕਰੇ ਵਜੋਂ ਉਠਾ ਕੇ ਅਦਾਲਤ ਜਾਣਗੇ।

# ਜੱਗੀ ਕੁੱਸਾ 8 ਜਨਵਰੀ ਨੂੰ ਫਰਿਜ਼ਨੋ ਆਉਣਗੇ

**ਫਰਿਜ਼ਨੋ (ਬਿਊਰੋ):** ਉਘਾ ਨਾਵਲਕਾਰ ਸਿਵਚਰਨ ਜੱਗੀ ਕੁੱਸਾ 7 ਜਨਵਰੀ ਤੋਂ ਕੈਲੀਫੋਰਨੀਆ ਫੇਰੀ ਦੌਰਾਨ 8 ਜਨਵਰੀ



ਸ਼ੁਕਰਵਾਰ ਨੂੰ ਫਰਿਜ਼ਨੋ ਪਹੁੰਚੇਗਾ।

ਉਸੇ ਸ਼ਾਮ 4 ਵਜੇ ਇਥੇ ਇੰਡੀਆ ਓਵਨ ਰੈਸਟੋਰੈਂਟ ਵਿਚ ਪ੍ਰਸ਼ੰਸਕਾਂ ਵਲੋਂ ਉਸ ਦੇ ਮਾਣ ਵਿਚ ਇਕ ਮੀਟਿੰਗ ਰਖੀ ਗਈ ਹੈ। ਪ੍ਰਬੰਧਕਾਂ ਨੇ ਇਸ ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਖੁਲ੍ਹਾ ਸੱਦਾ ਦਿਤਾ ਹੈ।

# ਫਰੀਮਾਂਟ 'ਚ 10 ਜਨਵਰੀ ਨੂੰ ਪਵੇਗਾ 'ਛਣਕਾਟਾ ਵੰਗਾਂ ਦਾ'

**ਫਰੀਮਾਂਟ (ਬਿਊਰੋ):** ਪਿਛਲੇ ਤਿੰਨ ਵਰ੍ਹਿਆਂ ਤੋਂ ਐਸ ਅਸ਼ੋਕ ਭੌਰਾ ਅਤੇ ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਵਲੋਂ ਨਵੇਂ ਵਰ੍ਹੇ 2016 ਨੂੰ ਜੀ ਆਇਆਂ ਆਖਦਾ ਪ੍ਰੋਗਰਾਮ 'ਛਣਕਾਟਾ ਵੰਗਾਂ ਦਾ' 10 ਜਨਵਰੀ, ਐਤਵਾਰ ਨੂੰ ਪੈਰਾਡਾਈਜ਼ ਬਾਲ ਰੂਮ, ਮਿਰਾਜ ਪੈਲੇਸ 4100 ਪਰਿਆਲਟਾ ਬੁਲੇਵਾਰਡ ਵਿਖੇ ਸਵੇਰੇ 11 ਵਜੇ ਤੋਂ ਸ਼ਾਮ 5 ਵਜੇ ਤੱਕ ਕਰਵਾਇਆ ਜਾ ਰਿਹਾ ਹੈ।

'ਪਾਓ ਭੰਗੜੇ' ਅਤੇ 'ਮੁੱਕਰੇ ਤਾਂ ਥਾਂ ਮਰਜਾਂ' ਵਰਗੇ ਹਿੱਟ ਗੀਤ ਦੇਣ ਵਾਲੇ ਬਲਵਿੰਦਰ ਸਫਰੀ



ਅਤੇ 'ਨਾਨਕਾ ਮੇਲ' ਫੇਮ ਸ਼ਿੰਦਾ ਸੁਰੀਲਾ ਪਹਿਲੀ ਵਾਰ ਕੈਲੀਫੋਰਨੀਆ 'ਚ ਪੇਸ਼ਕਾਰੀ ਦਾ ਰੰਗ ਵਿਖਾਉਣਗੇ। ਜਿਥੇ ਕੋਰੀਓਗ੍ਰਾਫੀ, ਵਿਜੇ ਸਿੰਘ ਦਾ ਆਪਣੇ ਸਹਿਯੋਗੀ ਬਲਜੀਵਨ ਅਤੇ ਪੌਪੀ ਸਿੰਘ ਨਾਲ ਹਾਸਰਸ ਰੰਗ ਨਵਾਂ ਇਤਿਹਾਸ ਸਿਰਜੇਗਾ ਉਥੇ ਕ੍ਰਿਸ਼ਨਾ ਡਾਂਸ ਅਕੈਡਮੀ ਦੀਆਂ ਬਾਲੀਵੁੱਡ ਸੰਗੀਤ ਵਿਚ ਗਹਿਗੱਚ ਵੰਨਗੀਆਂ ਵੀ ਖਾਸ ਹੋਣਗੀਆਂ।

ਗਾਇਕਾ ਜੋਤ ਰਣਜੀਤ ਅਤੇ ਰਣਜੀਤ ਕੌਰ ਨਵੇਂ ਅਤੇ ਖਾਸ ਅੰਦਾਜ਼ ਵਿਚ ਲੋਕ ਗੀਤਾਂ ਵਰਗੀਆਂ ਧੁਨਾਂ ਪੇਸ਼ ਕਰਨਗੀਆਂ। ਕੁਲਦੀਪ ਮਾਣਕ ਦਾ ਸ਼ਾਗਿਰਦ ਜੀਤਾ ਗਿੱਲ ਆਪਣੇ ਪੂਰੇ ਬੈਂਡ ਨਾਲ ਅਤੇ ਮੰਗਜੀਤ ਮੰਗਾ, ਤਰਸੇਮ ਅਟਵਾਲ ਆਪਣਾ ਸੰਗੀਤ ਦੇ ਅਨੂਪ ਚੀਮਾ ਤੇ ਤਰਲੋਕ ਸਿੰਘ, ਸੱਤੀ ਪਾਬਲਾ, ਜੇ ਐਸ ਜੱਗਾ ਵੀ ਗੀਤ ਸੰਗੀਤ ਦਾ ਰੰਗ ਵਿਖਾਉਣਗੇ ਅਤੇ ਗੀਤ ਮਾਲਾ ਡਾਂਸ ਅਕੈਡਮੀ ਤੋਂ ਸੋਨੀਆ ਚੇੜਾ, ਜੱਸੀ ਸਰਾਂ ਲੋਕ ਨਾਚਾਂ ਵਰਗੇ ਪ੍ਰਭਾਵ ਖਾਸ ਰੂਪ ਵਿਚ ਪੇਸ਼ ਕਰਨਗੀਆਂ। 'ਅਜੇ ਸੰਗੀਤ ਅਕੈਡਮੀ' ਵਲੋਂ ਗਿੱਧਾ ਪੇਸ਼ ਕੀਤਾ ਜਾਵੇਗਾ।

ਪ੍ਰੋਗਰਾਮ ਦਾ ਸੰਚਾਲਨ ਅਦਾਕਾਰਾ ਹਰਜੀਤ ਉਪਲ ਕਰੇਗੀ। ਗੀਤਕਾਰ ਜਸਵੀਰ ਗੁਣਾਚੌਰੀਏ ਦਾ ਵਿਸ਼ੇਸ਼ ਸਨਮਾਨ ਵੀ ਇਸ ਪ੍ਰੋਗਰਾਮ ਵਿਚ ਹੋਵੇਗਾ। ਇਹ ਪ੍ਰੋਗਰਾਮ ਪ੍ਰੋ. ਮੋਹਨ ਸਿੰਘ ਮੇਲੇ ਦੇ ਬਾਨੀ ਸਵਰਗੀ ਜਗਦੇਵ ਸਿੰਘ ਜੱਸੋਵਾਲ ਨੂੰ ਸਮਰਪਿਤ ਹੋਵੇਗਾ। ਪ੍ਰੋਗਰਾਮ ਗਲੋਬਲ ਪੰਜਾਬ ਟੀ ਵੀ ਵਲੋਂ 25 ਜਨਵਰੀ ਸ਼ਾਮ 5:30 ਵਜੇ ਉਤਰੀ ਅਮਰੀਕਾ ਵਿਚ ਪ੍ਰਸਾਰਿਤ ਕੀਤਾ ਜਾਵੇਗਾ। ਪ੍ਰੋਗਰਾਮ ਦੇ ਮੁੱਖ ਪ੍ਰਬੰਧਕ ਐਸ ਅਸ਼ੋਕ ਭੌਰਾ ਨੇ ਦੱਸਿਆ ਕਿ ਇਹ ਨਿਰੋਲ ਪਰਿਵਾਰਕ ਪ੍ਰੋਗਰਾਮ ਹੈ ਅਤੇ ਐਂਟਰੀ ਸਿਰਫ ਪਾਸ ਰਾਹੀਂ ਹੀ ਹੋਵੇਗੀ।

ਇਸ ਮੌਕੇ ਸੰਗਮ ਪਬਲੀਕੇਸ਼ਨ ਵਲੋਂ ਪ੍ਰਕਾਸ਼ਿਤ ਨਾਮੀ ਲੇਖਕਾਂ ਦੀਆਂ ਪੁਸਤਕਾਂ ਦੀ ਪ੍ਰਦਰਸ਼ਨੀ ਵੀ ਲਾਈ ਜਾਵੇਗੀ ਜਿਸ ਵਿਚ ਸਾਹਿਤ, ਸਿਹਤ, ਖੇਡਾਂ ਤੇ ਆਮ ਜਾਣਕਾਰੀ, ਧਾਰਮਿਕ ਅਤੇ ਇਤਿਹਾਸਕ ਪੁਸਤਕਾਂ ਦੇ ਨਾਲ ਨਾਲ ਅਸ਼ੋਕ ਭੌਰਾ ਦੀਆਂ ਹੁਣ ਤੱਕ ਛਪੀਆਂ ਸਾਰੀਆਂ ਪੁਸਤਕਾਂ ਵੀ ਉਪਲਬਧ ਹੋਣਗੀਆਂ। ਹੋਰ ਜਾਣਕਾਰੀ ਲਈ ਅਵਤਾਰ ਲਾਖਾ (209-200-0818) ਜਾਂ ਅਨਮੋਲ ਭੌਰਾ (510-512-3401) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਸਟੋਰ ਕਲਰਕ ਦਾ ਅਣਪਛਾਤੇ ਹਮਲਾਵਰ ਹਥੋਂ ਕਤਲ

**ਫਰਿਜ਼ਨੋ (ਬਿਊਰੋ):** ਇਥੇ ਵਿਸਟ ਅਤੇ ਸੀਲਡ ਸਟਰੀਟ ਦੇ ਕਾਰਨਰ 'ਤੇ ਸੀਲਡ ਐਕਸਪ੍ਰੈਸ ਮਾਰਟ ਲਿਕਰ ਸਟੋਰ 'ਤੇ ਕੰਮ ਕਰਦੇ ਗੁਰਚਰਨ ਸਿੰਘ ਗਿੱਲ ਨਾਂ ਦੇ ਇਕ ਪੰਜਾਬੀ ਦੀ ਨਵੇਂ ਸਾਲ ਵਾਲੇ ਦਿਨ ਕਿਸੇ ਅਣਪਛਾਤੇ ਹਮਲਾਵਰ ਨੇ ਚਾਕੂ ਮਾਰ ਕੇ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ। ਜਦੋਂ ਇਕ ਗਾਹਕ ਕੁਝ ਲੈਣ ਲਈ ਸਟੋਰ ਅੰਦਰ ਗਿਆ ਤਾਂ ਉਸ ਨੇ ਖੂਨ ਨਾਲ ਲੱਥ-ਪੱਥ ਲਾਸ਼ ਵੇਖੀ ਤਾਂ ਪੁਲਿਸ ਨੂੰ ਇਤਲਾਹ ਕੀਤੀ।

ਪੁਲਿਸ ਨੇ ਕੇਸ ਦਰਜ਼ ਕਰਕੇ ਦੋਸ਼ੀਆਂ ਦੀ ਭਾਲ ਸ਼ੁਰੂ ਕਰ ਦਿਤੀ ਹੋਈ ਹੈ। ਕਤਲ ਦੇ ਮਕਸਦ ਦਾ ਪਤਾ ਨਹੀਂ ਲਗ ਸਕਿਆ ਪਰ ਸ਼ੱਕ ਹੈ ਕਿ ਇਹ ਲੁਟ-ਖੋਹ ਹੋ ਸਕਦਾ ਹੈ।

ਮ੍ਰਿਤਕ ਪੰਜਾਬ ਦੇ ਜਿਲਾ ਲੁਧਿਆਣਾ ਦੇ ਪਿੰਡ ਧਮੋਟ ਤੋਂ ਸੀ ਅਤੇ ਪਿਛਲੇ ਪੰਦਰਾ ਸਾਲ ਤੋਂ ਅਮਰੀਕਾ ਵਿਚ ਸੀ। ਅਜੇ ਪਿਛਲੇ ਹਫਤੇ ਹੀ ਇਥੇ ਕੁਝ ਅਣਪਛਾਤੇ ਨਸਲਪ੍ਰਸਤਾਂ ਨੇ ਹਮਲਾ ਕਰਕੇ ਇਕ ਪੰਜਾਬੀ ਬਜੁਰਗ ਨੂੰ ਜ਼ਖਮੀ ਕਰ ਦਿਤਾ ਸੀ।

ਇਸ ਘਟਨਾਕ੍ਰਮ ਤੋਂ ਬਾਅਦ ਜਦੋਂ ਉਨ੍ਹਾਂ ਏਅਰਪੋਰਟ ਦੇ ਗਰਾਉਂਡ ਸਟਾਫ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੂੰ ਲਿਖਤੀ ਸ਼ਿਕਾਇਤ ਦਰਜ ਕਰਵਾਉਣ ਕਰਨ ਲਈ ਆਖਣ ਤੋਂ ਵੱਧ ਕੁਝ ਨਹੀਂ ਕੀਤਾ। ਉਹ ਪਰੇਸ਼ਾਨ ਸੀ ਕਿ ਬਿਨਾ ਕਿਸੇ ਸਬੂਤ ਦੇ ਸਿਰਫ ਸਰੀਰਕ ਦਿੱਖ ਕਰਕੇ ਉਸ ਨੂੰ ਜਹਾਜ਼ 'ਚੋਂ ਲਾਇਆ ਗਿਆ।

ਉਨ੍ਹਾਂ ਆਖਿਆ ਕਿ ਉਹ ਵਕੀਲ ਰਾਹੀਂ ਇਹ ਮਾਮਲਾ ਨਸਲੀ ਵਿਤਕਰੇ ਵਜੋਂ ਉਠਾ ਕੇ ਅਦਾਲਤ ਜਾਣਗੇ।


ਰਾਜਾ ਸਾਹਿਬ ਸਪੋਰਟਸ ਕਲੱਬ ਦੋਆਬਾ ਨਿਊ ਯਾਰਕ

ਹੈਡਮਾਸਟਰ ਸਵਰਗੀ ਗਿਆਨ ਸਿੰਘ ਸਪੋਰਟਸ ਕਲੱਬ ਜੱਬੋਵਾਲ

ਸਭਨਾਂ ਨੂੰ ਨਵਾਂ ਸਾਲ 2016 ਮੁਬਾਰਕ

ਦੁਨੀਆਂ ਦੇ ਕੋਨੇ ਕੋਨੇ 'ਚ ਵਸਦੇ ਖੇਡਾਂ ਦੇ ਸ਼ੌਕੀਨ ਦੋਸਤਾਂ ਅਤੇ ਸਮੁੱਚੀ ਮਾਨਵਤਾ ਲਈ ਨਵਾਂ ਸਾਲ ਖ਼ੁਸ਼ੀਆਂ ਤੇ ਖੇੜਿਆਂ ਭਰਿਆਂ ਆਵੇ।



ਰਾਜਾ ਸਾਹਿਬ ਸਪੋਰਟਸ ਕਲੱਬ ਵਲੋਂ ਪਿੰਡਾਂ ਦੇ ਖੇਡ-ਮੇਲਿਆਂ ਤੋਂ ਓਲੰਪਿਕ ਤੱਕ ਜਾਣ ਵਾਲੇ ਗੁਣਾਚੌਰ ਦੇ ਲੋੜਵੰਦ ਖਿਡਾਰੀਆਂ ਲਈ ਵੀ ਹਰ ਤਰ੍ਹਾਂ ਦੀ ਸਹਾਇਤਾ ਭੇਜੀ ਜਾਂਦੀ ਹੈ।

ਦਸ਼ਮੇਸ਼ ਪਿਤਾ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ

ਲੱਖ ਲੱਖ ਵਧਾਈ

ਵਲੋਂ

ਬਲਦੇਵ ਸਿੰਘ ਮਾਨ

ਫੋਨ: 516-603-2530

ਇਕਬਾਲ ਸਿੰਘ ਜੱਬੋਵਾਲੀਆ

ਫੋਨ: 917-375-6395

# ਗੁਰੂ ਰਵੀਦਾਸ ਰਿਓਰਿੰਡਾ ਗੁਰੂ ਘਰ 'ਚ ਕੀਰਤਨ ਦਰਬਾਰ








**ਸੈਕਰਾਮੈਂਟੋ (ਬਿਊਰੋ):** ਗੁਰਦੁਆਰਾ ਗੁਰੂ ਰਵੀਦਾਸ ਰਿਓਰਿੰਡਾ ਵਿਖੇ ਨਵੇਂ ਸਾਲ ਦੀ ਆਮਦ 'ਤੇ ਕੀਰਤਨ ਦਰਬਾਰ ਸਜਾਏ ਗਏ। ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈ ਕੇ ਅਰਦਾਸਾਂ ਬੇਨਤੀਆਂ ਕੀਤੀਆਂ ਗਈਆਂ ਕਿ ਪਰਮਾਤਮਾ ਸੰਸਾਰ 'ਤੇ ਸ਼ਾਂਤੀ ਲੈ ਕੇ ਆਵੇ ਅਤੇ ਨਵਾਂ ਸਾਲ ਚੜ੍ਹਦਿਆਂ ਹੀ ਜੈਕਾਰੇ ਛੱਡੇ ਗਏ। ਭਾਈ ਜਸਪਾਲ ਸਿੰਘ ਅਤੇ ਭਾਈ ਗੁਰਪ੍ਰੀਤ ਸਿੰਘ ਦੇ ਜਥੇ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸੋਵੀਨਾਰ ਅਤੇ 2016 ਦਾ ਕੈਲੰਡਰ ਵੀ ਰਿਲੀਜ਼ ਕੀਤਾ ਗਿਆ।

ਗੁਰੂ ਘਰ ਦੇ ਪੈਟਰਲ ਬਣਨ 'ਤੇ ਮੋਤੀਰਾਮ ਕਰਨਾਣਾ, ਕਰਨੈਲ ਬੱਧਣ ਅਤੇ ਸੋਹਣ ਬੱਧਣ ਨੂੰ ਸਿਰੋਪਾ ਸਾਹਿਬ ਨਾਲ ਸਨਮਾਨਤ ਕੀਤਾ ਗਿਆ। ਇਸ ਮੌਕੇ ਪੱਤਰਕਾਰ ਪ੍ਰੇਮ ਚੁੰਬਰ, ਜੀਵਨ ਰੱਤੂ, ਜਸਵੰਤ ਜੱਸੀ ਸ਼ੀਮਾਰ, ਸੇਵਕ ਦਾਸ ਰੱਲ੍ਹ ਨੇ ਸੰਗਤਾਂ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ।

ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰ ਦੀ ਸੇਵਾ ਜਤਿੰਦਰ ਸਿੰਘ ਥਿੰਦ, ਪਵਨ ਕੁਮਾਰ ਵਿਰਦੀ ਤੇ ਪੰਮੀ ਰੱਤੂ ਪਰਿਵਾਰਾਂ ਵੱਲੋਂ ਕੀਤੀ ਗਈ। ਖੁਸ਼ੀ ਰੱਤੂ ਨੇ ਇਕ ਸ਼ਬਦ ਨਾਲ ਹਾਜ਼ਾਰੀ ਲਵਾਈ। ਉਪਰੰਤ ਲੰਗਰ ਵਰਤਿਆ।

ਇਸ ਤੋਂ ਇਲਾਵਾ ਮਾਰਚ ਵਿਚ ਕੱਢੇ ਜਾ ਰਹੇ ਨਗਰ ਕੀਤਰਨ ਦੇ ਸਬੰਧ ਵਿਚ ਚਲ ਰਹੀ ਆਖੰਡ ਪਾਠਾਂ ਦੀ ਲੜੀ ਤਹਿਤ ਸ਼ੁੱਕਰਵਾਰ ਨੂੰ ਰੱਖੇ ਗਏ ਆਖੰਡਪਾਠ ਸਾਹਿਬ ਦੇ ਐਤਵਾਰ ਨੂੰ ਭੋਗ ਪਾਏ ਗਏ, ਜਿਸ ਦੀ ਸੇਵਾ ਜਤਿੰਦਰ ਥਿੰਦ, ਪੰਮੀ ਰੱਤੂ ਅਤੇ ਪਵਨ ਕੁਮਾਰ ਵਿਰਦੀ ਦੇ ਪਰਿਵਾਰ ਵੱਲੋਂ ਕੀਤੀ ਗਈ। ਇਨ੍ਹਾਂ ਪਰਿਵਾਰਾਂ ਨੂੰ ਸਿਰੋਪਾ ਸਾਹਿਬ ਨਾਲ ਸਨਮਾਨਤ ਕੀਤਾ ਗਿਆ।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਨੁਸਾਰ ਆਉਂਦੇ ਸ਼ੁੱਕਰਵਾਰ 8 ਜਨਵਰੀ ਨੂੰ ਆਖੰਡ ਪਾਠ ਸਾਹਿਬ ਸ਼ੁਰੂ ਹੋਣਗੇ, ਜਿਸ ਦੇ ਭੋਗ 10 ਜਨਵਰੀ, ਐਤਵਾਰ ਨੂੰ ਪਾਏ ਜਾਣਗੇ। ਸੇਵਾ ਦਰਸ਼ਨ ਸਿੰਘ ਵਿਰਕ ਅਤੇ ਕਰਨੈਲ ਸਿੰਘ ਵਿਰਕ ਪਰਿਵਾਰਾਂ ਵੱਲੋਂ ਹੋਵੇਗੀ।

# 'ਰੇਲ ਰੋਕੋ ਅੰਦੋਲਨ' ਕੇਸ 'ਚ ਨਾਮਜ਼ਦ ਸਾਰੇ ਕਿਸਾਨ ਆਗੂ ਬਰੀ

**ਬਰਨਾਲਾ:** ਪੰਜ ਸਾਲ ਪਹਿਲਾਂ 'ਰੇਲ ਰੋਕ ਅੰਦੋਲਨ' ਦੌਰਾਨ ਰੇਲਵੇ ਪੁਲਿਸ ਬਰਨਾਲਾ ਵੱਲੋਂ ਦਰਜ ਕੀਤੇ ਕੇਸ ਵਿਚ ਗ੍ਰਿਫਤਾਰ ਸਾਰੇ ਕਿਸਾਨ ਆਗੂਆਂ ਨੂੰ ਅਦਾਲਤ ਨੇ ਬਰੀ ਕਰ ਦਿੱਤਾ। ਕਿਸਾਨ ਆਗੂਆਂ ਮਨਜੀਤ ਸਿੰਘ ਧਨੇਰ ਤੇ ਮਲਕੀਤ ਸਿੰਘ ਵਜੀਦਕੇ ਨੇ ਦੱਸਿਆ ਕਿ ਪੰਜਾਬ ਦੇ ਕਿਸਾਨਾਂ ਦੀ ਮੁੱਖ ਝੋਨੇ ਦੀ ਫਸਲ ਨੂੰ ਆਨੇ ਬਹਾਨੇ ਮੰਡੀਆਂ ਵਿਚ ਰੋਲਿਆ ਜਾ ਰਿਹਾ ਸੀ। ਇਸ ਕਾਰਨ ਕਿਸਾਨਾਂ ਵਿਚ ਹਾਹਾਕਾਰ ਮੱਚੀ ਹੋਈ ਸੀ। ਕਿਸਾਨ-ਮਜ਼ਦੂਰ ਵਿਰੋਧੀ ਇਨ੍ਹਾਂ ਨੀਤੀਆਂ ਦਾ ਜਦੋਂ ਜਥੇਬੰਦ ਕਿਸਾਨ ਤਾਕਤ ਵਿਰੋਧ ਕਰਦੀ ਹੋਈ ਸੰਘਰਸ਼ ਦਾ ਰਸਤਾ ਅਖਤਿਆਰ ਕਰਦੀ ਹੈ ਤਾਂ ਸਰਕਾਰਾਂ ਅਮਨ-ਅਮਾਨ ਨੂੰ ਖਤਰੇ ਦੀ ਦੁਹਾਈ ਪਾਉਣਾ ਸ਼ੁਰੂ ਕਰ ਦਿੰਦੀਆਂ ਹਨ। ਕਿਸਾਨ ਆਗੂਆਂ ਖਿਲਾਫ ਝੂਠੇ ਕੇਸ ਦਰਜ ਕਰ ਕੇ ਅਦਾਲਤੀ ਚੱਕਰ ਵਿਚ ਪਾ ਦਿੱਤਾ ਜਾਂਦਾ ਹੈ। ਇਸ ਮੁਕੱਦਮੇ ਵਿਚ ਅਦਾਲਤੀ ਪ੍ਰਕਿਰਿਆ ਪੰਜ ਸਾਲ ਤੋਂ ਵੱਧ ਸਮਾਂ ਚੱਲਦੀ ਰਹੀ। ਅਦਾਲਤ ਵਿਚ ਕਿਸਾਨ ਆਗੂਆਂ ਦੇ ਕੇਸ ਦੀ ਸੀਨੀਅਰ ਵਕੀਲ ਜਗਜੀਤ ਸਿੰਘ ਢਿੱਲੋਂ ਨੇ ਕੀਤੀ।

ਇਸ ਕੇਸ ਵਿਚ ਮਰਹੂਮ ਕਿਸਾਨ ਆਗੂ ਮੱਘਰ ਸਿੰਘ ਕੁਲਰੀਆਂ ਨੂੰ ਵੀ ਨਾਮਜ਼ਦ ਕੀਤਾ ਸੀ। ਕਿਸਾਨ ਆਗੂਆਂ ਨੇ ਫੈਸਲੇ ਉਪਰ ਟਿੱਪਣੀ ਕਰਦਿਆਂ ਕਿਹਾ ਕਿ ਅਖੀਰ ਸੱਚ ਦੀ ਜਿੱਤ ਹੋਈ ਹੈ ਤੇ ਅਜਿਹੇ ਝੂਠੇ ਕੇਸਾਂ ਵਿਚ ਆਗੂਆਂ ਨੂੰ ਉਲਝਾ ਕੇ ਕਿਸਾਨ-ਮਜ਼ਦੂਰ ਲਹਿਰ ਨੂੰ ਕਮਜ਼ੋਰ ਨਹੀਂ ਕੀਤਾ ਜਾ ਸਕਦਾ।

# ਨਕਲ ਮਾਰਨ 'ਚ ਭਾਰਤੀ ਪਾੜ੍ਹੇ ਅੱਗੇ

**ਲੰਡਨ:** ਪਿਛਲੇ ਤਿੰਨ ਸਾਲਾਂ ਦੌਰਾਨ ਬਰਤਾਨਵੀ ਯੂਨੀਵਰਸਿਟੀਆਂ ਦੇ ਤਕਰੀਬਨ 50,000 ਵਿਦਿਆਰਥੀ ਨਕਲ ਕਰਦੇ ਫੜੇ ਗਏ ਹਨ ਤੇ ਇਨ੍ਹਾਂ ਵਿਚੋਂ ਜ਼ਿਆਦਾਤਰ ਸਕਾਲਰ ਯੂਰਪੀਨ ਸੰਘ ਤੋਂ ਬਾਹਰਲੇ ਭਾਵ ਭਾਰਤ ਤੇ ਚੀਨ ਜਿਹੇ ਦੇਸ਼ਾਂ ਤੋਂ ਦੱਸੇ ਜਾਂਦੇ ਹਨ।

'ਟਾਈਮਜ਼' ਅਖਬਾਰ ਵੱਲੋਂ ਸੂਚਨਾ ਦੇ ਅਧਿਕਾਰ ਤਹਿਤ ਮੰਗੀ ਗਈ ਜਾਣਕਾਰੀ ਦੇ 100 ਤੋਂ ਵੱਧ ਮਾਮਲਿਆਂ ਦੀ ਪੁਣ-ਛਾਣ ਕਰ ਕੇ ਇਹ ਰਿਪੋਰਟ ਛਾਪੀ ਗਈ ਹੈ।

70 ਯੂਨੀਵਰਸਿਟੀਆਂ ਨੇ ਵਿਦੇਸ਼ੀ ਵਿਦਿਆਰਥੀਆਂ ਦੇ ਚੋਰੀ ਦੇ ਮਾਮਲਿਆਂ ਦੀ ਜਾਣਕਾਰੀ ਦਿੱਤੀ ਹੈ ਜਿਨ੍ਹਾਂ ਵਿਚ ਨਕਲ ਦੇ ਕੁੱਲ ਕੇਸਾਂ ਵਿਚ ਗੈਰ-ਯੂਰਪੀ ਸੰਘ ਵਿਦਿਆਰਥੀਆਂ ਦੀ ਸੰਖਿਆ 35 ਫੀਸਦੀ ਬਣਦੀ ਹੈ।

AEJ
TRUCK DRIVING SCHOOL
ਏਅਰਪੋਰਟ ਤੋਂ ਪਿਕਅੱਪ ਤੇ ਡਰੌਪ ਆਫ ਦਾ ਵੀ ਖਾਸ ਪ੍ਰਬੰਧ ਹੈ।
deep@jfsinc.us


ਵਾਜ਼ਿਬ ਰੇਟ, ਫਾਸਟ ਸਰਵਿਸ,
ਸਰਟੀਫਾਈਡ, ਤਜ਼ਰਬੇਕਾਰ ਇੰਸਟਰੱਕਟਰ,
ਰਿਹਾਇਸ਼ ਦਾ ਬਹੁਤ ਵਧੀਆ ਪ੍ਰਬੰਧ ਹੈ।
ਅਸੀਂ ਲਾਗ ਬੁੱਕ ਅਤੇ ਸੇਫਟੀ ਦੀ ਟ੍ਰੇਨਿੰਗ ਵੀ ਦਿੰਦੇ ਹਾਂ
ਲਾਇਸੰਸ ਦੀ ਗਾਰੰਟੀ ♦ Experienced Instructors
3506 W. Nielsen Ave. Fresno CA 93706
Tel.: 559.266.4000 Cell : 559.217.5986

H K TRANSPORT INC
Division of HK Incorporated
1401 West Ray St, Indianapolis, IN 46221
Ph: 317-408-3211, web: www.hktransportinc.com

ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ
ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਬਰੈਂਡ ਨਿਊ ਟਰੱਕ/ਟਰੇਲਰ, ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

| ਓਨਰ ਅਪਰੇਟਰਾਂ ਲਈ | ਡਰਾਈਵਰਾਂ ਲਈ |
|---|---|
| *92% ਫਲੈਟ ਡਿਸਪੈਚ | *48 ਸੈਂਟ ਤੱਕ ਪ੍ਰਤੀ ਮੀਲ |
| *30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ | *95% ਲੋਡ ਯਾਰਡ 'ਚ ਹੁੱਕ ਐਂਡ ਡਰਾਪ |
| *ਬਰੈਂਡ ਨਿਊ ਟਰੇਲਰ | *ਵਧੀਆ ਅਤੇ ਸਾਫ ਸੁਥਰੇ ਟਰੱਕ |
| *ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ | |

ਡਰਾਈਵਰਾਂ ਅਤੇ ਓਨਰ ਅਪਰੇਟਰਾਂ ਲਈ ਡਾਇਰੈਕਟ ਡਿਪਾਜ਼ਿਟ ਅਤੇ ਵੀਕਲੀ ਪੇਅ
ਲੋੜੀਂਦੀ ਯੋਗਤਾ:
■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ
■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।
ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ
ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ
ਸੰਪਰਕ ਕਰੋ: ਫੋਨ 317-408-3211
ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ

# ਪੰਜਾਬ ਵਿਚ ਕੈਂਸਰ ਦਾ ਰਾਹ ਰੋਕਣ ਲਈ ਸਭ ਕੋਸ਼ਿਸ਼ਾਂ ਨਾਕਾਮ

**ਚੰਡੀਗੜ੍ਹ:** ਪੰਜਾਬ ਵਿਚ ਕੈਂਸਰ ਦਾ ਕਹਿਰ ਰੁਕਣ ਦਾ ਨਾਂ ਨਹੀਂ ਲੈ ਰਿਹਾ। ਮਾਨਸਾ ਦੇ ਪਿੰਡ ਖਿਆਲਾ ਕਲਾਂ ਵਿਚ ਕੈਂਸਰ ਨੇ ਛੇ ਦਿਨਾਂ ਵਿਚ ਤਿੰਨ ਜਾਨਾਂ ਲੈ ਲਈਆਂ। ਇਸ ਪਿੰਡ ਵਿਚ ਭਾਵੇਂ 70 ਪਿੰਡਾਂ ਨੂੰ ਸਿਹਤ ਸਹੂਲਤਾਂ ਦੇਣ ਵਾਲਾ ਵੱਡਾ ਸਰਕਾਰੀ ਹਸਪਤਾਲ ਹੈ, ਪਰ ਕੈਂਸਰ ਦਾ ਕਹਿਰ ਵਧਦਾ ਜਾ ਰਿਹਾ ਹੈ।

ਪਿੰਡ ਵਿਚ ਦੋ ਦਰਜਨ ਦੇ ਕਰੀਬ ਮਰੀਜ਼ ਕੈਂਸਰ ਤੋਂ ਪੀੜਤ ਹਨ। ਲੋਕਾਂ ਦਾ ਕਹਿਣਾ ਹੈ ਕਿ ਪਿੰਡ ਵਿਚ ਸਾਫ-ਸਫਾਈ ਅਤੇ ਪੀਣ ਦੇ ਪਾਣੀ ਦੇ ਵੀ ਪੁਖਤਾ ਪ੍ਰਬੰਧ ਨਹੀਂ ਹਨ। ਕੈਂਸਰ ਦੇ ਕਹਿਰ ਦਾ ਮੁੱਖ ਕਾਰਨ ਜ਼ਹਿਰੀਲਾ ਪਾਣੀ ਮੰਨਿਆ ਜਾ ਰਿਹਾ ਹੈ। ਜਰਮਨ ਦੀ ਇਕ ਲਬਾਰਟਰੀ ਮਾਈਕਰੋਟਰੇਸ ਮਿਨਰਲ ਵੱਲੋਂ ਖੇਤੀ ਵਿਰਾਸਤ ਨਾਲ ਮਿਲ ਕੇ ਕੈਂਸਰ ਤੋਂ ਪੀੜਤ ਤੇ ਸਿਹਤਮੰਦ ਲੋਕਾਂ ਦੇ ਨਹੁੰ ਤੇ ਵਾਲਾਂ 'ਤੇ ਕੀਤੀ ਗਈ ਟੈਸਟ ਵਿਧੀ ਖੋਜ ਤੋਂ ਸਾਹਮਣੇ ਆਇਆ ਹੈ ਕਿ ਯੂਰੇਨੀਅਮ ਸਮੇਤ ਭਾਰੀ ਧਾਤਾਂ ਦੀ ਬਹੁਤਾਤ ਨੇ ਮਾਲਵਾ ਖੇਤਰ ਦੇ ਲੋਕਾਂ ਨੂੰ ਬਿਮਾਰੀਆਂ ਦਾ ਸ਼ਿਕਾਰ ਬਣਾ ਰਹੀ ਹੈ। ਇਨ੍ਹਾਂ ਦੀ ਮਨੁੱਖੀ ਸਰੀਰ ਵਿਚ ਤੈਅਸ਼ੁਦਾ ਮਾਤਰਾ ਨਾਲੋਂ ਵੱਧ ਮਿਕਦਾਰ ਕੈਂਸਰ ਦਾ ਕਾਰਨ ਬਣ ਕੇ ਉਭਰ ਰਹੀ ਹੈ।



ਦੱਸਣਯੋਗ ਹੈ ਕਿ ਕੈਂਸਰ ਦਾ ਲਾਇਲਾਜ ਰੋਗ ਪੰਜਾਬ ਵਿਚ ਹਰੇਕ ਚਾਰ ਘੰਟਿਆਂ ਦੌਰਾਨ ਪੰਜ ਵਿਅਕਤੀਆਂ ਨੂੰ ਨਿਗਲ ਰਿਹਾ ਹੈ ਤੇ ਕੈਂਸਰ ਨਾਲ ਰੋਜ਼ਾਨਾ 30 ਵਿਅਕਤੀ ਮਰ ਰਹੇ ਹਨ। ਭਾਰਤ ਸਰਕਾਰ ਦੇ ਸਿਹਤ ਵਿਭਾਗ ਵੱਲੋਂ ਇੰਡੀਅਨ ਕੌਂਸਲ ਆਫ ਮੈਡੀਕਲ ਸਾਇੰਸਜ਼ (ਆਈ.ਸੀ.ਐਮ.ਆਰ.) ਦੇ ਅੰਕੜਿਆਂ ਦੇ ਅਧਾਰ 'ਤੇ ਸਾਲ 2014 ਦੀ ਮੁਹੱਈਆ ਕੀਤੀ ਜਾਣਕਾਰੀ ਅਨੁਸਾਰ ਪੰਜਾਬ ਵਿਚ ਕੈਂਸਰ ਤੋਂ ਪੀੜਤ 25,026 ਵਿਅਕਤੀਆਂ ਦੀ ਪਛਾਣ ਹੋਈ ਸੀ। ਇਨ੍ਹਾਂ ਵਿਚੋਂ 11,011 ਵਿਅਕਤੀਆਂ ਦੀ ਮੌਤ ਹੋ ਗਈ ਹੈ।

ਇਸ ਤਰ੍ਹਾਂ ਪਿਛਲੇ ਵਰ੍ਹੇ ਪੰਜਾਬ ਵਿਚ ਸਾਹਮਣੇ ਆਏ ਕੈਂਸਰ ਪੀੜਤਾਂ ਵਿਚੋਂ 40 ਫੀਸਦੀ ਦੀ ਸਾਲ 2014 ਦੌਰਾਨ ਹੀ ਮੌਤ ਹੋ ਗਈ ਸੀ ਜਦਕਿ ਬਾਕੀ ਬਚੇ 14,015 ਪੀੜਤਾਂ ਦੀ ਹੋਣੀ ਦੇ ਫਿਲਹਾਲ ਅੰਕੜੇ ਪ੍ਰਾਪਤ ਨਹੀਂ ਹੋਏ। ਇਸ ਤਰ੍ਹਾਂ ਪੰਜਾਬ ਵਿਚ ਕੈਂਸਰ ਨਾਲ ਰੋਜ਼ਾਨਾ 30 ਵਿਅਕਤੀ ਦੇ ਮਾਰੇ ਜਾਣ ਦੀ ਔਸਤ ਪੈ ਰਹੀ ਹੈ। ਪੰਜਾਬ ਕੈਂਸਰ ਦੇ ਮਾਮਲੇ ਵਿਚ ਪੀੜਤ ਸੂਬਿਆਂ ਵਿਚੋਂ 15ਵੇਂ ਸਥਾਨ ਉੱਤੇ ਆਉਂਦਾ ਹੈ। ਉੱਤਰ ਪ੍ਰਦੇਸ਼ ਸਾਰੇ ਰਾਜਾਂ ਤੋਂ ਕੈਂਸਰ ਨਾਲ ਸਭ ਤੋਂ ਵੱਧ ਪੀੜਤ ਹੈ। ਪਿਛਲੇ ਵਰ੍ਹੇ ਯੂਪੀ ਵਿਚ ਕੈਂਸਰ ਨਾਲ 82,121 ਮੌਤਾਂ ਹੋਈਆਂ ਹਨ।

ਪ੍ਰਾਪਤ ਅੰਕੜਿਆਂ ਅਨੁਸਾਰ ਯੂ.ਪੀ. ਵਿਚ ਰੋਜ਼ਾਨਾ ਔਸਤਨ 225 ਵਿਅਕਤੀ ਕੈਂਸਰ ਨਾਲ ਮਰ ਰਹੇ ਹਨ। ਇਸ ਰਾਜ ਵਿਚ ਹਰ ਘੰਟੇ 9 ਵਿਅਕਤੀਆਂ ਨੂੰ ਕੈਂਸਰ ਨਿਗਲ ਰਿਹਾ ਹੈ। ਭਾਰਤ ਦੇ 35 ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਪ੍ਰਾਪਤ ਅੰਕੜਿਆਂ ਅਨੁਸਾਰ ਪਿਛਲੇ ਵਰ੍ਹੇ ਇਨ੍ਹਾਂ ਰਾਜਾਂ ਵਿਚ ਕੈਂਸਰ ਦੇ 11,17,269 ਵਿਅਕਤੀਆਂ ਦੀ ਪਛਾਣ ਹੋਈ ਸੀ। ਜਿਨ੍ਹਾਂ ਵਿਚੋਂ 4,91,598 (44 ਫੀਸਦੀ) ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ। ਇਸ ਤਰ੍ਹਾਂ ਦੇਸ਼ ਵਿਚ ਰੋਜ਼ਾਨਾ 1347 ਤੇ ਹਰੇਕ ਘੰਟੇ ਦੌਰਾਨ 56 ਵਿਅਕਤੀ ਕੈਂਸਰ ਦੀ ਭੇਟ ਚੜ੍ਹ ਰਹੇ ਹਨ। ਹਰਿਆਣਾ ਵਿਚ ਕੈਂਸਰ ਨਾਲ ਰੋਜ਼ਾਨਾ 28 ਵਿਅਕਤੀ ਮਰ ਰਹੇ ਹਨ। ਇਕ ਹੋਰ ਗੁਆਂਢੀ ਰਾਜ ਹਿਮਾਚਲ ਪ੍ਰਦੇਸ਼ ਵਿਚ ਪਿਛਲੇ ਵਰ੍ਹੇ ਕੈਂਸਰ ਨਾਲ ਪੀੜਤ 6230 ਵਿਅਕਤੀ ਸਾਹਮਣੇ ਸਨ, ਜਿਨ੍ਹਾਂ ਵਿਚੋਂ 2741 ਦੀ ਮੌਤ ਹੋ ਚੁੱਕੀ ਹੈ। ਅੰਕੜਿਆਂ ਮੁਤਾਬਕ ਇਸ ਰਾਜ ਵਿਚ ਕੈਂਸਰ ਨਾਲ ਹਰੇਕ ਦਿਨ ਔਸਤਨ ਸੱਤ ਵਿਅਕਤੀ ਮਰ ਰਹੇ ਹਨ।

## ਸਿਹਤ ਸਹੂਲਤਾਂ ਨੂੰ ਵੀ ਚੜ੍ਹਿਆ ਤਾਪ

**ਚੰਡੀਗੜ੍ਹ:** ਪੰਜਾਬ ਦੇ ਸਰਕਾਰੀ ਹਸਪਤਾਲ ਡਾਕਟਰਾਂ ਨੂੰ ਤਰਸ ਰਹੇ ਹਨ। ਡਾਕਟਰਾਂ ਦੀਆਂ ਕੁੱਲ 4400 ਅਸਾਮੀਆਂ ਵਿਚੋਂ 2573 ਹੀ ਭਰੀਆਂ ਗਈਆਂ। ਇਸ ਤੋਂ ਇਲਾਵਾ ਮਾਹਿਰ ਡਾਕਟਰਾਂ ਦੀਆਂ ਅਸਾਮੀਆਂ ਭਰਨ ਲਈ ਉਮੀਦਵਾਰ ਹੀ ਨਹੀਂ ਮਿਲੇ। ਕੌਮੀ ਸਿਹਤ ਨੀਤੀ ਮੁਤਾਬਕ ਪੰਜ ਹਜ਼ਾਰ ਦੀ ਆਬਾਦੀ ਪਿੱਛੇ ਇਕ ਮੁਢਲਾ ਸਿਹਤ ਕੇਂਦਰ ਜ਼ਰੂਰੀ ਹੈ ਤੇ 1,20,000 ਦੀ ਆਬਾਦੀ ਪਿੱਛੇ ਇਕ ਕਮਿਊਨਿਟੀ ਹੈੱਲਥ ਸੈਂਟਰ ਲਾਜ਼ਮੀ ਹੈ। ਇਸ ਮੁਤਾਬਕ ਪੰਜਾਬ ਵਿਚ 4565 ਉਪ ਸਿਹਤ ਕੇਂਦਰਾਂ, 718 ਮੁਢਲੇ ਸਿਹਤ ਕੇਂਦਰਾਂ ਤੇ 196 ਸੀਐਚਸੀਜ਼ ਦੀ ਲੋੜ ਹੈ ਪਰ ਸੂਬੇ ਵਿਚ ਇਨ੍ਹਾਂ ਦੀ ਗਿਣਤੀ ਕ੍ਰਮਵਾਰ 2985, 446 ਅਤੇ 151 ਹੀ ਹੈ। ਅਸਲ ਵਿਚ ਕੇਂਦਰ ਸਰਕਾਰ ਵੱਲੋਂ ਨੈਸ਼ਨਲ ਹੈੱਲਥ ਮਿਸ਼ਨ ਦੀ ਗ੍ਰਾਂਟ ਵਿਚ ਕੀਤੀ ਕਟੌਤੀ ਨਾਲ ਸਿਹਤ ਵਿਭਾਗ ਦੀ ਹਾਲਤ ਹੋਰ ਵਿਗੜ ਗਈ। ਚਾਲੂ ਵਿੱਤੀ ਸਾਲ ਤੋਂ ਨੈਸ਼ਨਲ ਹੈੱਲਥ ਮਿਸ਼ਨ ਤਹਿਤ ਮਿਲਣ ਵਾਲੀ ਗ੍ਰਾਂਟ 'ਤੇ ਸਵਾ ਦੋ ਸੌ ਕਰੋੜ ਦਾ ਕੱਟ ਲੱਗਣ ਲੱਗ ਪਿਆ, ਜਿਹੜਾ ਕੁੱਲ ਗ੍ਰਾਂਟ ਦਾ ਚੌਥੇ ਤੋਂ ਵੀ ਜ਼ਿਆਦਾ ਹਿੱਸਾ ਬਣਦਾ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਪੱਤਰ ਲਿਖ ਕੇ ਖਜ਼ਾਨੇ ਦਾ ਮੂੰਹ ਖੋਲ੍ਹਣ ਦੀ ਅਪੀਲ ਕੀਤੀ। ਨਵੇਂ ਫੈਸਲੇ ਮੁਤਾਬਕ ਕੇਂਦਰ ਸਰਕਾਰ ਪੰਜਾਬ ਨੂੰ ਮਿਸ਼ਨ ਤਹਿਤ 575 ਸੌ ਕਰੋੜ ਦੀ ਗ੍ਰਾਂਟ ਦਾ 60 ਫੀਸਦੀ ਹਿੱਸਾ ਆਪਣੇ ਕੋਲੋਂ ਦੇਵੇਗੀ ਅਤੇ 40 ਫੀਸਦੀ ਪੰਜਾਬ ਨੂੰ ਪਾਉਣ ਲਈ ਕਿਹਾ ਜਾਵੇਗਾ। ਇਸ ਤੋਂ ਪਹਿਲਾਂ ਇਹ ਅਨੁਪਾਤ 85:15 ਦਾ ਰਿਹਾ ਹੈ।

# ਯੂ.ਕੇ. 'ਚ ਹੁਣ ਤੱਕ ਦਾ ਸਭ ਤੋਂ ਵੱਡਾ ਕੁਦਰਤੀ ਕਹਿਰ

**ਇੰਗਲੈਂਡ:** ਉੱਤਰੀ ਇੰਗਲੈਂਡ ਵਿਚ ਆਏ ਹੜ੍ਹ ਨੇ ਦੇਸ਼ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਦੀਆਂ ਦਿੱਕਤਾਂ ਵਿਚ ਵਾਧਾ ਕਰ ਦਿੱਤਾ ਹੈ। ਯਾਕਰਸ਼ਾਇਰ ਤੇ ਲੰਕਸ਼ਾਇਰ ਦੇ ਜ਼ਿਆਦਾਤਰ ਇਲਾਕੇ ਪਾਣੀ ਵਿਚ ਡੁੱਬੇ ਹੋਏ ਹਨ। ਇਸ ਤੋਂ ਇਲਾਵਾ ਮਾਨਚੈਸਟਰ ਤੇ ਲੀਡਸ ਦੀ ਸਥਿਤੀ ਵੀ ਕੁਝ ਅਜਿਹੀ ਹੀ ਹੈ। ਸਥਿਤੀ ਨੂੰ ਦੇਖਦੇ ਹੋਏ ਪ੍ਰਧਾਨ ਮੰਤਰੀ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਪੈਦਲ ਦੌਰਾ ਕੀਤਾ।



ਇਸ ਦੌਰਾਨ ਉਨ੍ਹਾਂ ਰਾਹਤ ਕਾਰਜ ਵਿਚ ਲੱਗੀਆਂ ਟੀਮਾਂ ਨਾਲ ਗੱਲਬਾਤ ਕੀਤੀ। ਪ੍ਰਧਾਨ ਮੰਤਰੀ ਨੇ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਦੇਣ ਦਾ ਐਲਾਨ ਕੀਤਾ। ਉੱਤਰੀ ਇੰਗਲੈਂਡ ਵਿਚ ਹੜ੍ਹ ਕਾਰਨ ਸਥਿਤੀ ਇੰਨੀ ਗੰਭੀਰ ਹੋ ਗਈ ਹੈ ਕਿ ਸੈਨਾ ਨੂੰ ਤਾਇਨਾਤ ਕਰਨਾ ਪਿਆ। ਅਜੇ ਵੀ ਬਹੁਤ ਸਾਰੇ ਲੋਕ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਫਸੇ ਹੋਏ ਹਨ। ਹਾਲਾਂਕਿ ਹੜ੍ਹ ਕਾਰਨ ਕਿਸੇ ਵੀ ਤਰ੍ਹਾਂ ਦਾ ਜਾਨੀ ਨੁਕਸਾਨ ਨਹੀਂ ਹੋਇਆ ਪਰ ਆਰਥਿਕ ਤੌਰ ਉੱਤੇ ਵੱਡਾ ਨੁਕਸਾਨ ਹੋਇਆ ਹੈ। ਯਾਰਕਸ਼ਾਇਰ ਅਤੇ ਲੰਕਸ਼ਾਇਰ ਨੂੰ ਪੂਰੀ ਤਰ੍ਹਾਂ ਖਾਲੀ ਕਰਵਾ ਲਿਆ ਗਿਆ ਹੈ। ਸਥਿਤੀ ਇਹ ਹੈ ਕਿ ਸੜਕਾਂ ਉੱਤੇ ਕਾਰਾਂ ਦੀ ਥਾਂ ਕਿਸ਼ਤੀਆਂ ਚੱਲਣ ਲੱਗ ਪਈਆਂ ਹਨ। ਉਦਯੋਗਿਕ ਸ਼ਹਿਰ ਮਾਨਚੈਸਟਰ ਅਤੇ ਲੀਡਸ ਵਿਚ ਨਦੀਆਂ ਖਤਰੇ ਦੇ ਨਿਸ਼ਾਨ ਤੋਂ ਉੱਪਰ ਚੱਲ ਰਹੀਆਂ ਹਨ। ਸੈਨਾ ਤੋਂ ਇਲਾਵਾ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਐਮਰਜੈਂਸੀ ਬਾਰੇ ਵਿਭਾਗ ਦੀਆਂ ਟੀਮਾਂ ਨੇ ਵੀ ਮੋਰਚਾ ਸੰਭਾਲਿਆ ਹੋਇਆ ਹੈ। ਬਰਤਾਨੀਆ ਦੇ ਮੌਸਮ ਵਿਭਾਗ ਨੇ ਆਉਣ ਵਾਲੇ ਦਿਨਾਂ ਵਿਚ ਹੋਰ ਮੀਂਹ ਦੀ ਸੰਭਾਵਨਾ ਪ੍ਰਗਟਾਈ ਹੈ।


# ਗੈਂਗਰੇਪ ਦੀ ਸਜ਼ਾ ਪੰਜ ਛਿੱਤਰ?

**ਨਵੀਂ ਦਿੱਲੀ:** ਗੈਂਗਰੇਪ ਦੇ ਗੁਨਾਹ ਵਜੋਂ ਸਿਰਫ ਪੰਜ ਜੁੱਤੀਆਂ ਮਾਰ ਕੇ ਮੁਲਜ਼ਮਾਂ ਨੂੰ ਮੁਆਫ ਕਰ ਦਿੱਤਾ ਗਿਆ। ਮਾਮਲਾ ਦੇਸ਼ ਦੀ ਰਾਜਧਾਨੀ ਤੋਂ ਸਿਰਫ 40 ਕਿਲੋਮੀਟਰ ਦੂਰ ਯੂ.ਪੀ. ਦੇ ਹਾਪੁੜ ਦਾ ਹੈ। ਇਥੇ ਪੰਚਾਇਤ ਨੇ ਗੈਂਗਰੇਪ ਦੇ ਦੋਸ਼ੀਆਂ ਨੂੰ ਆਪਣੇ ਪੱਧਰ ਉਤੇ ਹੀ ਬਰੀ ਕਰਨ ਦਾ ਫੈਸਲਾ ਸੁਣਾ ਦਿੱਤਾ।

ਪੰਚਾਇਤ ਨੇ ਉਲਟਾ ਗੈਂਗਰੇਪ ਦੀ ਪੀੜਤ ਨੂੰ ਹੀ ਪਿੰਡ ਛੱਡਣ ਦਾ ਫਰਮਾਨ ਸੁਣਾ ਦਿੱਤਾ ਹੈ। ਦਰਅਸਲ ਪੀੜਤਾ ਨਾਲ ਇਸ ਸ਼ਰਮਨਾਕ ਘਟਨਾ ਨੂੰ ਉਸ ਵੇਲੇ ਅੰਜਾਮ ਦਿੱਤਾ ਗਿਆ ਜਦ ਉਹ ਡਾਕਟਰ ਕੋਲੋਂ ਦਵਾਈ ਲੈ ਕੇ ਵਾਪਸ ਪਰਤ ਰਹੀ ਸੀ। ਇਸ ਘਟਨਾ ਤੋਂ ਬਾਅਦ ਪੀੜਤਾ ਨੇ ਪੁਲਿਸ ਕੋਲ ਸ਼ਿਕਾਇਤ ਵੀ ਲਿਖਵਾਈ, ਪਰ ਪੁਲਿਸ ਦੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਹੀ ਪੰਚਾਇਤ ਨੇ ਇਹ ਹੈਰਾਨੀਜਨਕ ਫੈਸਲਾ ਸੁਣਾ ਦਿੱਤਾ। ਪੀੜਤ ਪੱਖ ਦਾ ਇਲਜ਼ਾਮ ਹੈ ਕਿ ਪੰਚਾਇਤ ਨੇ ਮੁਲਜ਼ਮਾਂ ਤੋਂ ਪੈਸੇ ਲੈ ਕੇ ਉਨ੍ਹਾਂ ਨੂੰ ਬਰੀ ਕੀਤਾ ਹੈ। ਜਦਕਿ ਸਜ਼ਾ ਦੇ ਨਾਮ ਤੇ ਉਨ੍ਹਾਂ ਨੂੰ ਸਿਰਫ ਪੰਜ ਛਿੱਤਰ ਹੀ ਮਾਰੇ ਗਏ। ਹਾਲਾਂਕਿ ਪੁਲਿਸ ਨੇ ਪੀੜਤਾ ਦੀ ਸ਼ਿਕਾਇਤ ਦੇ ਆਧਾਰ 'ਤੇ ਮੁਲਜ਼ਮਾਂ ਖਿਲਾਫ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਹੈ, ਪਰ ਇਸ ਸ਼ਰਮਨਾਕ ਫੈਸਲੇ ਤੋਂ ਬਾਅਦ ਪ੍ਰਸ਼ਾਸਨ ਦੀ ਕਾਰਜ ਪ੍ਰਣਾਲੀ ਵੀ ਸਵਾਲਾਂ ਦੇ ਘੇਰੇ ਵਿਚ ਹੈ।

# 'ਅਸ਼ਲੀਲ' ਅਨੁਵਾਦ ਕਾਰਨ ਟੈਗੋਰ ਦੀਆਂ ਕਵਿਤਾਵਾਂ ਹਟਾਈਆਂ

**ਬੀਜਿੰਗ:** ਚੀਨ ਦੇ ਇਕ ਪ੍ਰਕਾਸ਼ਕ ਨੇ ਭਾਰਤ ਦੇ ਮਸ਼ਹੂਰ ਕਵੀ ਰਬਿੰਦਰ ਨਾਥ ਟੈਗੋਰ ਦੇ ਅਨੁਵਾਦ ਨੂੰ 'ਅਸ਼ਲੀਲ' ਹੋਣ ਕਾਰਨ ਹਟਾ ਲਿਆ ਹੈ। ਚੀਨ ਦੇ ਨਾਵਲਕਾਰ ਫੇਂਗ ਟੇਂਗ ਨੇ ਰਬਿੰਦਰ ਨਾਥ ਟੈਗੋਰ ਦੇ ਸਾਹਿਤ ਦਾ ਅਨੁਵਾਦ ਕੀਤਾ ਸੀ। ਫੇਂਗ ਦੇ ਪ੍ਰਕਾਸ਼ਕ ਨੇ ਉਨ੍ਹਾਂ ਨੂੰ ਦੱਸਿਆ ਕਿ ਚੀਨ ਦੇ ਸਾਹਿਤਕ ਤੇ ਅਨੁਵਾਦ ਜਗਤ ਵਿਚ ਟੈਗੋਰ ਦੇ ਕੰਮ 'ਤੇ ਗੰਭੀਰ ਚਰਚਾ ਮਗਰੋਂ ਇਸ ਅਨੁਵਾਦ ਨੂੰ ਵਿੱਕਰੀ ਤੋਂ ਹਟਾਇਆ ਜਾ ਰਿਹਾ ਹੈ। ਹਾਲਾਂਕਿ ਫੇਂਗ ਨੇ ਆਪਣੇ ਅਨੁਵਾਦ ਦਾ ਬਚਾਅ ਕਰਦਿਆਂ ਕਿਹਾ ਹੈ ਕਿ ਇਸ ਤੋਂ ਪਹਿਲਾਂ ਕੀਤੇ ਗਏ ਅਨੁਵਾਦ ਵਿਚ ਟੈਗੋਰ ਦੀ ਸ਼ੈਲੀ ਨਹੀਂ ਸੀ। ਟੈਗੋਰ ਪਹਿਲੇ ਗੈਰ ਯੂਰਪੀ ਨਾਵਲਕਾਰ ਸਨ, ਜਿਨ੍ਹਾਂ ਨੂੰ ਨੋਬਲ ਸਨਮਾਨ ਦਿੱਤਾ ਗਿਆ ਸੀ। ਚੀਨ ਦੇ ਮੀਡੀਆ ਨੇ ਫੇਂਗ ਦੇ ਅਨੁਵਾਦ 'ਤੇ ਕਿਹਾ ਹੈ ਕਿ ਇਹ ਪੁਰਾਣੇ ਚੀਨੀ ਅਨੁਵਾਦਾਂ ਤੋਂ ਬਹੁਤ ਵੱਖ ਹੈ। ਚੀਨ ਦੀ ਕਮਿਊਨਿਸਟ ਪਾਰਟੀ ਦੇ ਮੁੱਖ ਪੱਤਰ ਪੀਪਲਜ਼ ਡੇਲੀ ਨੇ ਅਨੁਵਾਦ ਦੀ ਅਲੋਚਨਾ ਕਰਦਿਆਂ ਕਿਹਾ ਹੈ ਕਿ ਫੇਂਗ ਨੇ 'ਭੱਦੇ ਤੇ ਅਸ਼ਲੀਲ' ਸ਼ਬਦਾਂ ਦਾ ਇਸਤੇਮਾਲ ਕੀਤਾ ਹੈ।



# ਪਿਉ ਨੇ ਜਿਉਂਦਾ ਬੱਚੇ ਨੂੰ ਕੀਤਾ ਦਫਨ

**ਰਾਏਪੁਰ:** ਇਕ ਵਿਅਕਤੀ ਨੇ ਆਪਣੇ ਹੀ ਢਾਈ ਮਹੀਨੇ ਦੇ ਬੱਚੇ ਨੂੰ ਜ਼ਮੀਨ ਵਿਚ ਜ਼ਿੰਦਾ ਦੱਬ ਦਿੱਤਾ। ਕਿਉਂਕਿ ਉਸ ਦੀ ਪਤਨੀ ਨੇ ਸਰੀਰਕ ਸਬੰਧ ਬਣਾਉਣ ਤੋਂ ਇਨਕਾਰ ਕਰ ਦਿੱਤਾ ਸੀ। ਇਹ ਰੂਹ ਕੰਬਾਊਣ ਵਾਲੀ ਘਟਨਾ ਛੱਤੀਸਗੜ੍ਹ ਦੀ ਰਾਜਧਾਨੀ ਤੋਂ ਸਿਰਫ 70 ਕਿਲੋਮੀਟਰ ਦੂਰ ਰਾਏਪੁਰ ਦੀ ਹੈ। ਦੱਸਿਆ ਜਾ ਰਿਹਾ ਹੈ ਕਿ ਸੀਮਾ ਗੋੜ ਆਪਣੇ ਢਾਈ ਮਹੀਨੇ ਦੇ ਬੱਚੇ ਨੂੰ ਦੁੱਧ ਪਿਲਾ ਰਹੀ ਸੀ। ਅੱਧੀ ਰਾਤ ਵੇਲੇ ਉਸ ਦਾ ਪਤੀ ਰਾਕੇਸ਼ ਗੋੜ ਸ਼ਰਾਬ ਪੀ ਕੇ ਘਰ ਆਇਆ। ਉਸ ਨੇ ਸੀਮਾ ਨੂੰ ਸਰੀਰਕ ਸਬੰਧ ਬਣਾਉਣ ਲਈ ਕਿਹਾ, ਪਰ ਬੱਚੇ ਨੂੰ ਦੁੱਧ ਪਿਲਾਉਣ ਵਿਚ ਰੁੱਝੀ ਹੋਣ ਕਰ ਕੇ ਉਸ ਨੇ ਪਤੀ ਰਾਕੇਸ਼ ਨੂੰ ਸਰੀਰਕ ਸਬੰਧ ਬਣਾਉਣ ਤੋਂ ਇਨਕਾਰ ਕਰ ਦਿੱਤਾ।

ਇਸ ਤੋਂ ਬਾਅਦ ਮੁਲਜ਼ਮ ਰਾਕੇਸ਼ ਭੜਕ ਉੱਠਿਆ। ਉਸ ਨੇ ਤੁਰੰਤ ਪਤਨੀ ਤੋਂ ਬੱਚੇ ਨੂੰ ਖੋਹ ਲਿਆ ਤੇ ਉਸ ਨੂੰ ਬਾਹਰ ਲੈ ਗਿਆ। ਰਾਕੇਸ਼ ਨੇ ਬੱਚੇ ਨੂੰ ਜ਼ਮੀਨ ਵਿਚ ਜਿਉਂਦਾ ਦੱਬ ਦਿੱਤਾ। ਸੀਮਾ ਨੇ ਪੁਲਿਸ ਕੋਲ ਸ਼ਿਕਾਇਤ ਕੀਤੀ। ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਮਾਸੂਮ ਬੱਚੇ ਦੀ ਲਾਸ਼ ਨੂੰ ਬਾਹਰ ਕੱਢਿਆ। ਮੁਲਜ਼ਮ ਪਿਤਾ ਇਸ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਫਰਾਰ ਹੋ ਗਿਆ ਹੈ।

# ਚੂਹੇ ਨੇ ਰੋਕ ਲਿਆ ਜਹਾਜ਼

**ਮੁੰਬਈ:** ਲੰਡਨ ਜਾ ਰਹੇ ਏਅਰ ਇੰਡੀਆ ਦੇ ਇਕ ਜਹਾਜ਼ ਵਿਚ ਚੂਹਾ ਹੋਣ ਦੀ ਖਬਰ ਕਾਰਨ ਫਲਾਈਟ ਨੂੰ ਰੋਕਣਾ ਪਿਆ। ਕੈਬਿਨ ਦੇ ਕੋਲ ਯਾਤਰੀਆਂ ਨੂੰ ਚੂਹਾ ਨਜ਼ਰ ਆਉਣ ਉਤੇ ਸੁਰੱਖਿਆ ਕਾਰਨਾਂ ਕਰ ਕੇ ਫਲਾਈਟ ਰੋਕਣੀ ਪਈ। ਇਸ ਘਟਨਾ ਕਾਰਨ ਏਅਰ ਇੰਡੀਆ ਨੂੰ ਕਾਫੀ ਸ਼ਰਮਿੰਦਗੀ ਝੱਲਣੀ ਪਈ ਹੈ।

ਹਾਲਾਂਕਿ ਏਅਰ ਇੰਡੀਆ ਨੇ ਕਿਹਾ ਹੈ ਕਿ ਚੂਹੇ ਦੀ ਮੌਜੂਦਗੀ ਦੀ ਪੁਸ਼ਟੀ ਨਹੀਂ ਹੋਈ ਹੈ, ਪਰ ਯਾਤਰੀਆਂ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖਦਿਆਂ ਫਲਾਈਟ ਨੂੰ ਵਾਪਸ ਮੋੜਨਾ ਪਿਆ ਹੈ। ਫਿਲਹਾਲ ਇੰਜੀਨੀਅਰ ਇਸ ਘਟਨਾ ਦੀ ਜਾਂਚ ਕਰ ਰਹੇ ਹਨ। ਅਹਿਮਦਾਬਾਦ ਤੋਂ ਮੁੰਬਈ ਹੁੰਦਿਆਂ ਲੰਡਨ ਜਾਣ ਵਾਲੀ ਫਲਾਈਟ ਨੇ ਮੁੰਬਈ ਤੋਂ 12 ਵੱਜ ਕੇ 50 ਮਿੰਟ ਤੇ ਉਡਾਣ ਭਰਨੀ ਸੀ, ਪਰ ਉਡਾਣ ਭਰਨ ਤੋਂ ਪਹਿਲਾਂ ਹੀ ਜਹਾਜ਼ ਨੂੰ ਵਾਪਸ ਬੁਲਾ ਲਿਆ ਗਿਆ। ਏਅਰ ਇੰਡੀਆ ਨੇ ਇਕ ਬਿਆਨ ਰਾਹੀਂ ਕਿਹਾ ਹੈ ਕਿ 'ਮੁੰਬਈ ਤੋਂ ਲੰਡਨ ਜਾਣ ਵਾਲੀ ਏਆਈ 131 ਫਲਾਈਟ ਨੂੰ ਚੂਹਾ ਨਜ਼ਰ ਆਉਣ ਦੇ ਸ਼ੱਕ ਵਿਚ ਵਾਪਸ ਪਰਤਣਾ ਪਿਆ।

# ਬਰਗਾੜੀ ਕਾਂਡ ਸੋਚੀ ਸਮਝੀ ਚਾਲ ਕਰਾਰ

**ਚੰਡੀਗੜ੍ਹ:** ਜਮਹੂਰੀ ਅਧਿਕਾਰ ਸਭਾ ਪੰਜਾਬ ਨੇ ਬਰਗਾੜੀ ਕਾਂਡ ਬਾਰੇ ਇਕ ਰਿਪੋਰਟ ਜਾਰੀ ਕਰਕੇ ਕਿਹਾ ਹੈ ਕਿ ਪੰਜਾਬ ਦੀ ਫਿਜ਼ਾ ਨੂੰ ਫਿਰਕੂ ਰੰਗਤ ਦੇਣ ਤੇ ਲੋਕਾਂ ਦੇ ਜਮਹੂਰੀ ਹੱਕਾਂ ਦਾ ਘਾਣ ਕਰਨ ਲਈ ਪੰਜਾਬ ਸਰਕਾਰ ਤੇ ਪ੍ਰਸ਼ਾਸਨ ਮੁੱਖ ਦੋਸ਼ੀ ਹੈ।

ਜਮਹੂਰੀ ਅਧਿਕਾਰ ਸਭਾ ਦੇ ਸਰਪ੍ਰਸਤ ਪ੍ਰੋ. ਅਜਮੇਰ ਸਿੰਘ ਔਲਖ ਦਾ ਕਹਿਣਾ ਹੈ ਕਿ ਜਾਂਚ ਇਸ ਨਤੀਜੇ ਉਤੇ ਪੁੱਜੀ ਹੈ ਕਿ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਚੋਰੀ, ਉਸ ਬਾਰੇ ਭੜਕਾਊ ਪੋਸਟਰਾਂ ਤੇ ਪਾੜ ਕੇ ਸੁੱਟੇ ਪੰਨਿਆਂ ਤੋਂ ਉਂਗਲਾਂ ਦੇ ਨਿਸ਼ਾਨ ਨਾ ਲੈਣਾ, ਪੋਸਟਰਾਂ ਦੀ ਜਾਂਚ ਵਿਗਿਆਨਕ ਢੰਗ ਨਾਲ ਨਾ ਕਰਨਾ ਅਤੇ ਮੋਬਾਈਲ ਟਾਵਰਾਂ ਰਾਹੀਂ ਦੋਸ਼ੀਆਂ ਦੀ ਪੈੜ ਨੱਪਣ ਦੀ ਥਾਂ ਛੱਪੜ ਖਾਲੀ ਕਰਾਉਣ ਦੀਆਂ ਕਾਰਵਾਈਆਂ ਪੁਲਿਸ ਦੀ ਭੂਮਿਕਾ ਨੂੰ ਸ਼ੱਕੀ ਕਰ ਦਿੰਦੀਆਂ ਹਨ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪੋਸਟਰ ਦੀ ਭਾਸ਼ਾ ਕਿਸੇ ਡੇਰਾ ਪ੍ਰੇਮੀ ਦੀ ਨਹੀਂ ਜਾਪਦੀ।



ਉਨ੍ਹਾਂ ਕਿਹਾ ਕਿ ਕੋਟਕਪੂਰਾ ਤੇ ਬਹਿਬਲ ਕਲਾਂ ਵਿਚ ਰੋਸ ਪ੍ਰਗਟ ਕਰਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਨਜ਼ਰ ਅੰਦਾਜ਼ ਕਰ ਕੇ, ਨਿਯਮਾਂ ਦੀ ਉਲੰਘਣਾ ਕਰ ਕੇ, ਬਿਨਾਂ ਕਿਸੇ ਭੜਕਾਹਟ ਤੇ ਚਿਤਾਵਨੀ ਤੋਂ ਲਾਠੀਚਾਰਜ ਅਤੇ ਫਾਇਰਿੰਗ ਕਰ ਕੇ ਦੋ ਨੌਜਵਾਨਾਂ ਦੀ ਜਾਨ ਲੈਣਾ ਅਤੇ ਕਈਆਂ ਨੂੰ ਜ਼ਖ਼ਮੀ ਕਰਨ ਦੀ ਮੁਜਰਮਾਨਾ ਕਾਰਵਾਈ ਨੇ ਮਾਹੌਲ ਨੂੰ ਹੋਰ ਵਿਗਾੜਿਆ। ਸਭਾ ਨੇ ਕਿਹਾ ਕਿ ਇਨ੍ਹਾਂ ਘਟਨਾਵਾਂ ਨੂੰ ਠੱਲ੍ਹ ਪਾਉਣ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਈ ਖਾਸ ਭੂਮਿਕਾ ਨਹੀਂ ਨਿਭਾ ਸਕੀ। ਆਗੂਆਂ ਨੇ ਕਿਹਾ ਕਿ ਡੇਰਾ ਸੱਚਾ ਸੌਦਾ ਕੇਸ ਦੇ ਆਧਾਰ ਉਤੇ ਅਕਾਲੀ ਦਲ ਬਾਦਲ ਵੱਲੋਂ ਸਿਆਸਤ ਲਈ ਧਰਮ ਦੀ ਦੁਰਵਰਤੋਂ ਕੀਤੀ ਗਈ ਹੈ।


S. ASHOK BHAURA, IKKI INTERNATIONAL ENTERTAINMENT
& GLOBAL PUNJAB TV PRESENTS
NEW YEAR CULTURAL PROGRAM
CHANKATA VANGAN DA 2016
ਐਸ ਅਸ਼ੋਕ ਭੌਰਾ
ਸਵ. ਜਗਦੇਵ ਸਿੰਘ ਜੱਸੋਵਾਲ ਨੂੰ ਸਮਰਪਿਤ
ਸਮਰਪਿਤ
ਨਵੇਂ ਵਰ੍ਹੇ ਨੂੰ ਜੀ ਆਇਆਂ ਆਖਦਾ ਰੰਗਾ ਰੰਗ ਪ੍ਰੋਗਰਾਮ
ਛਣਕਾਟਾ ਵੰਗਾਂ ਦਾ 2016
IKKI INTERNATIONAL ENT.
Powered By
10 Jan 2016,Sunday
11:00 am To 5:00 pm
PARADISE BALLROOMS
4100 Peralta Blvd. Fremont. 94536 CA.
ਸਵ. ਜਗਦੇਵ ਸਿੰਘ ਜੱਸੋਵਾਲ
ਬਲਵਿੰਦਰ ਸਫਰੀ
ਸ਼ਿੰਦਾ ਸੁਰੀਲਾ
ਗਿੱਧਾ ਭੰਗੜਾ, ਕੋਰੀਓਗ੍ਰਾਫੀ, ਸਕਿੱਟਾਂ ਤੇ ਗੀਤ ਸੰਗੀਤ
ਪਹੁੰਚ ਰਹੇ ਕਲਾਕਾਰ
ਵਿਸ਼ੇਸ਼ ਸਨਮਾਨ
ਅਨੂਪ ਚੀਮਾ ਤੇ ਤਰਲੋਕ ਸਿੰਘ ਅਪਨਾ ਸੰਗੀਤ
ਸੱਤੀ ਪਾਬਲਾ
ਜੀਤਾ ਗਿੱਲ
ਜੇ ਐਸ ਜੱਗਾ
ਤਰਸੇਮ ਅਟਵਾਲ ਤੇ ਮੰਗਜੀਤ ਮੰਗਾ
ਗੀਤਕਾਰ ਜਸਵੀਰ ਗੁਣਾਚੌਰੀਆ
ਹਾਸਰਸ ਕਲਾਕਾਰ
ਮੰਚ ਸੰਚਾਲਨ
ਜੋਤ ਰਣਜੀਤ
ਰਣਜੀਤ ਕੌਰ
ਵਿਜੇ
ਹਰਜੀਤ ਉੱਪਲ
For Information and Entry Pass
Avtar Lakha - (209) 200-0818
Anmol - (510) 512-3401
Manvir - (510) 695-4836
Manjit S. Chera - (408) 659-9959
Rahul - (408) 609-9861
ਅਨਮੋਲ ਭੌਰਾ
ਮਨਵੀਰ ਭੌਰਾ
Big Thanks to
Amolak Singh Gakhal, Makhan Bains (Raja Sweets),Raj Bhanot,Dr Ramesh Japra,Jugraj Singh Sahota,Narinder Singh Sahota, Ashwani Bhakhri Attorney at Law,Ray Walia(Motion Picturs),Pritam Singh Grewal,Jaswinder Jassi Gill,Jatinder Singh Legend Travels,Pargat Singh Sandhu, Kulwant Singh Nijjar, Harjinder Johal, Sarbjit Sarao, Jaswant Singh Sra, , Kuldeep Singh Atwal & Surjit Singh Atwal (Merced), Jagtar Gill, Hussan Laroya Banga, Dr Alok Arora, Dr. Harmesh Kumar, Surinder Singh Nijjar, Amritpal Singh Nijjar, Nirmal Singh Sahota, Master Deepak, Hardumman Singh Billa Sanghera, Jaswant Singh Hothi, Surinder Dhanoa (Punjab Lok Rang), Jassy Banga, Micky Sra, Paramjit Sidhu, Gullu Brar, Garry Dhesi (Fresno), Manjit Kang, Faqir Chand Mehmi, Ramesh Suman, Vijay Sound, Sikandar Grewal Sarpanch (Punjabi Dhaba) Amritpal Sra, Vinod Kumar Chumber, Jaswinder Singh Boparai, Malkiat Singh Boparai, Dr. Dalvir Pannu, Mangal Singh Bhandal, Tutt Brothers, Dharampal Jhamat, Dr. Charanjit Singh Uppal, Khushwinder Singh (New York Life), Asha Sharma, Raj Badwal, Kashmir Singh Dhugga (Kash Fabrics), Bittu Nijjar, Preet Fabricks, Lakhvir Singh Patwari, Gurcharan Singh Mann, Rajwant Abedi, Avtar Singh Gill & Harry Gill, Paul Sahota, Kala Tracy, Surinder Singh Atwal, Jatinder Mann, Gulinder Gill, Bharpur Singh Brar, Tara Sagar,Jaswant Singh Shaad,Sukhi Dhaliwal,Kulwant Sekhon,Smile Dhir,Narinder Bagga, Gurinderjit Neeta Machhike, Kulwant Ubhi Dhalian, Paul Mahal, Sarbjit Mahal, Ritu Maheshwari, Dharmvir Thandi, Yadwinder Sra, Gurdawar Singh Mann, Balvir Bhatia,
ਅਵਤਾਰ ਲਾਖਾ




**ਕਲਾ ਪਰਿਕਰਮਾ**

***ਐਤਕੀਂ ਚਾਰ ਜਨਵਰੀ ਨੂੰ ਮਸ਼ਹੂਰ ਗਾਇਕ ਤੇ ਸ਼ਾਇਰ ਗੁਰਦਾਸ ਮਾਨ 60 ਵਰ੍ਹਿਆਂ ਦਾ ਹੋ ਗਿਆ। ਦੁਨੀਆਂ ਭਰ ਵਿਚ ਗੁਰਦਾਸ ਮਾਨ ਦੇ ਲੱਖਾਂ ਪ੍ਰਸ਼ੰਸਕ ਹਨ, ਪਰ ਜ਼ੀਰਕਪੁਰ ਵਿਚ ਸੋਨੂੰ ਢਾਬਾ ਚਲਾ ਰਿਹਾ ਸੋਨੂੰ ਸੇਠੀ ਨਿਵੇਕਲਾ ਦੀਵਾਨਾ ਹੈ। ਉਹਦੇ ਢਾਬੇ ਵਿਚ ਹਰ ਪਾਸੇ ਗੁਰਦਾਸ ਮਾਨ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਹਨ। ਪਿਛਲੇ ਸੱਤ ਵਰ੍ਹਿਆਂ ਤੋਂ ਉਹ ਗੁਰਦਾਸ ਦਾ ਜਨਮ ਦਿਨ ਮਨਾਉਂਦਾ ਆ ਰਿਹਾ ਹੈ। ਉਸ ਦੀ ਇੱਛਾ ਸੀ ਕਿ ਗੁਰਦਾਸ ਮਾਨ ਕਿਸੇ ਦਿਨ ਉਹਦੇ ਲਈ ਪ੍ਰਫਾਰਮ ਕਰੇ ਅਤੇ ਐਤਕੀਂ ਚਾਰ ਜਨਵਰੀ ਨੂੰ ਉਹ ਦਿਨ ਆ ਗਿਆ। ਜ਼ੀਰਕਪੁਰ ਵਿਚ ਦੁਪਹਿਰ ਤੋਂ ਲੈ ਕੇ ਸ਼ਾਮ ਤੱਕ ਸੁਰਾਂ ਦੀ ਛਹਿਬਰ ਲੱਗੀ ਰਹੀ...***

ਚਾਰ ਜਨਵਰੀ ਨੂੰ ਜ਼ੀਰਕਪੁਰ ਦੇ ਸੋਨੂੰ ਢਾਬੇ ਵਾਲੇ ਦਾ ਚਾਅ ਸਾਂਭਿਆ ਨਹੀਂ ਸੀ ਜਾ ਰਿਹਾ। ਉਸ ਦਿਨ ਉਸ ਦੀ ਚਿਰਾਂ ਦੀ ਮੁਰਾਦ ਪੂਰੀ ਹੋ ਰਹੀ ਸੀ। ਉਹ ਪਿਛਲੇ ਸੱਤ ਸਾਲਾਂ ਤੋਂ ਗੁਰਦਾਸ ਮਾਨ ਦਾ ਜਨਮ ਦਿਨ ਮਨਾਉਂਦਾ ਆ ਰਿਹਾ ਹੈ। ਉਸ ਦੀ ਇੱਛਾ ਸੀ ਕਿ ਗੁਰਦਾਸ ਜ਼ੀਰਕਪੁਰ ਆਣ ਕੇ ਉਹਦੇ ਲਈ ਗੀਤ ਗਾਵੇ ਅਤੇ ਉਹ ਸਾਰਾ ਦਿਨ ਸੰਗੀਤ ਪ੍ਰੇਮੀਆਂ ਲਈ ਲੰਗਰ ਲਾਈ ਕੇ ਰੱਖੇ। ਚਾਰ ਜਨਵਰੀ ਨੂੰ ਸੱਚਮੁੱਚ ਗੁਰਦਾਸ ਮਾਨ ਜ਼ੀਰਕਪੁਰ ਆਣ ਵੱਜਿਆ। ਸਮਾਗਮ ਸ਼ੁਰੂ ਹੋਇਆ ਤਾਂ ਸਭ ਤੋਂ ਪਹਿਲਾਂ ਪ੍ਰਸਿੱਧ ਗਾਇਕ ਲਖਵਿੰਦਰ ਵਡਾਲੀ ਨੇ ਆਪਣੇ ਗੀਤਾਂ ਨਾਲ ਲੋਕਾਂ ਨੂੰ ਮੰਤਰ-ਮੁਗਧ ਕੀਤਾ। ਇਨ੍ਹਾਂ ਗੀਤਾਂ ਤੋਂ ਬਾਅਦ ਤਾਂ ਫਿਰ ਗੁਰਦਾਸ ਮਾਨ ਹੀ ਸੀ। ਉਸ ਨੇ ਉਹ ਸਮਾਂ ਬੰਨ੍ਹਿਆ ਕਿ ਲੋਕ ਅਸ਼-ਅਸ਼ ਕਰ ਉਠੇ।

ਸੋਨੂੰ ਸੇਠੀ ਨੇ ਆਪਣੇ ਇਸ ਸਮਾਗਮ ਲਈ ਕੋਈ ਦਾਖਲਾ ਫੀਸ ਨਹੀਂ ਸੀ ਰੱਖੀ ਹੋਈ। ਸਭ ਲਈ ਖੁੱਲ੍ਹਾ ਸੱਦਾ ਸੀ, ਨਾਲ ਹੀ ਆਉਣ ਵਾਲਿਆਂ ਲਈ ਲੰਗਰ ਦਾ ਪ੍ਰਬੰਧ ਸੀ। ਸੋਨੂੰ ਸੇਠੀ ਆਪਣੇ 'ਗੁਰਦਾਸ-ਪ੍ਰੇਮ' ਬਾਰੇ ਆਖਦਾ ਹੈ- "ਮੈਂ ਕਈ ਵਾਰ ਗੁਰਦਾਸ ਮਾਨ ਨੂੰ ਮਿਲ ਚੁੱਕਾ ਹਾਂ। ਜਦ ਵੀ ਮਿਲਣੀ ਹੋਈ ਹੈ, ਬੱਸ ਉਹਨੂੰ ਦੇਖਦਾ ਰਹਿ ਜਾਂਦਾ ਹੈ, ਕੁਝ ਬੋਲ ਹੀ ਨਹੀਂ ਹੁੰਦਾ। ਗੁਰਦਾਸ ਆਖਦਾ ਹੈ- 'ਹੋਰ ਕੀ ਹਾਲ ਹੈ? ਢਾਬਾ ਕਿਵੇਂ ਚੱਲ ਰਿਹਾ ਹੈ?' ਮੈਥੋਂ ਇਨ੍ਹਾਂ ਗੱਲਾਂ ਦਾ ਵੀ ਢੰਗ ਨਾਲ ਜਵਾਬ ਨਹੀਂ ਦੇ ਹੁੰਦਾ।" ਗੁਰਦਾਸ ਮਾਨ ਵੱਲ ਇਸ ਖਿੱਚ ਬਾਰੇ ਸੋਨੂੰ ਦੱਸਦਾ ਹੈ, "ਬੱਸ ਦੀਵਾਨਗੀ ਹੈ ਕੋਈ... ਗੁਰਦਾਸ ਮਾਨ ਅਸਲ ਵਿਚ ਮੇਰਾ ਆਦਰਸ਼ ਹੈ। ਉਹਦੇ ਗੀਤਾਂ ਦੇ ਜ਼ਰੀਏ ਨੂੰ ਮੈਨੂੰ ਮੇਰੇ ਰੱਬ ਦੇ ਦੀਦਾਰ ਹੋ ਜਾਂਦੇ ਹਨ। ਇਨ੍ਹਾਂ ਗੀਤਾਂ ਵਿਚ ਸਭਿਆਚਾਰ ਅਤੇ ਰੀਤ-ਰਿਵਾਜ਼ ਬਹੁਤ ਸੋਹਣੇ ਪਰੋਏ ਹੋਏ ਹਨ।" ਢਾਬੇ ਵਿਚ ਸਾਰੇ ਪਾਸੇ ਦਿਸ ਰਹੀਆਂ ਗੁਰਦਾਸ ਮਾਨ ਦੀਆਂ ਤਸਵੀਰਾਂ ਬਾਰੇ ਸੋਨੂੰ ਸੇਠੀ ਦਾ ਆਖਣਾ ਹੈ ਕਿ ਇਸੇ ਚੀਜ਼ ਨੇ ਹੀ



ਤਾਂ ਉਸ ਨੂੰ ਨਵੀਂ, ਨਿਵੇਕਲੀ ਅਤੇ ਵੱਖਰੀ ਪਛਾਣ ਦਿਵਾਈ ਹੈ; ਨਹੀਂ ਤਾਂ ਜ਼ੀਰਕਪੁਰ ਵਿਚ ਹੋਰ ਬਥੇਰੇ ਢਾਬੇ ਹਨ, ਲੋਕ ਉਸ ਦੇ ਢਾਬੇ ਨੂੰ ਗੁਰਦਾਸ ਮਾਨ ਵਾਲੇ ਢਾਬੇ ਵਜੋਂ ਵੀ ਜਾਣਦੇ ਹਨ। ਸੋਨੂੰ ਦੱਸਦਾ ਹੈ, "ਇੰਨੀਆਂ ਤਸਵੀਰਾਂ ਦੇਖ ਕੇ ਰੋਟੀ ਖਾਣ ਬੈਠੇ ਲੋਕ ਕਈ ਵਾਰ ਪੁੱਛ ਵੀ ਲੈਂਦੇ ਹਨ- 'ਇਹ ਢਾਬਾ ਗੁਰਦਾਸ ਮਾਨ ਹੈ?' ਅਸੀਂ ਵੀ ਕਹਿ ਦਿੰਦੇ ਹਾਂ ਕਿ 'ਹਾਂ! ਇਹ ਢਾਬਾ ਗੁਰਦਾਸ ਮਾਨ ਦਾ ਹੀ ਹੈ... ਅਸੀਂ ਉਨ੍ਹਾਂ ਦੇ ਨੌਕਰ ਹਾਂ'। ਫਿਰ ਸੱਚ ਪਤਾ ਲੱਗਣ 'ਤੇ ਅਗਲਾ ਹੱਸ-ਹੱਸ ਦੂਹਰਾ ਹੋਈ ਜਾਂਦਾ ਹੈ।" ਚਾਰ ਜਨਵਰੀ ਵਾਲੇ ਸਮਾਗਮ ਨੂੰ ਵੀ ਸੋਨੂੰ ਸੇਠੀ ਨੇ ਨਿਵੇਕਲਾ ਹੀ ਰੱਖਿਆ। ਬਿਰਧ ਆਸ਼ਰਮ ਦੇ ਬਜ਼ੁਰਗ ਇਸ



ਸਮਾਗਮ ਦੇ ਮੁੱਖ ਮਹਿਮਾਨ ਸਨ। ਉਨ੍ਹਾਂ ਦਾ ਸਨਮਾਨ ਵੀ ਕੀਤਾ ਗਿਆ। ਇਸ ਸਮਾਗਮ ਲਈ ਗੁਰਦਾਸ ਮਾਨ ਦੇ ਇਸ ਦੀਵਾਨੇ ਸੋਨੂੰ ਸੇਠੀ ਨੇ ਖਰਚੇ ਦੀ ਵੀ ਕੋਈ ਪ੍ਰਵਾਹ ਨਹੀਂ ਕੀਤੀ। ਉਧਰ, ਗੁਰਦਾਸ ਮਾਨ ਨੇ ਵੀ ਆਪਣੇ ਇਸ ਵਿਸ਼ੇਸ਼ ਪ੍ਰਸ਼ੰਸਕ ਲਈ ਪਲਕਾਂ ਵਿਛਾਈਆਂ ਹੋਈਆਂ ਸਨ। ਗੁਰਦਾਸ ਮਾਨ ਦਾ ਆਖਣਾ ਸੀ ਕਿ ਅਜਿਹੇ ਸੰਗੀਤ ਪ੍ਰੇਮੀਆਂ ਕਰ ਕੇ ਹੀ ਉਹ ਹੁਣ ਤੱਕ 'ਰੱਬ ਦੀ ਦਾਤ' ਗਾਉਣ ਕਲਾ ਨੂੰ ਨਿਭਾਅ ਰਿਹਾ ਹੈ। ਗੁਰਦਾਸ ਮੁਤਾਬਕ, "ਮੇਰੇ ਲਈ ਮੇਰਾ ਇਕ-ਇਕ ਪ੍ਰਸ਼ੰਸਕ ਖਾਸ ਹੈ। ਸੋਨੂੰ ਦੇ ਦਿਲ ਦੀ ਰੀਝ ਬਾਰੇ ਪਤਾ ਲੱਗਾ ਤਾਂ ਰਹਿ ਨਹੀਂ ਹੋਇਆ ਅਤੇ 4 ਜਨਵਰੀ ਵਾਲਾ ਸਮਾਗਮ ਸਭ ਦੇ ਸਾਹਮਣੇ ਹੈ। ਇਥੇ ਗਾ ਕੇ ਅਨੰਦ ਹੀ ਆ ਗਿਆ।" ***-ਕਿਰਨ ਠਾਕੁਰ***

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 16 ਜਨਵਰੀ 2016 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-203



*ਹੌਸਲੇ ਜਿਨ੍ਹਾਂ ਦੇ ਬੁਲੰਦ, ਨਾ ਪਹਾੜ ਮੰਨਣ ਨਾ ਕੰਧ।*
*ਬੱਚਾ ਸਿੱਖਿਆ ਦੇਵੇ ਵੱਡੀ, ਕਰੋ ਨਾ ਇਕ-ਦੂਜੇ ਵੱਲ ਕੰਡ।*
*ਇੱਦਾਂ ਵਕਤ ਲੰਘਾ ਵੇ ਲੋਕਾ, ਦੇ ਕੇ ਗਲੀ-ਗਲੀ ਵਿਚ ਹੋਕਾ।*

## ਕੈਪਸ਼ਨ ਮੁਕਾਬਲਾ-201



ਨੱਥ ਪਾ ਕੇ ਤਾਂ ਕਰ ਲਿਆ ਕਾਬੂ
ਮਾਰਨ ਖੁੰਡਾ ਜੋ ਸੀ ਝੋਟਾ।
ਮਸਤੀ ਦੇ ਨਾਲ ਕਰੀ ਸਵਾਰੀ
ਹੱਥ ਵਿਚ ਫੜ ਕੇ ਸੋਟਾ।
ਵਿਗੜੇ ਤਿਗੜੇ ਨੂੰ ਸੂਤ ਕਰਨ ਲਈ
ਕਰਨਾ ਪੈਂਦਾ ਕੰਮ ਕਲੋਟਾ।

***-ਜਗਮੀਤ ਸਿੰਘ ਪੰਧੇਰ***
***ਪਿੰਡ: ਕਲਾਹੜ (ਲੁਧਿਆਣਾ)***
***ਫੋਨ: 91-98783-37222***

---

ਹਾੜ ਮਹੀਨਾ ਧੁਪ ਕਹਿਰ ਦੀ,
ਤੱਤੀਆਂ ਵਗਣ ਹਵਾਵਾਂ।
ਗਰਮੀ ਨਾਲ ਮੁਰਝਾਈਆਂ ਫਸਲਾਂ ਵੇਖ,
ਮੂੰਹ ਵਿਚ ਉਂਗਲਾਂ ਪਾਈਆਂ।
ਕਰਜੇ ਦੀ ਪੰਡ ਨੂਰਪੁਰੀ,
ਹੋਰ ਹੁੰਦੀ ਜਾਵੇ ਭਾਰੀ।
ਮਰ ਮਰ ਕੇ ਜੱਟ ਡੰਗ ਟਪਾਉਂਦਾ,
ਮਤ ਕਿਸ਼ਤਾਂ ਨੇ ਮਾਰੀ।

***-ਗੁਰਦਿਆਲ ਸਿੰਘ ਨੂਰਪੁਰੀ***

---

ਕਾਰਾਂ ਦੇ ਇਸ ਯੁੱਗ ਵਿਚ
ਬਾਬਾ ਝੋਟੇ ਦੀ ਕਰੇ ਸਵਾਰੀ।
ਨਾ ਕੋਈ ਤੇਲ ਨਾ ਕੋਈ ਸਰਵਿਸ
ਬਾਬਾ ਲਗਦਾ ਬੜਾ ਜੁਗਾੜੀ।
ਪਾ ਕੁੜਤਾ ਚਿੱਟਾ, ਲਾ ਕੇ ਚਾਦਰਾ
ਜਾਵੇ ਖੇਤਾਂ ਦੁਆਲੇ ਗੇੜੀ ਮਾਰੀ।
ਫਸਲਾਂ ਦੇ ਨਾ ਮੁੱਲ ਹੈ ਮਿਲਦੇ
ਕਾਹਦੀ ਜੱਟਾ ਰਹਿ ਗਈ ਸਰਦਾਰੀ।

***-ਸਤਵਿੰਦਰ ਥਾਂਦੀ ਦੌਲਤਪੁਰੀ***

## ਕੈਪਸ਼ਨ ਮੁਕਾਬਲਾ-200

ਜੋੜ'ਤੇ ਮੰਜੇ ਪੁੱਠੇ ਕਰਕੇ
ਬਦਸ਼ਗਨੀ ਨੂੰ ਸ਼ਗਨ ਬਣਾਇਆ।
ਪਿੱਠਾਂ ਜੋੜ ਸਪੀਕਰ ਟੰਗੇ
ਵਿਰਸਾ ਆਪਣਾ ਵਾਪਿਸ ਆਇਆ।
ਯਮਲੇ ਜੱਟ ਦੀ ਵੱਜੂ ਤੂੰਬੀ
ਭਰ ਚਾਬੀ ਜਦ ਤਵਾ ਘੁਮਾਇਆ।

***-ਜਗਮੀਤ ਸਿੰਘ ਪੰਧੇਰ***

# ਵਿਅੰਗ

ਕਰਜੇ ਦਾ ਜੱਟਾਂ ਨੂੰ ਵਿਆਜ ਖਾ ਗਿਆ। ਬਾਕੀ ਦਾ ਰਸੋਈ ਨੂੰ ਪਿਆਜ ਖਾ ਗਿਆ।
ਬੀਜਾਂ, ਸਪਰੇਆਂ 'ਚ ਮਿਲਾਵਟ ਹੋ ਗਈ, ਚਿੱਟਾ ਮੱਛਰ ਨਰਮੇ ਨੂੰ ਸਾਰਾ ਖਾ ਗਿਆ।
ਖਾਧਾ ਰੇਤਾ ਬਜਰੀ ਲੀਡਰਾਂ ਨੀਲਿਆਂ, ਲਾਲੂ ਵੀ ਡੰਗਰਾਂ ਦਾ ਚਾਰਾ ਖਾ ਗਿਆ।
ਕਾਲਾ ਧਨ ਲਿਆਉਣਾ ਮੋਦੀ-ਯੋਗੀ ਭੁੱਲ'ਗੇ, ਅੱਛੇ ਦਿਨਾਂ ਦੀ ਥਾਂ ਸਮਾਂ ਮਾੜਾ ਆ ਗਿਆ।
ਬਾਬਿਆਂ ਨੇ ਕਿੱਤੇ ਲਾਇਆ ਸਰਕਾਰਾਂ ਨੂੰ, ਸੀ. ਡੀ. ਦੀ ਕਮਾਈ ਕਲਾਕਾਰ ਖਾ ਗਿਆ।
ਫੋਨਾਂ-ਮੋਟਰਸਾਈਕਲਾਂ ਨੇ ਮੁੰਡੇ ਪੱਟ'ਤੇ, ਵਿਹਲੜਾਂ ਪੰਜਾਬੀਆਂ ਨੂੰ 'ਚਿੱਟਾ' ਖਾ ਗਿਆ।
ਲੁੱਟਮਾਰ ਕੀਤੀ ਲੀਡਰਾਂ ਆਵਾਮ ਦੀ, ਵੋਟ ਵੇਚ 'ਗਿੱਲ' ਵੋਟ ਪਾਸੇ ਪਾ ਗਿਆ।

***-ਜੁਗਰਾਜ ਗਿੱਲ, ਸ਼ਾਰਲਟ, ਫੋਨ: 704-257-6693***

ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ॥
ਹਲਾਲ ਅਸਤ ਬ ਸ਼ਮਸ਼ੀਰ ਏ ਦਸਤ॥

# ਖਾਲਸਾ ਪੰਥ ਦੇ ਬਾਨੀ ਸਰਬੰਸਦਾਨੀ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਦਿਹਾੜੇ ਦੀ ਸਭਨਾਂ ਨੂੰ

# ਕੋਟਾਨਿ-ਕੋਟਿ ਵਧਾਈ

## ਸਾਲ 2016 ਮੁਬਾਰਕ



ਦੇਵ ਗਰੇਵਾਲ ਅਤੇ ਸ. ਪ੍ਰੀਤਮ ਸਿੰਘ ਗਰੇਵਾਲ

ਵਲੋਂ

## ਪ੍ਰੀਤਮ ਸਿੰਘ ਗਰੇਵਾਲ, ਦੇਵ ਗਰੇਵਾਲ ਤੇ ਸਮੂਹ ਪਰਿਵਾਰ

# Grewal Enterprises

San Jose, CA Ph:408-406-0703

# ਮੁਫਤ ਤੀਰਥ ਯਾਤਰਾ 'ਤੇ ਅਕਾਲੀਆਂ ਦਾ ਕਬਜ਼ਾ

**ਅੰਮ੍ਰਿਤਸਰ:** ਪੰਜਾਬ ਸਰਕਾਰ ਵੱਲੋਂ ਸਦਭਾਵਨਾ ਰੈਲੀ ਦੌਰਾਨ ਕੀਤੇ ਗਏ ਮੁਫਤ ਧਾਰਮਿਕ ਤੀਰਥ ਯਾਤਰਾ ਦੇ ਐਲਾਨ ਦੇ ਚੱਲਦਿਆਂ ਯੋਜਨਾ ਦੀ ਸ਼ੁਰੂਆਤ ਅੰਮ੍ਰਿਤਸਰ ਤੋਂ ਕੀਤੀ ਗਈ, ਪਰ ਇਸ ਮੁਫਤ ਤੀਰਥ ਯਾਤਰਾ ਦਾ ਲਾਭ ਲੈਣ ਵਾਲੇ ਸ਼ਰਧਾਲੂਆਂ ਵਿਚ ਜ਼ਿਆਦਾਤਰ ਅਕਾਲੀ ਦਲ ਦੇ ਸਮਰਥਕ ਹੀ ਹਨ। ਹਜ਼ੂਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਦੀ ਪਹਿਲੀ ਰੇਲ ਗੱਡੀ ਨੂੰ ਸੁਖਬੀਰ ਸਿੰਘ ਬਾਦਲ ਨੇ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ।

ਅੰਮ੍ਰਿਤਸਰ ਤੋਂ ਰਵਾਨਾ ਹੋਈ ਰੇਲ ਗੱਡੀ ਰਾਹੀਂ ਵਿਧਾਨ ਸਭਾ ਹਲਕਾ ਅਟਾਰੀ ਦੇ 1050 ਲੋਕਾਂ ਨੂੰ ਮੁਫਤ ਧਾਰਮਿਕ ਯਾਤਰਾ ਕਾਰਵਾਈ ਜਾ ਰਹੀ ਹੈ। ਇਹ ਰੇਲ ਸ਼ਰਧਾਲੂਆਂ ਨੂੰ ਨਾਂਦੇੜ ਸਾਹਿਬ ਦੇ ਦਰਸ਼ਨ ਕਰਵਾਉਣ ਉਪਰੰਤ ਛੇਵੇਂ ਦਿਨ ਵਾਪਸ ਅੰਮ੍ਰਿਤਸਰ ਪਰਤੇਗੀ। ਇਹ ਸਿਲਸਿਲਾ ਲਗਾਤਾਰ ਜਾਰੀ ਰਹੇਗਾ ਜਿਸ ਤਹਿਤ ਪੰਜਾਬ ਦੇ 117 ਵਿਧਾਨ ਸਭਾ ਹਲਕਿਆਂ ਦੇ ਲੋਕਾਂ ਨੂੰ ਵੱਖ-ਵੱਖ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਵਾਏ ਜਾਣਗੇ। ਇਸ ਰੇਲ ਗੱਡੀ ਕੁੱਲ 18 ਡੱਬੇ ਹਨ ਜਿਨ੍ਹਾਂ ਵਿਚੋਂ 15 ਡੱਬੇ ਯਾਤਰੀਆਂ ਲਈ ਤੇ ਤਿੰਨ ਯਾਤਰੀਆਂ ਦੇ ਖਾਣ-ਪੀਣ ਦੀ ਸਮਗਰੀ ਲਈ ਰੱਖੇ ਗਏ ਹਨ। ਰੇਲ ਗੱਡੀ ਵਿਚ ਯਾਤਰੀਆਂ




ਤੋਂ ਇਲਾਵਾ ਅਟਾਰੀ ਹਲਕੇ ਤੋਂ ਵਿਧਾਇਕ ਅਤੇ ਕੈਬਨਿਟ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਵੀ ਆਪਣੇ ਪਰਿਵਾਰ ਸਮੇਤ ਯਾਤਰਾ ਲਈ ਗਏ ਹਨ। ਇਸ ਮੌਕੇ ਸੁਖਬੀਰ ਬਾਦਲ ਨੇ ਕਿਹਾ ਕਿ ਇਸ ਰੇਲ ਗੱਡੀ ਵਾਂਗ ਵਾਰਾਨਸੀ, ਅਜਮੇਰ ਸ਼ਰੀਫ਼ ਅਤੇ ਵੈਸ਼ਨੋ ਦੇਵੀ ਲਈ ਵੀ ਰੇਲਾਂ ਚਲਾਈਆਂ ਜਾਣਗੀਆਂ। ਇਸ ਤੋਂ ਇਲਾਵਾ ਚਿੰਤਪੁਰਨੀ ਅਤੇ ਜਵਾਲਾ ਜੀ ਦੇ ਦਰਸ਼ਨਾਂ ਲਈ ਖਾਸ ਬੱਸਾਂ ਚਲਾਉਣ ਦਾ ਵੀ ਇੰਤਜ਼ਾਮ ਕੀਤਾ ਜਾ ਰਿਹਾ ਹੈ। ਇਸ ਮੌਕੇ ਆਮ ਆਦਮੀ ਪਾਰਟੀ ਵੱਲੋਂ ਇਸ ਤੀਰਥ ਯਾਤਰਾ ਬਾਰੇ ਕੀਤੀ ਟਿੱਪਣੀ ਬਾਰੇ ਸੁਖਬੀਰ ਨੇ ਕਿਹਾ ਕੇ ਉਹ ਅਜਿਹੇ ਕਿਸੇ ਵੀ ਸਵਾਲ ਦਾ ਜਵਾਬ ਨਹੀਂ ਦੇਣਗੇ। ਰੇਲ ਗੱਡੀ ਨੂੰ ਝੰਡੀ ਦਿਖਾਉਣ ਤੋਂ ਪਹਿਲਾ ਸੁਖਬੀਰ ਗੱਡੀ ਦੇ ਅੰਦਰ ਗਏ ਅਤੇ ਯਾਤਰੀਆਂ ਨਾਲ ਤਸਵੀਰਾਂ ਵੀ ਖਿਚਵਾਈਆਂ। ਦਰਅਸਲ, ਪੰਜਾਬ ਵਿਚ ਪਿਛਲੇ ਸਮੇਂ ਵਿਚ ਪੈਦਾ ਹੋਏ ਪੰਥਕ ਸੰਕਟ ਵਿਚੋਂ ਬਾਹਰ ਆਉਣ ਲਈ ਅਕਾਲੀ ਦਲ ਲੋਕਾਂ ਵਿਚ ਜਾ ਕੇ ਪਾਰਟੀ ਪ੍ਰਤੀ ਪਿਆਰ ਦੀ ਭਾਵਨਾ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਕਰ ਰਿਹਾ ਹੈ।

## ਤੀਰਥ ਯਾਤਰਾ ਪਿੱਛੇ ਕੋਈ ਸਿਆਸੀ ਮੰਤਵ ਨਹੀਂ: ਬਾਦਲ

**ਅੰਮ੍ਰਿਤਸਰ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਤੀਰਥ ਦਰਸ਼ਨ ਯਾਤਰਾ ਸਕੀਮ ਸ਼ੁਰੂ ਕਰਨ ਪਿੱਛੇ ਕੋਈ ਸਿਆਸੀ ਮੰਤਵ ਨਹੀਂ ਹੈ। ਵਿਰੋਧੀ ਪਾਰਟੀਆਂ ਵੱਲੋਂ ਇਸ ਸਕੀਮ ਪਿੱਛੇ ਸਿਆਸੀ ਮੰਤਵ ਹੋਣ ਦੇ ਲਾਏ ਜਾ ਰਹੇ ਦੋਸ਼ਾਂ ਨੂੰ ਰੱਦ ਕੀਤਾ। ਉਨ੍ਹਾਂ ਕਿਹਾ ਕਿ ਇਸ ਸਕੀਮ ਦਾ ਇਕ ਮਾਤਰ ਉਦੇਸ਼ ਪੰਜਾਬੀਆਂ ਨੂੰ ਉਨ੍ਹਾਂ ਦੇ ਪਵਿੱਤਰ ਧਾਰਮਿਕ ਸਥਾਨਾਂ ਹਜ਼ੂਰ ਸਾਹਿਬ, ਵਾਰਾਨਸੀ, ਅਜਮੇਰ ਸ਼ਰੀਫ ਆਦਿ ਦੇ ਦਰਸ਼ਨ ਕਰਵਾਉਣਾ ਹੈ। ਸੂਬਾ ਸਰਕਾਰ ਸ਼ਰਧਾਲੂਆਂ ਨੂੰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਾਉਣ ਲਈ ਮੁਫਤ ਯਾਤਰਾ ਦੀ ਸਹੂਲਤ ਮੁਹੱਈਆ ਕਰਵਾ ਰਹੀ ਹੈ।

# ਬੰਗਲਾਦੇਸ਼ ਨੇ ਪਾਕਿ ਤੋਂ ਰਾਜਦੂਤ ਵਾਪਸ ਬੁਲਾਇਆ

**ਢਾਕਾ:** ਬੰਗਲਾਦੇਸ਼ ਨੇ ਪਾਕਿਸਤਾਨ ਵਿਚੋਂ ਆਪਣੇ ਰਾਜਦੂਤ ਨੂੰ ਤੁਰੰਤ ਵਾਪਸ ਆਉਣ ਦੇ ਹੁਕਮ ਦੇ ਦਿੱਤੇ ਹਨ। ਦੋਵਾਂ ਦੇਸ਼ਾਂ ਵਿਚ 1971 ਦੀ ਜੰਗ ਨਾਲ ਸਬੰਧਤ ਜੁਰਮਾਂ ਦੇ ਦੋਸ਼ੀਆਂ ਨੂੰ ਫਾਂਸੀ ਚਾੜ੍ਹਨ ਤੋਂ ਬਾਅਦ ਕੂਟਨੀਤਕ ਪੱਧਰ ਉੱਤੇ ਸਬੰਧ ਵਿਗੜ ਗਏ ਹਨ। ਬੰਗਲਾਦੇਸ਼ ਦੇ ਵਿਦੇਸ਼ ਮੰਤਰਾਲੇ ਦੇ ਇਕ ਅਧਿਕਾਰੀ ਨੇ ਆਪਣੀ ਪਛਾਣ ਗੁਪਤ ਰੱਖਣ ਦੀ ਸ਼ਰਤ ਉਤੇ ਰਾਜਦੂਤ ਵਾਪਸ ਬੁਲਾਉਣ ਦੇ ਫੈਸਲੇ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਹਾਈ ਕਮਿਸ਼ਨਰ ਸੁਹਰਾਬ ਹੁਸੈਨ ਦੇ ਇਕਰਾਰ ਦਾ ਵੀ ਸਮਾਂ ਪੂਰਾ ਹੋ ਗਿਆ ਹੈ। ਬੰਗਲਾਦੇਸ਼ ਦੀ ਆਜ਼ਾਦੀ ਜੰਗ ਵਿਚ ਹਿੱਸਾ ਲੈਣ ਵਾਲੇ ਹੁਸੈਨ ਜੋ ਕਿ ਸੇਵਾਮੁਕਤ ਅਧਿਕਾਰੀ ਹਨ, 2010 ਤੋਂ ਪਾਕਿਸਤਾਨ ਵਿਚ ਤਾਇਨਾਤ ਸਨ। ਦੋਵਾਂ ਦੇਸ਼ਾਂ ਵਿਚ ਰਾਜਦੂਤ ਵਾਪਸ ਬੁਲਾਉਣ ਦਾ ਚੱਕਰ ਪਿਛਲੇ ਹਫਤੇ ਪਾਕਿਸਤਾਨ ਵੱਲੋਂ ਢਾਕਾ ਤੋਂ ਇਕ ਔਰਤ ਰਾਜਦੂਤ ਨੂੰ ਵਾਪਸ ਬੁਲਾਉਣ ਬਾਅਦ ਸ਼ੁਰੂ ਹੋਇਆ ਹੈ। ਬੰਗਲਾਦੇਸ਼ ਦੇ ਅਧਿਕਾਰੀਆਂ ਨੇ ਇਸ ਔਰਤ ਅਧਿਕਾਰੀ ਉੱਤੇ ਅਤਿਵਾਦੀ ਜਥੇਬੰਦੀ ਨਾਲ ਸਬੰਧਾਂ ਦਾ ਦੋਸ਼ ਲਾਇਆ ਸੀ।

# ਬੈਂਸ ਭਰਾਵਾਂ ਦੀ ਟੀਮ ਇਨਸਾਫ ਵੱਲੋਂ ਮਿਸ਼ਨ 2017 ਦਾ ਐਲਾਨ

**ਲੁਧਿਆਣਾ:** ਆਜ਼ਾਦ ਵਿਧਾਇਕ ਸਿਮਰਜੀਤ ਸਿੰਘ ਬੈਂਸ ਤੇ ਬਲਵਿੰਦਰ ਸਿੰਘ ਬੈਂਸ ਦੀ ਟੀਮ ਇਨਸਾਫ ਨੇ ਸਾਲ 2017 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਜ਼ਿਲ੍ਹਾ ਲੁਧਿਆਣਾ ਦੀਆਂ ਸਾਰੀਆਂ 14 ਵਿਧਾਨ ਸਭਾ ਸੀਟਾਂ ਤੋਂ ਚੋਣਾਂ ਲੜਨ ਦਾ ਐਲਾਨ ਕੀਤਾ ਹੈ।

ਟੀਮ ਇਨਸਾਫ ਦੇ ਮੁਖੀ ਸਿਮਰਜੀਤ ਸਿੰਘ ਬੈਂਸ ਨੇ ਕਿਹਾ ਕਿ ਜਿਥੇ ਟੀਮ ਇਨਸਾਫ ਦਾ ਆਧਾਰ ਮਜ਼ਬੂਤ ਹੈ, ਉਥੇ ਵੀ ਉਮੀਦਵਾਰ ਉਤਾਰੇ ਜਾਣਗੇ। ਟੀਮ ਇਨਸਾਫ ਨੇ ਹਮਖਿਆਲ ਰਾਜਸੀ ਪਾਰਟੀਆਂ ਨਾਲ ਗੱਠਜੋੜ ਕਰਨ ਦਾ ਰਾਹ ਵੀ ਖੁੱਲ੍ਹਾ ਰੱਖਿਆ ਹੈ। ਵਿਧਾਇਕ ਸ. ਬੈਂਸ ਨੇ ਕਿਹਾ ਕਿ ਟੀਮ ਇਨਸਾਫ ਦੀ ਕਈ ਹਮਖਿਆਲ ਰਾਜਸੀ ਪਾਰਟੀਆਂ ਨਾਲ ਗੱਲਬਾਤ ਚੱਲ ਰਹੀ ਹੈ।

ਪੰਜਾਬ ਨੂੰ ਭ੍ਰਿਸ਼ਟਾਚਾਰ ਮੁਕਤ ਕਰਨਾ, ਲੋਕਾਂ ਨੂੰ ਚੰਗਾ ਪ੍ਰਸ਼ਾਸਨ ਮੁਹੱਈਆ ਕਰਾਉਣਾ ਹੀ ਟੀਮ ਇਨਸਾਫ ਦਾ ਟੀਚਾ ਹੈ। ਦੱਸਣਯੋਗ ਹੈ ਕਿ ਟੀਮ ਇਨਸਾਫ ਨੇ ਜ਼ਿਲ੍ਹਾ ਲੁਧਿਆਣਾ 'ਤੇ ਹੀ ਆਪਣਾ ਧਿਆਨ ਕੇਂਦਰਿਤ ਕੀਤਾ ਹੋਇਆ ਹੈ। ਉਨ੍ਹਾਂ ਜ਼ਿਲ੍ਹਾ ਲੁਧਿਆਣਾ ਦੀਆਂ ਸਾਰੀਆਂ ਸੀਟਾਂ ਤੋਂ ਚੋਣਾਂ ਲੜਨ ਦੇ ਐਲਾਨ ਦੇ ਨਾਲ-ਨਾਲ ਸ਼ਹਿਰ ਦੇ ਸਾਰੇ 75 ਵਾਰਡਾਂ ਵਿਚ ਇੰਚਾਰਜ ਵੀ ਨਿਯੁਕਤ ਕਰ ਦਿੱਤੇ ਹਨ ਤਾਂ ਜੋ ਨਗਰ ਨਿਗਮ ਚੋਣਾਂ ਵਿਚ ਵੀ ਪਾਰਟੀ ਦੀ ਤਾਕਤ ਦਾ ਅਹਿਸਾਸ ਕਰਵਾਇਆ ਜਾ ਸਕੇ। ਕਾਬਲੇਗੌਰ ਹੈ ਕਿ ਬੈਂਸ ਭਰਾਵਾਂ ਨੇ ਅਪਰੈਲ 2014 ਵਿਚ ਟੀਮ ਇਨਸਾਫ ਦੇ ਗਠਨ ਤੋਂ ਬਾਅਦ ਜਨਤਾ ਨਾਲ ਜੁੜੇ ਮੁੱਦਿਆਂ ਨੂੰ ਚੁੱਕਣ ਤੇ ਉਨ੍ਹਾਂ ਲਈ ਸੰਘਰਸ਼ ਕਰਨ ਤੋਂ ਇਲਾਵਾ ਭ੍ਰਿਸ਼ਟਾਚਾਰ ਤੇ ਬਾਦਲ ਪਰਿਵਾਰ ਖਿਲਾਫ ਡਟ ਕੇ ਮੋਰਚਾ ਖੋਲ੍ਹਿਆ। ਸਿਮਰਜੀਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਵਿਚ ਮਾਫੀਆ ਰਾਜ ਹੈ ਤੇ ਲੋਕਾਂ ਨੂੰ ਉਨ੍ਹਾਂ ਦੇ ਹੱਕ ਨਹੀਂ ਮਿਲ ਰਹੇ।

ਜ਼ਿਕਰਯੋਗ ਹੈ ਕਿ ਵਿਧਾਇਕ ਬੈਂਸ ਭਰਾ ਲੁਧਿਆਣਾ ਦੀਆਂ ਦੋ ਸੀਟਾਂ 'ਤੇ ਕਾਬਜ਼ ਹਨ। ਲੋਕ ਸਭਾ ਚੋਣਾਂ ਦੌਰਾਨ ਸਿਮਰਜੀਤ ਸਿੰਘ ਬੈਂਸ ਨੂੰ ਆਜ਼ਾਦ ਉਮੀਦਵਾਰ ਵਜੋਂ ਦੋ ਲੱਖ 10 ਹਜ਼ਾਰ ਵੋਟਾਂ ਪਈਆਂ ਸਨ। ਇਸ ਦੇ ਨਾਲ ਹੀ ਮੌਜੂਦਾ ਸਮੇਂ ਅੱਠ ਕੌਂਸਲਰ ਬੈਂਸ ਧੜੇ ਦੇ ਹਨ।

# ਪੰਜਾਬ ਪੁਲਿਸ ਨੂੰ ਝਾਲਰ ਵਾਲੀ ਪੱਗ ਤੋਂ ਮਿਲੀ ਨਿਜਾਤ

**ਚੰਡੀਗੜ੍ਹ:** ਪੰਜਾਬ ਪੁਲਿਸ ਦੇ ਸਿਪਾਹੀਆਂ ਤੇ ਹੌਲਦਾਰਾਂ ਨੂੰ ਡਿਊਟੀ ਦੌਰਾਨ ਹੁਣ ਬਿਨਾਂ ਝਾਲਰ ਵਾਲੀ ਪੱਗ ਬੰਨ੍ਹਣ ਦੀ ਖੁੱਲ੍ਹ ਦੇ ਦਿੱਤੀ ਗਈ ਹੈ। ਪੰਜਾਬ ਪੁਲਿਸ ਦੇ ਮੁਖੀ ਸੁਰੇਸ਼ ਅਰੋੜਾ ਵੱਲੋਂ ਜਾਰੀ ਹੁਕਮਾਂ ਵਿਚ ਮੁਲਾਜ਼ਮਾਂ ਨੂੰ ਪਹਿਲੀ ਜਨਵਰੀ ਤੋਂ ਝਾਲਰ ਲਾਹੁਣ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ। ਹੁਕਮਾਂ ਮੁਤਾਬਕ ਪੱਗੜੀ ਪਹਿਲਾਂ ਵਾਂਗ ਹੀ ਰਹੇਗੀ, ਪਰ ਕੰਮ ਦੇ ਸਮੇਂ ਝਾਲਰ ਲਗਾਉਣ ਦੀ ਜ਼ਰੂਰਤ ਨਹੀਂ। ਇਹ ਮੰਗ ਬਹੁਤ ਪੁਰਾਣੀ ਸੀ ਤੇ ਪੁਲਿਸ ਕਰਮਚਾਰੀਆਂ ਵੱਲੋਂ ਅਕਸਰ ਸ਼ਿਕਾਇਤ ਕੀਤੀ ਜਾਂਦੀ ਸੀ।

ਜ਼ਿਕਰਯੋਗ ਹੈ ਕਿ ਅੰਗਰੇਜ਼ਾਂ ਦੇ ਸਮੇਂ ਤੋਂ ਚਲੀ ਆ ਰਹੀ ਇਹ ਝਾਲਰ ਵਾਲੀ ਪੱਗੜੀ ਵਿਚ ਹੁਣ ਕਿਤੇ ਜਾ ਕੇ ਤਬਦੀਲੀ ਹੋ ਰਹੀ ਹੈ। ਸਿੱਖ ਮਰਿਆਦਾ ਦੇ ਉਲਟ ਦੱਸ ਕੇ ਵੀ ਪਿਛਲੇ ਕਈ ਸਾਲਾਂ ਤੋਂ ਇਹ ਝਾਲਰ ਵਾਲੀ ਟੋਪੀਨੁਮਾ ਪੱਗੜੀ ਤੋਂ ਛੋਟ ਦਿੱਤੇ ਜਾਣ ਦੀ ਮੰਗ ਕੀਤੀ ਜਾਂਦੀ ਰਹੀ ਹੈ। ਅਕਾਲ ਤਖਤ ਦੇ ਜਥੇਦਾਰ ਤੱਕ ਇਹ ਮਾਮਲਾ ਉਠਾ ਚੁੱਕੇ ਹਨ।

ਇਸ ਤੋਂ ਇਲਾਵਾ ਕਈ ਸਿੱਖ ਜਥੇਬੰਦੀਆਂ ਵੀ ਸਮੇਂ-ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਕੋਲ ਵੀ ਇਸ ਲਈ ਪਹੁੰਚ ਕਰ ਚੁੱਕੀਆਂ ਹਨ। ਜਦੋਂ ਤੋਂ ਮੋਨੇ ਪੁਲਿਸ ਮੁਲਾਜ਼ਮਾਂ ਨੂੰ ਕੁੱਲੇ ਨੂੰ ਬਦਲ ਕੇ ਟੀ ਕੈਪ ਪਾਉਣ ਦੀ ਇਜਾਜ਼ਤ ਦਿੱਤੀ ਗਈ ਉਦੋਂ ਤੋਂ ਸਿੱਖ ਮੁਲਾਜ਼ਮ ਪੱਗ 'ਤੇ ਝਾਲਰ ਲਾਉਣ ਨੂੰ ਧੱਕਾ ਸਮਝਣ ਲੱਗੇ ਸਨ।

ਪੰਜਾਬ ਪੁਲਿਸ ਦੇ ਮੁਖੀ ਵੱਲੋਂ ਲਏ ਗਏ ਫੈਸਲੇ ਤੋਂ ਬਾਅਦ ਹੁਣ ਪੁਲਿਸ ਦੇ ਸੈਂਕੜੇ ਮੁਲਾਜ਼ਮਾਂ ਨੂੰ ਝਾਲਰ ਵਾਲੀ ਪੱਗ ਬੰਨ੍ਹਣ ਤੋਂ ਰਾਹਤ



ਮਿਲੇਗੀ। ਹੁਣ ਪੰਜਾਬ ਪੁਲਿਸ ਦੇ ਕਰਮਚਾਰੀਆਂ ਨੂੰ ਉਸੇ ਰੰਗ ਦੀ ਬਿਨਾਂ ਝਾਲਰ ਦੇ ਸਾਦੇ ਤਰੀਕੇ ਨਾਲ ਪੱਗ ਬੰਨ੍ਹਣ ਦੀ ਛੋਟ ਹੋਵੇਗੀ। ਜਾਣਕਾਰੀ ਅਨੁਸਾਰ ਵੱਡੇ ਪ੍ਰੋਗਰਾਮਾਂ ਦੌਰਾਨ ਸਲਾਮੀ ਦੇਣ ਜਾਂ ਅਜਿਹੇ ਹੋਰ ਮੌਕਿਆਂ 'ਤੇ ਇਹ ਝਾਲਰ ਵਾਲੀ ਪੱਗ ਲਾਜ਼ਮੀ ਹੋਵੇਗੀ, ਪਰ ਛੋਟ ਤੋਂ ਬਾਅਦ ਹੁਣ ਝਾਲਰ ਵਾਲੀ ਪੱਗ ਆਮ ਦਿਖਾਈ ਨਹੀਂ ਦੇਵੇਗੀ। ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਅੰਗਰੇਜ਼ਾਂ ਨੇ ਪੁਲਿਸ ਦੀ ਵਰਦੀ ਤੈਅ ਕੀਤੀ ਸੀ ਜਿਸ ਵਿਚ ਇਹ ਝਾਲਰ ਵਾਲੀ ਪੱਗੜੀ ਵੀ ਸ਼ਾਮਲ ਸੀ। ਸਿਖਲਾਈ ਦੌਰਾਨ ਝਾਲਰ ਵਾਲੀ ਪੱਗੜੀ ਬੰਨ੍ਹਣ ਦੀ ਵਿਸ਼ੇਸ਼ ਸਿਖਲਾਈ ਦਿੱਤੀ ਜਾਂਦੀ ਸੀ।

# ਸੀਰੀਆ 'ਚ ਆਈ.ਐਸ. ਲੜਾਕਿਆਂ ਤੇ ਨਾਗਰਿਕਾਂ ਦੀ ਅਦਲਾ ਬਦਲੀ

**ਬੈਰੂਤ:** ਸੀਰੀਆ ਸਰਕਾਰ ਤੇ ਬਾਗੀਆਂ ਵਿਚਕਾਰ ਸਮਝੌਤੇ ਹੇਠ ਤਿੰਨ ਸ਼ਹਿਰਾਂ ਵਿਚੋਂ 450 ਲੜਾਕਿਆਂ ਤੇ ਆਮ ਨਾਗਰਿਕਾਂ ਤੋਂ ਇਲਾਵਾ ਜ਼ਖਮੀਆਂ ਨੂੰ ਕੱਢਣ ਦਾ ਕੰਮ ਸ਼ੁਰੂ ਹੋ ਗਿਆ। ਸਤੰਬਰ ਵਿਚ ਦੋਵੇਂ ਧਿਰਾਂ ਉੱਤਰੀ ਪੱਛਮੀ ਇਦਲਿਬ ਸੂਬੇ ਦੇ ਸਰਕਾਰੀ ਕਬਜ਼ੇ ਵਾਲੇ ਦੋ ਸ਼ੀਆ ਸ਼ਹਿਰਾਂ ਅਲ ਫੌਆ ਅਤੇ ਕੈਫਰਾਇਆ ਤੇ ਲਿਬਨਾਨ ਸਰਹੱਦ ਨੇੜੇ ਬਾਗੀਆਂ ਦੇ ਆਖਰੀ ਗੜ੍ਹ ਜ਼ਾਬਦਾਨੀ ਵਿਚ ਛੇ ਮਹੀਨੇ ਲਈ ਯੁੱਧਬੰਦੀ ਰੱਖਣ ਲਈ ਸਹਿਮਤ ਹੋਈਆਂ ਸਨ।

ਯੂ.ਐਨ.ਓ. ਵੱਲੋਂ ਕਰਵਾਏ ਇਸ ਸਮਝੌਤੇ ਤਹਿਤ ਰਾਹਤ ਸਮਗਰੀ ਪਹੁੰਚਾਉਣ ਅਤੇ ਜਖਮੀ ਨਾਗਰਿਕਾਂ ਤੇ ਲੜਾਕਿਆਂ ਨੂੰ ਕੱਢਣ ਦੀ ਇਜਾਜ਼ਤ ਦੇਣਾ ਸ਼ਾਮਲ ਹੈ। ਮਨੁੱਖੀ ਅਧਿਕਾਰਾਂ ਬਾਰੇ ਸੀਰੀਅਨ ਅਬਜ਼ਰਵੇਟਰੀ ਦੇ ਮੁਖੀ ਰਾਮੀ ਅਬਦੇਲ ਰਹਿਮਾਨ ਨੇ ਕਿਹਾ ਕਿ 120 ਤੋਂ ਵੱਧ ਲੜਾਕਿਆਂ ਤੇ ਜਖਮੀਆਂ ਨੇ ਜ਼ਾਬਦਾਨੀ ਤੋਂ ਨਿਕਲ ਕੇ ਲਿਬਨਾਨ ਤੇ ਤੁਰਕੀ ਹੁੰਦੇ ਹੋਏ ਬਾਗੀਆਂ ਦੇ ਕਬਜ਼ੇ ਵਾਲੇ ਹੋਰ ਇਲਾਕਿਆਂ ਵਿਚ ਜਾਣਾ ਸ਼ੁਰੂ ਕਰ ਦਿੱਤਾ ਹੈ। ਇਸ ਦੌਰਾਨ ਅਲ ਫੌਆ ਤੇ ਕੈਫਰਾਇਆ ਵਿਚੋਂ 335 ਵਿਅਕਤੀ ਨਿਕਲ ਕੇ ਇਨ੍ਹਾਂ ਦੋਵਾਂ ਮੁਲਕਾਂ ਤੋਂ ਹੁੰਦੇ ਹੋਏ ਸਰਕਾਰ ਦੇ ਕਬਜ਼ੇ ਵਾਲੇ ਇਲਾਕਿਆਂ ਵਿਚ ਜਾਣਗੇ। ਅਲ ਫੌਆ ਤੇ ਕੈਫਰਾਇਆ ਤੋਂ ਨਿਕਲੇ ਲੋਕਾਂ ਨੂੰ ਸੀਰੀਆ-ਤੁਰਕੀ ਸਰਹੱਦੀ ਚੌਕੀ ਅਲ ਹਾਵਾ ਤੋਂ ਤੁਰਕੀ ਲਿਜਾਇਆ ਜਾਵੇਗਾ, ਜਿਥੋਂ ਉਹ ਜਹਾਜ਼ ਵਿਚ ਬੈਰੂਤ ਜਾਣਗੇ। ਇਸ ਮਗਰੋਂ ਉਹ ਸੜਕੀ ਰਸਤੇ ਦਮਸ਼ਕ ਜਾਣਗੇ।


# ਟੋਰਾਂਟੋ ਤੋਂ ਦਿੱਲੀ ਆ ਰਹੇ ਜਹਾਜ਼ ਵਿਚ ਪੰਜਾਬੀ ਵੱਲੋਂ ਹੰਗਾਮਾ

**ਟੋਰਾਂਟੋ:** ਪਰਵਾਸੀ ਪੰਜਾਬੀ ਦੇ ਹੰਗਾਮੇ ਕਰਕੇ ਦਿੱਲੀ ਆ ਰਹੇ ਜਹਾਜ਼ ਨੂੰ ਕੈਨੇਡਾ ਵਿਚ ਹੀ ਬਰੇਕ ਲਾਉਣੀ ਪਈ। ਇਹ ਜਹਾਜ਼ ਟੋਰਾਂਟੋ ਤੋਂ ਦਿੱਲੀ ਆ ਰਿਹਾ ਸੀ। ਇਸ ਦੌਰਾਨ ਜਹਾਜ਼ ਵਿਚ ਜਸਕਰਨ ਸਿੰਘ ਸਿੱਧੂ ਨਾਂ ਦਾ ਯਾਤਰੀ ਫਲਾਈਟ ਅਟੈਂਡੈਂਟ ਨਾਲ ਭਿੜ ਗਿਆ। ਘਟਨਾ ਵੇਲੇ ਜਹਾਜ਼ ਐਟਲਾਂਟਿਕ ਓਸ਼ਨ ਤੋਂ ਗੁਜ਼ਰ ਰਿਹਾ ਸੀ। ਝਗੜਾ ਵਧਦਾ ਵੇਖ ਜਹਾਜ਼ ਨੂੰ ਵਾਪਸ ਕੈਨੇਡਾ ਮੋੜ ਲਿਆ। ਜਸਕਰਨ ਸਿੱਧੂ ਕੈਨੇਡੀਅਨ ਸੂਬੇ ਅਲਬਰਟਾ ਦਾ ਵਾਸੀ ਹੈ। ਉਸ ਨੂੰ ਏਅਰ ਕੈਨੇਡਾ ਦੇ ਜਹਾਜ਼ ਵਿਚ ਫਲਾਈਟ ਅਟੈਂਡੈਂਟ 'ਤੇ ਹਮਲਾ ਕਰਨ ਦੇ ਦੋਸ਼ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ।

# ਇਸਲਾਮ ਵਿਰੋਧੀ ਪ੍ਰਤੀਕਿਰਿਆ ਦਾ ਖਾਮਿਆਜ਼ਾ ਭੁਗਤਦੇ ਨੇ ਸਿੱਖ

**ਫਰਿਜਨੋ:** ਅਮਰੀਕਾ ਵਿਚ ਸਿੱਖਾਂ ਨੂੰ ਮੁਸਲਮਾਨ ਮੰਨ ਲਿਆ ਜਾਂਦਾ ਹੈ ਤੇ ਇਸ ਇਸਲਾਮ ਵਿਰੋਧੀ ਪ੍ਰਤੀਕਿਰਿਆ ਦਾ ਖ਼ਮਿਆਜ਼ਾ ਸਿੱਖਾਂ ਨੂੰ ਭੁਗਤਣਾ ਪੈਂਦਾ ਹੈ।

ਇਕ ਮੀਡੀਆ ਰਿਪੋਰਟ ਅਨੁਸਾਰ ਅਮਰੀਕਾ ਵਿਚ ਸਿੱਖਾਂ ਨੂੰ ਮੁਸਲਮਾਨ ਸਮਝ ਕੇ ਉਨ੍ਹਾਂ ਉਤੇ ਹਮਲਾ ਕਰ ਦਿੱਤਾ ਜਾਂਦਾ ਹੈ। ਹਾਲ ਹੀ ਵਿਚ ਅਮਰੀਕਾ ਦੇ ਕੈਲੇਫੋਰਨੀਆ ਵਿਚ 68 ਵਰ੍ਹਿਆਂ ਦੇ ਸਿੱਖ ਅਮਰੀਕ ਸਿੰਘ ਬੱਲ ਉਤੇ ਨਸਲੀ ਹਮਲਾ ਕੀਤਾ ਗਿਆ। ਵਾਸ਼ਿੰਗਟਨ ਪੋਸਟ ਦੀ ਰਿਪੋਰਟ ਅਨੁਸਾਰ ਅਮਰੀਕਾ ਵਿਚ ਹੋਏ 11 ਸਤੰਬਰ 2001 ਦੇ ਹਮਲੇ ਤੋਂ ਬਾਅਦ ਇਥੇ ਹਿੰਸਾ ਤੇ ਸਿੱਖਾਂ ਨੂੰ ਧਮਕੀਆਂ ਦੇਣ ਆਦਿ ਦੀਆਂ ਘਟਨਾਵਾਂ ਵਿਚ ਵਾਧਾ ਹੋਇਆ ਹੈ। ਰਿਪੋਰਟ ਅਨੁਸਾਰ ਸਿੱਖਾਂ ਨੂੰ ਅਮਰੀਕੀਆਂ ਵਿਚਲੀਆਂ ਇਸਲਾਮ ਵਿਰੋਧੀ ਪ੍ਰਤੀਕਿਰਿਆਵਾਂ ਦਾ ਖ਼ਮਿਆਜ਼ਾ ਭੁਗਤਣਾ ਪੈਂਦਾ ਹੈ। ਅਮਰੀਕ ਸਿੰਘ ਬੱਲ ਉੱਤੇ ਹਮਲਾ ਫਰਿਜਨੋ ਵਿਚ ਉਸ ਸਮੇਂ ਹੋਇਆ ਸੀ



ਜਦੋਂ ਉਹ ਕੰਮ ਉੱਤੇ ਪੈਦਲ ਜਾ ਰਹੇ ਸਨ। ਇਸ ਦੌਰਾਨ ਦੋ ਕਾਰ ਸਵਾਰ ਨੌਜਵਾਨਾਂ ਨੇ ਅਮਰੀਕ ਸਿੰਘ ਬੱਲ ਦੀ ਕੁੱਟਮਾਰ ਕੀਤੀ ਅਤੇ ਨਸਲੀ ਟਿੱਪਣੀਆਂ ਕੀਤੀਆਂ। ਫਰਿਜਨੋ ਪੁਲਿਸ ਮਾਮਲੇ ਦੀ ਜਾਂਚ ਨਸਲੀ ਹਮਲੇ ਨਾਲ ਜੋੜ ਕੇ ਕਰ ਰਹੀ ਹੈ। ਅਮਰੀਕਾ ਦੇ ਪ੍ਰਮੁੱਖ ਅਖਬਾਰ ਵਾਸ਼ਿੰਗਟਨ ਪੋਸਟ ਅਨੁਸਾਰ ਦੇਸ਼ ਵਿਚ ਰਹਿਣ ਵਾਲੇ ਸਿੱਖ ਹੁਣ ਵੀ ਗਲਤ ਪਛਾਣ ਦਾ ਸ਼ਿਕਾਰ ਹੋ ਰਹੇ ਹਨ।

ਅਮਰੀਕਾ ਦੇ ਲੋਕ ਸਿੱਖ ਤੇ ਮੁਸਲਮਾਨਾਂ ਵਿਚਕਾਰ ਫਰਕ ਸਮਝ ਨਹੀਂ ਪਾ ਰਹੇ। ਇਸ ਕਰਕੇ ਸਿੱਖਾਂ ਉਤੇ ਹਮਲੇ ਹੋ ਰਹੇ ਹਨ। ਅਮਰੀਕ ਸਿੰਘ ਬੱਲ ਉੱਤੇ ਹਮਲਾ ਕਰਨ ਵਾਲੇ ਨੌਜਵਾਨ ਵਾਰ-ਵਾਰ ਆਖ ਰਹੇ ਸਨ ਕਿ 'ਤੁਸੀਂ ਅਮਰੀਕਾ ਤੋਂ ਬਾਹਰ ਚਲੇ ਜਾਵੋ, ਇਹ ਦੇਸ਼ ਤੁਹਾਡਾ ਨਹੀਂ ਹੈ'। ਕੈਲੇਫੋਰਨੀਆ ਦੇ ਸੈਨ ਬਰਨਡਿਨੋ ਵਿਚ ਮੁਸਲਿਮ ਜੋੜੇ ਵੱਲੋਂ ਕੀਤੀ ਗਈ ਫਾਇਰਿੰਗ ਵਿਚ 14 ਲੋਕਾਂ ਦੀ ਮੌਤ ਹੋਈ ਸੀ। ਇਸ ਹਮਲੇ ਤੋਂ ਬਾਅਦ ਸਿੱਖਾਂ ਉੱਤੇ ਨਸਲੀ ਹਮਲੇ ਦੀ ਇਹ ਦੂਜੀ ਘਟਨਾ ਹੈ। ਇਸ ਤੋਂ ਪਹਿਲਾਂ ਸਤੰਬਰ ਮਹੀਨੇ ਵਿਚ ਇੰਦਰਜੀਤ ਸਿੰਘ ਮੱਕੜ ਉੱਤੇ ਵੀ ਇਕ ਨੌਜਵਾਨ ਨੇ ਨਸਲੀ ਹਮਲਾ ਕੀਤਾ ਸੀ।

ਹਮਲਾ ਕਰਨ ਵਾਲਾ ਨੌਜਵਾਨ ਵੀ ਇੰਦਰਜੀਤ ਸਿੰਘ ਮੱਕੜ ਨੂੰ ਓਸਾਮਾ ਬਿਨ ਲਾਦੇਨ ਆਖ ਰਿਹਾ ਸੀ। ਸਿੱਖਾਂ ਉੱਤੇ ਅਮਰੀਕਾ ਵਿਚ ਵਧ ਰਹੇ ਨਸਲੀ ਹਮਲਿਆਂ ਕਾਰਨ ਉਥੇ ਰਹਿਣ ਵਾਲੇ ਸਿੱਖ ਭਾਈਚਾਰੇ ਵਿਚ ਚਿੰਤਾ ਦਾ ਮਾਹੌਲ ਪੈਦਾ ਹੋ ਗਿਆ ਹੈ। ਕੈਲੇਫੋਰਨੀਆ ਸਿੱਖ ਕੌਂਸਲ ਦੇ ਮੈਂਬਰ ਇਕਬਾਲ ਸਿੰਘ ਗਰੇਵਾਲ ਅਨੁਸਾਰ ਸਿੱਖਾਂ ਦੀ ਪਛਾਣ ਅਮਰੀਕਾ ਵਿਚ ਵੱਡਾ ਮੁੱਦਾ ਬਣ ਚੁੱਕਾ ਹੈ।

# ਕੇਂਦਰ ਸਰਕਾਰ ਨੇ ਵਿਸਾਰੇ ਪੰਜਾਬ ਦੇ ਕਿਸਾਨ



**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਸੋਕੇ ਦੀ ਮਾਰ ਝੱਲਣ ਵਾਲੇ ਕਈ ਸੂਬਿਆਂ ਲਈ ਸਹਾਇਤਾ ਰਾਸ਼ੀ ਮਨਜ਼ੂਰ ਕੀਤੀ ਹੈ, ਪਰ ਪੰਜਾਬ ਨੂੰ ਇਸ ਤੋਂ ਵਾਂਝਾ ਰੱਖਿਆ ਗਿਆ ਹੈ। ਕੇਂਦਰ ਸਰਕਾਰ ਨੇ ਸੋਕੇ ਦੀ ਮਾਰ ਝੱਲਣ ਵਾਲੇ ਮਹਾਰਾਸ਼ਟਰ, ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਲਈ 6800 ਕਰੋੜ ਰੁਪਏ ਮਨਜ਼ੂਰ ਕੀਤੇ ਹਨ, ਪਰ ਪੰਜਾਬ ਲਈ ਅਜਿਹਾ ਨਹੀਂ ਕੀਤਾ ਗਿਆ। ਕਰਨਾਟਕ ਲਈ ਵੀ ਸਹਾਇਤਾ ਰਾਸ਼ੀ ਮਨਜ਼ੂਰ ਕੀਤੀ ਗਈ ਹੈ। 10 ਸੂਬਿਆਂ ਨੇ ਇਹ ਕਹਿੰਦਿਆਂ ਕੇਂਦਰ ਸਰਕਾਰ ਤੋਂ 40,000 ਕਰੋੜ ਰੁਪਏ ਦੀ ਮਾਲੀ ਸਹਾਇਤਾ ਮੰਗੀ ਸੀ ਕਿ ਸੋਕੇ ਵਰਗੇ ਹਾਲਾਤ ਕਾਰਨ ਉਨ੍ਹਾਂ ਦੀਆਂ ਫਸਲਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ। ਪੰਜਾਬ ਸਰਕਾਰ ਨੇ ਸਾਲ 2014 ਵਿਚ ਸਾਉਣੀ ਦੀਆਂ ਫਸਲਾਂ ਸਬੰਧੀ 1500 ਕਰੋੜ ਤੇ ਸਾਲ 2015 ਵਿਚ 2260 ਕਰੋੜ ਰੁਪਏ ਦੀ ਮਾਲੀ ਸਹਾਇਤਾ ਮੰਗੀ ਸੀ। ਪੰਜਾਬ ਸਰਕਾਰ ਨੇ ਕਿਹਾ ਸੀ ਕਿ ਬਰਸਾਤ ਘੱਟ ਹੋਣ ਕਾਰਨ ਕਿਸਾਨਾਂ ਨੂੰ ਆਪਣੀਆਂ ਫਸਲਾਂ ਬਚਾਉਣ ਲਈ ਡੀਜ਼ਲ ਆਦਿ 'ਤੇ ਵਾਧੂ ਖਰਚਾ ਕਰਨਾ ਪਿਆ ਹੈ, ਪਰ ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਲਈ ਕੋਈ ਸਹਾਇਤਾ ਰਾਸ਼ੀ ਜਾਰੀ ਨਹੀਂ ਕੀਤੀ। ਸਾਲ 2014 ਵਿਚ ਤਕਰੀਬਨ 50 ਫੀਸਦੀ ਬਰਸਾਤ ਘੱਟ ਹੋਈ ਸੀ ਤੇ ਇਸ ਸਾਲ ਬਰਸਾਤ ਵਿਚ 40 ਫੀਸਦੀ ਕਮੀ ਦਰਜ ਕੀਤੀ ਗਈ।

ਹੋਰ ਸੂਬੇ ਸੌਖਿਆਂ ਹੀ ਸੋਕੇ ਦਾ ਐਲਾਨ ਕਰ ਸਕਦੇ ਹਨ, ਪਰ ਪੰਜਾਬ ਉਨ੍ਹਾਂ ਦੀ ਲੀਹ 'ਤੇ ਨਹੀਂ ਚੱਲ ਸਕਦਾ ਕਿਉਂਕਿ ਪੰਜਾਬ ਕੋਲ 14 ਲੱਖ ਟਿਊਬਵੈੱਲਾਂ ਦਾ ਨੈੱਟਵਰਕ ਹੈ, ਜਿਸ ਨਾਲ ਫਸਲਾਂ ਨੂੰ ਸੋਕੇ ਦੀ ਮਾਰ ਤੋਂ ਬਚਾਇਆ ਜਾ ਸਕਦਾ ਹੈ। ਔਖ ਇਹ ਹੈ ਕਿ ਪੰਜਾਬ ਦੇ ਕਿਸਾਨਾਂ ਨੂੰ ਘੱਟ ਮੀਂਹ ਪੈਣ 'ਤੇ ਫਸਲਾਂ ਬਚਾਉਣ ਲਈ ਵਾਧੂ ਖਰਚਾ ਕਰਨਾ ਪੈਂਦਾ ਹੈ। ਹਾਲ ਹੀ ਵਿਚ ਕੇਂਦਰ ਨੇ ਪੰਜਾਬ ਸਰਕਾਰ ਨੂੰ ਕੁਦਰਤੀ ਆਫਤਾਂ ਸਬੰਧੀ ਫੰਡ ਵਿਚੋਂ 645 ਕਰੋੜ ਰੁਪਏ ਉਨ੍ਹਾਂ ਕਿਸਾਨਾਂ ਨੂੰ ਮੁਆਵਜ਼ੇ ਵਜੋਂ ਦੇਣ ਦੀ ਆਗਿਆ ਦਿੱਤੀ ਸੀ, ਜਿਨ੍ਹਾਂ ਦੀ ਫਸਲ ਚਿੱਟੀ ਮੱਖੀ ਕਾਰਨ ਖਰਾਬ ਹੋ ਗਈ ਸੀ। ਇਹ ਰਾਸ਼ੀ ਪੰਜਾਬ ਸਰਕਾਰ ਵੱਲੋਂ ਵੰਡ ਦਿੱਤੀ ਗਈ ਹੈ।

ਇਸੇ ਦੌਰਾਨ ਕੌਮਾਂਤਰੀ ਬਾਜ਼ਾਰ ਵਿਚ ਮੰਗ ਵਧਣ ਕਾਰਨ ਕਪਾਹ ਦੇ ਭਾਅ ਵਧਣੇ ਸ਼ੁਰੂ ਹੋ ਗਏ ਹਨ। ਕਪਾਹ ਦਾ ਭਾਅ ਪੰਜ ਹਜ਼ਾਰ ਰੁਪਏ ਕੁਇੰਟਲ ਤੱਕ ਪਹੁੰਚ ਗਿਆ ਹੈ ਤੇ ਆਉਣ ਵਾਲੇ ਦਿਨਾਂ ਵਿਚ 5500 ਰੁਪਏ ਪ੍ਰਤੀ ਕੁਇੰਟਲ ਤੱਕ ਪੁੱਜਣ ਦੀ ਸੰਭਾਵਨਾ ਹੈ, ਪਰ ਬਹੁਤੇ ਕਿਸਾਨਾਂ ਨੇ ਕਪਾਹ ਵਪਾਰੀਆਂ ਨੂੰ ਵੇਚ ਦਿੱਤੀ ਹੈ।

## ਤੋਤਾ ਸਿੰਘ ਨੇ ਕੇਂਦਰ ਨੂੰ ਘੇਰਿਆ

**ਚੰਡੀਗੜ੍ਹ:** ਪੰਜਾਬ ਦੇ ਖੇਤੀਬਾੜੀ ਮੰਤਰੀ ਤੋਤਾ ਸਿੰਘ ਨੇ ਸੂਬੇ ਵਿਚ ਕਿਸਾਨ ਖੁਦਕੁਸ਼ੀਆਂ ਲਈ ਕੇਂਦਰ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਫਸਲਾਂ ਦੇ ਸਹੀ ਭਾਅ ਨਾ ਦਿੱਤੇ ਜਾਣ ਕਾਰਨ ਸੂਬੇ ਦੇ ਕਿਸਾਨਾਂ ਦੀ ਹਾਲਤ ਪਤਲੀ ਹੋ ਗਈ ਹੈ। ਕੇਂਦਰ ਦੀ ਮੋਦੀ ਸਰਕਾਰ ਨੇ 'ਜੈ ਜਵਾਨ ਜੈ ਕਿਸਾਨ' ਦੇ ਨਾਅਰੇ ਤਹਿਤ ਜਵਾਨਾਂ ਨੂੰ ਤਾਂ ਪਾਰ ਲਾ ਦਿੱਤਾ ਹੈ ਪਰ ਕਿਸਾਨ ਮੰਦਹਾਲੀ ਵਿਚ ਹੀ ਹਨ। ਹੁਣ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਕਿਸਾਨਾਂ ਦੀ ਵੀ ਸਾਰ ਲੈਣੀ ਚਾਹੀਦੀ ਹੈ। ਕਿਸਾਨਾਂ ਨੂੰ ਫਸਲਾਂ ਦੇ ਸਹੀ ਭਾਅ ਨਾ ਮਿਲਣ ਕਾਰਨ ਖੁਦਕੁਸ਼ੀਆਂ ਵਧ ਰਹੀਆਂ ਹਨ। ਖੇਤੀ ਮੰਤਰੀ ਨੇ ਕਿਸਾਨ ਭਵਨ ਵਿਚ ਖੇਤੀਬਾੜੀ ਨਾਲ ਸਬੰਧਤ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਸਾਲ 2015 ਦੌਰਾਨ ਖੇਤੀਬਾੜੀ ਦੀ ਸਥਿਤੀ ਉਪਰ ਲੇਖਾ-ਜੋਖਾ ਕੀਤਾ।

## ਰਾਹਤ ਫਤਿਹ ਅਲੀ ਨੂੰ ਹਵਾਈ ਅੱਡੇ ਤੋਂ ਵਾਪਸ ਭੇਜਿਆ



**ਨਵੀਂ ਦਿੱਲੀ:** ਪਾਕਿਸਤਾਨ ਦੇ ਨਾਮਵਰ ਗਾਇਕ ਰਾਹਤ ਫਤਿਹ ਅਲੀ ਖਾਨ ਨੂੰ ਹੈਦਰਾਬਾਦ ਦੇ ਰਾਜੀਵ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਵਾਪਸ ਆਬੂਧਾਬੀ ਭੇਜ ਦਿੱਤਾ ਗਿਆ।

ਇਮੀਗ੍ਰੇਸ਼ਨ ਅਥਾਰਟੀ ਅਨੁਸਾਰ ਕੋਈ ਵੀ ਪਾਕਿਸਤਾਨੀ ਨਾਗਰਿਕ ਨਿਯਮਾਂ ਮੁਤਾਬਕ ਸਿਰਫ ਦਿੱਲੀ, ਮੁੰਬਈ, ਕੋਲਕਾਤਾ ਤੇ ਚੇਨਈ ਹਵਾਈ ਅੱਡੇ ਤੇ ਹੀ ਉੱਤਰ ਸਕਦਾ ਹੈ, ਪਰ ਰਾਹਤ ਸਿੱਧੇ ਹੀ ਹੈਦਰਾਬਾਦ ਹਵਾਈ ਅੱਡੇ ਤੇ ਉਤਰੇ ਸਨ, ਇਸ ਲਈ ਉਨ੍ਹਾਂ ਨੂੰ ਮੁੜ ਆਬੂਧਾਬੀ ਜਾਣਾ ਪਿਆ ਤੇ ਉਥੋਂ ਦਿੱਲੀ ਹੁੰਦੇ ਹੋਏ ਮੁੜ ਹੈਦਰਾਬਾਦ ਆਉਣਾ ਪਿਆ। ਰਾਹਤ ਦਾ ਇਥੋਂ ਦੇ ਫਲਕਨੁਮਾ ਪੈਲੇਸ ਵਿਚ ਸੂਫੀ ਸੰਗੀਤ ਦਾ ਪ੍ਰੋਗਰਾਮ ਸੀ।

## ਰਾਸ਼ਟਰਪਤੀ ਵੱਲੋਂ ਮੁੜ ਅਸਹਿਣਸ਼ੀਲਤਾ ਖਿਲਾਫ ਡਟਣ ਦਾ ਸੱਦਾ

**ਨਵੀਂ ਦਿੱਲੀ:** ਰਾਸ਼ਟਰਪਤੀ ਪ੍ਰਣਾਬ ਮੁਖਰਜੀ ਨੇ ਨਵੇਂ ਸਾਲ ਉਤੇ ਲੋਕਾਂ ਨੂੰ ਸਮਾਜ ਵਿਚ ਸ਼ਾਂਤੀ ਅਤੇ ਸਦਭਾਵਨਾ ਲਈ ਹਮਦਰਦੀ ਅਤੇ ਸਹਿਣਸ਼ੀਲਤਾ ਵਾਲਾ ਰਵੱਈਆ ਗ੍ਰਹਿਣ ਕਰਨ ਦਾ ਸੱਦਾ ਦਿੱਤਾ ਹੈ। ਨਵੇਂ ਸਾਲ ਮੌਕੇ ਰਾਸ਼ਟਰਪਤੀ ਨੇ ਲੋਕਾਂ ਨੂੰ ਆਪਣੀਆਂ ਸ਼ੁਭ ਕਾਮਨਾਵਾਂ ਦਿੱਤੀਆਂ ਤੇ ਆਸ ਜ਼ਾਹਿਰ ਕੀਤੀ ਕਿ ਇਹ ਤਾਜ਼ਾ ਸ਼ੁਰੂਆਤ ਕਰਨ ਤੇ ਵਿਅਕਤੀਗਤ ਅਤੇ ਸਮੂਹਿਕ ਵਿਕਾਸ ਲਈ ਆਪਣੇ ਸੰਕਲਪ ਨੂੰ ਨਵਿਆਉਣ ਦਾ ਮੌਕਾ ਬਣੇਗਾ।



ਰਾਸ਼ਟਰਪਤੀ ਜਿਨ੍ਹਾਂ ਨੇ ਬੀਤੇ ਸਮੇਂ ਅਸਹਿਣਸ਼ੀਲਤਾ ਦਾ ਮੁੱਦਾ ਉਠਾਇਆ ਸੀ, ਨੇ ਕਿਹਾ ਕਿ ਆਉ ਅਸੀਂ ਪਿਆਰ, ਹਮਦਰਦੀ, ਸਹਿਣਸ਼ੀਲਤਾ ਗ੍ਰਹਿ ਕਰੀਏ ਅਤੇ ਸੰਮਲਿਤ ਸਮਾਜ ਕਾਇਮ ਕਰਨ ਪ੍ਰਤੀ ਕੰਮ ਕਰੀਏ। ਰਾਸ਼ਟਰਪਤੀ ਨੇ ਦੇਸ਼ ਨੂੰ ਸਾਫ ਸੁਥਰਾ ਅਤੇ ਹਰਿਆ ਭਰਿਆ ਬਣਾਉਣ ਲਈ ਵੀ ਕਿਹਾ।

# ਐਲਿਜ਼ਬੈਥ ਦੋਇਮ ਤੋਂ ਸਨਮਾਨਤ ਹੋਣ ਵਾਲਿਆਂ ਵਿਚ ਸੱਤ ਸਿੱਖ

**ਲੰਡਨ:** ਬਰਤਾਨੀਆ ਦੀ ਮਹਾਰਾਣੀ ਐਲਿਜ਼ਬੈਥ ਦੋਇਮ ਤੋਂ ਨਵੇਂ ਵਰ੍ਹੇ 2016 ਉਤੇ ਵੱਖ-ਵੱਖ ਖੇਤਰਾਂ ਵਿਚ ਯੋਗਦਾਨ ਪਾਉਣ ਬਦਲੇ ਸਨਮਾਨ ਹਾਸਲ ਕਰਨ ਵਾਲਿਆਂ ਵਿਚ ਸੱਤ ਸਿੱਖ ਸ਼ਾਮਲ ਹਨ। ਕੈਂਸਰ ਖੋਜ ਕਾਰਜਾਂ ਲਈ ਭਾਰਤੀ ਮੂਲ ਦੇ ਬਰਤਾਨਵੀ ਨਾਗਰਿਕ ਹਰਪਾਲ ਸਿੰਘ ਨੂੰ ਵਕਾਰੀ ਨਾਈਟਹੁੱਡ ਪੁਰਸਕਾਰ ਹਾਸਲ ਕਰਨ ਦਾ ਮਾਣ ਹਾਸਲ ਹੋਇਆ ਹੈ। ਹਰਪਾਲ ਸਿੰਘ ਕੈਂਸਰ ਰਿਸਰਚ ਯੂ.ਕੇ. (ਸੀ.ਆਰ.ਯੂ.ਕੇ.) ਦੇ ਮੁੱਖ ਕਾਰਜਕਾਰੀ ਅਧਿਕਾਰੀ ਹਨ। ਉਨ੍ਹਾਂ ਦੇ ਮਾਣ ਪੱਤਰ ਵਿਚ ਲਿਖਿਆ ਗਿਆ ਹੈ ਕਿ ਉਨ੍ਹਾਂ ਸਰਕਾਰ ਨੂੰ ਸਿਗਰਟਨੋਸ਼ੀ ਤੇ ਵੱਧ ਧੁੱਪ ਸੇਕਣ (ਸਨਬਾਥ) ਵਿਰੁੱਧ ਮੁਹਿੰਮਾਂ ਛੇੜਨ ਲਈ ਪ੍ਰੇਰਿਆ ਹੈ।



ਇਸੇ ਤਰ੍ਹਾਂ ਪ੍ਰਸਿੱਧ ਕਾਰੋਬਾਰੀ ਡਾ. ਰਮਿੰਦਰ ਸਿੰਘ ਰੰਮੀ ਰੇਂਜਰ ਨੂੰ ਸੀ.ਬੀ.ਈ. (ਕਮਾਂਡਰ ਆਫ ਦਾ ਮੋਸਟ ਐਕਸੀਲੈਂਟ ਆਰਡਰ ਆਫ ਦਾ ਬ੍ਰਿਟਿਸ਼ ਅੰਪਾਇਰ) ਦਾ ਸਨਮਾਨ ਦਿੱਤਾ ਗਿਆ ਹੈ। ਡਾ. ਰੰਮੀ ਰੇਂਜਰ ਪਹਿਲਾਂ ਵੀ ਐਮ.ਬੀ.ਈ. ਦਾ ਖਿਤਾਬ ਪ੍ਰਾਪਤ ਕਰ ਚੁੱਕੇ ਹਨ। ਉਨ੍ਹਾਂ ਦੀ ਸਨ ਮਾਰਕ ਲਿਮਟਡ ਕੰਪਨੀ ਨੂੰ ਪੰਜ ਵਾਰ ਕੁਈਨਜ਼ ਐਵਾਰਡ ਮਿਲ ਚੁੱਕੇ ਹਨ। ਪ੍ਰਿੰਸੀਪਲ ਗੁਰਮੁਖ ਸਿੰਘ ਨੂੰ ਚੈਰਿਟੀ ਲਈ ਓ.ਬੀ.ਈ., ਗੁਰਮੀਤ ਸਿੰਘ ਕਲਸੀ ਨੂੰ ਬਿਲਡਿੰਗ ਸਰਵਿਸ ਇੰਜੀਨੀਅਰ, ਪੈਲੇਸ ਆਫ ਵੈਸਟਮਿਨਸਟਰ ਨੂੰ ਐਮ.ਬੀ.ਈ. (ਮੈਂਬਰ ਆਫ ਬ੍ਰਿਟਿਸ਼ ਅੰਪਾਇਰ) ਦਾ ਖਿਤਾਬ ਸਰੀ ਵਿਚ ਪਾਰਲੀਮੈਂਟਰੀ ਸਰਵਿਸ ਅਤੇ ਸਿੱਖ ਭਾਈਚਾਰੇ ਲਈ ਕੀਤੀਆਂ ਸੇਵਾਵਾਂ ਬਦਲੇ ਦਿੱਤਾ ਗਿਆ ਹੈ।

ਪ੍ਰਿੰਸੀਪਲ ਗੁਰਮੁਖ ਸਿੰਘ ਨੂੰ ਬਰਤਾਨੀਆ ਵਿਚ ਸਿੱਖੀ ਤੇ ਸਿੱਖ ਮਾਮਲਿਆਂ ਸਬੰਧੀ ਲੰਬੇ ਸਮੇਂ ਤੋਂ ਕੰਮ ਕਰਨ ਲਈ ਓ.ਬੀ.ਈ. ਪੁਰਸਕਾਰ ਦਿੱਤਾ ਗਿਆ। ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਦੇ ਰਾਏਕੋਟ ਨੇੜੇ ਘੁੱਗ ਵੱਸਦੇ ਪਿੰਡ ਬੱਸੀਆਂ ਨਾਲ ਸਬੰਧਤ ਗੁਰਮੁਖ ਸਿੰਘ ਦਾ ਜਨਮ 1938 ਨੂੰ ਗੁਜਰਾਤ ਦੇ ਕੱਛ ਇਲਾਕੇ ਦੇ ਭੁੱਜ ਸ਼ਹਿਰ ਵਿਚ ਹੋਇਆ ਪਰ ਉਨ੍ਹਾਂ ਦੇ ਜੀਵਨ ਦਾ ਵੱਡਾ ਹਿੱਸਾ ਮਲੇਸ਼ੀਆ ਵਿਚ ਬੀਤਿਆ ਜਿਥੇ ਉਨ੍ਹਾਂ ਵਿੱਦਿਆ ਪ੍ਰਾਪਤ ਕੀਤੀ ਅਤੇ 1960 ਵਿਚ ਉਹ ਬਰਤਾਨੀਆ ਆ ਕੇ 'ਟਰੇਡ ਐਂਡ ਇੰਡਸਟਰੀ' ਸਰਕਾਰੀ ਵਿਭਾਗ ਵਿਚ ਕੰਮ ਕਰਦੇ ਰਹੇ।

ਸਿੱਖੀ ਵਿਚ ਪਰਪੱਕ ਹੋਣ ਕਰਕੇ ਯੂਰਪੀ ਤੇ ਅੰਤਰਰਾਸ਼ਟਰੀ ਵਪਾਰਕ ਸੰਸਥਾਵਾਂ ਵਿਚ ਬਰਤਾਨਵੀ ਸਰਕਾਰ ਦੇ ਟਰੇਡ ਡੈਲੀਗੇਸ਼ਨਾਂ ਵਿਚ ਉਹ ਹਮੇਸ਼ਾ ਖਿੱਚ ਦਾ ਕੇਂਦਰ ਬਣੇ। 1987 ਵਿਚ ਸਿਵਲ ਸਰਵਿਸ ਦੇ ਇਸ ਉੱਚ ਅਹੁਦੇ ਲਈ ਸੇਵਾਵਾਂ ਦੇਣ ਵਾਲੇ ਉਹ ਪਹਿਲੇ ਦਸਤਾਰਧਾਰੀ ਸਾਬਤ ਸੂਰਤ ਸਿੱਖ ਸਨ। ਸਤਪਾਲ ਸਿੰਘ ਨਾਹਲ ਨੂੰ ਵੀ ਐਮ.ਬੀ.ਈ. ਦਾ ਖਿਤਾਬ ਆਫੀਸਰ ਬ੍ਰੈਡਫੋਰਡ ਗਰੁੱਪ, ਐਮ.ਐਮ. ਰੈਵੇਨਿਊ ਤੇ ਕਸਟਮ ਵਿਚ ਟੈਕਸ ਦੇਣ ਵਾਲੇ ਤੇ ਲੋਕ ਸੰਪਰਕ ਵਿਚ ਦਿੱਤੀਆਂ ਸੇਵਾਵਾਂ ਬਦਲੇ ਦਿੱਤਾ ਗਿਆ ਹੈ।

ਕਰਨੈਲ ਸਿੰਘ ਪੰਨੂੰ ਨੂੰ ਐਮ.ਬੀ.ਈ. ਦਾ ਖਿਤਾਬ ਬਰਕਸ਼ਾਇਰ ਦੇ ਵੈਂਜ਼ਰ ਅਤੇ ਮੇਡਨਹੈੱਡ ਇਲਾਕੇ ਵਿਚ ਭਾਈਚਾਰਕ ਸੇਵਾਵਾਂ ਬਦਲੇ ਦਿੱਤਾ ਗਿਆ ਹੈ, ਜਦ ਕਿ ਗੁਰਦੇਵ ਸਿੰਘ ਰਾਇਤ ਨੂੰ ਬੀ.ਈ.ਐਮ. (ਬ੍ਰਿਟਿਸ਼ ਅੰਪਾਇਰ ਮੈਡਲ) ਗਰੀਨਿਚ, ਲੰਡਨ ਵਿਚ ਭਾਈਚਾਰੇ ਨੂੰ ਦਿੱਤਿਆਂ ਸੇਵਾਵਾਂ ਬਦਲੇ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਗੁਰਦੇਵ ਸਿੰਘ ਰਾਇਤ ਵੀ ਸਿੱਖ ਕਾਂਸਲ ਦੀ ਕਮੇਟੀ ਦੇ ਮੈਂਬਰ ਹਨ।

## ਨੋਟਾਂ 'ਤੇ ਛਪੇਗੀ ਅੰਬੇਦਕਰ ਤੇ ਵਿਵੇਕਾਨੰਦ ਦੀ ਫੋਟੋ

**ਨਵੀਂ ਦਿੱਲੀ:** ਭਾਰਤ ਦੇ ਕਰੰਸੀ ਨੋਟਾਂ ਉਤੇ ਗਾਂਧੀ ਤੋਂ ਬਾਅਦ ਹੁਣ ਸਵਾਮੀ ਵਿਵੇਕਾਨੰਦ ਤੇ ਡਾ. ਅੰਬੇਡਕਰ ਦੀ ਤਸਵੀਰ ਵੀ ਛਪੇਗੀ। ਇਸ ਬਾਰੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕੋਲ ਪ੍ਰਸਤਾਵ ਆਇਆ ਹੈ ਜਿਸ ਵਿਚ ਨੋਟਾਂ ਉਤੇ ਮਹਾਤਮਾ ਗਾਂਧੀ ਦੇ ਨਾਲ-ਨਾਲ ਬੀ.ਆਰ. ਅੰਬੇਡਕਰ ਤੇ ਸਵਾਮੀ ਵਿਵੇਕਾਨੰਦ ਦੀਆਂ ਤਸਵੀਰਾਂ ਛਾਪਣ ਦੀ ਗੱਲ ਕਹੀ ਗਈ ਹੈ। ਇਹ ਪ੍ਰਸਤਾਵ ਨਰੇਂਦਰ ਯਾਦਵ ਨੇ ਦਿੱਤਾ ਹੈ। ਯਾਦ ਰਹੇ ਕਿ ਮੋਦੀ ਸਰਕਾਰ ਡਾ. ਅੰਬੇਡਕਰ ਦੀ 125ਵੀਂ ਜੈਅੰਤੀ ਮੌਕੇ ਉਨ੍ਹਾਂ ਦੀ ਤਸਵੀਰ ਵਾਲਾ ਸਿੱਕਾ ਜਾਰੀ ਕਰ ਚੁੱਕੀ ਹੈ।

# ਪਾਕਿਸਤਾਨ ਤੋਂ ਆਏ ਹਿੰਦੂ ਪਰਿਵਾਰਾਂ ਦਾ ਸਬਰ ਟੁੱਟਿਆ

**ਜਲੰਧਰ:** ਪਾਕਿਸਤਾਨ ਤੋਂ ਆਪਣੇ ਧਰਮ ਤੇ ਸਭਿਆਚਾਰ ਨੂੰ ਬਚਾ ਕੇ ਭਾਰਤ ਆਏ ਹਿੰਦੂ ਪਰਿਵਾਰਾਂ ਨੂੰ ਤਿੰਨ ਦਹਾਕਿਆਂ ਤੋਂ ਵੀ ਵੱਧ ਸਮਾਂ ਬੀਤ ਚੱਲਿਆ ਹੈ, ਪਰ ਨਾਗਰਿਕਤਾ ਦੇਣ ਲਈ ਕੇਂਦਰ ਦੀ ਕਿਸੇ ਸਰਕਾਰ ਨੇ ਉਨ੍ਹਾਂ ਦੀ ਬਾਂਹ ਨਹੀਂ ਫੜੀ।

ਪਾਕਿਸਤਾਨ ਦੇ ਗਾਇਕ ਅਦਨਾਨ ਸਾਮੀ ਨੂੰ ਹੁਣ ਭਾਰਤੀ ਨਾਗਰਿਕਤਾ ਮਿਲਣ ਪਿੱਛੋਂ ਇਨ੍ਹਾਂ ਹਿੰਦੂ ਪਰਿਵਾਰਾਂ ਨੇ ਵੀ ਜ਼ੋਰ-ਸ਼ੋਰ ਆਵਾਜ਼ ਉਠਾਉਣੀ ਸ਼ੁਰੂ ਕਰ ਦਿੱਤੀ ਹੈ। ਪਿਛਲੇ 30 ਸਾਲਾਂ ਤੋਂ ਕੇਂਦਰ ਸਰਕਾਰ ਦੇ ਦਫਤਰਾਂ ਵਿਚ ਧੱਕੇ ਖਾਣ ਵਾਲੇ 200 ਤੋਂ ਵੱਧ ਹਿੰਦੂ ਪਰਿਵਾਰ ਅੱਜ ਵੀ ਭਾਰਤ ਦੀ ਨਾਗਰਿਕਤਾ ਨੂੰ ਤਰਸ ਰਹੇ ਹਨ। ਇਨ੍ਹਾਂ ਪਰਿਵਾਰਾਂ ਨੂੰ ਉਮੀਦ ਬੱਝੀ ਹੈ ਕਿ ਜਿਵੇਂ ਮੋਦੀ ਸਰਕਾਰ ਨੇ ਅਦਨਾਨ ਸਾਮੀ 'ਤੇ ਮਿਹਰਬਾਨੀ ਦਿਖਾਈ ਹੈ, ਉਹ ਆਪਣੇ ਹੀ ਹਿੰਦੂ ਪਰਿਵਾਰਾਂ ਨੂੰ ਕਿਵੇਂ ਅਣਗੌਲਿਆ ਕਰ ਸਕਦੀ ਹੈ। 26 ਮਈ 1998 ਨੂੰ ਸਿਆਲਕੋਟ ਦੇ ਪਿੰਡ ਕੋਟਲੀ ਅਰਾਈਆਂ ਛੱਡ ਕੇ ਭਾਰਤ ਆ ਕੇ ਜਲੰਧਰ ਵੱਸੇ 60 ਹਿੰਦੂ ਪਰਿਵਾਰਾਂ ਨੂੰ ਅਜੇ ਤੱਕ ਦੇਸ਼ ਦੀ ਨਾਗਰਿਕਤਾ ਹਾਸਲ ਨਹੀਂ ਹੋਈ।

## ਤਿੰਨ ਦਹਾਕਿਆਂ ਪਿੱਛੋਂ ਵੀ ਨਾ ਮਿਲੀ ਭਾਰਤੀ ਨਾਗਰਿਕਤਾ




ਸਿਆਲਕੋਟ ਵਿਚ ਆਪਣੀ ਜਨਮ ਭੋਇੰ ਨੂੰ ਆਖਰੀ ਵਾਰ ਸਿਜਦਾ ਕਰਕੇ ਆਉਣ ਵਾਲੇ ਹੰਸ ਰਾਜ ਨੇ ਦੱਸਿਆ ਕਿ ਉਨ੍ਹਾਂ ਦੇ ਪਰਿਵਾਰਕ ਕੋੜਮੇ ਵਿਚੋਂ 60 ਮੈਂਬਰ ਇਧਰ ਆ ਗਏ ਸਨ। ਉਹ 15 ਪਾਸਪੋਰਟਾਂ 'ਤੇ 20 ਕੁ ਜਣੇ ਆਏ ਸਨ ਤੇ ਇਨ੍ਹਾਂ ਵਿਚ ਬੱਚੇ ਵੀ ਸ਼ਾਮਲ ਸਨ।

ਹੰਸ ਰਾਜ ਦਾ ਕਹਿਣਾ ਸੀ ਕਿ ਪਾਕਿਸਤਾਨ ਵਿਚ ਬੱਚੇ ਦੇ ਜੰਮਣ ਤੇ ਵਿਆਹ ਸਮੇਂ ਕੀਤੇ ਜਾਣ ਵਾਲੇ ਰੀਤੀ ਰਿਵਾਜਾਂ ਤੋਂ ਉਧਰ ਦੇ ਲੋਕ ਔਖੇ ਸਨ। ਸਭ ਤੋਂ ਵੱਡੀ ਸਮੱਸਿਆ ਤਾਂ ਸਸਕਾਰ ਕਰਨ ਵੇਲੇ ਆਉਂਦੀ ਸੀ ਜਦੋਂ ਉਹ ਮ੍ਰਿਤਕ ਸਰੀਰ ਨੂੰ ਅਗਨੀ ਭੇਟ ਕਰਨ ਤੋਂ ਰੋਕ ਦਿੰਦੇ ਸਨ। ਇਧਰ ਆ ਕੇ ਉਨ੍ਹਾਂ ਨੇ ਪਹਿਲਾਂ 2004 ਤੇ ਫਿਰ 2009 ਵਿਚ ਭਾਰਤ ਦੀ ਨਾਗਰਿਕਤਾ ਲੈਣ ਲਈ ਫਾਈਲਾਂ ਭਰੀਆਂ ਸਨ, ਪਰ ਕਿਧਰੋਂ ਖੈਰ ਨਹੀਂ ਪਈ। ਕਦੀ ਸਰਕਾਰ ਕੋਈ ਕਾਗਜ਼ ਮੰਗ ਲੈਂਦੀ ਹੈ ਤੇ ਕਦੇ ਕੋਈ, ਉਨ੍ਹਾਂ ਦੀਆਂ ਚਿੱਠੀਆਂ ਸਾਂਭ-ਸਾਂਭ ਹੰਭ ਗਏ ਹਾਂ। ਹੰਸ ਰਾਜ ਦਾ ਕਹਿਣਾ ਸੀ ਪਾਕਿਸਤਾਨ ਤੋਂ ਆਏ ਕਈ ਪਰਿਵਾਰਾਂ ਨੂੰ 17 ਸਾਲ ਹੋ ਗਏ ਹਨ ਤੇ ਕਈ 20 ਜਾਂ 30 ਸਾਲ ਤੋਂ ਭਾਰਤ ਦੀ ਨਾਗਰਿਕਤਾ ਹਾਸਲ ਕਰਨ ਲਈ ਟੱਕਰਾਂ ਮਾਰ ਰਹੇ ਹਨ।

ਪਾਕਿਸਤਾਨ ਦੇ ਹੀ ਸਿਆਲਕੋਟ ਜ਼ਿਲ੍ਹੇ ਤੋਂ ਆਏ ਸਰਦਾਰੀ ਲਾਲ ਨੇ ਅਦਨਾਨ ਸਾਮੀ ਨੂੰ ਮਿਲੀ ਨਾਗਰਿਕਤਾ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਵਿਚ ਵੀ.ਵੀ.ਆਈ.ਪੀ. ਕਲਚਰ ਸਥਾਪਤ ਹੋ ਚੁੱਕਾ ਹੈ। ਜਿਹੜੇ ਤਾਂ ਮਸ਼ਹੂਰ ਜਾਂ ਨਾਮਵਰ ਬੰਦੇ ਹਨ, ਉਨ੍ਹਾਂ ਦੇ ਕੰਮ ਤਾਂ ਜਲਦੀ ਹੁੰਦੇ ਹਨ ਪਰ ਆਮ ਆਦਮੀ ਦੀਆਂ ਦੁੱਖ ਤਕਲੀਫਾਂ ਵੱਲ ਉਕਾ ਧਿਆਨ ਨਹੀਂ ਦਿੱਤਾ ਜਾਂਦਾ। ਰਾਜ ਕੁਮਾਰ ਕਾਲਾ ਨਾਂ ਦੇ ਵਿਅਕਤੀ ਨੇ ਦੱਸਿਆ ਕਿ ਜਦੋਂ ਉਹ ਪਰਿਵਾਰ ਸਮੇਤ ਆਏ ਸਨ ਤਾਂ ਇਥੇ ਲੱਗਦਾ ਸੀ ਕਿ ਸਾਰੇ ਆਪਣੇ ਹਨ, ਆਪਣੀਆਂ ਹੀ ਸਰਕਾਰਾਂ ਹਨ ਤੇ ਜ਼ਿੰਦਗੀ ਸੌਖਿਆਂ ਬਸਰ ਹੋ ਜਾਵੇਗੀ ਪਰ ਇਥੇ ਦੇ ਬਾਬੂਸ਼ਾਹੀ ਢਾਂਚੇ ਨੇ ਤਾਂ ਕੰਨਾਂ ਨੂੰ ਹੱਥ ਲੁਆ ਦਿੱਤੇ ਹਨ।

## ਭਾਰਤੀ ਨਾਗਰਿਕਤਾ ਮਿਲਣ ਪਿੱਛੋਂ ਅਦਨਾਨ ਗਦਗਦ

**ਨਵੀਂ ਦਿੱਲੀ:** ਪਾਕਿਸਤਾਨੀ ਮੂਲ ਦੇ ਗਾਇਕ ਅਦਨਾਨ ਸਾਮੀ ਭਾਰਤੀ ਬਣ ਗਏ ਹਨ। ਭਾਰਤ ਸਰਕਾਰ ਨੇ ਸਾਮੀ ਨੂੰ ਭਾਰਤੀ ਨਾਗਰਿਕਤਾ ਦੇ ਦਿੱਤੀ ਹੈ। ਪਹਿਲੀ ਜਨਵਰੀ ਤੋਂ ਸਾਮੀ ਭਾਰਤੀ ਨਾਗਰਿਕ ਬਣ ਗਏ ਹਨ। ਨਵੇਂ ਸਾਲ ਦੇ ਪਹਿਲੇ ਦਿਨ ਸਾਮੀ ਨਾਗਰਿਕਤਾ ਦੇ ਦਸਤਾਵੇਜ਼ ਲੈਣ ਗ੍ਰਹਿ ਮੰਤਰਾਲੇ ਪਹੁੰਚੇ। ਇਸ ਮੌਕੇ ਉਨ੍ਹਾਂ ਕਿਹਾ ਕਿ ਇਹ ਬੇਹੱਦ ਖੁਸ਼ੀ ਦੀ ਘੜੀ ਹੈ। ਉਨ੍ਹਾਂ ਖੁਸ਼ੀ ਦਾ ਇਜ਼ਹਾਰ ਆਪਣੇ ਮਸ਼ਹੂਰ ਗੀਤ 'ਤੇਰੀ ਊਂਚੀ ਸ਼ਾਨ ਹੈ ਮੌਲਾ' ਦੀਆਂ ਸਤਰਾਂ ਨਾਲ ਕੀਤਾ।

ਸਾਮੀ ਪਿਛਲੇ ਲੰਬੇ ਸਮੇਂ ਤੋਂ ਭਾਰਤੀ ਨਾਗਰਿਕਤਾ ਲਈ ਕੋਸ਼ਿਸ਼ਾਂ ਕਰ ਰਹੇ ਸਨ। ਜ਼ਿਕਰਯੋਗ ਹੈ ਕਿ ਸਾਮੀ ਦਾ ਜਨਮ ਲਾਹੌਰ ਵਿਚ ਹੋਇਆ ਸੀ, ਪਰ ਉਹ ਕਾਫੀ ਸਮੇਂ ਤੋਂ ਹੀ ਭਾਰਤ ਵਿਚ ਰਹਿ ਰਹੇ ਹਨ। ਅਦਨਾਨ ਸਾਮੀ ਸੈਲਾਨੀ ਵੀਜ਼ੇ 'ਤੇ 13 ਮਾਰਚ, 2001 ਨੂੰ ਪਹਿਲੀ ਵਾਰ ਭਾਰਤ ਆਏ ਸਨ। ਕਈ ਵਾਰ ਵੀਜ਼ੇ ਦੀ ਮਿਆਦ ਵਧਾਉਣ ਮਗਰੋਂ ਉਹ ਤਕਰੀਬਨ 11 ਸਾਲ ਤੋਂ ਵੱਧ ਸਮਾਂ ਭਾਰਤ ਵਿਚ ਗੁਜ਼ਾਰ ਚੁੱਕੇ ਹਨ।

# ਸਿਆਸਤ ‘ਚ ਇਖ਼ਲਾਕ ਨੂੰ ਤਰਜੀਹ ਦੇਣ ਵਾਲਾ ਵਰ੍ਹਾ



**ਹਰੀਸ਼ ਖਰੇ**

ਖ਼ੁਸ਼ੀਆਂ ਵਿਹੂਣਾ ਤੇ ਅਣਉਪਜਾਊ ਸਾਲ 2015 ਹੁਣ ਓਝਲ ਹੋ ਗਿਆ ਹੈ। ਇਸ ਸਾਲ ਦੇ ਆਖ਼ਰੀ ਦਿਨ ਸਾਨੂੰ ਕੇਂਦਰ ਤੇ ਦਿੱਲੀ ਸਰਕਾਰ ਦਰਮਿਆਨ ਸਿੱਧੇ ਤੌਰ ‘ਤੇ ਘੜੇ ਗਏ ਪੱਖਪਾਤੀ ਟਕਰਾਅ ਦੀ ਦ੍ਰਿਸ਼ਾਵਲੀ ਦੇਖਣੀ ਪਈ। ਇਹ ਇੱਕ ਅਜਿਹਾ ਟਕਰਾਅ ਸੀ ਜਿਹੜਾ ਦੋਵਾਂ ਥਾਂਵਾਂ ‘ਤੇ ਚੁਣੇ ਹੋਏ ਲੋਕ ਪ੍ਰਤੀਨਿਧਾਂ ਦਾ ਵੱਕਾਰ ਘਟਾਉਣ ਵਾਲਾ ਹੈ। ਕੁਝ ਹਫ਼ਤੇ ਪਹਿਲਾਂ ਸਾਨੂੰ ਗਾਂਧੀ ਮਾਂ-ਪੁੱਤ ਅਤੇ ਅਰੁਣ ਜੇਤਲੀ ਨੂੰ ਅਦਾਲਤਾਂ ਵਿਚ ਘਿਸੜਦਿਆਂ ਦੇਖਣ ਦੀ ਅਜੀਬੋ-ਗਰੀਬ ਤਸੱਲੀ ਨਾਲ ਵਾਬਸਤਾ ਹੋਣਾ ਪਿਆ ਸੀ। ਉਨ੍ਹਾਂ ਨੂੰ ਆਪਣੇ ਮਾਣ-ਸਨਮਾਨ ਤੇ ਸਾਖ਼ ਲਈ ਜੂਝਣ ਵਾਸਤੇ ਮਜਬੂਰ ਹੋਣਾ ਦੇਖਣਾ ਆਪਣੇ ਆਪ ਵਿਚ ‘ਨਜ਼ਾਰਾ’ ਸੀ। ਗਾਂਧੀ ਮਾਂ-ਪੁੱਤ ਅਤੇ ਜੇਤਲੀ ਸਾਡੀਆਂ ਨਜ਼ਰਾਂ ਵਿਚ ਕੁਝ ਬੌਣੇ ਹੋਏ। ਉਨ੍ਹਾਂ ਦੀ ਤਕਲੀਫ਼ ਤੋਂ ਸਾਨੂੰ ਮਿਲਿਆ ਸਕੂਨ ਇੱਕ ਵਡੇਰੀ ਮਰਜ਼ ਦੀ ਨਿਸ਼ਾਨੀ ਹੈ। ਸਾਡੇ ਵਿਹਾਰ ਤੇ ਸੋਚ ਨੂੰ ਨੀਚਤਾ ਦਾ ਚਸਕਾ ਲੱਗ ਗਿਆ ਹੈ। ਸਾਲ 2016 ਵਿਚ ਇਸ ਚਸਕੇ ਅਤੇ ਇਸ ਨਾਲ ਜੁੜੇ ਨਿਘਾਰ ਨੂੰ ਰੋਕਣਾ ਹੀ ਸਾਡੇ ਲਈ ਅਸਲ ਚੁਣੌਤੀ ਹੋਵੇਗਾ।

2015 ਦੌਰਾਨ ਕਿਉਂਕਿ ਅਸੀਂ ਨਿੱਗਰ ਇਖ਼ਲਾਕੀ ਨੇਮਾਂ ਤੇ ਵਿਹਾਰ ਉੱਪਰ ਜ਼ੋਰ ਦੇਣ ਤੋਂ ਸਮੂਹਿਕ ਤੌਰ ‘ਤੇ ਅਸਮਰਥ ਰਹੇ, ਇਸ ਲਈ ਅਣਧੋਤੇ ਅਤੇ ਮੱਲ੍ਹਮ-ਪੱਟੀ ਤੋਂ ਵਿਹੂਣੇ ਜ਼ਖ਼ਮ ਸਾਨੂੰ ਦੁਬਾਰਾ ਤਕਲੀਫ਼ ਦੇਣਗੇ ਹੀ। ਅਸੀਂ ਜਿਵੇਂ ਹੀ ਅੱਗੇ ਵਧਣ ਦਾ ਯਤਨ ਕਰਾਂਗੇ, ਭਾਰਤੀ ਰਾਜ-ਵਿਵਸਥਾ ਤੇ ਸਿਆਸੀ ਸੂਹਜ ਦੀ ਨਵੇਂ ਸਿਰਿਉਂ ਅਜ਼ਮਾਇਸ਼ ਹੋਵੇਗੀ। ਸਾਨੂੰ ਅੱਗੇ ਵਧਣ ਦੀ ਲੋੜ ਵੀ ਹੈ, ਪਰ ਇਸ ਢੰਗ ਨਾਲ ਕਿ ਸਾਡੇ ਸੁਫ਼ਨੇ ਸਸਤੇ ਤੇ ਸ਼ੋਹਦੇ ਨਾ ਬਣਨ ਅਤੇ ਨਾ ਹੀ ਜਾਪਣ। ਪਿਛਲੇ ਸਾਲ ਦੇ ਬਹੁਤੇ ਸਮੇਂ ਦੌਰਾਨ ਅਸੀਂ ਆਪਣੇ ਖ਼ਿਲਾਫ਼ ਹੀ ਸਾਜ਼ਿਸ਼ਾਂ ਰਚਦੇ ਰਹੇ ਅਤੇ ਆਪਣੇ ਸਮਾਜ, ਆਪਣੇ ਭਾਈਚਾਰੇ ਦੀ ਸਮੁਚਿਤ ਭਲਾਈ ਵੱਲ ਪਿੱਠ ਕਰੀ ਰੱਖੀ। ਸਾਨੂੰ ਇੱਕ ਵਾਰ ਫਿਰ ਖ਼ੁਦ ਨੂੰ ਇਹ ਯਾਦ ਕਰਵਾਉਣਾ ਪਵੇਗਾ ਕਿ ਇਖ਼ਲਾਕੀ ਕੁਰਖ਼ਤਪੁਣਾ ਸਿਹਤਮੰਦ ਰਾਜ-ਵਿਵਸਥਾ ਦਾ ਆਧਾਰ ਨਹੀਂ ਹੋ ਸਕਦਾ, ਇਸ ਨੂੰ ਕੌਮੀ ਮਹਾਤਮ ਜਾਂ ਪੁਨਰਉਥਾਨ ਦਾ ਮੰਤਰ ਸਾਬਤ ਹੋਣਾ ਦੂਰ ਦੀ ਗੱਲ ਹੈ। ਕੌਮੀ ਗ਼ੌਰਵ ਵਧਾਉਣ ਦੇ ਰਾਹ ਸਾਨੂੰ ਅਵੱਸ਼ ਤੁਰਨਾ ਚਾਹੀਦਾ ਹੈ, ਪਰ ਨੇਕੀ ਤੇ ਨੇਕ ਨੀਅਤੀ ਤੋਂ ਬਿਨਾਂ ਨਹੀਂ।

ਅੱਜ ਕੱਲ੍ਹ ਇਖ਼ਲਾਕੀ ਪੁਖ਼ਤਗੀ ਦੀ ਗੱਲ ਕਰਨ ਨੂੰ ਬੇਤੁਕੀ ਤੇ ਫ਼ਜ਼ੂਲ ਦੀ ਚੰਗਿਆਈ ਦੱਸ ਕੇ ਤਰਕ ਕਰ ਦੇਣਾ ਇੱਕ ਫ਼ੈਸਨ ਹੀ ਬਣ ਗਿਆ ਹੈ, ਪਰ ਹਰ ਸਮਾਜ ਨੂੰ ਆਪਣੇ ਸਮੂਹਿਕ ਮਾਮਲਿਆਂ ਨੂੰ ਚਲਾਉਣ ਲਈ ਬੁਨਿਆਦੀ ਇਖ਼ਲਾਕੀ ਨੇਮਾਂ ਤੇ ਨਿਯਮਾਂ ਦੀ ਲੋੜ ਪੈਂਦੀ ਹੈ। ਜਮਹੂਰੀਅਤ ਵਿਚ ਤਾਂ ਇਹ ਲੋੜ ਵੱਧ ਹੁੰਦੀ ਹੈ ਅਤੇ ਸਾਡੇ ਭਾਰਤੀ ਪ੍ਰਸੰਗ ਵਿਚ ਤਾਂ ਹੋਰ ਵੀ ਵੱਧ। ਅਸੀਂ ਉਨ੍ਹਾਂ ਲੋਕਾਂ ਦਾ ਸਤਿਕਾਰ ਕਰਨ ਲਈ ਉਨ੍ਹਾਂ ਅੰਦਰ ਘੱਟੋ-ਘੱਟ ਕੁਝ ਨਾ ਕੁਝ ਚੰਗਾ ਹਮੇਸ਼ਾ ਖੋਜਦੇ ਰਹਿੰਦੇ ਹਾਂ ਜੋ ਸਾਡੀ ਰਾਜ-ਵਿਵਸਥਾ ਨੂੰ ਚਲਾ ਰਹੇ ਹੁੰਦੇ ਹਨ ਜਾਂ ਚਲਾਉਣਾ ਲੋਚਦੇ ਹੁੰਦੇ ਹਨ। ਕੋਈ ਵੀ ਸਿਆਸੀ ਭਾਈਚਾਰਾ ਇੱਕ ਅਜਿਹਾ ਜਜ਼ਬਾਤੀ ਵਰਤਾਰਾ ਹੁੰਦਾ ਹੈ ਜੋ ਆਗੂ ਤੇ ਉਸ ਦੇ ਪੈਰੋਕਾਰਾਂ ਦਰਮਿਆਨ ਵਿਸ਼ਵਾਸ ਤੇ ਸਹਿਯੋਗ ਉਤੇ ਆਧਾਰਿਤ ਹੁੰਦਾ ਹੈ। ਲੰਘੇ ਸਾਲ ਨੇ ਦਰਸਾਇਆ ਹੈ ਕਿ ਅਸੀਂ ਆਪਣੇ ਵਿਸ਼ਵਾਸ ਦੇ ਖਾਤੇ ਨੂੰ ਕਿੰਨੀ ਛੇਤੀ ਖ਼ੋਰਾ ਲਾਇਆ ਹੈ।

ਸਿਰਫ਼ ਤਿੰਨ ਸਾਲ ਪਹਿਲਾਂ ਅਸੀਂ ਉਸ ਸਵੱਛਤਾ ਅੰਦੋਲਨ ਵਿਚ ਸਰਾਬੋਰ ਸਾਂ ਜੋ ਕਿ ਅੰਨਾ ਹਜ਼ਾਰੇ ਦੇ ਨਾਮ ‘ਤੇ ਸ਼ੁਰੂ ਕੀਤਾ ਗਿਆ ਸੀ। ਉਸ ਅੰਦੋਲਨ ਤੋਂ ਖ਼ੁਦ ਦਾ ਸ਼ੁੱਧੀਕਰਨ ਹੋਇਆ ਮਹਿਸੂਸ ਕਰਕੇ ਅਸੀਂ ਭ੍ਰਿਸ਼ਟ ਬਨਾਮ ਮਾਸੂਮ, ਸਰਕਾਰ ਬਨਾਮ ਨਾਗਰਿਕ ਅਤੇ ਨੇਕੀ ਬਨਾਮ ਬਦੀ ਦੀ ਜੰਗ ਵਿਚ ਕੁੱਦ ਪਏ। ਅੱਜ ਅਸੀਂ ਖ਼ੁਦ ਹੀ ਏਨਾ ਸਦਾਚਾਰੀ ਸਮਝਣ ਲਈ ਨਿੰਦ ਰਹੇ ਹਾਂ ਅਤੇ ਇਸ ਗੱਲੋਂ ਪ੍ਰੇਸ਼ਾਨ ਹਾਂ ਕਿ ਅਸੀਂ ਸਾਡੇ ਨੇਤਾ ਦੀਆਂ ਮਜਬੂਰੀਆਂ ਪ੍ਰਤੀ ਏਨੇ ਅਣਜਾਣ ਤੇ ਅਵੇਸਲੇ ਕਿਵੇਂ ਰਹੇ।

ਪੂਰੀ ਦੁਨੀਆਂ ਵਿਚ ਸਿਆਸਤਦਾਨ, ਖ਼ਾਸ ਤੌਰ ‘ਤੇ ਭਾਰਤੀ ਸਿਆਸਤਦਾਨ ਜਨਤਕ ਮਾਮਲਿਆਂ ਵਿਚ ਇੱਕ ਖ਼ਾਸ ਕਿਸਮ ਦੀ ਬਦਇਖ਼ਲਾਕੀ ਨੂੰ ਉਤਸ਼ਾਹਿਤ ਕਰਦਾ ਹੈ। ਇੱਕ ‘ਸਫ਼ਲ’ ਸਿਆਸਤਦਾਨ ਉਹ ਹੈ ਜੋ ਐਨਾ ਚੁਸਤ ਹੋਵੇ ਕਿ ਸਾਨੂੰ ਆਪਣੇ ਇਖ਼ਲਾਕੀ ਕੰਪਸ ਦੀ ਸੂਈ ਉਸ ਦੀ ਦਿਸ਼ਾ ਵਲ ਸੇਧਿਤ ਕਰਨ ਦੇ ਕਾਬਲ ਬਣਾ ਦੇਵੇ। ਇਸ ਬਹਾਨੇ ਦੇ ਜ਼ਰੀਏ ਉਹ ਸਾਡੇ ਉੱਪਰ ਚੌਧਰ ਚਲਾਉਣ ਦੀ ਪ੍ਰਵਾਨਗੀ ਸਾਥੋਂ ਹੀ ਹਾਸਲ ਕਰ ਲੈਂਦਾ ਹੈ। ਸਾਲ 2015 ਦੇ ਅੰਤ ਤਕ ਰਾਸ਼ਟਰ ਆਪਣੇ ਵੱਲੋਂ ਚੁਣੇ ਨੇਤਾ ਤੋਂ ਮਾਯੂਸ ਜਾਪਿਆ। ਸਾਡੇ ਵਿਚੋਂ ਕਈ ਤਾਂ ਇਹ ਵੀ ਕਹਿ ਸਕਦੇ ਹਨ ਕਿ ਉਨ੍ਹਾਂ ਨੇ ਤਾਂ ਖ਼ੁਦ ਨੂੰ ਠੱਗਿਆ ਹੋਇਆ ਮਹਿਸੂਸ ਕੀਤਾ।

ਇਸ ਤੋਂ ਵੀ ਵੱਧ ਇਹ ਹੈ ਕਿ ਭਾਰਤੀ ਸਿਆਸਤਦਾਨਾਂ ਨੇ ਸਾਨੂੰ ਆਪਣੇ ਅਨੈਤਿਕ ਕਾਰਿਆਂ ਵਿਚ ਸ਼ਰੀਕ ਬਣਾ ਲਿਆ ਹੈ। ਸਿਵਿਲ ਸੁਸਾਇਟੀ ਤੇ ‘ਆਜ਼ਾਦ ਮੀਡੀਆ’ ਵਿਚ ਵਿਚਰਨ ਵਾਲੇ ਸੱਜਣ, ਜੋ ਇਹ ਦਾਅਵਾ ਕਰਦੇ ਸਨ ਕਿ



ਉਨ੍ਹਾਂ ਨੇ ਸਾਡੇ ਗਣਤੰਤਰ ਨੂੰ ਮਾੜੇ ਸਿਆਸਤਦਾਨ ਤੋਂ ਬਚਾ ਲਿਆ ਹੈ, ਖ਼ੁਦ ਸਿਆਸਤਦਾਨਾਂ ਦੀ ਖੇਡ ਵਿਚ ਫਸ ਚੁੱਕੇ ਹਨ। ਅਤੇ ਸਿਆਸਤਦਾਨ ਵੀ ਆਪਣੀਆਂ ਚਾਲਾਂ-ਕੁਚਾਲਾਂ ਪੱਖੋਂ ਏਨਾ ਜ਼ਹੀਨ ਬਣ ਚੁੱਕਾ ਹੈ ਕਿ ਉਹ ਆਪਣੇ ਸ਼ਿਕਾਰਾਂ ਨੂੰ ਅਹਿਸਾਸ ਤਕ ਨਹੀਂ ਹੋਣ ਦਿੰਦਾ ਕਿ ਉਹ ਜਾਲ ਵਿਚ ਫਸ ਚੁੱਕੇ ਹਨ। ਇੱਥੋਂ ਤਕ ਕਿ ਰੂਹਾਨੀ ਮੁਕਤੀਦਾਤਾ, ਮਹਾਂਗਿਆਨਵਾਨ ਗੁਰੂ, ਪਰਮ ਪਾਵਨ ਬਾਬਾ (ਜਿਸ ਨੂੰ ਅਸੀਂ ਅਜਿਹਾ ਤਹਿਜ਼ੀਬੀ ਅਸਾਸਾ ਸਮਝਦੇ ਸਾਂ ਜੋ ਸਦੀਆਂ ਤੋਂ ਸਾਡੇ ਕੰਮ ਆ ਰਿਹਾ ਸੀ) ਵੀ ਸਿਆਸਤਦਾਨ ਦੀ ਖੇਡ ਵਿਚ ਉਲਝ ਗਿਆ, ਸਿਆਸੀ ਤੌਰ ‘ਤੇ ਪੱਖਪਾਤੀ ਬਣ ਗਿਆ ਅਤੇ ਉਸ ਦੀ ਸਰਪ੍ਰਸਤੀ ਦਾ ਸੱਤ ਭਾਲਦਾ ਫਿਰਦਾ ਹੈ।

ਚਾਣਕਿਆ ਤੇ ਮੈਕਿਆਵਲੀ ਭਾਵੇਂ ਰਾਜਸੱਤਾ ਦੇ ਮਾਮਲਿਆਂ ਵਿਚ ਅਨੈਤਿਕਤਾ ਨੂੰ ਵੀ ਜਾਇਜ਼ ਦੱਸਦੇ ਆਏ ਹਨ, ਫਿਰ ਵੀ ਅਸਲੀਅਤ ਇਹ ਹੈ ਕਿ 21ਵੀਂ ਸਦੀ ਦੇ ਹਕੂਮਤੀ ਪ੍ਰਬੰਧ ਨਾਲ ਇਖ਼ਲਾਕੀ ਆਯਾਮ ਅਵੱਸ਼ ਜੁੜਿਆ ਹੋਇਆ ਹੈ। ਹੁਣ ਜਦੋਂ ਨਵੇਂ ਤੇ ਨਵੇਰੇ ਗ਼ੈਰ-ਰਾਜਕੀ ਅਨਾਸਰ ਤੈਅਸ਼ੁਦਾ ਆਲਮੀ ਪ੍ਰਬੰਧਾਂ ਨੂੰ ਨਵੀਆਂ ਤੇ ਖ਼ਤਰਨਾਕ ਚੁਣੌਤੀਆਂ ਪੇਸ਼ ਕਰਨ ਲੱਗੇ ਹਨ ਤਾਂ ਸਟੇਟ (ਭਾਵ ਰਾਜ), ਅਤੇ ਵੈਧਤਾ ਤੇ ਫਰਮਾਬਰਦਾਰੀ ਦੇ ਇਸਦੇ ਰਵਾਇਤੀ ਦਾਅਵੇ ਸਿਰਫ਼ ਇਖ਼ਲਾਕੀ ਅਸਤਰਾਂ ਨਾਲ ਹੀ ਮਜ਼ਬੂਤ ਬਣਾਏ ਜਾ ਸਕਦੇ ਹਨ। ਭਾਰਤੀ ਰਾਜ ਤੇ ਇਸ ਦੀ ਰਾਜਕੀ ਵਿਵਸਥਾ ਸਿਰਫ਼ ਇਖ਼ਲਾਕੀ ਤੌਰ ‘ਤੇ ਨਿਆਂਪੂਰਨ ਤੇ ਮੁਨਸਿਫ਼ਾਨਾ ਪ੍ਰਬੰਧ ਰਾਹੀਂ ਹੀ ਬਰਕਰਾਰ ਰੱਖੀ ਜਾ ਸਕਦੀ ਹੈ। ਇਸ ਸਬੰਧੀ ਕਿਸੇ ਨੂੰ ਵੀ ਕੋਈ ਭਰਮ ਨਹੀਂ ਰਹਿਣਾ ਚਾਹੀਦਾ।

ਸਾਨੂੰ ਉਸ ਸਮੂਹਿਕ ਉੱਦਮ ਤੇ ਸੰਕਲਪ ਨੂੰ ਪੁਨਰ ਪਰਿਭਾਸ਼ਿਤ ਕੀਤੇ ਜਾਣ ਦੀ ਲੋੜ ਹੈ ਜਿਸ ਨੂੰ ਅਸੀਂ ਭਾਰਤ ਕਹਿੰਦੇ ਹਾਂ। ਇਸ ਸੰਕਲਪ ਦੇ ਤਿੰਨ ਅਹਿਮ ਤੱਤ ਹਨ:

ਪਹਿਲਾ ਤਾਂ ਇਹ ਕਿ ਰਾਜ ਨੂੰ ਉਦਾਰਵਾਦੀ ਤੇ ਖ਼ੈਰਖਾਹ ਏਜੰਸੀ ਬਣੇ ਰਹਿਣ ਦੀ ਲੋੜ ਹੈ - ਅਜਿਹੀ ਏਜੰਸੀ ਜੋ ਸਾਰੇ ਨਾਗਰਿਕਾਂ ਦੀ ਭਲਾਈ ਲਈ ਕੰਮ ਕਰਨਾ ਆਪਣਾ ਕਾਰਜ-ਫ਼ਤਵਾ ਸਮਝੇ। ਇਹ ਖ਼ੁਸ਼ਕਿਸਮਤੀ ਦੀ ਗੱਲ ਹੈ ਕਿ ਮੰਡੀਵਾਦੀ ਵਿਚਾਰਧਾਰਾ ਦੀ ਹਮਾਇਤ ਅਤੇ ਇਸ ਦੀ ਅਖੌਤੀ ਚਮਤਕਾਰੀ ਪੈਦਾਵਾਰੀ-ਸ਼ਕਤੀ ਪ੍ਰਤੀ ਖਿੱਚ ਦੇ ਬਾਵਜੂਦ ਕੋਈ ਵੀ ਭਾਰਤੀ ਸਿਆਸੀ ਹਕੂਮਤ ਅਜਿਹੀ ਨਹੀਂ ਰਹੀ ਜੋ ਕਿ ਸਮਾਜ ਦੇ ਕਮਜ਼ੋਰਾਂ ਤੇ ਗ਼ਰੀਬਾਂ ਨੂੰ ਆਰਥਿਕ ਤਾਕਤਾਂ ਦੇ ਰਹਿਮ ‘ਤੇ ਛੱਡਣ ਦੇ ਵਿਚਾਰ ਨੂੰ ਅਜ਼ਮਾਉਣ ਦੀ ਵੀ ਜੁਰਅਤ ਕਰ ਸਕੇ। ਨਾ ਸਿਰਫ਼ ਗ਼ਰੀਬ, ਸਗੋਂ ਅਖੌਤੀ ਕਾਰੋਬਾਰੀ ਉੱਦਮੀ ਵੀ ਖੁੱਲ੍ਹੀ ਮੰਡੀ ਵਿਚ ਸਰਗਰਮ ਉੱਦਮੀਆਂ ਨਾਲ ਭਿੜਨ ਤੋਂ ਪਹਿਲਾਂ ਹਕੂਮਤ ਤੋਂ ਸੁਰੱਖਿਆ ਦੀ ਚਾਹਤ ਕਰਦਾ ਹੈ ਅਤੇ ਇਹ ਹਾਸਲ ਕਰਨ ਵਿਚ ਕਾਮਯਾਬ ਵੀ ਹੋ ਜਾਂਦਾ ਹੈ। ਜਦੋਂ ਵਿਵਸਥਾ ਉਦਾਰਵਾਦੀ ਹੋਵੇ, ਉਦੋਂ ਰਾਜ ਨੂੰ ਆਪਣੀਆਂ ਨੀਤੀਆਂ ਅਤੇ ਉਨ੍ਹਾਂ ਮੁਤਾਬਿਕ ਵਸੀਲਿਆਂ ਦੀ ਅਲਾਟਮੈਂਟ ਲਈ ਅਧਿਕਾਰਪੂਰਨ ਚੋਣ ਕਰਨੀ ਪੈਂਦੀ ਹੈ। ਇਹ ਕਾਰਜ ਕਰਦੇ ਸਮੇਂ ਬਿਹਤਰ ਇਹੀ ਹੁੰਦਾ ਹੈ ਕਿ ਚੋਣ ਵਾਜਬ ਤੇ ਨਿਆਂਸੰਗਤ ਤਰੀਕੇ ਨਾਲ ਕੀਤੀ ਜਾਵੇ।

ਦੂਜਾ, ਰਾਜ ਤੇ ਉਸ ਦੇ ਸਿਆਸੀ ਅੰਗ ਇਸ ਢੰਗ ਨਾਲ ਆਪਣਾ ਸੰਚਾਲਣ ਕਰਨ ਕਿ ਉਨ੍ਹਾਂ ਰਾਹੀਂ ਸਮਾਜ ਦਾ ਇਖ਼ਲਾਕੀ ਸਰਮਾਇਆ ਵਧੇ। ਅਜਿਹੇ ਅਮਲ ਦੌਰਾਨ ਜਨਤਕ ਮਨੋਰਥ ਦੀ ਪੁਨਰਖੋਜ ਤੇ ਪੁਨਰ-ਪਰਿਭਾਸ਼ਾ ਦੀ ਲੋੜ ਪਵੇਗੀ। ਇਹ ਮੰਨਣਯੋਗ ਹੈ ਕਿ ਬਹੁਤੀ ਵਾਰ ‘ਜਨਤਕ ਮਨੋਰਥ’ ਨਾਂ ਦੀ ਚੀਜ਼ ਬਹੁਤੇ ਕੰਮਾਂ ਵਿਚੋਂ ਨਜ਼ਰ ਨਹੀਂ ਆਉਂਦੀ ਜਾਂ ਇਸ ਨੂੰ ਤੈਅ ਕਰਨਾ ਆਸਾਨ ਨਹੀਂ ਹੁੰਦਾ। ਅਸੀਂ ਇਸ ਦੀਆਂ ਕੁਝ ਬਾਹਰਲੀਆਂ ਹੱਦਾਂ ਦੇ ਆਧਾਰ ‘ਤੇ ਮਹਿਸੂਸ ਕਰ ਸਕਦੇ ਹਾਂ ਕਿ ਕੀ ਨਿੱਜ ਲਈ ਸੀ ਅਤੇ ਕੀ ਜਨਤਕ ਹਿੱਤ ‘ਚ ਸੀ। ਪਰ ਇਸ ਨੂੰ ਕਿਸੇ ਆਗੂ ਦੀ ਨਿੱਜੀ ਗ਼ੌਰਵ ਲਈ ਦੌੜ ਜਾਂ ਕਿਸੇ ਕਾਰੋਬਾਰੀ ਘਰਾਣੇ ਦੇ ਕਾਰੋਬਾਰੀ ਲਾਭ ਨਾਲ ਨਹੀਂ ਮੇਲਿਆ ਜਾ ਸਕਦਾ।

ਤੀਜਾ, ਰਾਜ ਪ੍ਰਬੰਧ ਤੇ ਰਾਜਨੀਤੀ ਦੇ ਅੰਦਰ ਲੋੜ ਪੈਣ ‘ਤੇ ਕਥਿਤ ਜਨਤਕ ਮੂਡ ਤੇ ਲੋਕ ਰਾਇ ਦੇ ਖ਼ਿਲਾਫ਼ ਖੜ੍ਹਨ ਦੀ ਸਮਰਥਾ ਹੋਣੀ ਚਾਹੀਦੀ ਹੈ। ਜਨਤਕ ਮੂਡ ਇੱਕ ਆਰਜ਼ੀ ਵਰਤਾਰਾ ਹੈ। ਇਸ ਨੂੰ ਭਰੋਸੇਯੋਗ ਸੇਧਗਾਰ ਨਹੀਂ ਮੰਨਿਆ ਜਾ ਸਕਦਾ ਅਤੇ ਇਸ ਨੂੰ ਆਸਾਨੀ ਨਾਲ ਭੜਕਾਇਆ ਵੀ ਜਾ ਸਕਦਾ ਹੈ ਅਤੇ ਘਟਾਇਆ ਵੀ ਜਾ ਸਕਦਾ ਹੈ। ਸ਼ਾਤਿਰ ਤੇ ਭ੍ਰਿਸ਼ਟ ਅਨਸਰ ਕਥਿਤ ਲੋਕ ਰਾਇ ਨੂੰ ਉਕਸਾਉਣ ਤੇ ਘਟਾਉਣ ਦੇ ਮਾਹਿਰ ਹੁੰਦੇ ਹਨ। ਚੰਗਾ ਲੀਡਰ ਉਹੀ ਹੈ ਜੋ ਦਰੁਸਤ ਜਾਪਣ ਵਾਲੀ ਹਰ ਗੱਲ, ਹਰ ਸਿਧਾਂਤ ‘ਤੇ ਡਟਿਆ ਰਹੇ। ਬਿਲਕੁਲ ਉਵੇਂ ਜਿਵੇਂ ਜਰਮਨ ਚਾਂਸਲਰ ਏਂਜਲਾ ਮਰਕਲ ਨੇ ਕੀਤਾ ਜਦੋਂ ਉਸ ਨੇ ਚੁਣਾਵੀ ਪੱਖੋਂ ਨੁਕਸਾਨਦੇਹ ਸਾਬਤ ਹੋਣ ਦੀਆਂ ਸੰਭਾਵਨਾਵਾਂ ਦੇ ਬਾਵਜੂਦ ਉਨ੍ਹਾਂ ਨੇ ਸੀਰੀਆ ਦੇ ਸ਼ਰਨਾਰਥੀਆਂ ਲਈ ਜਰਮਨ ਖਾਤਿਰਦਾਰੀ ਦੇ ਦਰ ਖੋਲ੍ਹ ਦਿੱਤੇ।

ਸਾਲ 2016 ਦੌਰਾਨ ਹੋਣ ਵਾਲੀਆਂ ਕਈ ਵਿਧਾਨ ਸਭਾਵਾਂ ਦੀਆਂ ਚੋਣਾਂ ਦੌਰਾਨ ਚੰਗੇ ਹਕੂਮਤੀ ਪ੍ਰਬੰਧ ਦੇ ਉਪਰੋਕਤ ਤਿੰਨੋਂ ਤੱਤਾਂ ਨੂੰ ਗੰਭੀਰ ਚੁਣੌਤੀਆਂ ਨਾਲ ਦੋ-ਚਾਰ ਹੋਣਾ ਪਵੇਗਾ। ਇਹ ਸਹੀ ਹੈ ਕਿ ਸਿਆਸਤ, ਸੱਤਾ ਹਥਿਆਉਣ ਅਤੇ ਸੱਤਾ ਮਿਲਣ ਮਗਰੋਂ ਇਸ ਨੂੰ ਸਾਂਭੀ ਰੱਖਣ ਦੀ ਖੇਡ ਹੈ। ਇਹ ਗ਼ੈਰਜਜ਼ਬਾਤੀ ਤੇ ਗ਼ੈਰਪੋਸ਼ੀਦਾ ਸੱਚ ਹੈ। ਜਦੋਂ ਕੋਈ ਨੇਤਾ ਜਾਂ ਸਿਆਸੀ ਪਾਰਟੀ ਇਹ ਦਾਅਵਾ ਕਰਦੀ ਹੈ ਕਿ ਉਹ ਤਾਂ ਕਿਸੇ ਨੇਕ ਕੰਮ ਲਈ ਚੋਣਾਂ ਲੜ ਰਹੀ ਹੈ ਤਾਂ ਉਹ ਸਾਨੂੰ ਧੋਖਾ ਦੇ ਰਹੀ ਹੁੰਦੀ ਹੈ।

ਸਾਨੂੰ ਉਨ੍ਹਾਂ ਸਿਆਸੀ ਰਣਨੀਤੀਆਂ ਪ੍ਰਤੀ ਮੋਹ ਤਿਆਗਣ ਦੀ ਲੋੜ ਹੈ ਜੋ ਕਿ ਕਿਸੇ ਨਾ ਕਿਸੇ ਰੂਪ ‘ਚ ਸਾਡੇ ਵਿਚ ਹੀ ਦੁਫੇੜ ਪਾਉਂਦੀਆਂ ਹਨ ਅਤੇ ਸਾਡੇ ਸਮਾਜ ਤੇ ਨਾਗਰਿਕਾਂ ਦੇ ਇੱਕ ਵਰਗ ਵਿਸ਼ੇਸ਼ ਦੀ ਸ਼ਨਾਖ਼ਤ ਤੇ ਵਫ਼ਾਦਾਰੀ ਪ੍ਰਤੀ ਸਵਾਲ ਖੜ੍ਹੇ ਕਰਦੀਆਂ ਹਨ। ਲੀਡਰਸ਼ਿਪ ਦਾ ਕੰਮ ਹੈ ਸਾਰੇ ਨਾਗਰਿਕਾਂ ਦਰਮਿਆਨ ਸਦਭਾਵੀ ਇਕਮੁੱਠਤਾਵਾਂ ਪੈਦਾ ਕਰਨੀਆਂ ਅਤੇ ਵਿਸ਼ਵਾਸ ਵਿਕਸਿਤ ਕਰਨਾ। ਇਹ ਕੁਝ ਸਿਰਫ਼ ਉਹੀ ਲੀਡਰਸ਼ਿਪ ਕਰ ਸਕਦੀ ਹੈ ਜਿਸ ਅੰਦਰ ਇਖ਼ਲਾਕੀ ਅਧਿਕਾਰ ਤੇ ਤਾਕਤ ਦੇ ਕਣ ਮੌਜੂਦ ਹੋਣ। ਸਾਡੇ ਨੇਤਾਵਾਂ ਨੂੰ ਉਨ੍ਹਾਂ ਦੀਆਂ ਇਖ਼ਲਾਕੀ ਤੇ ਸਦਾਚਾਰੀ ਜ਼ਿੰਮੇਵਾਰੀਆਂ ਪ੍ਰਤੀ ਜਾਗ੍ਰਿਤ ਕਰਨ ਲਈ ਜਮਹੂਰੀ ਜੋਸ਼ ਨੂੰ ਹੁਲਾਰਾ ਦੇਣਾ ਅਤਿਅੰਤ ਜ਼ਰੂਰੀ ਹੈ।

# ਨਿਆਂਇਕ ਅਸਹਿਣਸ਼ੀਲਤਾ?

**ਸੁਰਿੰਦਰ ਸਿੰਘ ਤੇਜ**

ਭਾਰਤੀ ਨਿਆਂਤੰਤਰ, ਖ਼ਾਸ ਕਰ ਕੇ ਉਚੇਰੀ ਜੁਡੀਸ਼ਰੀ ਬਹੁਤ ਫਰਾਖ਼ਦਿਲ ਹੈ। ਕੌਮੀ ਪ੍ਰਬੰਧ ਵਿਚ ਉਦਾਰਵਾਦ ਦਾ ਪਰਚਮ ਬੁਲੰਦ ਰੱਖਣ ਵਿਚ ਇਸ ਦੀ ਅਹਿਮ ਭੂਮਿਕਾ ਹੈ। ਇਸ ਦੀ ਇੱਕ ਮਿਸਾਲ ਸਾਲ 1999 ਦਾ ਹੁਕਮ ਹੈ। ਬੁੱਕਰ ਪੁਰਸਕਾਰ ਜੇਤੂ ਲੇਖਕ ਤੇ ਸਮਾਜਕ ਕਾਰਕੁਨ ਅਰੁੰਧਤੀ ਰਾਏ ਖ਼ਿਲਾਫ਼ ਅਦਾਲਤੀ ਤੌਹੀਨ ਦੇ ਕੇਸ ਵਿਚ ਸੁਪਰੀਮ ਕੋਰਟ ਨੇ ਕਿਹਾ ਸੀ, ‘‘ਅਦਾਲਤ ਦੇ ਮੋਢੇ ਏਨੇ ਕੁ ਚੌੜੇ ਜ਼ਰੂਰ ਹੋਣੇ ਚਾਹੀਦੇ ਹਨ ਕਿ ਉਹ ਲੇਖਕਾਂ ਤੇ ਚਿੰਤਕਾਂ ਦੀਆਂ ‘ਅਨਿਆਂਪੂਰਣ’ ਟਿੱਪਣੀਆਂ ਦੇ ਬਾਣ ਵੀ ਅਹਿੱਲ ਰਹਿੰਦਿਆਂ ਝੱਲ ਸਕਣ।’’’ ਅਜਿਹੀ ਉਦਾਰਵਾਦੀ ਸੋਚ ਦੇ ਬਾਵਜੂਦ ਹੁਣ ਬੰਬਈ ਹਾਈ ਕੋਰਟ ਦੇ ਨਾਗਪੁਰ ਬੈਂਚ ਨੇ ਅਰੁੰਧਤੀ ਦੇ ਖ਼ਿਲਾਫ਼ ਫ਼ੌਜਦਾਰੀ ਮਾਣਹਾਨੀ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਕਿਉਂਕਿ ਅਰੁੰਧਤੀ ਨੇ ਪ੍ਰੋ. ਜੀ.ਐਨ. ਸਾਈਬਾਬਾ ਕੇਸ ਵਿਚ ‘‘ਨਿਆਂ ਵਿਵਸਥਾ ‘ਚ ਦਖ਼ਲ ਦੇਣ ਦੀ ਕੋਸ਼ਿਸ਼ ਕੀਤੀ।’’ ਉਸ ਤੋਂ 25 ਜਨਵਰੀ ਤਕ ਜਵਾਬ ਤਲਬ ਕੀਤਾ ਗਿਆ ਹੈ। ਹਾਈ ਕੋਰਟ ਦੀ ਇਹ ਕਾਰਵਾਈ ਚਿੰਤਾਜਨਕ ਹੈ ਅਤੇ ਕੁਝ ਕਾਨੂੰਨੀ ਮਾਹਿਰ ਇਸ ਨੂੰ ‘ਅਦਾਲਤੀ ਅਸਹਿਣਸ਼ੀਲਤਾ’ ਦੱਸ ਰਹੇ ਹਨ।

ਨਿਆਂਇਕ ਅਧਿਕਾਰੀ, ਖ਼ਾਸ ਤੌਰ ‘ਤੇ ਸੀਨੀਅਰ ਜੱਜ ਆਪਣੇ ਹੁਕਮਾਂ ਜਾਂ ਫ਼ੈਸਲਿਆਂ ਬਾਰੇ ਪੱਤਰਕਾਰਾਂ ਤੇ ਲੇਖਕਾਂ ਦੀਆਂ ਟਿੱਪਣੀਆਂ ਦਾ ਬਹੁਤਾ ਨੋਟਿਸ ਨਹੀਂ ਲੈਂਦੇ। ਮੀਡੀਆ, ਖ਼ਾਸ ਕਰਕੇ ਸੋਸ਼ਲ ਮੀਡੀਆ ਵਿਚ ਅਦਾਲਤੀ ਫ਼ੈਸਲਿਆਂ ਦੀ ਨੁਕਤਾਚੀਨੀ ਵੀ ਆਮ ਰੁਝਾਨ ਹੈ। ਜਦੋਂ ਤਕ ਕੋਈ ਪੱਤਰਕਾਰ ਜਾਂ ਲੇਖਕ ਆਪਣੀ ਨੁਕਤਾਚੀਨੀ ਨੂੰ ਅਦਾਲਤੀ ਫ਼ੈਸਲੇ ਦੀਆਂ ਖ਼ਾਮੀਆਂ ਤੇ ਅਸੰਗਤੀਆਂ ਤਕ ਸੀਮਤ ਰੱਖਦਾ ਹੈ, ਅਤੇ ਫ਼ੈਸਲਾ ਦੇਣ ਵਾਲੇ ਜੱਜ ਦੇ ਨਿੱਜ ਜਾਂ ਕਾਰਜ-ਸ਼ੈਲੀ ‘ਤੇ ਨਾਂਹਮੁਖੀ ਹਮਲਾ ਨਹੀਂ ਕਰਦਾ, ਉਦੋਂ ਤਕ ਅਜਿਹੀ ਨੁਕਤਾਚੀਨੀ ਸਹਿਣ ਦਾ ਮਾਦਾ ਅਦਾਲਤਾਂ ਨੂੰ ਦਿਖਾਉਣਾ ਚਾਹੀਦਾ ਹੈ ਅਤੇ ਇਹ ਦਿਖਾਇਆ ਵੀ ਜਾਂਦਾ ਹੈ। ਅਰੁੰਧਤੀ ਨਾਲ ਜੁੜੇ ਤਾਜ਼ਾਤਰੀਨ ਮਾਮਲੇ ਵਿਚ ਅਜਿਹਾ ਨਹੀਂ ਕੀਤਾ ਗਿਆ। ਇੱਕ ਅੰਗਰੇਜ਼ੀ ਹਫ਼ਤਾਵਾਰੀ ਰਸਾਲੇ ਵਿਚ ਮਈ 2015 ‘ਚ ਪ੍ਰਕਾਸ਼ਿਤ ਉਸ ਦੇ ਲੇਖ ਦੇ ਆਧਾਰ ‘ਤੇ ਹਾਈ ਕੋਰਟ ਨੇ ਉਸ ਨੂੰ ਫ਼ੌਜਦਾਰੀ ਮਾਣਹਾਨੀ ਦਾ ਨੋਟਿਸ 24 ਦਸੰਬਰ ਨੂੰ ਜਾਰੀ ਕਰ ਦਿੱਤਾ।

ਲੇਖ ਵਿਚ ਅਰੁੰਧਤੀ ਨੇ ਦਿੱਲੀ ਯੂਨੀਵਰਸਿਟੀ ਦੇ ਪ੍ਰੋ. ਜੀ.ਐਨ. ਸਾਈਬਾਬਾ ਨੂੰ ਜ਼ਮਾਨਤ ਨਾ ਦੇਣ ਦੇ ਅਦਾਲਤੀ ਫ਼ੈਸਲੇ ਦੀ ਨੁਕਤਾਚੀਨੀ ਕੀਤੀ ਸੀ ਅਤੇ ਉਸ ਦੀ ਗ੍ਰਿਫ਼ਤਾਰੀ, ਨਜ਼ਰਬੰਦੀ ਅਤੇ ਜੇਲ੍ਹ ‘ਚ ਉਸ ਦੀ ਡਿੱਗਦੀ ਸਿਹਤ ਉੱਤੇ ਫ਼ਿਕਰਮੰਦੀ ਪ੍ਰਗਟਾਉਂਦਿਆਂ ਨਿਆਂਪ੍ਰਬੰਧ ਵਿਚ ‘ਮਾਨਵੀ ਸੰਵੇਦਨਾਵਾਂ’ ਵਿਕਸਿਤ ਕਰਨ ਦਾ ਸੱਦਾ ਦਿੱਤਾ ਸੀ। ਨਕਸਲੀਆਂ ਨਾਲ ਸਬੰਧਾਂ ਦੇ ਦੋਸ਼ ਹੇਠ ਮਹਾਰਾਸ਼ਟਰ ਪੁਲੀਸ ਵੱਲੋਂ ਗ੍ਰਿਫ਼ਤਾਰ ਪ੍ਰੋ. ਸਾਈਬਾਬਾ ਸਰੀਰ ਹੇਠਲਾ ਹਿੱਸਾ ਨਕਾਰਾ ਹੋਣ ਕਾਰਨ ਵ੍ਹੀਲਚੇਅਰ ‘ਤੇ ਨਿਰਭਰ ਹਨ। ਉਨ੍ਹਾਂ ਦੀ ਵਿਚਾਰਧਾਰਾ ਚਾਹੇ ਕੁਝ ਵੀ ਹੋਵੇ, ਇਨਸਾਨੀਅਤ ਦਾ ਤਕਾਜ਼ਾ ਹੈ ਕਿ ਉਨ੍ਹਾਂ ਨਾਲ ਵੱਧ ਮਾਨਵੀਅਤਾ ਨਾਲ ਪੇਸ਼ ਆਇਆ ਜਾਵੇ। ਅਜਿਹੀ ਹੀ ਮੰਗ ਆਪਣੀ ਤਰਜ਼-ਏ-ਕਲਮ ਅਤੇ ਅੰਦਾਜ਼ ਰਾਹੀਂ ਅਰੁੰਧਤੀ ਰਾਏ ਨੇ ਆਪਣੀ ਰਚਨਾ ਵਿਚ ਉਠਾਈ ਸੀ।

ਇਹ ਵੱਖਰੀ ਗੱਲ ਹੈ ਕਿ ਹਾਈ ਕੋਰਟ ਦੇ ਜਸਟਿਸ ਏ.ਬੀ. ਚੌਧਰੀ ਨੂੰ ਇਸ ਰਚਨਾ ਵਿਚੋਂ ਨਿਆਂਇਕ ਵਿਵਸਥਾ ਨੂੰ ਪ੍ਰਭਾਵਿਤ ਕਰਨ ਦੀ ‘ਸਾਜ਼ਿਸ਼’ ਨਜ਼ਰ ਆਈ। ਉਨ੍ਹਾਂ ਦਾ ਮੱਤ ਹੈ ਕਿ ਸੈਸ਼ਨ ਕੋਰਟ ਤੇ ਹਾਈ ਕੋਰਟ ਦੇ ਸਿੰਗਲ ਜੱਜ ਬੈਂਚ ਵੱਲੋਂ ਸਾਈਬਾਬਾ ਦੀ ਅਰਜ਼ੀ ਖਾਰਿਜ ਕੀਤੇ ਜਾਣ ਤੋਂ ਬਾਅਦ ਇਹ ਲੇਖ ‘ਨਿਆਂਪ੍ਰਬੰਧ ‘ਤੇ ਹਾਵੀ ਹੋਣ ਲਈ ਲਿਖਿਆ ਗਿਆ।’ ਫਾਜ਼ਿਲ ਜੱਜ ਅਨੁਸਾਰ ਪ੍ਰੋ. ਸਾਈਬਾਬਾ ਨੂੰ ਜ਼ਮਾਨਤ ਨਾ ਦੇਣ ਨੂੰ ਮਾਇਆ ਕੋਡਨਾਨੀ, ਬਾਬੂਲਾਲ ਬਜਰੰਗੀ ਤੇ ਅਮਿਤ ਸ਼ਾਹ ਦੀ ਗੁਜਰਾਤ ਕਤਲੇਆਮ ਦੇ ਕੇਸਾਂ ਵਿਚ ਜ਼ਮਾਨਤ ਨਾਲ ਜੋੜ ਕੇ ਅਰੁੰਧਤੀ ਨੇ ਇਹ ਪ੍ਰਭਾਵ ਦੇਣ ਦਾ ਯਤਨ ਕੀਤਾ ਕਿ ਉੱਚ ਅਦਾਲਤਾਂ ਵੀ ਦਬਾਅ ਹੇਠ ਕੰਮ ਕਰਦੀਆਂ ਹਨ। ਉਨ੍ਹਾਂ ਨੇ ਲੇਖਕ ਵੱਲੋਂ ਸਰਕਾਰ ਤੇ ਪੁਲੀਸ ਪ੍ਰਤੀ ਵਰਤੀ ‘ਫਾਹਸ਼’ ਭਾਸ਼ਾ ਉੱਤੇ ਵੀ ਇਤਰਾਜ਼ ਕੀਤਾ।



ਅਰੁੰਧਤੀ ਰਾਏ

ਅਰੁੰਧਤੀ ਦੀ ਤਿੱਖੇ ਸੁਰ ਵਿਚ ਬੋਲਣ ਤੇ ਤਿੱਖੇ ਸੁਰ ਵਿਚ ਲਿਖਣ ਦੀ ਆਦਤ ਤੋਂ ਭਾਰਤੀ ਵਿਚਾਰਵਾਨ, ਸਮਾਜਕ ਕਾਰਕੁਨ ਅਤੇ ਉਸ ਦੇ ਪ੍ਰਸ਼ੰਸਕ ਤੇ ਆਲੋਚਕ ਚੰਗੀ ਤਰ੍ਹਾਂ ਵਾਕਫ਼ ਹਨ। ਉਸ ਦਾ ਯਕੀਨ ਹੈ ਕਿ ਸਮਾਜਿਕ ਨਿਆਂ ਨਾਲ ਜੁੜੇ ਮਾਮਲਿਆਂ ਵਿਚ ਕੜਕੀਲੀ ਪਹੁੰਚ ਤੋਂ ਬਿਨਾਂ ਸੁਣਵਾਈ ਹੀ ਨਹੀਂ ਹੁੰਦੀ। ਅਦਾਲਤੀ ਕਰੋਪੀ ਦਾ ਵਿਸ਼ਾ ਬਣੀ ਰਚਨਾ ਉਸਦੀ ਟਰੇਡਮਾਰਕ ਸ਼ੈਲੀ ਵਿਚ ਹੈ। ਇਸ ਵਿਚ ਨਿਆਂਤੰਤਰ ਬਾਰੇ ਟਿੱਪਣੀਆਂ ਹਨ, ਓਨੀਆਂ ਹੀ ਤਿੱਖੀਆਂ ਜਿੰਨੀਆਂ ਉਸਦੀਆਂ ਦਰਜਨਾਂ ਰਚਨਾਵਾਂ ਵਿਚ ਰਹੀਆਂ ਹਨ, ਪਰ ਕਿਸੇ ‘ਤੇ ਵਿਅਕਤੀਗਤ ਵਾਰ ਨਹੀਂ। ਅਦਾਲਤੀ ਪ੍ਰਬੰਧ ਨਾਲ ਅਰੁੰਧਤੀ ਦੀ ਖਹਿਬਾਜ਼ੀ ਕੋਈ ਨਵੀਂ ਗੱਲ ਨਹੀਂ। ਜਿਸ ਸੁਪਰੀਮ ਕੋਰਟ ਨੇ 1999 ਵਿਚ ਉਸ ਦੀ ਆਲੋਚਨਾ ਨੂੰ ਫਰਾਖ਼ਦਿਲੀ ਨਾਲ ਜਰਨ ਦੀ ਗੱਲ ਕੀਤੀ ਸੀ, ਉਸੇ ਸਰਬਉੱਚ ਅਦਾਲਤ ਨੇ ਮਾਰਚ 2002 ਵਿਚ ਨਰਮਦਾ ਬਚਾਓ ਅੰਦੋਲਨ ਨਾਲ ਜੁੜੇ ਪ੍ਰਸੰਗ ਵਿਚ ਫ਼ੌਜਦਾਰੀ ਮਾਣਹਾਨੀ ਦਾ ਦੋਸ਼ੀ ਠਹਿਰਾ ਕੇ ਇੱਕ ਦਿਨ ਦੀ ਸਾਧਾਰਨ ਕੈਦ ਤੇ 2000 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਸੀ। ਅਗਲੇ ਦਿਨ ਉਹ ਭਾਵੇਂ ਜੁਰਮਾਨਾ ਅਦਾ ਕਰਕੇ ਰਿਹਾਅ ਹੋ ਗਈ ਸੀ, ਪਰ ਉਸ ਦੇ ਨਿੰਦਕਾਂ ਨੂੰ ਇਹ ਕਹਿਣ ਦਾ ਮੌਕਾ ਅਵੱਸ਼ ਮਿਲ ਗਿਆ ਸੀ ਕਿ ਤਿੰਨ ਮਹੀਨੇ ਲਈ ਹੋਰ ਕੈਦ ਕੱਟਣ ਦੀ ਥਾਂ ਜੁਰਮਾਨਾ ਅਦਾ ਕਰ ਕੇ ਉਸ ਨੇ ਅਦਾਲਤੀ ਫ਼ਤਵੇ ਨੂੰ ‘ਖਿੜੇ ਮੱਥੇ’ ਪ੍ਰਵਾਨ ਕਰ ਲਿਆ ਹੈ। ਇਹ ਵੱਖਰੀ ਗੱਲ ਹੈ ਕਿ ਨਿੰਦਕਾਂ ਦੇ ਇਸ ਰੁਖ਼ ਦੇ ਬਾਵਜੂਦ ਅਰੁੰਧਤੀ ਦੀਆਂ ਲੇਖਣੀਆਂ ਜਾਂ ਤਕਰੀਰਾਂ ਵਿਚੋਂ ਪ੍ਰਚੰਡਤਾ ਮੱਠੀ ਨਹੀਂ ਪਈ।

ਨਿਆਂ ਪ੍ਰਬੰਧ ਅੰਦਰਲੀਆਂ ਖ਼ੂਬੀਆਂ ਖ਼ਾਮੀਆਂ ਭਾਵੇਂ ਸਾਥੋਂ ਛੁਪੀਆਂ ਨਹੀਂ, ਫਿਰ ਵੀ ਵਡੇਰੇ ਜਨਹਿੱਤ ਵਿਚ ਇਸ ਦਾ ਰੋਲ ਗੌਰਵਸ਼ਾਲੀ ਰਿਹਾ ਹੈ। ਬਹੁਤ ਸਾਰੇ ਅਜਿਹੇ ਫ਼ੈਸਲੇ ਹਨ ਜਿਨ੍ਹਾਂ ਨਾਲ ਅਸੀਂ ਸਮਾਜਿਕ, ਰਾਜਨੀਤਕ ਜਾਂ ਵਿਚਾਰਧਾਰਕ ਪੱਧਰ ਪੱਖੋਂ ਸਹਿਮਤ ਹੋਈਏ ਜਾਂ ਨਾ, ਉਨ੍ਹਾਂ ਦੀ ਕਾਨੂੰਨੀ ਪ੍ਰਮਾਣਿਕਤਾ ਅਤੇ ਤਰਕਸੰਗਤਤਾ ਬਾਰੇ ਸ਼ਿਕਵੇ ਨਹੀਂ ਕੀਤੇ ਜਾ ਸਕਦੇ। ਇਹੀ ਕਾਰਨ ਹੈ ਕਿ ਨਿਆਂਤੰਤਰ ਉੱਤੇ ਆਮ ਨਾਗਰਿਕ ਦਾ ਵਿਸ਼ਵਾਸ, ਭਾਰਤੀ ਸਟੇਟ ਦੇ ਬਾਕੀ ਅੰਗਾਂ ਨਾਲੋਂ ਵੱਧ ਹੈ। ਅਜਿਹੇ ਆਲਮ ਵਿਚ ਜਦੋਂ ਕੋਈ ਹਾਈ ਕੋਰਟ ਉਦਾਰਵਾਦੀ ਸੋਚ ਤੇ ਮਾਨਤਾਵਾਂ ਖ਼ਿਲਾਫ਼ ਭੁਗਤਦਾ ਜਾਪੇ ਤਾਂ ਉੱਥੇ ਵੀ ਸਹਿਣਸ਼ੀਲਤਾ ਖ਼ਤਰੇ ‘ਚ ਨਜ਼ਰ ਆਉਣ ਲੱਗਦੀ ਹੈ। ਸੁਪਰੀਮ ਕੋਰਟ ਦੇ ਜੱਜ ਤੇ ਫਿਰ ਭਾਰਤ ਦੇ ਚੀਫ਼ ਜਸਟਿਸ ਵਜੋਂ ਆਪਣੇ ਕਾਰਜਕਾਲ ਦੌਰਾਨ ਕਈ ਮਹੱਤਵਪੂਰਨ ਫ਼ੈਸਲੇ ਦੇਣ ਵਾਲੇ ਸਵਰਗੀ ਜਸਟਿਸ ਜੇ.ਐੱਸ. ਵਰਮਾ ਦਾ ਕਥਨ ਸੀ,‘‘ਅਦਾਲਤੀ ਮਾਣਹਾਨੀ ਦੇ ਅਧਿਕਾਰ ਦੀ ਵਰਤੋਂ ਬਹੁਤ ਘੱਟ ਤੇ ਬਹੁਤ ਸੰਭਲ ਕੇ ਕਰਨੀ ਚਾਹੀਦੀ ਹੈ, ਉਹ ਵੀ ਨਿਆਂ ਦੀ ਜਾਣ-ਬੁੱਝ ਕੇ ਅਵੱਗਿਆ ਕਰਨ ਵਾਲਿਆਂ ਖ਼ਿਲਾਫ਼; ਸਰਕਾਰ ਦੇ ਆਲੋਚਕਾਂ ਖ਼ਿਲਾਫ਼ ਨਹੀਂ।’’ ਅਰੁੰਧਤੀ ਰਾਏ ਦੂਜੀ ਸ਼੍ਰੇਣੀ ਵਿਚ ਆਉਂਦੀ ਹੈ ਅਤੇ ਜਸਟਿਸ ਵਰਮਾ ਵਾਲਾ ਸਿਧਾਂਤ ਉਸ ‘ਤੇ ਅਵੱਸ਼ ਲਾਗੂ ਹੋਣਾ ਚਾਹੀਦਾ ਹੈ। ਨਿਆਂਇਕ ਫਰਾਖ਼ਦਿਲੀ ਦਾ ਤਕਾਜ਼ਾ ਵੀ ਇਹੋ ਹੈ।

# ਅੰਧਵਿਸ਼ਵਾਸਾਂ ਖਿਲਾਫ ਜੱਦੋ-ਜਹਿਦ

## ਤਰਕਸ਼ੀਲ ਆਗੂ ਬਲਵਿੰਦਰ ਬਰਨਾਲਾ ਨਾਲ ਮੁਲਾਕਾਤ

ਬਲਵਿੰਦਰ ਬਰਨਾਲਾ ਸੰਸਾਰ ਦੇ ਤਰਕਸ਼ੀਲ ਹਲਕਿਆਂ ਵਿਚ ਜਾਣੀ-ਪਛਾਣੀ ਸ਼ਖਸੀਅਤ ਹਨ। ਉਹ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਹੋਂਦ ਤੋਂ ਲੈ ਕੇ ਅੱਜ ਤੱਕ ਇਸ ਕਾਰਜ ਲਈ ਸਮਰਪਿਤ ਚਲੇ ਆ ਰਹੇ ਹਨ ਅਤੇ ਇਸ ਦੇ ਸੰਸਥਾਪਕਾਂ ਵਿਚੋਂ ਇਕ ਹਨ। ਉਨ੍ਹਾਂ ਸੁਸਾਇਟੀ ਵਲੋਂ ਛਪੀ ਪਹਿਲੀ ਕਿਤਾਬ 'ਤੇ ਦੇਵ ਪੁਰਸ਼ ਹਾਰ ਗਏ' ਛਾਪਣ ਵਿਚ ਅਹਿਮ ਭੂਮਿਕਾ ਨਿਭਾਈ ਜੋ ਡਾ. ਟੀ. ਅਵਰਾਹਮ ਕਾਵੂਰ ਦੀ ਅੰਗਰੇਜ਼ੀ ਵਿਚ ਲਿਖੀ ਕਿਤਾਬ 'ਬੀ ਗਾਨ ਗਾਡ ਮੈਨ' ਦਾ ਪੰਜਾਬੀ ਅਨੁਵਾਦ ਹੈ। ਡਾ. ਕਾਵੂਰ ਦੱਖਣੀ ਭਾਰਤ ਦੇ ਮੋਢੀ ਤਰਕਸ਼ੀਲ ਰਹੇ ਹਨ ਜੋ ਭਾਰਤ ਦੀ ਕੇਰਲਾ ਸਟੇਟ ਦੇ ਜੰਮਪਲ ਸਨ ਅਤੇ ਬਾਅਦ ਵਿਚ ਸ੍ਰੀ ਲੰਕਾ ਜਾ ਵਸੇ ਸਨ। ਦੱਖਣੀ ਭਾਰਤ ਵਿਚ ਉਨ੍ਹਾਂ ਅੰਧਵਿਸ਼ਵਾਸਾਂ ਖਿਲਾਫ ਤਿੱਖਾ ਸੰਘਰਸ਼ ਕੀਤਾ।

**ਗੁਰਦਿਆਲ ਬੱਲ**

ਤਰਕਸ਼ੀਲ ਸੁਸਾਇਟੀ ਨੇ ਇਹ ਕਿਤਾਬ ਦੇ ਪੰਜਾਬੀ ਤੇ ਹਿੰਦੀ ਅਨੁਵਾਦ ਲੱਖਾਂ ਦੀ ਗਿਣਤੀ ਵਿਚ ਛਪਵਾਈ ਅਤੇ ਹਰ ਵਰਗ ਦੇ ਲੋਕਾਂ ਤੱਕ ਪੁੱਜਦੀ ਕੀਤੀ। ਇਹ ਵੀ ਮੌਕਾ-ਮੇਲ ਹੀ ਸੀ ਕਿ ਪੰਜਾਬ ਵਿਚ ਖਾਲਿਸਤਾਨੀ ਲਹਿਰ ਅਤੇ ਤਰਕ ਆਧਾਰਤ ਸੋਚ ਵਾਲੀ ਲਹਿਰ ਦੀ ਸ਼ੁਰੂਆਤ ਇਕੋ ਸਮੇਂ ਹੋਈ। ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸਥਾਪਨਾ 1984 ਵਿਚ ਬਰਨਾਲਾ ਵਿਖੇ ਇਸ ਦੀ ਦੀ ਪਹਿਲੀ ਯੂਨਿਟ ਬਣਾ ਕੇ ਕੀਤੀ ਗਈ ਸੀ। ਇਸ ਦੇ ਬਹੁਤੇ ਮੈਂਬਰ ਸਰਕਾਰੀ ਅਧਿਆਪਕ ਹੀ ਹਨ ਜਿਹੜੇ ਅਗਾਂਹਵਧੂ ਧਿਰਾਂ ਦੇ ਸਮਰਥਕ ਅਤੇ ਕਾਰਕੁਨ ਹੀ ਹਨ। ਹੁਣ ਸੁਸਾਇਟੀ ਵਿਚ ਹਰ ਵਰਗ ਦੇ ਲੋਕ ਸ਼ਾਮਲ ਹਨ। ਤਰਕਸ਼ੀਲ ਸੁਸਾਇਟੀ ਦਾ ਮੁਖ ਦਫਤਰ ਬਰਨਾਲਾ ਵਿਚ ਹੀ ਹੈ।

ਬਲਵਿੰਦਰ ਬਰਨਾਲਾ ਨੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸਾਰੇ ਅਹੁਦਿਆਂ 'ਤੇ ਕੰਮ ਕੀਤਾ ਹੈ। ਉਹ ਇਸ ਦੇ ਪ੍ਰਧਾਨ ਤੋਂ ਇਲਾਵਾ ਤਰਕਸ਼ੀਲ ਰਸਾਲੇ ਦੇ ਸੰਪਾਦਕ, ਪ੍ਰਕਾਸ਼ਨ ਤੇ ਮਾਨਸਿਕ ਰੋਗ (ਰੋਕੂ) ਵਿਭਾਗਾਂ ਦੇ ਮੁਖੀ ਵੀ ਰਹੇ ਹਨ। ਉਹ ਅੱਜ ਕੱਲ੍ਹ ਤਰਕਸ਼ੀਲ ਸੁਸਾਇਟੀ ਦੇ ਕੌਮੀ ਤੇ ਕੌਮਾਂਤਰੀ ਵਿਭਾਗ ਦੀ ਅਗਵਾਈ ਕਰ ਰਹੇ ਹਨ ਅਤੇ ਭਾਰਤ ਦੀਆਂ 80 ਤੋਂ ਉਪਰ ਤਰਕਵਾਦੀ, ਨਾਸਤਿਕ ਅਤੇ ਮਾਨਵਤਾਵਾਦੀ ਜਥੇਬੰਦੀਆਂ 'ਤੇ ਆਧਾਰਿਤ 'ਫੈਡਰੇਸ਼ਨ ਆਫ ਇੰਡੀਅਨ ਰੈਸ਼ਨਲਿਸਟ ਅਸੋਸੀਏਸ਼ਨਜ਼, ਭਾਰਤ (ਫੀਰਾ) ਦੇ ਕੌਮੀ ਜਨਰਲ ਸਕੱਤਰ ਵੀ ਹਨ। ਅੱਜ ਕੱਲ੍ਹ ਕੈਨੇਡਾ ਆਏ ਹੋਏ ਹਨ।

ਤਰਕਸ਼ੀਲ ਸੁਸਾਇਟੀ ਪੰਜਾਬ ਹੁਣ ਤੱਕ 40 ਤੋਂ ਵੱਧ ਕਿਤਾਬਾਂ ਪੰਜਾਬੀ ਸਾਹਿਤ ਨੂੰ ਦੇ ਚੁੱਕੀ ਹੈ। ਇਸ ਵਲੋਂ 'ਤਰਕਸ਼ੀਲ' ਰਸਾਲਾ ਲਗਾਤਾਰ ਪੰਜਾਬੀ ਤੇ ਹਿੰਦੀ ਵਿਚ ਪ੍ਰਕਾਸ਼ਤ ਕੀਤਾ ਜਾ ਰਿਹਾ। ਪੰਜਾਬੀ ਵਿਚ ਇਸ ਦੀ ਗਿਣਤੀ 13000 ਅਤੇ ਹਿੰਦੀ ਵਿਚ 2000 ਹੈ।

**ਸਵਾਲ: ਤੁਹਾਡੇ ਤਰਕਵਾਦੀ ਬਣਨ ਪਿਛੇ ਕਿਹੜੇ ਕਾਰਨ ਸਨ?**

**ਉਤਰ:** ਮੈਂ ਸਾਧਾਰਨ ਕਿਸਾਨੀ ਵਿਚੋਂ ਹਾਂ, ਮਾਤਾ ਪਿਤਾ ਧਾਰਮਿਕ ਵਿਸ਼ਵਾਸ ਤਾਂ ਰੱਖਦੇ ਸਨ, ਪਰ ਆਪਣੇ ਵਿਚਾਰ ਜਬਰੀ ਲੱਦਣ ਵਾਲੇ ਨਹੀਂ ਸਨ। ਮਾਂ ਦਲੇਰ ਪਰ ਸਹਿਣਸ਼ੀਲ ਔਰਤ ਸਨ ਅਤੇ ਪਿਤਾ ਸਿੱਧੇ-ਸਾਦੇ ਤੇ ਬੇਹੱਦ ਇਮਾਨਦਾਰ, ਦੂਜਿਆਂ ਦੇ ਕੰਮ ਕਰ ਕੇ ਖੁਸ਼ ਹੋਣ ਵਾਲੀ ਸ਼ਖਸੀਅਤ ਸਨ। ਅਸੀਂ ਪੰਜ ਭੈਣ ਭਰਾ ਸੀ ਜਿਨ੍ਹਾਂ ਵਿਚੋਂ ਤਿੰਨ ਨੇ ਟੀਚਿੰਗ ਦੇ ਕੋਰਸ ਕੀਤੇ। ਇੱਕ ਭੈਣ ਦੀ ਭਰ ਜੁਆਨੀ ਵਿਚ ਮੌਤ ਹੋ ਗਈ ਸੀ। ਮੈਂ ਵਿਚਕਾਰਲਾ ਹਾਂ। ਸਾਡਾ ਪਾਲਣ-ਪੋਸ਼ਣ ਖੁੱਲ੍ਹੇ ਮਾਹੌਲ ਵਿਚ ਹੋਇਆ। ਛੋਟਾ ਭਰਾ ਸਰੀ (ਕੈਨੇਡਾ) ਵਿਚ ਰਹਿੰਦਾ ਹੈ। ਜਦ ਤੋਂ ਹੀ ਸੁਰਤ ਸੰਭਲੀ ਹੈ, ਮੈਂ ਗਰੀਬੀ ਦੇ ਅਸਲ ਕਾਰਨਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ, ਕਿਸਮਤਵਾਦ ਵਿਚ ਕਦੀ ਵਿਸ਼ਵਾਸ ਨਹੀਂ ਕੀਤਾ।

**ਸਵਾਲ: ਫਿਰ ਤੁਹਾਡੇ ਬਾਕੀ ਭੈਣ ਭਰਾਵਾਂ ਨਾਲੋਂ ਵੱਖਰੇ ਤਰਕਵਾਦੀ ਵਿਚਾਰਵਾਦੀ ਚਿੰਤਕ ਬਣਨ ਦੇ ਪਿਛੇ ਕਿਹੜੇ ਕਾਰਕ ਕੰਮ ਕਰਦੇ ਰਹੇ? ਤੁਸੀਂ ਕਿਹੜੀਆਂ ਕਿਹੜੀਆਂ ਸੰਸਥਾਵਾਂ ਨਾਲ ਜੁੜੇ ਰਹੇ?**

**ਉਤਰ:** ਹਰ ਮਨੁੱਖ ਦੀ ਜ਼ਿੰਦਗੀ ਵਿਚ ਬਹੁਤ ਕੁਝ ਅਜਿਹਾ ਵਾਪਰਦਾ ਰਹਿੰਦਾ ਜਿਹੜਾ ਉਸ ਦੇ ਜੀਵਨ ਵਿਚ ਲਗਾਤਾਰ ਬਦਲਾਉ ਦਾ ਕਾਰਨ ਬਣਦਾ, ਤੇ ਇਹ ਹਾਂ-ਪੱਖੀ ਜਾਂ ਨਾਂਹ-ਪੱਖੀ ਹੋ ਨਿਬੜਦਾ ਹੈ। ਆਲਾ-ਦੁਆਲਾ ਤੇ ਹਾਲਾਤ ਇਸ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਕੋਈ ਮਨੁੱਖ ਕੇਵਲ ਘਟਨਾਵਾਂ ਦੇ ਬਾਹਰੀ ਕਾਰਨਾਂ ਤੱਕ ਹੀ ਸੀਮਤ ਰਹਿੰਦਾ ਅਤੇ ਇਨ੍ਹਾਂ ਪਿਛੇ ਕੰਮ ਕਰਦੇ ਅੰਦਰੂਨੀ ਕਾਰਨਾਂ ਦੀ ਡੂੰਘਾਈ ਤੱਕ ਸਮੀਖਿਆ ਕਰਨ ਦਾ ਜੋਖਮ ਨਹੀਂ ਉਠਾਉਂਦਾ ਜਿਸ ਕਾਰਨ ਅਸਲੀਅਤ ਜਾਣਨ ਤੋਂ ਅਸਮਰਥ ਰਹਿ ਜਾਂਦਾ ਹੈ। ਗਰੀਬ ਕਿਸਾਨੀ ਦੀ ਦਸ਼ਾ ਅਤੇ ਦਿਸ਼ਾ ਵਿਚ ਅੱਜ ਵੀ ਕੋਈ ਫਰਕ ਨਹੀਂ ਪਿਆ। 1971-72 ਦੀ ਗਰੀਬ ਕਿਸਾਨੀ ਦੀ ਦਸ਼ਾ ਤੇ ਦਿਸ਼ਾ ਵੀ ਬਦ ਤੋਂ ਬਦਤਰ ਸੀ ਜਿਸ ਵਿਚ ਮੇਰਾ ਪਾਲਣ-ਪੋਸ਼ਣ ਹੋਇਆ। ਬੇਬੇ ਦੀ ਹਮੇਸ਼ਾ ਖਾਹਸ਼ ਰਹੀ ਕਿ ਅਸੀਂ ਪੜ੍ਹਾਈ ਕਰੀਏ। ਉਸ ਨੇ ਸਾਨੂੰ ਸਭ ਭੈਣ ਭਰਾਵਾਂ ਨੂੰ ਸਕੂਲੇ ਪਾਇਆ। ਸਕੂਲ ਵਿਚ ਮੈਂ ਹੁਸ਼ਿਆਰ ਵਿਦਿਆਰਥੀਆਂ ਵਿਚ ਆਉਂਦਾ ਸੀ ਅਤੇ ਪੜ੍ਹਾਈ ਮੇਰਾ ਸ਼ੌਕ ਸੀ। ਦਸਵੀਂ ਵਿਚ ਵਿਗਿਆਨ ਦਾ ਅਧਿਆਪਕ ਇਸ ਕਰ ਕੇ ਮੇਰੇ ਵੈਰ ਪੈ ਗਿਆ ਕਿ ਮੈਂ ਆਪਣੇ 15 ਸਾਥੀਆਂ ਦਾ ਖੇਤੀਬਾੜੀ ਵਿਸ਼ਾ ਛੁਡਵਾ ਕੇ ਉਨ੍ਹਾਂ ਨੂੰ ਵਿਗਿਆਨ ਦਾ ਵਿਸ਼ਾ ਲੈਣ ਲਈ ਪ੍ਰੇਰਿਆ। ਅਧਿਆਪਕ ਦਾ ਮੱਤ ਇਹ ਸੀ ਕਿ ਮਜ਼ਦੂਰਾਂ-ਕਿਸਾਨਾਂ ਦੇ ਇਹ ਮੁੰਡੇ ਵਿਗਿਆਨ ਪੜ੍ਹਨ ਦੇ ਯੋਗ ਨਹੀਂ ਅਤੇ ਉਸ ਦੇ ਰਿਜਲਟ ਦੀ ਪ੍ਰਸੈਂਟੇਜ ਹੇਠਾਂ ਲਿਆਉਣਗੇ। ਉਹ ਨਾਜਾਇਜ਼ ਤੰਗ-ਪਰੇਸ਼ਾਨ ਵੀ ਕਰਦਾ, ਪਰ ਅਸੀਂ ਵਿਗਿਆਨ ਦਾ ਵਿਸ਼ਾ ਨਾ ਛੱਡਿਆ। ਇਹ ਧਾਰਨਾ ਮੇਰੇ ਮਨ ਅੰਦਰ ਸਕੂਲ ਦੀ ਪੜ੍ਹਾਈ ਸਮੇਂ ਹੀ ਬਣ ਗਈ ਸੀ ਕਿ ਪ੍ਰਾਪਤੀਆਂ ਪਿੱਛੇ ਕੋਈ ਕਰਾਮਾਤ ਕੰਮ ਨਹੀਂ ਕਰਦੀ, ਸਗੋਂ ਮੁਸ਼ੱਕਤ ਅਤੇ ਸਹੀ ਗਿਆਨ ਸਾਡਾ ਰਾਹ ਦਰਸ਼ਕ ਹੁੰਦਾ ਹੈ। ਉਂਜ, ਘਰ ਦੀਆਂ ਮਜਬੂਰੀਆਂ ਕਾਰਨ ਕਾਲਜ ਵਿਚ ਵਿਗਿਆਨ ਦੀ ਚੋਣ ਨਾ ਕਰ ਸਕਿਆ।

ਸੰਨ 1971 ਵਿਚ ਮੈਂ ਕਾਲਜ ਦਾਖਲ ਹੋਇਆ, ਤਦ ਕਾਲਜਾਂ ਵਿਚ ਨਕਸਲਵਾਦੀ ਲਹਿਰ ਦਾ ਪੂਰਾ ਜ਼ੋਰ ਸੀ। ਬਰਨਾਲੇ ਦਾ ਐਸ.ਡੀ. ਕਾਲਜ ਇਸ ਦਾ ਗੜ੍ਹ ਰਿਹਾ ਹੈ। ਨੌਜਵਾਨ ਪੀੜ੍ਹੀ ਨੇ ਇਸ ਲਹਿਰ ਦਾ ਅਸਰ ਬਹੁਤ ਕਬੂਲਿਆ, ਅਸਰ ਕਬੂਲਣ ਵਾਲਿਆਂ ਵਿਚ ਮੈਂ ਵੀ ਸੀ। ਮੈਂ ਵੀ ਪੰਜਾਬ ਸਟੂਡੈਂਟਸ ਯੂਨੀਅਨ ਦਾ ਮੈਂਬਰ ਬਣ ਗਿਆ ਅਤੇ ਕਾਲਜ ਬਦਲ ਕੇ ਗੁਰੂ ਗੋਬਿੰਦ ਸਿੰਘ ਕਾਲਜ ਸੰਘੇੜਾ ਜਾ ਦਾਖਲ ਹੋਇਆ, ਤੇ ਉਥੇ ਕਾਲਜ ਯੂਨੀਅਨ ਦਾ ਪ੍ਰਧਾਨ ਵੀ ਰਿਹਾ। 1972 ਵਿਚ ਮੋਗਾ ਕਾਂਡ ਵਾਪਰ ਗਿਆ। ਸਰਕਾਰ ਦੀ ਵਿਦਿਆਰਥੀਆਂ ਨਾਲ ਧੱਕੇਸ਼ਾਹੀ ਖਿਲਾਫ ਮੈਂ ਸਰਕਾਰ ਵਿਰੋਧੀ ਵਿਦਿਆਰਥੀ ਲਹਿਰ ਵਿਚ ਹਿੱਸਾ ਲਿਆ ਤੇ ਕੁਝ ਸਮਾਂ ਸੰਗਰੂਰ ਜੇਲ੍ਹ ਵਿਚ ਵੀ ਰਿਹਾ। ਫਿਰ ਸਰਕਾਰੀ ਕਾਲਜ ਮਲੇਰ ਕੋਟਲਾ ਵਿਚ ਦਾਖਲ ਹੋ ਕੇ ਉਥੇ ਸਾਥੀ ਵਿਦਿਆਰਥੀਆਂ ਨਾਲ ਮਿਲ ਕੇ ਸਰਕਾਰੀ ਵਿਦਿਆਰਥੀ ਯੂਨੀਅਨ ਤੋੜ ਕੇ ਪੰਜਾਬ ਸਟੂਡੈਂਟਸ ਯੂਨੀਅਨ ਖੜ੍ਹੀ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਬੰਗਲੌਰ ਯੂਨੀਵਰਸਿਟੀ ਤੋਂ ਸਰੀਰਕ ਸਿਖਿਆ ਵਿਚ ਆਪਣੀ ਪਹਿਲੀ ਮਾਸਟਰ ਡਿਗਰੀ ਤੇ ਬੀਸਿਸ 1979 ਵਿਚ ਪਹਿਲੇ ਦਰਜੇ ਵਿਚ ਹਾਸਲ ਕੀਤੀ ਅਤੇ ਕੁਝ ਸਮਾਂ ਉਥੋਂ ਦੇ ਸ੍ਰੀ ਸਤਿਆ ਸਾਈਂ ਸਰੀਰਕ ਸਿਖਿਆ ਕਾਲਜ, ਕੁਸ਼ਾਲ ਨਗਰ ਵਿਚ ਵੀ ਪੜ੍ਹਾਇਆ। ਸੰਨ 1980 ਵਿਚ ਮੈਂ ਪੰਜਾਬ ਵਿਚ ਸਰਕਾਰੀ ਅਧਿਆਪਕ ਆ ਲੱਗਿਆ ਅਤੇ ਬੇਰੁਜ਼ਗਾਰ ਅਧਿਆਪਕ ਜਥੇਬੰਦੀ ਵਿਚ ਜਾ ਸ਼ਾਮਲ ਹੋਇਆ। ਅਧਿਆਪਕਾਂ ਦੀ ਕ੍ਰਾਂਤੀਕਾਰੀ ਜਥੇਬੰਦੀ ਡੀ.ਟੀ.ਐਫ. ਦੇ ਬਲਾਕ ਪ੍ਰਧਾਨ ਤੋਂ ਲੈ ਕੇ ਸੂਬਾ ਕਮੇਟੀ ਮੈਂਬਰ ਵਜੋਂ ਅਗਵਾਈ ਦਿੱਤੀ। ਬਤੌਰ ਅਧਿਆਪਕ ਮੈਂ ਡੀ.ਪੀ.ਈ., ਲੈਕਚਰਾਰ ਅੰਗਰੇਜ਼ੀ ਅਤੇ ਸੱਤ ਸਾਲ ਸੈਕੰਡਰੀ ਸਕੂਲ ਦਾ ਪ੍ਰਿੰਸੀਪਲ ਵੀ ਰਿਹਾ। ਚਾਰ ਸਾਲ ਮੈਂ ਦਿਮਾਗੀ ਰੋਗਾਂ ਦੇ ਬਰਨਾਲਾ ਵਿਖੇ ਮਨੋਦਿਸ਼ਾ ਹਸਪਤਾਲ ਵਿਚ ਬਤੌਰ ਸਾਈਕੋਥੈਰਾਪਿਸਟ ਕੰਮ ਕੀਤਾ ਤੇ ਹੁਣ ਵੀ ਇਸੇ ਨਾਲ ਜੁੜਿਆ ਹੋਇਆ ਹਾਂ।

**ਸਵਾਲ: ਤੁਹਾਡੀ ਵਿਦਿਅਕ ਯੋਗਤਾਵਾਂ ਬਾਰੇ ਕੁਝ ਦੱਸੋਗੇ?**

**ਉਤਰ:** ਮੈਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਐਲ.ਐਲ.ਬੀ., ਐਮ.ਏ. (ਅੰਗਰੇਜ਼ੀ, ਪੰਜਾਬੀ), ਬੰਗਲੌਰ ਯੂਨੀਵਰਸਿਟੀ ਤੋਂ ਐਮ.ਪੀ.ਐਡ. ਕੀਤੀ ਹੈ ਅਤੇ ਐਮ.ਐਸ. (ਸਾਈਕੋਥੈਰਾਪੀ ਅਤੇ ਕੌਂਸਲਿੰਗ) ਵੀ ਕੀਤੀ ਹੈ।

**ਸਵਾਲ: ਤੁਸੀਂ ਕਿਹੜੀਆਂ-ਕਿਹੜੀਆਂ ਕਿਤਾਬਾਂ ਲਿਖੀਆਂ ਹਨ?**



**ਤੁਸੀਂ ਮਨੋਵਿਗਿਆਨ ਨੂੰ ਮਨ ਭਾਉਂਦਾ ਵਿਸ਼ਾ ਕਿਉਂ ਬਣਾਇਆ?**

**ਉਤਰ:** ਮੈਂ ਚਾਰ ਕਿਤਾਬਾਂ ਲਿਖੀਆਂ ਹਨ- 1) ਮਨੋਰੋਗ, ਕਾਰਨ ਅਤੇ ਇਲਾਜ; 2) ਬਾਲ-ਮਨੋਵਿਗਿਆਨ; 3) ਸੰਮੋਹਨ ਨੀਂਦ: ਕੀ, ਕਿਉਂ ਤੇ ਕਿਵੇਂ; 4) ਮਨੋਵਿਗਿਆਨ ਦਾ ਮਹੱਤਵ।

ਮਨੋਵਿਗਿਆਨ ਰੌਚਕ ਵਿਸ਼ਾ ਹੈ। ਇਸ ਨਾਲ ਮਨੁੱਖ ਦੀਆਂ ਭਾਵਨਾਵਾਂ ਤੇ ਉਸ ਅੰਦਰ ਆ ਰਹੀਆਂ ਮਾਨਸਿਕ ਤਬਦੀਲੀਆਂ ਸਮਝਣ ਵਿਚ ਸੌਖ ਰਹਿੰਦੀ ਹੈ। ਇਹ ਵੀ ਸਮਝ ਪੈਂਦੀ ਹੈ ਕਿ ਕਿਸ ਤਰ੍ਹਾਂ ਆਰਥਿਕ, ਸਮਾਜਕ, ਭਾਵਨਾਤਮਿਕ ਅਤੇ ਧਾਰਮਿਕ ਤਬਦੀਲੀਆਂ ਸਮੁਚੀ ਮਨੁੱਖਤਾ ਦੇ ਰਹਿਣ ਸਹਿਣ 'ਤੇ ਅਸਰ ਪਾਉਂਦੀਆਂ ਹਨ। ਇਸ ਨਾਲ ਇਹ ਵੀ ਸਮਝ ਪੈਂਦੀ ਹੈ ਕਿ ਕਿਸ ਤਰ੍ਹਾਂ ਅੰਧਵਿਸ਼ਵਾਸ ਮਨੁੱਖ ਦੇ ਦਿਮਾਗ ਨੂੰ ਗ੍ਰਹਿਣ ਵਾਂਗ ਚਿੰਬੜਦਾ ਹੈ ਤੇ ਮਨੁੱਖ ਆਪੇ ਵਿਛਾਏ ਜਾਲ ਦਾ ਸ਼ਿਕਾਰ ਹੋ ਜਾਂਦਾ ਹੈ।

**ਸਵਾਲ: ਕੀ ਤਰਕਸ਼ੀਲਤਾ ਦੇ ਅਰਥ ਨਾਸਤਿਕ ਬਣਨਾ ਹੈ? ਬਹੁਤੇ ਲੋਕ ਤੁਹਾਨੂੰ ਧਰਮ ਦਾ ਵਿਰੋਧ ਕਰਨ ਵਾਲਿਆਂ ਤੱਕ ਹੀ ਸੀਮਤ ਸਮਝਦੇ ਹਨ, ਕੀ ਇਹ ਸੱਚ ਹੈ?**

**ਉਤਰ:** ਅਜਿਹਾ ਨਹੀਂ ਹੈ। ਨਾਸਤਿਕ ਮਨੁੱਖ ਮਾਨਵਤਾਵਾਦੀ ਭਾਵਨਾਵਾਂ ਤੋਂ ਸੱਖਣਾ ਵੀ ਹੋ ਸਕਦਾ, ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਕੋਈ ਧਾਰਮਿਕ ਮਨੁੱਖ ਧਰਮ ਦੇ ਨਸ਼ੇ ਦੀ ਕੱਟੜਤਾ ਅਧੀਨ ਦੂਜੇ ਧਰਮਾਂ ਤੇ ਵਿਰੋਧੀ ਵਿਚਾਰ ਵਾਲਿਆਂ ਲਈ ਜ਼ਹਿਰ ਉਗਲ ਕੇ ਦੰਗੇ-ਫਸਾਦ 'ਤੇ ਉਤਰ ਕੇ ਮਨੁੱਖਤਾ ਦਾ ਘਾਣ ਕਰਦਾ ਹੈ। ਤਰਕਸ਼ੀਲ ਮਾਨਵਤਾਵਾਦੀ ਹੈ। ਉਹ ਨਿੱਜੀ ਰੂਪ ਵਿਚ ਧਰਮ ਦਾ ਵਿਰੋਧੀ ਨਹੀਂ, ਪਰ ਧਰਮ ਵਿਚ ਕੇਵਲ ਭਾਵਨਾ ਭਾਰੂ ਹੈ ਤੇ ਧਰਮ ਦਾ ਸੰਕਲਪ ਕੇਵਲ ਤੇ ਕੇਵਲ ਅਨੁਭਵ 'ਤੇ ਆਧਾਰਤ ਹੈ ਜੋ ਪਰਖ ਦੀ ਇਜਾਜ਼ਤ ਨਹੀਂ ਦਿੰਦਾ। ਜਦ ਤੱਕ ਅਸੀਂ ਕਿਸੇ ਅਨੁਭਵ ਨੂੰ ਪਰਖਾਂਗੇ ਹੀ ਨਹੀਂ, ਫਿਰ ਸੱਚ ਤੇ ਝੂਠ ਦਾ ਨਿਤਾਰਾ ਕਿਵੇਂ ਸੰਭਵ ਹੈ? ਕੀ ਫਿਰ ਮਿਥ ਆਧਾਰਿਤ ਕਲਪਨਾ ਦੀ ਪੂਜਾ ਸਾਰਥਕ ਹੈ? ਤਰਕਸ਼ੀਲਤਾ ਹਰ ਵਰਤਾਰੇ ਨੂੰ ਪਰਖਣ ਦੀ ਗੱਲ ਕਰਦੀ ਹੈ। ਤਰਕਸ਼ੀਲ ਸ੍ਰਿਸ਼ਟੀ ਦੀ ਸਿਰਜਣਾ ਅੱਖ ਝਪਕਣ ਦੇ ਸਮੇਂ ਵਿਚ ਹੋਈ ਨਹੀਂ ਮੰਨਦਾ ਅਤੇ ਇਸ ਦਾ ਕਾਰਨ ਸਦੀਆਂ ਤੋਂ ਮਾਦੇ ਵਿਚ ਆ ਰਹੀ ਤਬਦੀਲੀ ਨੂੰ ਮੰਨਦਾ ਹੈ, ਜਦਕਿ ਧਰਮ ਇਸ ਦੀ ਉਤਪਤੀ ਕਿਸੇ ਪਰਾਭੌਤਿਕ ਸ਼ਕਤੀ ਰਾਹੀਂ ਅੱਖ ਦੇ ਫੋਰੇ ਵਿਚ ਹੋਈ ਮੰਨਦਾ ਹੈ। ਸੋ, ਤਰਕਵਾਦੀ ਤਰਕ ਕਰਨ ਵਿਚ ਵਿਸ਼ਵਾਸ ਕਰਦਾ ਹੈ। ਤਰਕ ਦਾ ਆਧਾਰ ਦਲੀਲ ਹੈ ਜਦਕਿ ਧਰਮ ਦਾ ਪਰਖ ਰਹਿਤ ਅਨੁਭਵ। ਜੇ ਧਰਮ ਦੇ ਫਲਸਫੇ ਵਿਚ ਸੱਚ ਦਾ ਕੋਈ ਅੰਸ਼ ਹੋਵੇਗਾ, ਤਾਂ ਤਰਕਵਾਦੀ ਇਸ ਤੋਂ ਮੁਨਕਰ ਨਹੀਂ ਹੋਵੇਗਾ। ਪਰੰਪਰਾਵਾਂ ਤੇ ਧਾਰਨਾਵਾਂ ਦਾ ਆਧਾਰ ਵਿਗਿਆਨਕ ਹੋਵੇ, ਕਲਪਨਾ ਨਹੀਂ। ਸੰਸਾਰ ਦਾ ਇਤਿਹਾਸ ਗਵਾਹ ਹੈ ਕਿ ਤਰਕਵਾਦੀ ਕਦੇ ਵੀ ਦੰਗਿਆਂ ਦਾ ਕਾਰਨ ਨਹੀਂ ਬਣੇ ਅਤੇ ਧਰਮ ਦੀਆਂ ਕੱਟੜ ਮਾਨਤਾਵਾਂ ਕਾਰਨ ਅੱਜ ਵੀ ਮਨੁੱਖ ਮਨੁੱਖ ਦਾ ਵੈਰੀ ਬਣਿਆ ਪਿਆ ਹੈ। ਹਜ਼ਾਰਾਂ ਕਤਲ ਧਰਮ ਕਾਰਨ ਹੋ ਰਹੇ ਹਨ। ਧਰਮ ਅੱਤਵਾਦ ਫੈਲਾਉਣ ਦਾ ਸਾਧਨ ਬਣਿਆ ਹੋਇਆ ਹੈ। ਧਰਮ ਨੇ ਸ਼ਾਂਤੀ ਦੀ ਬਜਾਏ ਅਸ਼ਾਂਤੀ ਫੈਲਾਈ ਹੈ। ਤਰਕਸ਼ੀਲਾਂ ਅੰਦਰ ਵਿਚਾਰਾਂ ਦੇ ਵਖਰੇਵੇਂ ਪ੍ਰਤੀ ਸਹਿਣਸ਼ੀਲਤਾ ਹੈ ਜੋ ਧਰਮਵਾਦੀਆਂ ਵਿਚ ਨਹੀਂ।

**ਸਵਾਲ: ਤੁਸੀਂ ਭਾਰਤ ਦੀਆਂ ਤਰਕਸ਼ੀਲ ਜਥੇਬੰਦੀਆਂ ਦੀ ਸਾਂਝੀ ਜਥੇਬੰਦੀ 'ਫੈਡਰੇਸ਼ਨ ਆਫ ਇੰਡੀਅਨ ਰੈਸ਼ਨਲਿਸਟ ਅਸੋਸੀਏਸ਼ਨਜ਼'(ਫੀਰਾ) ਦੇ ਕੌਮੀ ਜਨਰਲ ਸਕੱਤਰ ਵੀ ਹੋ, ਭਾਰਤ ਵਿਚ ਇਸ ਲਹਿਰ ਦੇ ਕੀ ਸਕੋਪ ਹਨ?**

**ਉਤਰ:** ਇਕ ਗੱਲ ਤਾਂ ਸਾਫ ਕਿ ਸਾਰੇ ਭਾਰਤ ਲਈ ਅੱਜ ਤਰਕਸ਼ੀਲ ਸਮਝ ਦੀ ਬਹੁਤ ਜ਼ਰੂਰਤ ਹੈ। ਭਾਰਤ ਦਾ ਸੈਕੂਲਰ ਢਾਂਚਾ ਗੰਭੀਰ ਖਤਰੇ ਵਿਚ ਹੈ। ਹਿੰਦੂਤਵ ਦਾ ਭਾਰ ਸਭ ਭਾਰਤੀਆਂ 'ਤੇ ਜਬਰੀ ਲੱਦਿਆ ਜਾ ਰਿਹਾ ਹੈ। ਵਿਚਾਰਾਂ ਦੀ ਵੰਨ-ਸੁਵੰਨਤਾ ਲਈ ਅਸਹਿਣਸ਼ੀਲਤਾ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ। ਡਾ. ਨਰੇਂਦਰ ਦਭੋਲਕਰ, ਕਾਮਰੇਡ ਤੇ ਰੈਸ਼ਨਲਿਸਟ ਗੋਬਿੰਦ ਪੰਸਾਰੇ, ਸਾਬਕਾ ਵਾਈਸ ਚਾਂਸਲਰ ਡਾ. ਐਮ.ਐਮ. ਕਲਬੁਰਗੀ ਵਰਗੇ ਰੈਸ਼ਨਲਿਸਟ ਬੁੱਧੀਜੀਵੀਆਂ ਦੇ ਕਤਲ ਹਿੰਦੂਤਵਵਾਦੀਆਂ ਵਲੋਂ ਕਰਨੇ ਇਸ ਦੇ ਭਰਵੇਂ ਸੰਕੇਤ ਹਨ। ਮੁਲਕ ਨੂੰ ਧਾਰਮਿਕ ਦੰਗਿਆਂ ਵੱਲ ਧੱਕਿਆ ਜਾ ਰਿਹਾ ਹੈ। ਲੇਖਕਾਂ, ਫਿਲਮਸਾਜ਼ਾਂ, ਵਿਗਿਆਨੀਆਂ ਅਤੇ ਇਤਿਹਾਸਕਾਰਾਂ ਵਲੋਂ ਆਪਣੇ ਐਵਾਰਡ ਵਾਪਸ ਕੀਤੇ ਗਏ। ਜਿੰਨੇ ਵੱਡੇ ਪੱਧਰ 'ਤੇ ਇਹ ਇਨਾਮ ਵਾਪਸੀ ਹੋਈ, ਇਸ ਨੇ ਭਾਰਤ ਦੇ ਤਰਕਸ਼ੀਲ ਆਧਾਰ ਨੂੰ ਬਲ ਦਿੱਤਾ ਹੈ। ਦੱਖਣੀ ਭਾਰਤ ਵਿਚ ਤਰਕਸ਼ੀਲ ਵਰਤਾਰਾ ਅਤੇ ਸਮਰਥਨ ਖੁੱਲ੍ਹ ਕੇ ਸਾਹਮਣੇ ਆਇਆ ਹੈ। ਵੱਡੇ ਪੱਧਰ 'ਤੇ ਨਾਸਤਿਕ ਅਤੇ ਤਰਕਸ਼ੀਲ ਸੰਗਠਨਾਂ ਦੀ ਗਿਣਤੀ ਵਧੀ ਹੈ। ਮਹਾਰਾਸ਼ਟਰ ਵਿਚ ਤਾਂ ਅੰਧ-ਸ਼ਰਧਾ ਖਿਲਾਫ ਦਬਾਓ ਕਾਰਨ ਕਾਨੂੰਨ ਵੀ ਪਾਸ ਕਰਨਾ ਪਿਆ ਜਿਥੇ ਆਰ.ਐਸ.ਐਸ. ਅਤੇ ਬਾਲ ਠਾਕਰੇ ਦੀ ਸ਼ਿਵ ਸੈਨਾ ਦੇ ਗੜ੍ਹ ਹਨ। ਇਹ ਬਿਲ ਪਾਸ ਕਰਾਉਣ ਲਈ ਇਸ ਦਬਾਓ ਦੀ ਅਗਵਾਈ ਡਾ. ਦਭੋਲਕਰ ਨੇ ਹੀ ਕੀਤੀ ਸੀ ਤੇ ਉਹ ਹਿੰਦੂਤਵਵਾਦੀਆਂ ਦੇ ਨਿਸ਼ਾਨੇ 'ਤੇ ਸਨ। ਤਰਕਸ਼ੀਲਾਂ ਦੇ ਵਿਅਕਤੀਗਤ ਕਤਲਾਂ ਨਾਲ ਇਹ ਲਹਿਰ ਪਿਛੇ ਨਹੀਂ ਹਟੇਗੀ। ਹਿੰਦੋਸਤਾਨ ਬਦਲ ਰਿਹਾ ਹੈ। ਸਮਾਜ ਹਮੇਸ਼ਾ ਤਬਦੀਲੀਆਂ ਵਿਚੋਂ ਗੁਜ਼ਰਦਾ, ਸਾਰਥਕ ਮੋੜਾ ਲੈਂਦਾ ਹੈ। ਇਸ ਦੀ ਇਤਿਹਾਸਕ ਵਾਪਸੀ ਕਦੇ ਨਹੀਂ ਹੋਈ। 'ਫੀਰਾ' ਵਿਚ 80 ਤੋਂ ਉਪਰ ਤਰਕਸ਼ੀਲ ਸੰਗਠਨ ਸ਼ਾਮਲ ਹਨ ਜਿਸ ਦੀ ਦੀ ਮੈਂਬਰ ਜਥੇਬੰਦੀ 'ਰੈਸ਼ਨਲਿਸਟ ਫਰੰਟ' ਪਾਸ ਤਾਮਿਲਨਾਡੂ ਵਿਚ ਦੋ ਯੂਨੀਵਰਸਿਟੀਆਂ ਹਨ। ਐਥੀਇਸਟ ਸੈਂਟਰ ਵਿਜੇਵਾੜਾ ਦੇ ਆਪਣੇ ਹਸਪਤਾਲ ਹਨ। ਅਰਜਕ ਸੰਘ ਦਾ ਉਤਰਪ੍ਰਦੇਸ਼, ਝਾਰਖੰਡ, ਛਤੀਸਗੜ੍ਹ ਅਤੇ ਬਿਹਾਰ ਵਿਚ ਕਾਫੀ ਭਰਵਾਂ ਆਧਾਰ ਹੈ। 'ਫੀਰਾ' ਦੇ ਕੌਮੀ ਪ੍ਰਧਾਨ ਡਾ. ਨਰਿੰਦਰ ਨਾਇਕ ਮੈਂਗਲੌਰ (ਕਰਨਾਟਕਾ) ਵਿਖੇ ਮੈਡੀਕਲ ਕਾਲਜ ਦੇ ਪ੍ਰੋਫੈਸਰ ਰਹਿ ਚੁੱਕੇ ਹਨ।

**ਸਵਾਲ: ਭਾਰਤ ਦੀਆਂ ਕਮਿਊਨਿਸਟ ਧਿਰਾਂ ਅਤੇ ਤੁਹਾਡੇ ਵਿਚਕਾਰ ਸਬੰਧਾਂ ਬਾਰੇ ਕੀ ਕਹੋਗੇ?**

**ਉਤਰ:** ਦੋਵੇਂ ਧਿਰਾਂ ਪਦਾਰਥਵਾਦੀ ਦਰਸ਼ਨ ਵਿਚ ਵਿਸ਼ਵਾਸ ਰੱਖਦੀਆਂ ਹਨ ਅਤੇ ਲੁਟੇਰੀ ਜਮਾਤ ਦਾ ਖਾਤਮਾ ਚਾਹੁੰਦੀਆਂ ਹਨ। ਕਮਿਊਨਿਸਟਾਂ ਪਾਸ ਸੱਤਾ ਦੀ ਤਬਦੀਲੀ ਦਾ ਸਿਆਸੀ ਏਜੰਡਾ ਹੈ ਜਿਸ ਦਾ ਆਧਾਰ ਨਿਰੋਲ ਆਰਥਿਕਤਾ ਹੈ। ਅਸੀਂ ਸੋਚਦੇ ਹਾਂ ਕਿ ਜਦ ਤੱਕ ਲੋਕਾਂ ਦੀ ਸੋਚ ਨੂੰ ਵਿਗਿਆਨਕ ਸੇਧ ਨਹੀਂ ਮਿਲੇਗੀ, ਕੋਈ ਵੀ ਇਨਕਲਾਬ ਸਥਿਰ ਨਹੀਂ ਰਹੇਗਾ। ਕੁਝ ਮੁਲਕ ਹਨ ਜਿਥੇ ਭਾਵੇਂ ਕੋਈ ਇਨਕਲਾਬ ਨਹੀਂ ਆਇਆ, ਪਰ ਉਨ੍ਹਾਂ ਵਿਚ ਧਰਮ ਦੀ ਅਣਹੋਂਦ ਕਾਰਨ ਉਥੇ ਲੋਕ ਕਿਤੇ ਬਿਹਤਰ ਤੇ ਸ਼ਾਂਤੀਮਈ ਜ਼ਿੰਦਗੀ ਜਿਉਂ ਰਹੇ ਹਨ। ਨਾਰਵੇ, ਸਵੀਡਨ, ਨੀਦਰਲੈਂਡ, ਸਵਿਟਜ਼ਰਲੈਂਡ ਇਸ ਦੀਆਂ ਵਧੀਆ ਉਦਾਹਰਣਾਂ ਹਨ। ਅਸੀਂ ਸਮਝਦੇ ਹਾਂ ਕਿ ਲੋਕ ਪਹਿਲਾਂ ਆਪਣੀ ਲੁੱਟ ਦੇ ਕਾਰਨ ਸਮਝਣ। ਉਹ ਕਰਮਾਤਾਂ ਦੇ ਚੁੰਗਲ ਵਿਚੋਂ ਨਿਕਲ ਕੇ ਆਪਣੇ-ਆਪ ਤੇ ਵਿਸ਼ਵਾਸ ਕਰਨਾ ਸਿੱਖਣ। ਉਨ੍ਹਾਂ ਨੂੰ ਪਤਾ ਲੱਗੇ ਕਿ ਉਨ੍ਹਾਂ ਦੀ ਹੋਣੀ ਕੌਣ ਤੈਅ ਕਰਦਾ ਹੈ। ਕਮਿਊਨਿਸਟ ਇਨਕਲਾਬਾਂ



ਬਲਵਿੰਦਰ ਬਰਨਾਲਾ

ਤੋਂ ਬਾਅਦ ਵੀ ਆਪਣੀ ਗਰੀਬੀ ਨੂੰ ਕੋਸਣ ਦੀ ਬਜਾਏ ਉਹ ਪਿਛਲੇ ਕਰਮਾਂ ਨਾਲ ਜੋੜ ਕੇ ਸਬਰਾਂ ਦੀ ਘੁਟ ਭਰਦੇ ਹਨ। ਧਰਮ ਇਨ੍ਹਾਂ ਦੀ ਲੁੱਟ ਕਰਵਾਉਣ ਦਾ ਆਧਾਰ ਮੁਹੱਈਆ ਕਰ ਰਿਹਾ ਹੈ। ਲੁਟੇਰੀ ਰਾਜਨੀਤੀ, ਧਰਮ ਨੂੰ ਹਥਿਆਰ ਵਜੋਂ ਖੁੱਲ੍ਹ ਕੇ ਵਰਤ ਰਹੀ ਹੈ। ਅੱਜ ਲੋੜ ਆਰਥਿਕ ਤਬਦੀਲੀਆਂ ਨਾਲ ਸਭਿਆਚਾਰਕ ਅਤੇ ਸਮਾਜਕ ਸਰੋਕਾਰਾਂ ਨੂੰ ਵਿਗਿਆਨਿਕ ਮੋੜਾ ਦੇਣ ਦੀ ਹੈ।

**ਸਵਾਲ: ਭਾਰਤ ਵਿਚ ਆਮ ਆਦਮੀ ਪਾਰਟੀ ਦੇ ਉਭਾਰ ਨਾਲ ਕਿਸੇ ਵੱਡੀ ਤਬਦੀਲੀ ਦੀ ਸੰਭਾਵਨਾ ਹੈ?**

**ਉਤਰ:** ਮੈਂ ਰਾਜਨੀਤਿਕ ਤਬਦੀਲੀ ਵਿਚ ਵਿਸ਼ਵਾਸ ਰੱਖਦਾ ਹਾਂ। ਭ੍ਰਿਸ਼ਟਾਚਾਰ ਨੇ ਭਾਰਤ ਦੇ ਲੋਕਾਂ ਦਾ ਨੱਕ ਵਿਚ ਦਮ ਕੀਤਾ ਹੋਇਆ ਹੈ। ਪੈਸੇ ਵਾਲੇ ਵਰਗ ਦੇ ਕੰਮ ਹੋ ਰਹੇ ਹਨ ਤੇ ਗਰੀਬ ਦੀ ਹਾਲਤ ਤਰਸਯੋਗ ਹੈ। ਰਵਾਇਤੀ ਪਾਰਟੀਆਂ ਤੋਂ ਲੋਕ ਅੱਕ ਚੁੱਕੇ ਹਨ। ਨਰੇਂਦਰ ਮੋਦੀ ਦੇ ਅੱਛੇ ਦਿਨਾਂ ਦੀ ਆਸ ਦਿਵਾਉਣ ਵਾਲੇ ਨਾਅਰਿਆਂ ਦੀ ਫੂਕ ਨਿਕਲ ਚੁਕੀ ਹੈ। ਘਰ ਵਾਪਸੀ ਦੇ ਜਬਰੀ ਹਿੰਦੂ ਬਣਾਉਣ ਦੇ ਦਾਅ-ਪੇਚ ਵੀ ਫੇਲ੍ਹ ਹੋ ਰਹੇ ਹਨ। ਲੋਕ ਤੀਸਰੇ ਸਾਰਥਕ ਬਦਲ ਦੀ ਭਾਲ ਵਿਚ ਹਨ। ਅੰਨਾ ਹਜ਼ਾਰੇ ਦੀ ਭ੍ਰਿਸ਼ਟਚਾਰ ਵਿਰੋਧੀ ਲਹਿਰ ਚੋਂ ਨਿਕਲੇ ਸ੍ਰੀ ਅਰਵਿੰਦ ਕੇਜਰੀਵਾਲ ਦਿੱਲੀ ਵਿਚ ਚੰਗੀ ਕਾਰਗੁਜ਼ਾਰੀ ਕਰ ਰਹੇ ਹਨ, ਪਰ ਭਾਰਤੀ ਜਮੂਹਰੀਅਤ ਦੀਆਂ ਆਪਣੀਆਂ ਮਜਬੂਰੀਆਂ ਹਨ। ਸ੍ਰੀ ਕੇਜਰੀਵਾਲ ਨੂੰ ਵੀ ਧਰਮ ਦੀ ਆੜ ਲੈਣੀ ਪੈ ਰਹੀ ਹੈ ਜਿਹੜਾ ਰਵਾਇਤੀ ਪਾਰਟੀਆਂ ਦਾ ਵੀ ਚੋਣ ਹਥਿਆਰ ਹੈ। ਹੁਣ ਰਵਾਇਤੀ ਪਾਰਟੀਆਂ ਚੋਂ ਦਲ ਬਦਲੀ ਕਰ ਕੇ ਆ ਰਹੇ ਲੀਡਰਾਂ ਦੀ ਵੀ ਪਾਰਟੀ ਵਿਚ ਸ਼ਮੂਲੀਅਤ ਦੇ ਰਾਹ ਖੁੱਲ੍ਹ ਚੁੱਕੇ ਹਨ। ਇਹ ਸਾਰਾ ਕੁਝ ਚੋਣਾਂ ਜਿੱਤਣ ਦੇ ਮਕਸਦ ਨਾਲ ਹੋ ਰਿਹਾ। ਦਿੱਲੀ ਵਿਚ ਇਹ ਵਰਤਾਰਾ ਦੇਖਣ ਨੂੰ ਘਟ ਮਿਲਿਆ ਪਰ ਪੰਜਾਬ ਵਿਚ ਆਮ ਮਿਲ ਰਿਹਾ ਹੈ। ਇਹ ਸਿਧਾਂਤਹੀਣ ਰਾਜਨੀਤੀ ਦੇ ਸੰਕੇਤ ਹਨ ਜੋ ਵਕਤੀ ਲਾਹਾ ਦੇ ਸਕਦੇ ਹਨ ਪਰ ਭਵਿਖ ਲਈ ਕਾਫੀ ਘਾਤਕ ਸਿੱਧ ਹੋਣਗੇ। ਪ

'ਜਾਬ ਵਿਚ ਡਾਕਟਰ ਧਰਮਵੀਰ ਗਾਂਧੀ ਜਿਹੇ ਇਮਾਨਦਾਰ ਤੇ ਸਿਧਾਂਤਵਾਦੀ ਲੀਡਰਾਂ ਨੂੰ ਲਾਂਭੇ ਕਰਨਾ 'ਆਪ' ਲਈ ਪੰਜਾਬ ਵਿਚ ਮਹਿੰਗਾ ਸਾਬਤ ਹੋ ਸਕਦਾ ਹੈ। ਲੋਕ ਸਭਾ ਚੋਣਾਂ ਵਿਚ 'ਆਪ' ਪਾਰਟੀ ਦੀ ਕਾਰਗੁਜ਼ਾਰੀ ਅੱਛੀ ਰਹੀ ਤੇ ਇਸ ਨੇ ਵੋਟਾਂ ਦਾ 24.7 ਪ੍ਰਤੀਸ਼ਤ ਹਾਸਲ ਕੀਤਾ ਜੋ ਅਕਾਲੀਆਂ ਦੇ ਬਰਾਬਰ ਰਿਹਾ। ਕਾਂਗਰਸ ਨੇ ਮਾੜੀ ਹਾਲਤ ਵਿਚ ਵੀ ਇਕੱਲਿਆਂ, 34 ਪ੍ਰਤੀਸ਼ਤ ਤੋਂ ਉਪਰ ਵੋਟਾਂ ਹਾਸਲ ਕੀਤੀਆਂ। ਹੁਣ ਕਾਂਗਰਸ ਲਈ ਸਾਜ਼ਗਾਰ ਹਾਲਤ ਬਣੇ ਹੋਏ ਹਨ ਤੇ ਉਹ ਕੈਪਟਨ ਅਮਰਿੰਦਰ ਸਿੰਘ ਦੇ ਪ੍ਰਭਾਵ ਦਾ ਲਾਹਾ ਲਵੇਗੀ। ਆਮ ਆਦਮੀ ਪਾਰਟੀ ਵਿਚ ਪਈ ਫੁੱਟ ਇਸ ਦੀ ਲਹਿਰ ਉਤੇ ਅਸਰ ਪਾ ਰਹੀ ਹੈ। ਹੁਣ ਅਕਾਲੀ ਵਿਰੋਧੀ ਵੋਟਾਂ ਦਾ ਲਾਹਾ ਕਿਸ ਨੂੰ ਵਧੇਰੇ ਮਿਲੇਗਾ, ਸਮਾਂ ਹੀ ਦੱਸੇਗਾ। ਆਮ ਆਦਮੀ ਪਾਰਟੀ ਦੀ ਪੰਜਾਬ ਵਿਚ ਕਾਰਗੁਜ਼ਾਰੀ ਉਸ ਦੀ ਕੌਮੀ ਪੱਧਰ ਉਭਾਰ 'ਤੇ ਵੀ ਅਸਰ ਪਾਵੇਗੀ। ਸੋ ਅਜੇ ਇਸ ਤੋਂ ਕਿਸੇ ਵੱਡੀ ਤਬਦੀਲੀ ਬਾਰੇ ਸੋਚਣਾ ਅਜੇ ਸਮੇਂ ਦੇ ਗਰਭ ਵਿਚ ਪਿਆ ਹੈ। ਕੇਵਲ ਭ੍ਰਿਸ਼ਟਾਚਾਰ ਦਾ ਮੁੱਦਾ ਭਾਰਤ ਦੇ ਲੋਕਾਂ ਦੀ ਗਰੀਬੀ ਦੀ ਕਾਇਆ ਕਲਪ ਨਹੀਂ ਕਰ ਸਕਦਾ। ਕੇਜਰੀਵਾਲ ਨੂੰ ਪਾਰਟੀ ਨੂੰ ਕੋਈ ਸਿਧਾਂਤਕ ਦਿਸ਼ਾ ਦੇਣੀ ਪਵੇਗੀ।

*ਲੋਕ ਤੀਸਰੇ ਸਾਰਥਕ ਬਦਲ ਦੀ ਭਾਲ ਵਿਚ ਹਨ। ਅੰਨਾ ਹਜ਼ਾਰੇ ਦੀ ਭ੍ਰਿਸ਼ਟਚਾਰ ਵਿਰੋਧੀ ਲਹਿਰ ਚੋਂ ਨਿਕਲੇ ਸ੍ਰੀ ਅਰਵਿੰਦ ਕੇਜਰੀਵਾਲ ਦਿੱਲੀ ਵਿਚ ਚੰਗੀ ਕਾਰਗੁਜ਼ਾਰੀ ਕਰ ਰਹੇ ਹਨ, ਪਰ ਭਾਰਤੀ ਜਮੂਹਰੀਅਤ ਦੀਆਂ ਆਪਣੀਆਂ ਮਜਬੂਰੀਆਂ ਹਨ। ਸ੍ਰੀ ਕੇਜਰੀਵਾਲ ਨੂੰ ਵੀ ਧਰਮ ਦੀ ਆੜ ਲੈਣੀ ਪੈ ਰਹੀ ਹੈ ਜਿਹੜਾ ਰਵਾਇਤੀ ਪਾਰਟੀਆਂ ਦਾ ਵੀ ਚੋਣ ਹਥਿਆਰ ਹੈ। ਹੁਣ ਰਵਾਇਤੀ ਪਾਰਟੀਆਂ ਚੋਂ ਦਲ ਬਦਲੀ ਕਰ ਕੇ ਆ ਰਹੇ ਲੀਡਰਾਂ ਦੀ ਵੀ ਪਾਰਟੀ ਵਿਚ ਸ਼ਮੂਲੀਅਤ ਦੇ ਰਾਹ ਖੁੱਲ੍ਹ ਚੁੱਕੇ ਹਨ। ਇਹ ਸਾਰਾ ਕੁਝ ਚੋਣਾਂ ਜਿੱਤਣ ਦੇ ਮਕਸਦ ਨਾਲ ਹੋ ਰਿਹਾ। ਦਿੱਲੀ ਵਿਚ ਇਹ ਵਰਤਾਰਾ ਦੇਖਣ ਨੂੰ ਘਟ ਮਿਲਿਆ ਪਰ ਪੰਜਾਬ ਵਿਚ ਆਮ ਮਿਲ ਰਿਹਾ ਹੈ। ਇਹ ਸਿਧਾਂਤਹੀਣ ਰਾਜਨੀਤੀ ਦੇ ਸੰਕੇਤ ਹਨ ਜੋ ਵਕਤੀ ਲਾਹਾ ਦੇ ਸਕਦੇ ਹਨ ਪਰ ਭਵਿਖ ਲਈ ਕਾਫੀ ਘਾਤਕ ਸਿੱਧ ਹੋਣਗੇ।*

## ਐਮਰਜੈਂਸੀ ਅਤੇ 'ਕੱਖ-ਕਾਨਾਂ' ਦੀ ਵਾਰੀ-5

# ਆ ਗਏ ਲਾਲ ਪਗੜੀਆਂ ਵਾਲੇ

***'ਐਮਰਜੈਂਸੀ ਤੇ ਕੱਖ-ਕਾਨਾਂ ਦੀ ਵਾਰੀ' ਲੇਖ ਲੜੀ ਵਿਚ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਐਮਰਜੈਂਸੀ ਨਾਲ ਜੁੜੀਆਂ ਯਾਦਾਂ ਦਾ ਵਰਕਾ ਫਰੋਲਿਆ ਹੈ। ਉਹ ਅਜਿਹਾ ਵਕਤ ਸੀ ਜਦੋਂ ਵਿਰੋਧ ਦੀ ਹਰ ਆਵਾਜ਼ ਨੂੰ ਬੰਦ ਕਰਨ ਦਾ ਹੀਲਾ ਕੇਂਦਰ ਸਰਕਾਰ ਨੇ ਕੀਤਾ ਸੀ। ਬਹੁਤ ਸਾਰੇ ਆਗੂਆਂ, ਪੱਤਰਕਾਰਾਂ, ਲੇਖਕਾਂ ਤੇ ਬੁੱਧੀਜੀਵੀਆਂ ਉਤੇ ਵੱਖ-ਵੱਖ ਕੇਸ ਪਾ ਕੇ ਉਨ੍ਹਾਂ ਨੂੰ ਜੇਲ੍ਹਾਂ ਅੰਦਰ ਡੱਕ ਦਿੱਤਾ ਗਿਆ। ਵਰਿਆਮ ਸਿੰਘ ਸੰਧੂ ਨੇ ਇਸ ਲੰਮੀ ਲੇਖ ਲੜੀ ਵਿਚ ਇਸ ਜੇਲ੍ਹ ਯਾਤਰਾ ਦੇ ਹਵਾਲੇ ਨਾਲ ਆਪਣੇ ਸਮਾਜ ਅਤੇ ਸਿਸਟਮ ਬਾਰੇ ਸਾਰਥਕ ਟਿੱਪਣੀਆਂ ਕੀਤੀਆਂ ਹਨ। ਇਨ੍ਹਾਂ ਟਿੱਪਣੀਆਂ ਵਿਚ ਬਤੌਰ ਲੇਖਕ ਉਨ੍ਹਾਂ ਆਵਾਮ ਦੇ ਸਰੋਕਾਰ ਸਾਂਝੇ ਕੀਤੇ ਹਨ। 'ਆ ਗਏ ਲਾਲ ਪਗੜੀਆਂ ਵਾਲੇ' ਵਿਚ ਪੁਲਿਸ ਕਾਰਵਾਈ ਦਾ ਜ਼ਿਕਰ ਕੀਤਾ ਗਿਆ ਹੈ। -ਸੰਪਾਦਕ***

"ਤੁਹਾਡਾ ਨਾਂ ਵਰਿਆਮ ਸਿੰਘ ਹੀ ਹੈ?"

ਕੁੰਢੀਆਂ ਮੁੱਛਾਂ ਵਾਲੇ ਪੁਲਿਸ ਇੰਸਪੈਕਟਰ ਨੇ ਅਚਨਚੇਤ ਮੇਰੇ ਸਾਹਮਣੇ ਆ ਕੇ ਪੁੱਛਿਆ। ਉਹਦੇ ਨਾਲ ਏ ਐਸ ਆਈ, ਹਵਾਲਦਾਰ ਅਤੇ ਦੋ ਤਿੰਨ ਸਿਪਾਹੀ ਹੋਰ ਵੀ ਸਨ।

ਇਹ 24 ਦਸੰਬਰ 1975 ਦਾ ਠਰਿਆ ਹੋਇਆ ਦਿਨ ਸੀ। ਮੈਂ ਐਮਰਜੈਂਸੀ ਵਿਚ ਪਹਿਲਾਂ ਬਣੇ 'ਰਾਜ ਬਨਾਮ ਵਰਿਆਮ ਸਿੰਘ' ਕੇਸ ਅਧੀਨ ਗ੍ਰਿਫ਼ਤਾਰ ਹੋਣ ਪਿੱਛੋਂ ਜ਼ਮਾਨਤ 'ਤੇ ਬਾਹਰ ਆਇਆ ਹੋਇਆ ਸਾਂ ਅਤੇ ਅੱਜ ਇਸੇ ਕੇਸ ਦੀ ਤਰੀਕ ਭੁਗਤਣ ਲਈ ਗਰਮ ਸੂਟ ਪਹਿਨ ਕੇ, ਟਾਈ ਲਾ ਕੇ ਅਤੇ ਪੂਰਾ 'ਸਜ-ਸੰਵਰ' ਕੇ ਪੱਟੀ ਦੀ ਕਚਹਿਰੀ ਦੇ ਅਹਾਤੇ ਵਿਚ ਖਲੋਤਾ ਆਪਣੇ ਸਾਥੀ ਰਘਬੀਰ ਸਿੰਘ ਦੀ ਜੇਲ੍ਹ ਵਿਚੋਂ ਲਿਆਏ ਜਾਣ ਦੀ ਉਡੀਕ ਕਰ ਰਿਹਾ ਸਾਂ (ਸਾਨੂੰ ਇੱਕੋ ਕੇਸ



**ਵਰਿਆਮ ਸਿੰਘ ਸੰਧੂ**
**ਫੋਨ: 416-918-5212**

ਵਿਚ ਫੜਿਆ ਗਿਆ ਹੋਣ ਕਰ ਕੇ ਆਵਾਜ਼ ਪੈਣ 'ਤੇ ਇਕੱਠਿਆਂ ਹੀ ਅਦਾਲਤ ਵਿਚ ਪੇਸ਼ ਕੀਤਾ ਜਾਣਾ ਸੀ) ਕਿ ਇਹ ਪੁਲਿਸੀ-ਧਾੜ ਇੱਕ ਦਮ ਮੇਰੇ ਸਾਹਮਣੇ ਆਣ ਧਮਕੀ।

ਉਹਨੂੰ ਕਿਹੜਾ ਮੇਰੇ ਨਾਂ ਦਾ ਕੋਈ ਭੁਲੇਖਾ ਸੀ! ਕਚਹਿਰੀਆਂ ਵਿਚਲੀ ਏਨੀ ਵੰਨ-ਸੁਵੰਨੀ ਭੀੜ ਵਿਚੋਂ ਉਸ ਨੇ ਮੈਨੂੰ ਐਵੇਂ 'ਅਟ-ਸਟੇ' ਨਾਲ ਤਾਂ ਪਛਾਣਿਆਂ ਨਹੀਂ ਸੀ!

ਮੈਂ ਹਾਮੀ ਭਰੀ ਤਾਂ ਬੜੀ ਨਰਮੀ ਨਾਲ ਕਹਿੰਦਾ, "ਆਪਾਂ ਜ਼ਰਾ ਆਹ ਡੀ ਐਸ ਪੀ ਸਾਹਿਬ ਦੇ ਦਫ਼ਤਰ ਤੱਕ ਜਾਣਾ ਹੈ। ਉਹ ਤੁਹਾਨੂੰ ਕਿਸੇ ਕੰਮ ਲਈ ਮਿਲਣਾ ਚਾਹੁੰਦੇ ਨੇ।"

ਮੈਂ ਉਜਰ ਕੀਤਾ ਕਿ ਜੇ ਪਿੱਛੋਂ ਮੈਨੂੰ ਮੇਰੀ ਤਰੀਕ ਦੀ ਆਵਾਜ਼ ਪੈ ਗਈ ਤਾਂ ਮੇਰੀ ਗ਼ੈਰ-ਹਾਜ਼ਰੀ ਲੱਗ ਜਾਵੇਗੀ। ਉਸ ਕਿਹਾ ਕਿ ਉਸ ਨੇ ਐਸ ਡੀ ਐਮ ਦੇ ਰੀਡਰ ਤੋਂ ਸਾਰਾ ਪਤਾ ਕਰ ਲਿਆ ਹੈ। ਮੈਨੂੰ ਘੰਟੇ ਤੋਂ ਪਹਿਲਾਂ ਆਵਾਜ਼ ਨਹੀਂ ਪੈਣ ਲੱਗੀ। ਏਨੇ ਚਿਰ ਵਿਚ ਤਾਂ ਅਸੀਂ ਡੀ ਐਸ ਪੀ ਨੂੰ ਚਾਰ ਵਾਰ ਮਿਲ ਕੇ ਆ ਸਕਦੇ ਹਾਂ!

ਮੈਨੂੰ ਭਾਵੇਂ ਉਸ ਦੇ ਬੋਲਾਂ ਵਿਚਲੀ ਸੱਚਾਈ 'ਤੇ ਬਿਲਕੁਲ ਭਰੋਸਾ ਨਹੀਂ ਸੀ ਪਰ ਕਰ ਵੀ ਕੀ ਸਕਦਾ ਸਾਂ! ਨਾ ਜਾਣ ਦੀ ਜ਼ਿਦ ਕਰਦਾ ਤਾਂ ਉਹ ਜ਼ਬਰਦਸਤੀ ਵੀ ਕਰ ਸਕਦੇ ਸਨ। ਸਾਡੀ ਤਰੀਕ ਕਾਰਨ ਸਾਨੂੰ ਕਚਹਿਰੀਆਂ ਵਿਚ ਮਿਲਣ ਆਉਣ ਵਾਲੇ ਦੋਸਤਾਂ ਵਿਚੋਂ ਅਜੇ ਇੱਕ ਜਣਾ ਹੀ ਹਾਲ ਦੀ ਘੜੀ ਪੁੱਜਾ ਸੀ। ਉਹਨੂੰ ਆਪਣੇ ਪਿੱਛੇ ਪਿੱਛੇ ਆਉਣ ਲਈ ਆਖ ਕੇ ਮੈਂ ਉਨ੍ਹਾਂ ਦੇ ਨਾਲ ਤੁਰ ਪਿਆ। ਕਚਹਿਰੀਆਂ ਦੇ ਪਿਛਲੇ ਪਾਸੇ ਸਫ਼ੈਦਿਆਂ ਦੇ ਸੰਘਣੇ ਝੁੰਡ ਵਿਚ ਉਨ੍ਹਾਂ ਨੇ ਟਰੱਕ ਖੜ੍ਹਾ ਕੀਤਾ ਹੋਇਆ ਸੀ। ਮੈਂ ਅੱਗਿਉਂ ਵਾਪਰਨ ਵਾਲੀ ਹੋਣੀ ਤੋਂ ਸੁਚੇਤ ਹੋ ਕੇ ਆਪਣਾ ਬਟੂਆ ਕੱਢ ਕੇ ਆਪਣੇ ਮਿੱਤਰ ਨੂੰ ਫੜਾ ਦਿੱਤਾ ਅਤੇ ਉਹਨੂੰ ਸਾਰਾ ਕੁਝ ਹੋਰ ਦੋਸਤਾਂ ਅਤੇ ਮੇਰੇ ਘਰ ਵਾਲਿਆਂ ਨੂੰ ਦੱਸ ਦੇਣ ਲਈ ਆਖ ਕੇ ਟਰੱਕ ਵਿਚ ਬੈਠ ਗਿਆ।

ਟਰੱਕ ਡਰਾਈਵਰ ਨਾਲ ਲੱਗਦੀ ਸੀਟ ਉਤੇ, ਅੱਗੇ ਕਰ ਕੇ ਮੈਨੂੰ ਬਿਠਾ ਕੇ ਵੱਡਾ ਅਤੇ ਛੋਟਾ ਥਾਣੇਦਾਰ ਮੇਰੇ ਨਾਲ ਹੀ ਬੈਠ ਗਏ। ਟਰੱਕ ਮੋੜ ਮੁੜ ਕੇ ਤਰਨਤਾਰਨ-ਅੰਮ੍ਰਿਤਸਰ ਸੜਕੇ ਪੈ ਗਿਆ। ਇਸੇ ਸੜਕ 'ਤੇ ਡੀ ਐਸ ਪੀ ਦਾ ਦਫ਼ਤਰ ਸੀ, ਪਰ ਟਰੱਕ ਉਥੇ ਰੁਕਣ ਦੀ ਥਾਂ ਅੱਗੇ ਲੰਘ ਗਿਆ।

ਮੈਂ ਆਪਣੀ ਹੋਣੀ ਬਾਰੇ ਜਾਣਕਾਰੀ ਲੈਣੀ ਚਾਹੀ, "ਮੈਨੂੰ ਦੱਸੋ ਤਾਂ ਸਹੀ ਕਿ ਮੈਨੂੰ ਕਿੱਥੇ ਤੇ ਕਿਉਂ ਲਿਜਾ ਰਹੇ ਓ? ਭੱਜ ਤਾਂ ਮੈਂ ਹੁਣ ਕਿਤੇ ਚੱਲਿਆ ਨਹੀਂ।"

ਦੋਵਾਂ ਨੇ ਸਾਜ਼ਿਸ਼ੀ ਚੁੱਪ ਅਖ਼ਤਿਆਰ ਕੀਤੀ ਰੱਖੀ।

ਟਰੱਕ ਚਲਦਾ ਗਿਆ ਅਤੇ ਉਸ ਤੋਂ ਕਿਤੇ ਤੇਜ਼ ਮੇਰਾ ਮਨ ਦੌੜਨ ਲੱਗਾ। ਮੈਨੂੰ ਜ਼ਮਾਨਤ 'ਤੇ ਬਾਹਰ ਆਉਣ ਦਾ ਪਛਤਾਵਾ ਹੋਣ ਲੱਗਾ। ਸਾਰੇ ਕਾਨੂੰਨੀ ਅਮਲ ਦੀ ਸਮਝ ਨਾ ਹੋਣ ਤੇ ਅਣਜਾਣਪੁਣੇ ਕਰ ਕੇ ਜਿਹੜੀ ਗੱਲ ਦਾ ਮੈਨੂੰ ਫ਼ਿਕਰ ਵੱਢ-ਵੱਢ ਖਾਣ ਲੱਗਾ, ਉਹ ਸੀ ਕਿ ਅੱਜ ਅਦਾਲਤ ਵਿਚੋਂ ਗ਼ੈਰ-ਹਾਜ਼ਰ ਹੋਣ ਕਰ ਕੇ ਮੇਰੇ ਜ਼ਮਾਨਤੀਏ ਨੂੰ ਕਿਤੇ ਜ਼ਮਾਨਤ ਨਾ ਪੈ ਜਾਵੇ! ਅਜਾਇਬ ਸਿੰਘ ਨੂੰ ਝੂਠਾ ਨਾ ਹੋਣਾ ਪਵੇ! ਮੇਰੇ ਕਰ ਕੇ ਮੇਰੇ ਆਪਣਿਆਂ ਦਾ ਨੁਕਸਾਨ ਨਾ ਹੋ ਜਾਵੇ! ਜੇਲ੍ਹ 'ਚ ਤਾਂ ਮੈਂ ਅੱਗੇ ਸਾਂ ਹੀ, ਜੇ ਹੁਣ ਵੀ ਚਲੇ ਜਾਵਾਂਗਾ ਤਾਂ ਕੋਈ ਫਰਕ ਨਹੀਂ ਸੀ ਪੈਣ ਲੱਗਾ!

ਲੰਮੇ ਪੰਧ 'ਤੇ ਪਿਆ ਜਾਣ ਮੈਂ ਜ਼ਮਾਨਤ ਵਾਲੀ ਗੱਲ ਉਨ੍ਹਾਂ ਨੂੰ ਪੁੱਛੀ। ਉਨ੍ਹਾਂ ਮੈਨੂੰ ਇਸ ਪੱਖੋਂ ਬੇਫ਼ਿਕਰ ਰਹਿਣ ਲਈ ਕਿਹਾ।

"ਤੁਸੀਂ ਕਿਹੜਾ ਭਗੌੜੇ ਹੋ ਗਏ ਓ! ਅਸੀਂ ਆਪ ਤੁਹਾਨੂੰ ਲੈ ਕੇ ਚੱਲੇ ਆਂ।"

ਇਸ ਤੋਂ ਵੱਧ ਕੋਈ ਹੋਰ ਵਿਸਥਾਰ ਦੇਣਾ ਉਨ੍ਹਾਂ ਮੁਨਾਸਬ ਨਾ ਸਮਝਿਆ।

ਇਹ ਤਾਂ ਨਿਸਚਿਤ ਸੀ ਕਿ ਮੈਨੂੰ ਫਿਰ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਸੀ, ਪਰ ਲਿਜਾ ਕਿੱਥੇ ਰਹੇ ਸਨ! ਉਨ੍ਹਾਂ ਦੀ ਰਹੱਸਮਈ ਚੁੱਪ ਹੋਰ ਵੀ ਖ਼ਤਰਨਾਕ ਲੱਗਦੀ ਸੀ। ਉਹ ਕਿਸੇ ਤਰ੍ਹਾਂ ਦੀ ਵੀ ਗੱਲਬਾਤ ਕਰ ਕੇ ਮੇਰੇ ਨਾਲ ਖੁੱਲ੍ਹਣਾ ਨਹੀਂ ਸਨ ਚਾਹੁੰਦੇ।

ਸੜਕ ਕੰਢੇ ਇੱਕ ਸਕੂਲ ਵਿਚ ਮੇਜ਼ ਦੁਆਲੇ ਇੱਕ ਅਧਿਆਪਕਾ ਅਤੇ ਇਕ-ਦੋ ਅਧਿਆਪਕ ਬੈਠੇ ਹੋਏ ਸਨ।

"ਵੇਖ ਭੈਣ ਚੋ' ਮਾਸਟਰਾਂ ਨੂੰ ਕਿਆ ਮੌਜਾਂ ਲੱਗੀਆਂ! ਮਾਸਟਰਾਣੀਆਂ ਦੀਆਂ ਲੱਤਾਂ 'ਚ ਲੱਤਾਂ ਅੜਾ ਕੇ ਬੈਠੇ ਰਹਿੰਦੇ ਨੇ!" ਛੋਟੇ ਥਾਣੇਦਾਰ ਨੇ ਵੱਡੇ ਨੂੰ ਆਖਿਆ। ਜਵਾਬ ਵਿਚ ਹੱਸ ਰਹੇ ਵੱਡੇ ਥਾਣੇਦਾਰ ਦੀ ਗੋਗੜ ਹਿੱਲਣ ਲੱਗੀ। ਅਚਨਚੇਤ ਸ਼ਾਇਦ ਉਨ੍ਹਾਂ ਨੂੰ ਮੇਰੇ ਵੀ 'ਮਾਸਟਰ' ਹੋਣ ਦਾ ਖ਼ਿਆਲ ਆ ਗਿਆ।

"ਕਿਉਂ ਜੀ ਤੁਸੀਂ ਵੀ ਕਦੀ ਇਹ ਮੌਜ ਲਈ ਹੈ ਕਿ ਨਹੀਂ? ਲੈਂਦੇ ਹੋਵੋਗੇ। ਜ਼ਰੂਰ ਲੈਂਦੇ ਹੋਵੋਗੇ। ਹਾ! ਹਾ! ਹਾ!" ਛੋਟਾ ਥਾਣੇਦਾਰ ਥੋੜ੍ਹਾ ਮਸਤ ਗਿਆ ਸੀ, ਪਰ ਵੱਡੇ ਥਾਣੇਦਾਰ ਨੇ ਗੰਭੀਰ ਹੋ ਕੇ ਗੱਲ ਨੂੰ ਦੂਜੇ ਪਾਸੇ ਮੋੜ ਦੇ ਦਿੱਤਾ।

"ਨੌਕਰੀ ਤੋਂ ਤਾਂ ਤੁਸੀਂ ਹੁਣ ਸਸਪੈਂਡ ਹੋ ਗਏ ਹੋਵੋਗੇ! ਕੋਈ ਨਹੀਂ, ਬਹਾਲ ਵੀ ਹੋ ਜਾਓਗੇ।" ਉਹਨੇ ਝੂਠ-ਮੂਠ ਧਰਵਾਸ ਦਿੱਤਾ।

ਜ਼ਮਾਨਤ 'ਤੇ ਬਾਹਰ ਆਉਣ ਤੋਂ ਬਾਅਦ ਮੈਂ ਸਭ ਤੋਂ ਪਹਿਲਾਂ ਆਪਣੀ ਸਕੂਲ ਦੀ ਡਿਊਟੀ ਬਾਰੇ ਪਤਾ ਕੀਤਾ ਸੀ। ਜਿਸ ਦਿਨ ਮੈਂ ਗ੍ਰਿਫ਼ਤਾਰ ਹੋਇਆ ਸਾਂ; ਨਿਯਮ ਅਨੁਸਾਰ ਮੇਰੇ ਸਕੂਲ ਅਧਿਕਾਰੀਆਂ ਨੇ ਮੇਰੀ ਗ੍ਰਿਫ਼ਤਾਰੀ ਦੀ ਸੂਚਨਾ ਜ਼ਿਲ੍ਹਾ ਸਿੱਖਿਆ ਦਫ਼ਤਰ ਵਿਚ ਪਹੁੰਚਾ ਦਿੱਤੀ ਸੀ, ਪਰ ਉਚ ਅਧਿਕਾਰੀਆਂ ਨੇ ਮੇਰੇ ਨਾਲ ਕੀਤੇ ਜਾਣ ਵਾਲੇ 'ਅਗਲੇ ਸਲੂਕ' ਬਾਰੇ ਅਜੇ ਤੱਕ ਕੋਈ ਜਵਾਬ ਹੀ ਨਹੀਂ ਸੀ ਦਿੱਤਾ। ਕੇਸ ਅਜੇ ਚੱਲ ਰਿਹਾ ਸੀ। ਮੈਂ ਤਰੀਕਾਂ ਭੁਗਤ ਰਿਹਾ ਸਾਂ। ਇਸ ਸਥਿਤੀ ਵਿਚ ਮੈਂ ਆਪ ਹੀ ਸੋਚਿਆ ਕਿ ਆਪਣੀ ਨੌਕਰੀ ਦਾ ਮਸਲਾ ਹਾਲ ਦੀ ਘੜੀ ਪਾਸੇ ਰੱਖ ਦੇਣਾ ਚਾਹੀਦਾ ਹੈ ਅਤੇ ਆਪਣੇ ਆਪ ਨੂੰ ਹਾਲਾਤ ਦੇ ਹਵਾਲੇ ਕਰ ਦੇਣਾ ਹੀ ਠੀਕ ਹੈ।

ਤੇ ਹੁਣ ਮੈਂ ਉਸੇ 'ਹਾਲਾਤ ਦੇ ਹਵਾਲੇ' ਸਾਂ। ਟਰੱਕ ਤਰਨਤਾਰਨ ਲੰਘ ਕੇ ਜੰਡਿਆਲਾ ਰੋਡ 'ਤੇ ਜਾ ਰਿਹਾ ਸੀ। ਨਕਸਲਬਾੜੀ ਲਹਿਰ ਦੇ ਸਿਖ਼ਰਲੇ ਦਿਨਾਂ ਵਿਚ ਅਣਜਾਣੀਆਂ ਥਾਵਾਂ 'ਤੇ ਲਿਜਾ ਕੇ ਇਨਕਲਾਬੀਆਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰ ਦੇਣ ਦਾ ਖ਼ਿਆਲ ਆਇਆ ਤਾਂ ਮੇਰੇ ਕੰਨ ਇੱਕ ਪਲ ਲਈ ਤਾਂ 'ਸਾਂ ਸਾਂ' ਕਰਨ ਲੱਗੇ।



***ਟਰੱਕ ਚਲਦਾ ਗਿਆ ਅਤੇ ਉਸ ਤੋਂ ਕਿਤੇ ਤੇਜ਼ ਮੇਰਾ ਮਨ ਦੌੜਨ ਲੱਗਾ। ਮੈਨੂੰ ਜ਼ਮਾਨਤ 'ਤੇ ਬਾਹਰ ਆਉਣ ਦਾ ਪਛਤਾਵਾ ਹੋਣ ਲੱਗਾ। ਸਾਰੇ ਕਾਨੂੰਨੀ ਅਮਲ ਦੀ ਸਮਝ ਨਾ ਹੋਣ ਤੇ ਅਣਜਾਣਪੁਣੇ ਕਰ ਕੇ ਜਿਹੜੀ ਗੱਲ ਦਾ ਮੈਨੂੰ ਫ਼ਿਕਰ ਵੱਢ-ਵੱਢ ਖਾਣ ਲੱਗਾ, ਉਹ ਸੀ ਕਿ ਅੱਜ ਅਦਾਲਤ ਵਿਚੋਂ ਗ਼ੈਰ-ਹਾਜ਼ਰ ਹੋਣ ਕਰ ਕੇ ਮੇਰੇ ਜ਼ਮਾਨਤੀਏ ਨੂੰ ਕਿਤੇ ਜ਼ਮਾਨਤ ਨਾ ਪੈ ਜਾਵੇ! ਅਜਾਇਬ ਸਿੰਘ ਨੂੰ ਝੂਠਾ ਨਾ ਹੋਣਾ ਪਵੇ! ਮੇਰੇ ਕਰ ਕੇ ਮੇਰੇ ਆਪਣਿਆਂ ਦਾ ਨੁਕਸਾਨ ਨਾ ਹੋ ਜਾਵੇ! ਜੇਲ੍ਹ 'ਚ ਤਾਂ ਮੈਂ ਅੱਗੇ ਸਾਂ ਹੀ, ਜੇ ਹੁਣ ਵੀ ਚਲੇ ਜਾਵਾਂਗਾ ਤਾਂ ਕੋਈ ਫਰਕ ਨਹੀਂ ਸੀ ਪੈਣ ਲੱਗਾ!... ਲੰਮੇ ਪੰਧ 'ਤੇ ਪਿਆ ਜਾਣ ਮੈਂ ਜ਼ਮਾਨਤ ਵਾਲੀ ਗੱਲ ਉਨ੍ਹਾਂ ਨੂੰ ਪੁੱਛੀ। ਉਨ੍ਹਾਂ ਮੈਨੂੰ ਇਸ ਪੱਖੋਂ ਬੇਫ਼ਿਕਰ ਰਹਿਣ ਲਈ ਕਿਹਾ।***

ਜੰਡਿਆਲੇ ਤੋਂ ਜੀ ਟੀ ਰੋਡ 'ਤੇ ਚੜ੍ਹ ਕੇ ਅਜੇ ਟਾਂਗਰੇ ਕੋਲ ਪੁੱਜੇ ਹੋਵਾਂਗੇ ਕਿ ਵੱਡਾ ਥਾਣੇਦਾਰ ਪੁੱਛਣ ਲੱਗਾ, "ਮਾਸਟਰ ਜੀ! ਬਲਬੀਰ ਨੂੰ ਕਦੋਂ ਤੋਂ ਜਾਣਦੇ ਓ?"

ਤਾਂ ਇਹ ਗੱਲ ਸੀ!

ਬਲਬੀਰ ਪਿਛਲੇ ਦਿਨੀਂ ਮਹਿਤੇ ਕੋਲ ਪੈਂਦੇ ਪਿੰਡ ਬੁੱਟਰ ਦੇ ਸਕੂਲ ਦੇ ਬਾਹਰ ਐਮਰਜੈਂਸੀ ਖ਼ਿਲਾਫ਼ ਸਕੂਲ ਵਿਚ ਹੀ ਦੋਵਰਕੀਆਂ ਵੰਡਦਾ ਸਕੂਲ ਦੇ ਕਾਂਗਰਸੀ ਹੈਡਮਾਸਟਰ ਵੱਲੋਂ ਹੱਲਾਸ਼ੇਰੀ ਦੇਣ ਕਰ ਕੇ ਸਕੂਲ ਦੇ ਵਿਦਿਆਰਥੀਆਂ ਨੇ ਫੜ ਲਿਆ ਸੀ ਅਤੇ 'ਸਰਕਾਰੀ ਵਫ਼ਾਦਾਰੀ' ਨਿਭਾਉਂਦਿਆਂ ਉਹਨੂੰ ਪੁਲਿਸ ਕੋਲ ਫੜਾ ਦਿੱਤਾ ਸੀ। ਪੁਲਿਸ ਨੇ ਡੂੰਘੀ ਪੁੱਛ-ਗਿੱਛ ਕਰਨ ਲਈ ਉਹਨੂੰ ਇੰਟੈਰੋਗੇਸ਼ਨ ਸੈਂਟਰ ਭੇਜ ਦਿੱਤਾ ਸੀ। ਇੰਟੈਰੋਗੇਸ਼ਨ ਸੈਂਟਰ ਵਿਚ ਉਸ ਕੋਲੋਂ ਮੇਰੇ ਬਾਰੇ ਵੀ ਪੁੱਛਿਆ ਗਿਆ ਸੀ।

'ਕੀ ਉਹ ਮੈਨੂੰ ਜਾਣਦਾ ਸੀ? ਉਹ ਮੈਨੂੰ ਕਦੋਂ ਕਦੋਂ ਅਤੇ ਕਿੱਥੇ ਕਿੱਥੇ ਮਿਲਿਆ ਸੀ? ਮੈਂ ਸਰਕਾਰ ਵਿਰੋਧੀ ਗਤੀਵਿਧੀਆਂ ਵਿਚ ਕਿੱਥੇ ਅਤੇ ਕਿਵੇਂ ਉਸ ਦੀ ਅਗਵਾਈ ਕੀਤੀ ਸੀ ਜਾਂ ਉਸ ਦਾ ਸਾਥ ਦਿੱਤਾ ਸੀ? ਕੀ ਇਹ ਦੋਵਰਕੀਆਂ ਉਹਨੂੰ ਮੈਂ ਹੀ ਸਪਲਾਈ ਕੀਤੀਆਂ ਸਨ? ਸਮੁੱਚੇ ਤੌਰ 'ਤੇ ਸਰਕਾਰ ਖ਼ਿਲਾਫ਼ ਮੈਂ ਕੀ ਕੀ ਕਰ ਰਿਹਾ ਸਾਂ? ਆਦਿ।'

ਪੁਲਿਸ ਐਵੇਂ ਹੀ ਮੈਨੂੰ 'ਵੱਡੇ ਲੀਡਰਾਂ' ਵਿਚ ਸਮਝੀ ਫਿਰਦੀ ਸੀ! ਦੋਵਰਕੀਆਂ ਵੰਡਣ-ਵੰਡਾਉਣ ਵਾਲੇ ਭਾਵੇਂ ਪਹਿਲਾਂ ਤੋਂ ਹੀ ਕਿਸੇ ਨਾ ਕਿਸੇ ਰੂਪ ਵਿਚ ਮੇਰੇ ਜਾਣੂ ਜ਼ਰੂਰ ਸਨ ਪਰ ਇਨ੍ਹਾਂ 'ਦੋਵਰਕੀਆਂ' ਨਾਲ ਮੇਰਾ ਕੋਈ ਵੀ ਸਿੱਧਾ ਸਬੰਧ ਨਹੀਂ ਸੀ। ਸ਼ਾਇਦ ਇਨ੍ਹਾਂ ਨੂੰ ਵੰਡਣ ਦਾ ਨਿਰਣਾ ਵੀ ਉਦੋਂ ਲਿਆ ਗਿਆ ਸੀ ਜਦੋਂ ਮੈਂ ਜੇਲ੍ਹ ਵਿਚ ਹੀ ਸਾਂ।

ਨਿਸਚੇ ਹੀ ਬਲਬੀਰ ਕੋਲ ਮੇਰੇ ਬਾਰੇ ਬਹੁਤਾ ਦੱਸਣ ਲਈ ਨਹੀਂ ਸੀ। ਤਸ਼ੱਦਦ ਦੀ ਝਾਲ ਨਾ ਝੱਲਦਿਆਂ ਉਹ ਮੇਰੇ ਬਾਰੇ ਜਿੰਨਾ ਕੁ ਜਾਣਦਾ ਸੀ, ਉਸ ਨੇ ਪੁਲਿਸ ਨੂੰ ਦੱਸ ਦਿੱਤਾ ਸੀ। ਮਸਲਨ: ਉਹ ਮੈਨੂੰ ਅਗਾਂਹ-ਵਧੂ ਲੇਖਕ ਵਜੋਂ ਜਾਣਦਾ ਸੀ। ਉਹ ਮੈਨੂੰ ਨਿੱਜੀ ਤੌਰ 'ਤੇ ਸਿਰਫ਼ ਦੋ ਵਾਰ ਮਿਲਿਆ ਸੀ। ਕਿੱਥੇ ਕਿੱਥੇ ਮਿਲਿਆ ਸੀ, ਉਸ ਨੇ ਇਹ ਵੀ ਦੱਸ ਦਿੱਤਾ ਸੀ, ਪਰ ਉਸ ਦੀ ਵਡਿਆਈ ਇਹ ਸੀ ਕਿ ਉਸ ਨੇ ਮੇਰੇ ਬਾਰੇ ਜੋ ਜੋ ਦੱਸਿਆ ਸੀ, ਇੰਟੈਰੋਗੇਸ਼ਨ ਸੈਂਟਰ ਤੋਂ ਮੁਕਤ ਹੋ ਕੇ ਜੇਲ੍ਹ ਵਿਚ ਜਾਣ ਉਪਰੰਤ ਉਸ ਨੇ ਉਸ ਦੇ ਵੇਰਵੇ ਕਿਸੇ ਨਾ ਕਿਸੇ ਤਰ੍ਹਾਂ ਮੇਰੇ ਤੱਕ ਪੁੱਜਦੇ ਕਰ ਦਿੱਤੇ ਸਨ ਅਤੇ ਇਹ ਵੀ ਆਖਿਆ ਸੀ ਕਿ ਜੇ ਕਿਤੇ ਮੈਨੂੰ ਇਸ ਬਾਰੇ ਪੁੱਛ-ਗਿੱਛ ਹੋਵੇ ਤਾਂ ਮੈਂ ਉਸ ਦੀ ਦਿੱਤੀ ਸੂਚਨਾ ਦੇ ਦਾਇਰੇ ਵਿਚ ਹੀ ਰਹਾਂ।

ਥਾਣੇਦਾਰ ਨੇ ਦੁਹਰਾ ਕੇ ਪੁੱਛਿਆ ਤਾਂ ਮੈਂ ਆਪਣੀ ਜਾਣ-ਪਛਾਣ ਵਾਲੇ ਤਿੰਨਾਂ-ਚਹੁੰ 'ਬਲਬੀਰਾਂ' ਬਾਰੇ ਕਿਹਾ। ਕੋਈ ਮੇਰੇ ਪਿੰਡ ਦਾ ਸਾਧਾਰਨ ਕਿਰਸਾਨ ਸੀ। ਕੋਈ ਮੇਰਾ ਕਿਸੇ ਸਮੇਂ ਜਮਾਤੀ ਰਹਿ ਚੁੱਕਾ ਸੀ ਅਤੇ ਅੱਜ ਕੱਲ੍ਹ ਫ਼ੌਜ ਵਿਚ ਸੀ। ਕੋਈ ਹੋਰ ਬਲਬੀਰ ਸਕੂਲ ਮਾਸਟਰ ਸੀ, ਪਰ ਇਨ੍ਹਾਂ ਵਿਚੋਂ ਕਿਸੇ ਦਾ ਵੀ ਕਿਸੇ ਤਰ੍ਹਾਂ ਦੇ 'ਸਰਕਾਰੀ ਵਿਰੋਧ' ਨਾਲ ਦੂਰ ਦਾ ਵੀ ਵਾਸਤਾ ਨਹੀਂ ਸੀ।

"ਅਸਲੀ ਬੰਦੇ ਦਾ ਨਾਂ ਲਓ।" ਥਾਣੇਦਾਰ ਵੀ ਜਾਣਦਾ ਸੀ ਕਿ ਮੈਂ ਐਵੇਂ 'ਆਲ਼ਾ-ਟਾਲ਼ਾ' ਕਰ ਰਿਹਾ ਸਾਂ!

ਟਰੱਕ ਬਿਆਸ ਥਾਣੇ ਦੇ ਬਾਹਰ ਆਣ ਖਲੋਤਾ। ਮੈਨੂੰ ਹਵਾਲਾਤ ਵਿਚ ਬੰਦ ਕਰ ਕੇ ਉਹ ਆਪਣੀ ਕਾਰਵਾਈ ਵਿਚ ਰੁੱਝ ਗਏ। ਮੈਂ ਸੋਚਾਂ ਦੇ ਘੋੜੇ ਦੁੜਾਉਣ ਲੱਗਾ? ਅੱਗਿਉਂ ਵਾਪਰਨ ਵਾਲੇ ਭਾਣੇ ਬਾਰੇ ਤਰ੍ਹਾਂ ਤਰ੍ਹਾਂ ਦੀ ਕਲਪਨਾ ਕਰਨ ਲੱਗਾ। ਹੁਣ ਕੀ ਹੋਵੇਗਾ? ਕੀ ਮੈਨੂੰ ਵੀ ਇੰਟੈਰੋਗੇਸ਼ਨ ਸੈਂਟਰ ਵਿਚ ਭੇਜਣਗੇ? ਪਿੱਛੋਂ ਮੇਰੇ ਘਰ ਵਾਲਿਆਂ ਨੂੰ ਕਿਵੇਂ ਪਤਾ ਲੱਗੇਗਾ ਕਿ ਮੈਨੂੰ ਪੁਲਿਸ ਕਿੱਥੇ ਲੈ ਗਈ ਹੈ! ਮੇਰੀ ਪਤਨੀ ਦਾ ਕੀ ਹਾਲ ਹੋਵੇਗਾ? ਅਜੇ ਤਾਂ ਉਹ ਪਹਿਲੇ ਸਦਮੇ ਵਿਚੋਂ ਨਹੀਂ ਸੀ ਉਭਰੀ! ਮੇਰੇ ਨਾਲ ਵਿਆਹ ਹੁੰਦਿਆਂ ਹੀ ਉਹ ਦੁੱਖਾਂ ਦੇ ਲੜ ਲੱਗ ਗਈ ਸੀ। ਵਿਆਹੁਤਾ ਜੀਵਨ ਦੇ ਪਹਿਲੇ ਸਾਲ ਵਿਚ ਹੀ ਸਾਡੇ ਘਰ ਲੜਕਾ ਹੋ ਕੇ ਗੁਜ਼ਰ ਗਿਆ ਸੀ। ਅਗਲੇ ਸਾਲ ਧੀ ਆਈ ਤਾਂ ਮੈਂ ਜੇਲ੍ਹਾਂ ਦਾ ਰੁਖ਼ ਕਰ ਲਿਆ ਸੀ! ਉਹਨੂੰ ਤਾਂ ਨਿਸਚੇ ਹੀ ਆਪਣਾ ਭਵਿੱਖ ਹਨ੍ਹੇਰਾ ਨਜ਼ਰ ਆਉਣ ਲੱਗ ਪਿਆ ਹੋਵੇਗਾ! ਦੂਜਾ ਮੈਨੂੰ ਅਜੇ ਵੀ ਮੇਰੇ ਜ਼ਮਾਨਤੀਏ ਨੂੰ ਜ਼ਮਾਨਤ ਪੈ ਜਾਣ ਦਾ ਫ਼ਿਕਰ ਲੱਗਾ ਹੋਇਆ ਸੀ। ਮੇਰੇ ਖ਼ਿਆਲ ਵਿਚ ਸੀ ਕਿ ਬੱਸ ਅੱਜ ਮੈਂ ਅਦਾਲਤ 'ਚੋਂ ਗ਼ੈਰ-ਹਾਜ਼ਰ ਹੋਇਆ ਨਹੀਂ ਤੇ ਅਗਲਿਆਂ ਨੇ ਜ਼ਮਾਨਤ ਉਗਰਾਹੁਣ ਦੇ ਆਰਡਰ ਕੀਤੇ ਨਹੀਂ! ਮੈਂ ਤਾਂ ਇਹ ਵੀ ਸੋਚ ਰਿਹਾ ਸਾਂ ਕਿ ਆਖ਼ਰ ਇਹ ਤਿੰਨ ਲੱਖ ਮੈਨੂੰ ਹੀ ਪੈਣੇ ਨੇ। ਸਰੀਰ ਅਤੇ ਮਨ ਦੀ ਸੱਟ ਤਾਂ ਮੈਂ ਝੱਲ ਸਕਦਾ ਸਾਂ, ਪਰ ਪੈਸੇ ਦੀ ਨਹੀਂ। ਉਂਜ ਹੈ ਸੀ ਇਹ ਮੇਰੀ ਕਾਨੂੰਨੀ ਪ੍ਰਕਿਰਿਆ ਬਾਰੇ ਅਸਲੋਂ ਨਾਵਾਕਫ਼ੀਅਤ।

ਥਾਣੇ ਦਾ ਮੁਨਸ਼ੀ ਜਦੋਂ ਸ਼ਾਮ ਨੂੰ ਮੇਰੇ ਕੋਲੋਂ ਮੇਰੇ ਬਾਰੇ ਲੋੜੀਂਦੇ ਵੇਰਵੇ ਪੁੱਛ ਕੇ ਰਜਿਸਟਰ 'ਤੇ ਲਿਖ ਰਿਹਾ ਸੀ ਤਾਂ ਮੈਂ ਉਸ ਕੋਲੋਂ ਜ਼ਮਾਨਤ ਬਾਰੇ ਜਾਣਕਾਰੀ ਲੈਣੀ ਚਾਹੀ। ਉਹ ਹਮਦਰਦੀ ਨਾਲ ਮੇਰੇ ਵੱਲ ਵੇਖਣ ਲੱਗਾ। ਸ਼ਾਇਦ ਉਸ ਨੇ ਤਾਂ ਮੇਰੀ ਬਹੁਤ ਤਕੜੇ ਤੇ ਸਾਰੇ ਕਾਨੂੰਨੀ ਦਾਅ-ਪੇਚਾਂ ਦੀ ਸਮਝ ਰੱਖਣ ਵਾਲੇ ਬੰਦੇ ਵਜੋਂ ਕਲਪਨਾ ਕੀਤੀ ਸੀ ਅਤੇ ਮੈਂ ਜ਼ਮਾਨਤ 'ਪੈ ਜਾਣ' ਦੇ ਅਮਲ ਬਾਰੇ ਮੁਢਲੀ ਜਿਹੀ ਜਾਣਕਾਰੀ ਤੋਂ ਵੀ ਅਣਜਾਣ ਸਾਂ ਅਤੇ ਇਸ ਬਾਰੇ ਐਵੇਂ ਹੀ ਫ਼ਾਲਤੂ ਦਾ ਫ਼ਿਕਰ ਪਾਲੀ ਬੈਠਾ ਸਾਂ।

"ਓ ਭਾ ਜੀ! ਕੁਛ ਨ੍ਹੀਂ ਹੁੰਦਾ! ਤੁਹਾਡੀ ਅੱਜ ਦੀ ਗ੍ਰਿਫ਼ਤਾਰੀ ਪੈ ਗਈ ਹੈ। ਇਹ ਸੂਚਨਾ ਆਪੇ ਅਦਾਲਤ ਤੱਕ ਪਹੁੰਚ ਜਾਣੀ ਹੈ। ਜ਼ਮਾਨਤ ਤੁਹਾਨੂੰ ਕਿੱਥੋਂ ਪੈ ਜਾਊ! ਏਨੀ ਛੇਤੀ ਕਿੱਥੇ ਜ਼ਮਾਨਤਾਂ ਪੈਂਦੀਆਂ ਨੇ। ਤੁਸੀਂ ਤਾਂ 'ਵੱਡੇ ਬੰਦੇ' ਓ, ਛੋਟੀਆਂ ਗੱਲਾਂ ਦਾ ਫ਼ਿਕਰ ਕਿਉਂ ਕਰਦੇ ਜੇ!"

ਮੈਂ ਸ਼ਰਮਿੰਦਾ ਜਿਹਾ ਹੋ ਗਿਆ। ਮੈਨੂੰ ਉਸ ਵੱਲੋਂ ਬਣਾਏ ਮੇਰੇ ਬਿੰਬ ਨੂੰ ਕਾਇਮ ਰੱਖਣਾ ਚਾਹੀਦਾ ਸੀ! ਮੈਂ ਤਾਂ ਉਸ ਲਈ ਅਜਿਹਾ ਬੰਦਾ ਸਾਂ ਜੋ ਇਸ ਦਮ-ਘੋਟੂ ਸਿਆਸੀ ਮਾਹੌਲ ਵਿਚ ਹਕੂਮਤ ਦੇ ਜਬਰ ਵਿਰੁਧ ਆਵਾਜ਼ ਉਠਾਉਣ ਵਾਲੇ ਚੰਦ ਇੱਕ ਬੰਦਿਆਂ ਵਿਚੋਂ ਸਾਂ! ਸ਼ਾਇਦ ਮੈਨੂੰ 'ਅਹਿਮ' ਸਮਝਦਿਆਂ ਹੀ ਇਨ੍ਹਾਂ ਨੇ ਸਵੇਰ ਦੀ ਮੇਰੇ ਨਾਲ ਕੋਈ ਬਦਤਮੀਜ਼ੀ ਨਹੀਂ ਸੀ ਕੀਤੀ। ਹੱਥਕੜੀ ਵੀ ਨਹੀਂ ਸੀ ਲਾਈ। ਮੈਨੂੰ 'ਤੁਸੀਂ' ਕਹਿ ਕੇ ਬੁਲਾਉਂਦੇ ਰਹੇ ਸਨ।

ਤੇ ਮੈਂ ਐਵੇਂ ਹੀ 'ਪਾਣੀ 'ਚ ਬਹਿੰਦਾ ਜਾਂਦਾ' ਸਾਂ!

ਮੁਨਸ਼ੀ ਨੇ ਮੈਨੂੰ ਤਕੜਾ ਕਰ ਦਿੱਤਾ ਸੀ। ਮੇਰੀ ਰੀੜ੍ਹ ਦੀ ਹੱਡੀ ਤਣ ਗਈ ਤੇ ਧੌਣ ਸਵੈਮਾਣ ਵਿਚ ਸਿੱਧੀ ਹੋ ਗਈ।

#

***ਥਾਣੇਦਾਰ ਨੇ ਦੁਹਰਾ ਕੇ ਪੁੱਛਿਆ ਤਾਂ ਮੈਂ ਆਪਣੀ ਜਾਣ-ਪਛਾਣ ਵਾਲੇ ਤਿੰਨਾਂ-ਚਹੁੰ 'ਬਲਬੀਰਾਂ' ਬਾਰੇ ਕਿਹਾ। ਕੋਈ ਮੇਰੇ ਪਿੰਡ ਦਾ ਸਾਧਾਰਨ ਕਿਰਸਾਨ ਸੀ। ਕੋਈ ਮੇਰਾ ਕਿਸੇ ਸਮੇਂ ਜਮਾਤੀ ਰਹਿ ਚੁੱਕਾ ਸੀ ਅਤੇ ਅੱਜ ਕੱਲ੍ਹ ਫ਼ੌਜ ਵਿਚ ਸੀ। ਕੋਈ ਹੋਰ ਬਲਬੀਰ ਸਕੂਲ ਮਾਸਟਰ ਸੀ, ਪਰ ਇਨ੍ਹਾਂ ਵਿਚੋਂ ਕਿਸੇ ਦਾ ਵੀ ਕਿਸੇ ਤਰ੍ਹਾਂ ਦੇ 'ਸਰਕਾਰੀ ਵਿਰੋਧ' ਨਾਲ ਦੂਰ ਦਾ ਵੀ ਵਾਸਤਾ ਨਹੀਂ ਸੀ।***

***"ਅਸਲੀ ਬੰਦੇ ਦਾ ਨਾਂ ਲਓ।" ਥਾਣੇਦਾਰ ਵੀ ਜਾਣਦਾ ਸੀ ਕਿ ਮੈਂ ਐਵੇਂ 'ਆਲ਼ਾ-ਟਾਲ਼ਾ' ਕਰ ਰਿਹਾ ਸਾਂ!***

***ਟਰੱਕ ਬਿਆਸ ਥਾਣੇ ਦੇ ਬਾਹਰ ਆਣ ਖਲੋਤਾ। ਮੈਨੂੰ ਹਵਾਲਾਤ ਵਿਚ ਬੰਦ ਕਰ ਕੇ ਉਹ ਆਪਣੀ ਕਾਰਵਾਈ ਵਿਚ ਰੁੱਝ ਗਏ। ਮੈਂ ਸੋਚਾਂ ਦੇ ਘੋੜੇ ਦੁੜਾਉਣ ਲੱਗਾ? ਅੱਗਿਉਂ ਵਾਪਰਨ ਵਾਲੇ ਭਾਣੇ ਬਾਰੇ ਤਰ੍ਹਾਂ ਤਰ੍ਹਾਂ ਦੀ ਕਲਪਨਾ ਕਰਨ ਲੱਗਾ। ਹੁਣ ਕੀ ਹੋਵੇਗਾ? ਕੀ ਮੈਨੂੰ ਵੀ ਇੰਟੈਰੋਗੇਸ਼ਨ ਸੈਂਟਰ ਵਿਚ ਭੇਜਣਗੇ? ਪਿੱਛੋਂ ਮੇਰੇ ਘਰ ਵਾਲਿਆਂ ਨੂੰ ਕਿਵੇਂ ਪਤਾ ਲੱਗੇਗਾ ਕਿ ਮੈਨੂੰ ਪੁਲਿਸ ਕਿੱਥੇ ਲੈ ਗਈ ਹੈ! ਮੇਰੀ ਪਤਨੀ ਦਾ ਕੀ ਹਾਲ ਹੋਵੇਗਾ? ਅਜੇ ਤਾਂ ਉਹ ਪਹਿਲੇ ਸਦਮੇ ਵਿਚੋਂ ਨਹੀਂ ਸੀ ਉਭਰੀ! ਮੇਰੇ ਨਾਲ ਵਿਆਹ ਹੁੰਦਿਆਂ ਹੀ ਉਹ ਦੁੱਖਾਂ ਦੇ ਲੜ ਲੱਗ ਗਈ ਸੀ। ਵਿਆਹੁਤਾ ਜੀਵਨ ਦੇ ਪਹਿਲੇ ਸਾਲ ਵਿਚ ਹੀ ਸਾਡੇ ਘਰ ਲੜਕਾ ਹੋ ਕੇ ਗੁਜ਼ਰ ਗਿਆ ਸੀ। ਅਗਲੇ ਸਾਲ ਧੀ ਆਈ ਤਾਂ ਮੈਂ ਜੇਲ੍ਹਾਂ ਦਾ ਰੁਖ਼ ਕਰ ਲਿਆ ਸੀ! ਉਹਨੂੰ ਤਾਂ ਨਿਸਚੇ ਹੀ ਆਪਣਾ ਭਵਿੱਖ ਹਨ੍ਹੇਰਾ ਨਜ਼ਰ ਆਉਣ ਲੱਗ ਪਿਆ ਹੋਵੇਗਾ! ਦੂਜਾ ਮੈਨੂੰ ਅਜੇ ਵੀ ਮੇਰੇ ਜ਼ਮਾਨਤੀਏ ਨੂੰ ਜ਼ਮਾਨਤ ਪੈ ਜਾਣ ਦਾ ਫ਼ਿਕਰ ਲੱਗਾ ਹੋਇਆ ਸੀ।***

# ਨਿਸ਼ੰਗ ਤੇ ਨਿਸ਼ਚਿੰਤ ਕਾਨਾ ਸਿੰਘ

**'ਪੰਜਾਬ ਟਾਈਮਜ਼' ਦੇ ਪਾਠਕ ਕਾਨਾ ਸਿੰਘ ਦੇ ਨਾਂ ਤੋਂ ਭਲੀ-ਭਾਂਤ ਵਾਕਿਫ ਹਨ। ਉਨ੍ਹਾਂ ਦੀ ਲੜੀਵਾਰ ਲਿਖਤ 'ਚਿੱਤ-ਚੇਤਾ' ਪਰਚੇ ਦੇ ਪੰਨਿਆਂ ਰਾਹੀਂ ਉਨ੍ਹਾਂ ਤੱਕ ਪੁੱਜ ਰਹੀ ਹੈ। ਸਾਡੇ ਇਕ ਹੋਰ ਕਾਲਮਨਵੀਸ ਅਤੇ ਉਘੇ ਕਹਾਣੀਕਾਰ ਗੁਲਜ਼ਾਰ ਸਿੰਘ ਸੰਧੂ ਨੇ ਕਾਨਾ ਸਿੰਘ ਬਾਰੇ ਸ਼ਬਦ ਚਿੱਤਰ ਲਿਖਿਆ ਹੈ ਜਿਸ ਵਿਚ ਕਾਨਾ ਸਿੰਘ ਦੇ ਜੀਵਨ ਅਤੇ ਲਿਖਤਾਂ ਉਤੇ ਭਰਪੂਰ ਝਾਤੀ ਪਾਈ ਗਈ ਹੈ। -ਸੰਪਾਦਕ**

ਪੰਜਾਬੀ ਦੀਆਂ ਜੀਵਤ ਲੇਖਕਾਵਾਂ ਵਿਚੋਂ ਕਾਨਾ ਸਿੰਘ ਹੀ ਹੈ, ਜੋ ਅਣਵੰਡੇ ਪੰਜਾਬ ਦੀ ਪ੍ਰਤੀਨਿਧਤਾ ਕਰਦੀ ਹੈ। ਪੋਠੋਹਾਰ ਦੀ ਬਹੁਤੀ। ਉਹ ਪੋਠੋਹਾਰ ਦੀ ਜੰਮਪਲ ਹੈ। ਉਸ ਦੀਆਂ ਰਗਾਂ ਵਿਚ ਪੋਠੋਹਾਰ ਦੀ ਆਦਿ ਦੇਵੀ ਦਾ ਲਹੂ ਵਗਦਾ ਹੈ। ਉਸ ਨੇ ਉਸ ਖਿੱਤੇ ਦੀਆਂ ਮਹਿਲਾਵਾਂ ਦੀ ਮਿਸਾਲੀ ਖੂਬਸੂਰਤੀ ਨੂੰ ਕਵਿਤਾ ਦੀ ਮਸ਼ਾਲ ਨਾਲ ਉਜਾਗਰ ਕੀਤਾ ਹੈ।

ਕਾਨਾ ਬੇਬਾਕ ਲੇਖਿਕਾ ਹੈ। ਉਹ ਸਥਾਪਤ ਮਰਿਆਦਾ ਨੂੰ ਤੋੜਦੀ ਹੈ। ਉਹ ਕਥਾ ਬੁਣਨ ਸਮੇਂ ਭਾਵੁਕ, ਬਣਤਰ ਵੇਲੇ ਪ੍ਰਗੀਤਕ ਤੇ ਆਪਣੀ ਧਾਰਨਾ ਨੂੰ ਸਥਾਪਤ ਕਰਨ ਵੇਲੇ ਤਰਕਸ਼ੀਲ ਹੁੰਦੀ ਹੈ। ਖੂਬੀ ਇਹ ਹੈ ਕਿ ਉਹ ਸਥਾਪਤ ਮਰਿਆਦਾ ਤੋਂ ਵੱਖਰਾ ਮਾਰਗ ਅਪਨਾਉਂਦੇ ਸਮੇਂ ਹਿੰਸਕ ਨਹੀਂ ਹੁੰਦੀ।

ਓਧਰਲੇ ਪੰਜਾਬ ਦੇ ਪਾਠਕ ਉਸ ਦੀ ਭਾਵਨਾ ਦਾ ਸਤਿਕਾਰ ਕਰਦੇ ਹਨ। ਉਸ ਨੇ ਉਨ੍ਹਾਂ ਦਾ ਪਿਆਰ ਤੇ ਵਿਸ਼ਵਾਸ ਆਪਣੀ ਵਾਰਤਕ ਤੇ ਕਵਿਤਾ ਦੀ ਸੂਖਮ ਵਿਧੀ ਨਾਲ ਜਿੱਤਿਆ ਹੈ। ਅੰਮ੍ਰਿਤਾ ਪ੍ਰੀਤਮ ਵਾਂਗ ਕਬਰਾਂ ਵਿਚ ਸੁੱਤੇ ਵਾਰਿਸ ਸ਼ਾਹ ਨੂੰ ਹਾਕਾਂ ਮਾਰ ਕੇ ਨਹੀਂ। ਉਹ ਕਿਵੇਂ ਲਿਖਦੀ ਹੈ, ਉਸ ਦੇ ਆਪਣੇ ਸ਼ਬਦਾਂ ਵਿਚ: "ਕਲਮ ਮੇਰੇ ਅੰਦਰ ਦੇ ਬਾਲਕ ਦਾ ਖਿਡੌਣਾ ਹੈ। ਹਰ ਕੌੜੇ-ਮਿੱਠੇ ਤਜਰਬੇ ਨਾਲ ਦੋ-ਚਾਰ ਹੋਣ ਵਾਸਤੇ ਇਹ ਖਿਡੌਣਾ ਮੈਨੂੰ ਤਾਕਤ ਬਖ਼ਸ਼ਦਾ ਹੈ। ਖੇਡ ਵਿਚ ਹਿੰਸਾ ਅਤੇ ਅਹਿੰਸਾ ਨਾਲੋ-ਨਾਲ ਤੁਰਦੀਆਂ ਹਨ। ਰਚਨਾ ਦੀ ਸਿਰਜਣ ਪ੍ਰਕਿਰਿਆ ਦੌਰਾਨ ਮੈਂ ਹਿੰਸਕ ਹੁੰਦੀ ਹਾਂ। ਖ਼ਿਆਲਾਂ ਨਾਲ ਖਹਿੰਦੀ-ਭਿੜਦੀ, ਹਾਰਨ ਤੋਂ ਤ੍ਰਹਿਕਦੀ-ਸਹਿਮਦੀ ਅਤੇ ਜਿੱਤ ਲਈ ਜੂਝਦੀ,



**ਗੁਲਜ਼ਾਰ ਸਿੰਘ ਸੰਧੂ**

ਪਰ ਸਿਰਜਣਾ ਦੀ ਸੋਧ ਪ੍ਰਕਿਰਿਆ ਦੌਰਾਨ ਮੈਂ ਬਿਲਕੁਲ ਅਹਿੰਸਕ ਹੁੰਦੀ ਹਾਂ-ਸ਼ਾਂਤ ਅਡੋਲ ਵਹਿੰਦੀ ਨਦੀ ਦੀ ਸਹਿਜ ਅਵਸਥਾ ਵਿਚ। ਸਾਹਿਤ ਸਿਰਜਣਾ ਮੇਰੇ ਲਈ ਯਾਤਰਾ ਨਹੀਂ ਸਗੋਂ ਸੈਰ ਹੈ। ਯਾਤਰਾ ਤੁਸੀਂ ਮੰਜ਼ਿਲ ਨੂੰ ਮਿਥ ਕੇ ਅਰੰਭਦੇ ਹੋ, ਪੂਰੀ ਚੇਤੰਨਤਾ ਨਾਲ; ਪਰ ਸੈਰ ਦੌਰਾਨ ਪਤਾ ਨਹੀਂ ਹੁੰਦਾ ਕਦੋਂ ਕਿੱਥੇ ਜਾਣ ਦਾ ਸਬੱਬ ਬਣ ਜਾਵੇ ਅਤੇ ਕਿੱਧਰ ਜਾਂਦੇ-ਜਾਂਦੇ ਤੁਸੀਂ ਕਿਧਰ ਜਾ ਨਿਕਲੋ।"

ਉਹ ਜਾਣੇ-ਅਣਜਾਣੇ ਫਲੈਸ਼ਬੈਕ ਤਕਨੀਕ ਵਰਤਦੀ ਹੈ। ਉਸ ਨੂੰ ਪੜ੍ਹਦੇ ਸਮੇਂ ਪਾਠਕ ਨੂੰ ਇਉਂ ਜਾਪਦਾ ਹੈ ਕਿ ਉਸ ਨੂੰ ਕਿਸੇ ਇੱਕ ਨੁਕਤੇ ਉਤੇ ਖੜ੍ਹਾ ਕਰ ਕੇ ਕਿਸੇ ਪਿਛਲੀ ਦੁਨੀਆਂ ਵਿਚ ਗੁੰਮ ਜਾਂਦੀ ਹੈ, ਪਰ ਛੇਤੀ ਹੀ ਮੁੜ ਉਸ ਦੀ ਉਂਗਲ ਫੜ ਕੇ ਉਸ ਨੂੰ ਆਪਣੇ ਨਾਲ ਤੋਰ ਲੈਂਦੀ ਹੈ। ਉਸ ਨੇ ਇਹ ਗੁਣ ਆਪਣੀ ਨਿਤਾ-ਪ੍ਰਤੀ ਗੱਲਬਾਤ ਦੀ ਸ਼ੈਲੀ ਵਿਚੋਂ ਚੁੱਕਿਆ ਹੈ। ਉਸ ਦੇ ਪੋਠੋਹਾਰੀ ਮਾਪੇ ਵੀ ਗੱਲਬਾਤ ਕਰਦੇ ਸਮੇਂ ਪਿਛਲ ਜਗਤ ਵਿਚ ਵਿਚਰਨ ਲੱਗਦੇ ਸਨ। ਇਸ ਤਰ੍ਹਾਂ ਉਹ ਕਿਸੇ ਇੱਕ ਘਟਨਾ ਦੇ ਅੱਗੇ-ਪਿੱਛੇ ਪੂਰੀ ਕਾਇਨਾਤ ਸਿਰਜਣ ਦੇ ਯੋਗ ਹੋ ਜਾਂਦੀ ਹੈ।

ਵੱਡੀ ਗੱਲ ਇਹ ਕਿ ਉਹ ਨਿਸ਼ੰਗ ਲੇਖਿਕਾ ਹੈ। ਉਹ ਵਾਸਨਾ ਨੂੰ ਮੁੱਠੀ ਵਿਚ ਮੀਚਣ ਨਾਲੋਂ ਇਸ ਦੀ ਬੁੱਕਲ ਮਾਰ ਕੇ ਤੱਤੀਆਂ-ਠੰਢੀਆਂ ਹਵਾਵਾਂ ਵਿਚ ਵਿਚਰਦੀ ਹੈ। ਇਹ ਹਵਾਵਾਂ ਬੁੱਕਲ ਦੇ ਰੇਸ਼ਿਆਂ ਰਾਹੀਂ ਉਸ ਦੇ ਧੁਰ ਅੰਦਰ ਨੂੰ ਰੁਸ਼ਨਾਉਂਦੀਆਂ ਤੇ ਆਤਮਾ ਨੂੰ ਤ੍ਰਿਪਤ ਕਰਦੀਆਂ ਹਨ।

ਉਹ ਕਵਿਤਾ ਲਿਖੇ, ਕਹਾਣੀ, ਵਾਰਤਾਲਾਪ ਜਾਂ ਵਾਰਤਕ, ਉਸ ਦੀ ਲਿਖਤ ਵਿਚ ਨਾ ਹੀ ਲੇਸਲੀ ਭਾਵੁਕਤਾ ਹੈ, ਨਾ ਹੀ ਡੁੱਲ੍ਹ-ਡੁੱਲ੍ਹ ਪੈਂਦੀ ਉਥਲ-ਪੁੱਥਲ। ਉਹ ਆਪਣੇ ਅੰਦਰਲੇ ਵੇਗ ਨੂੰ ਪ੍ਰਗਟ ਕਰਨ ਸਮੇਂ ਜਿਵੇਂ ਆਪਣੀ ਰੂਹ ਦਾ ਅਨੁਵਾਦ ਕਰ ਰਹੀ ਹੁੰਦੀ ਹੈ। ਮਨੁੱਖੀ ਸਬੰਧਾਂ ਦੀ ਕਹਾਣੀ ਪਾ ਕੇ ਤੇ ਮਨੁੱਖੀ ਮਨ ਦੀਆਂ ਅਥਾਹ ਪਰਤਾਂ ਨੂੰ ਸਮਾਜਕ ਰਿਸ਼ਤਿਆਂ ਵਿਚ ਪਰੋ ਕੇ।

"ਸਾਡੀ ਇਮਾਰਤ ਦੇ ਥਲਵੇਂ ਸਭ ਤੋਂ ਵੱਡੇ ਤੇ ਪ੍ਰਮੁੱਖ ਭਾਗ ਵਿਚ ਰਹਿੰਦਾ ਸੀ ਅਸ਼ਕ। ਓਮ ਪ੍ਰਕਾਸ਼ ਅਸ਼ਕ। ਸਾਹਿਰ ਲੁਧਿਆਣਵੀ ਦਾ ਹਮਉਮਰ ਤੇ ਲੰਗੋਟੀਆ ਯਾਰ। ਉਹਦੇ ਵਾਂਗ ਹੀ ਇਕੱਲਾ ਤੇ ਆਦੀ ਛੜਾ। ਅਸ਼ਕ ਦਾ ਰਸੋਈਆ ਸੀ, ਚਾਂਦ। ਸੂਖਮ ਸਰੀਰ, ਗੋਰਾ-ਚਿੱਟਾ, ਘੁੰਗਰਾਲੇ ਵਾਲ, ਅਪਟੂਡੇਟ ਤੇ ਖੂਬਸੂਰਤ ਉਰਦੂ ਲਹਿਜਾ। ਕਰਤਾ-ਧਰਤਾ ਤੇ ਮੁਖਤਿਆਰ। ਬੰਗਲੇ ਤੇ ਉਸ ਦੇ ਆਊਟ ਹਾਊਸਾਂ ਵਿਚ ਵੱਸਦੇ ਪਰਿਵਾਰਾਂ ਦਾ ਚਹੇਤਾ। ਭਾਈਜਾਨਾਂ ਦਾ ਦੋਸਤ ਤੇ ਭਾਬੀ ਜਾਨਾਂ ਦਾ ਦੇਵਰ ਸੀ ਚਾਂਦ।"

ਇਹ ਹੈ ਕਾਨਾ ਸਿੰਘ ਦੀ ਰੇਖਾ-ਚਿੱਤਰ ਸ਼ੈਲੀ। ਕਾਨਾ ਹੈ ਹੀ ਸ਼ੈਲੀ-ਬੱਧ ਜੀਵ।

"ਜਦ ਤਕ ਸੁਹਣੀ ਤਰ੍ਹਾਂ ਵਾਲ ਨਾ ਵਾਹੇ ਹੋਣ, ਸਾਫ਼-ਸੁਥਰੀ ਫੱਬਵੀਂ ਪੁਸ਼ਾਕ ਨਾ ਪਾਈ ਹੋਵੇ, ਹੋਠਾਂ ਉਤੇ ਗੁਲਾਬੀ ਭਾਅ ਨਾ ਹੋਵੇ, ਸਮੁੱਚੇ ਆਪੇ 'ਚ ਭਿੰਨੀ-ਭਿੰਨੀ ਸੁਗੰਧ ਨਾ ਹੋਵੇ ਤੇ ਸ਼ੀਸ਼ਾ ਪਿਆਰ ਦਾ ਹੁੰਗਾਰਾ ਨਾ ਭਰੇ, ਉਹ ਕਿਸੇ ਸਨੇਹੀ ਮਿੱਤਰ ਨੂੰ ਫੋਨ ਨਹੀਂ ਕਰ ਸਕਦੀ, ਚਿੱਠੀ ਵੀ ਨਹੀਂ ਲਿਖ ਸਕਦੀ।" ਉਹ ਕਹਿੰਦੀ ਹੈ।

ਕਾਨਾ ਜੀਵਿਤ ਰੂਹ ਹੈ। ਸਦਾ ਉਤਸੁਕ। ਸਦਾ ਚੰਚਲ ਤੇ ਅਸਮਾਨੀਂ ਉਡਣ ਲਈ ਤਤਪਰ। ਤਾਰੇ ਤੋੜਨ ਦੀ ਚਾਹਵਾਨ। ਸਾਹਿਰ ਲੁਧਿਆਣਵੀ, ਬਲਵੰਤ ਗਾਰਗੀ, ਅੰਮ੍ਰਿਤਾ ਪ੍ਰੀਤਮ, ਤਾਰਾ ਸਿੰਘ ਕਾਮਲ, ਇਮਰੋਜ਼... ਕਿਸੇ ਨਾਲ ਵੀ ਏਨਾ ਨੇੜ ਨਹੀਂ ਜਿੰਨੀ ਨੇੜ ਦੀ ਤਮੰਨਾ। ਫੈਂਟੇਸੀ ਸਿਰਜਣ ਦੀ ਲੋਚਾ। ਬੇਬਾਕ ਤੇ ਨਿਸ਼ੰਗ, ਪਰ ਸਪੀਡ ਬਰੇਕਰਾਂ ਤੋਂ ਬਚਣ ਵਾਲੀ। ਪਿਆਰ ਤੇ ਸਤਿਕਾਰ ਦੇ ਪਾਤਰਾਂ ਵਿਚ ਥਾਂ-ਥਾਂ ਕਾਨਾ ਤੇ ਉਸ ਦੀ ਕਵਿਤਾ, ਉਸ ਦਾ ਬੱਚਾ, ਉਸ ਦਾ ਵੀਰ ਜੀ, ਉਸ ਦਾ ਆਲਾ-ਦੁਆਲਾ ਤੇ ਸਮਾਜ। ਤੇ ਗੱਲ-ਗੱਲ 'ਤੇ ਪੁਸ਼ਟੀ ਦੀ ਇੱਛਾ। "ਹੈ ਨਾ?"

ਹਰ ਕੰਮ ਨਿਸ਼ਚੇ ਨਾਲ ਕਰਨ ਵਾਲੀ ਕਾਨਾ ਨੂੰ ਕਿਸੇ ਅਣਜਾਣ ਬੰਦੇ ਨਾਲ ਮੁਲਾਕਾਤ ਵੀ ਕਰਨੀ ਪਵੇ ਤਾਂ ਪੁੱਛੇ ਜਾਣ ਵਾਲੇ ਪ੍ਰਸ਼ਨਾਂ ਦਾ ਪੁਲੰਦਾ ਪਹਿਲਾਂ ਤਿਆਰ ਕਰਦੀ ਹੈ। ਰੇਖਾ-ਚਿੱਤਰ ਲਿਖਣ ਵੇਲੇ ਚੇਤੇ ਵਿਚ ਵਸੇ ਨੁਕਤਿਆਂ ਨੂੰ ਉਂਗਲਾਂ ਦੇ ਪੋਟਿਆਂ ਉਤੇ ਲਾਹ ਲੈਂਦੀ ਹੈ। ਮੈਂ ਉਸ ਨੂੰ ਸਵੈ-ਸੇਵੀ ਸੰਸਥਾਵਾਂ ਦੀ ਸਕੱਤਰੀ ਕਰਦਿਆਂ ਵੀ ਤੱਕਿਆ ਹੈ ਤੇ ਖਜ਼ਾਨਚੀ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਵੀ। ਉਹ ਮੱਥੇ ਵੱਟ ਨਹੀਂ ਪਾਉਂਦੀ। ਇਹ ਗੁਣ ਉਸ ਦੀਆਂ ਲਿਖਤਾਂ ਵਿਚ ਵੀ ਹੈ। ਉਹ ਬੀਤੇ ਤੇ ਵਰਤਮਾਨ ਦੀ ਕੁੜੱਤਣ ਨੂੰ ਪਿਛੋਕੜ ਦੀ ਮਿਠਤ ਨਾਲ ਰਲਾ ਕੇ ਅੱਗੇ ਦੀ ਸੋਚਣ ਲੱਗ ਜਾਂਦੀ ਹੈ। ਖੱਟੇ-ਮਿੱਠੇ ਨੂੰ ਉਲੰਘਦੀ ਤੇ ਕੌੜੇ-ਕੁਸੈਲੇ ਨੂੰ ਛਲਾਂਗ ਮਾਰ ਕੇ ਪਾਰ ਕਰਦੀ। ਕਾਨਾ ਨੇ ਗੁਰਬਖਸ਼ ਸਿੰਘ ਦੇ ਪ੍ਰਚਾਰੇ ਸਾਂਵੇਂ ਪੱਧਰੇ ਜੀਵਨ ਤੋਂ ਵੱਖਰਾ ਰਾਹ ਉਲੀਕਿਆ ਹੈ।

ਇਹ ਨੁਕਤੇ ਜਾਂ ਟਿੱਪਣੀਆਂ ਕਾਨਾ ਸਿੰਘ ਦੇ ਰੇਖਾ ਚਿੱਤਰਾਂ ਬਾਰੇ ਹਨ ਜਿਹੜੇ 1999 ਵਿਚ 'ਰੂਹ ਦਾ ਅਨੁਵਾਦ' ਨਾਂ ਦੀ ਪੁਸਤਕ ਵਿਚ ਛਪੇ, ਫਿਰ ਨਵੇਂ ਚਿੱਤਰਾਂ ਤੇ ਪੁਰਾਣਿਆਂ ਦੇ ਨਵੇਂ ਨਾਵਾਂ ਨਾਲ 'ਉਕਾਬ ਦੀ ਅੱਖ' ਨਾਂ ਦੀ ਪੁਸਤਕ ਵਿਚ। ਉਨ੍ਹਾਂ ਦੇ ਸਿਰਲੇਖ ਪੜ੍ਹਦਿਆਂ ਹੀ ਪਤਾ ਲੱਗ ਜਾਂਦਾ ਹੈ ਕਿ ਸਬੰਧਤ ਬੰਦੇ ਦਾ ਸੁਭਾਅ ਕਿਹੋ ਜਿਹਾ ਹੋਵੇਗਾ। ਇਨ੍ਹਾਂ ਵਿਚ ਪ੍ਰੇਮ ਪ੍ਰਕਾਸ਼- ਕਹਾਣੀ ਦਾ ਗੋਰਖਧੰਦਾ ਹੈ, ਤਾਰਾ ਸਿੰਘ ਕਾਮਲ-ਰੂਹ ਦਾ ਅਨੁਵਾਦ, ਮੋਹਨ ਭੰਡਾਰੀ- ਥੋੜ੍ਹੇ ਚੌਲ ਵੱਡਾ ਭੰਡਾਰਾ, ਸੁਕੀਰਤ-ਖਾਨਦਾਨੀ ਸ਼ਬਦਘਾੜਾ, ਜੋਗਾ ਸਿੰਘ- ਐਤਵਾਰੀ ਮਲੰਗ, ਸੰਤੋਖ ਸਿੰਘ ਧੀਰ-ਜੰਗਲ ਵਿਚ ਬੈਠਾ ਰਿਖੀਸ਼ਰ ਤੇ ਹਰੀਸ਼ ਜੈਨ-ਉਕਾਬ ਦੀ ਅੱਖ।

ਜੇ ਕਾਨਾ ਸਿੰਘ ਬਾਰੇ ਹੋਰ ਜਾਣਨਾ ਹੋਵੇ ਤਾਂ ਉਸ ਦੀ ਪੁਸਤਕ 'ਚਿੱਤ ਚੇਤਾ' ਪੜ੍ਹਨੀ ਪਵੇਗੀ। ਉਸ ਦੇ ਚਿੱਤ ਵਿਚ ਵਸੇ ਚੇਤਿਆਂ ਦਾ ਸੰਗ੍ਰਹਿ। ਪਾਠਕਾਂ ਨੇ ਇਨ੍ਹਾਂ ਨੂੰ ਉਸ ਦੀ ਸਵੈ-ਜੀਵਨੀ ਵੀ ਆਖਿਆ ਹੈ। ਇਹ ਉਸ ਦੇ ਮਿਤੀਬੱਧ ਜੀਵਨ ਦੀ ਬਾਤ ਪਾਉਣ ਨਾ ਪਾਉਣ, ਉਸ ਦੀ ਸ਼ਖ਼ਸੀਅਤ ਦਾ ਦਰਪਣ ਜ਼ਰੂਰ ਹਨ। ਉਸ ਦਾ ਪੋਠੋਹਾਰ ਵਿਚਲਾ ਬਚਪਨ, ਫ਼ਰੀਦਕੋਟ ਤੇ ਦਿੱਲੀ ਵਿਚਲੀ ਜਵਾਨੀ ਅਤੇ ਮੁੰਬਈ ਤੇ ਚੰਡੀਗੜ੍ਹ ਵਿਚਲੇ ਵਿਹਾਰਕ ਜੀਵਨ ਦਾ ਸਾਰ। ਉਸ ਦੇ ਜ਼ੌਕ, ਸ਼ੌਕ, ਸੱਧਰਾਂ, ਪ੍ਰਾਪਤੀਆਂ ਤੇ ਰਹਿੰਦੇ ਜੀਵਨ ਦੀਆਂ ਉਮੰਗਾਂ। ਚੰਗੀ ਗੱਲ ਇਹ ਹੈ ਕਿ ਕੁੜੱਤਣ ਕੋਈ ਨਹੀਂ। ਜੇ ਹੈ ਵੀ ਤਾਂ ਉਸ ਦੇ ਕਹਿਣ ਦਾ ਢੰਗ ਇਸ ਨੂੰ ਕੱਢ ਮਾਰਦਾ ਹੈ।

ਉਹ ਸੁਬਕ, ਸਰਲ ਤੇ ਬੇਬਾਕ ਜਿਊੜਾ ਹੈ। ਕਾਨਾ ਸਿੰਘ ਨੇ ਆਪਣੇ ਜੀਵਨ ਵਿਚ ਕਦੀ ਖੜੋਤ ਨਹੀਂ ਆਉਣ ਦਿੱਤੀ। ਜੀਵਨ ਵਿਚ ਲੰਮੇਰੇ ਸਾਥ ਦੀ ਘਾਟ ਨੂੰ ਵੀ ਘਾਟ ਕਰ ਕੇ ਨਹੀਂ ਜਾਣਿਆ। ਟੋਟੇ-ਟੋਟੇ ਵਿੱਦਿਆ ਪ੍ਰਾਪਤੀ ਤੇ ਕੁੱਲ-ਵਕਤੀ ਰੋਜ਼ੀ ਰੋਟੀ ਦੀ ਘਾਟ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ ਹੈ। ਹੋਮਿਓਪੈਥੀ ਦੀ ਡਾਕਟਰ, ਨੁਮਾਇਸ਼ਗਾਹਾਂ ਦੀ ਰਿਸੈਪਸ਼ਨਿਸਟ, ਯੋਗ ਆਸਣਾਂ ਦੀ ਉਸਤਾਨੀ, ਬੀਮਾ ਕੰਪਨੀਆਂ ਦੀ ਮੁਲਾਜ਼ਮ, ਸ਼ਿੰਗਾਰਕਰਤਾ ਤੇ ਅਦਾਕਾਰਾ ਕਾਨਾ ਸਿੰਘ ਘਰ ਵਿਚ ਤੇ ਘਰੋਂ ਬਾਹਰ ਰਾਹ ਜਾਂਦਿਆਂ ਨੂੰ ਵਿੱਦਿਆ ਵਰਤਾ ਸਕਦੀ ਹੈ ਤੇ ਘਰ ਆਇਆਂ ਨੂੰ ਭਾਂਤ ਸੁਭਾਂਤਾ ਭੋਜਨ।

ਉਸ ਦੇ ਚੇਤੇ ਵਿਚ ਵੇਖੇ ਸੁਣੇ ਫੁੱਲ, ਜੀਵ-ਜੰਤੂ ਤੇ ਪਸ਼ੂ-ਪੰਛੀ ਹੀ ਨਹੀਂ, ਬੱਕਰੀ ਤੇ ਮੱਝ ਦੇ ਦੁੱਧ ਦੀਆਂ ਧਾਰਾਂ ਵੀ ਹਨ। ਮਾਂ ਦੀ ਮਮਤਾ ਤੇ ਦਾਦੀ ਦੀਆਂ ਲੋਰੀਆਂ। ਸੜਦੀ-ਬਲਦੀ ਰੇਤ ਅਤੇ ਉਚੇ-ਨੀਵੇਂ ਕੰਧਾਂ-ਕੋਠੇ ਟੱਪਦਾ ਉਸ ਦਾ ਚੇਤਾ ਬੇਤਰਤੀਬਾ ਹੋ ਕੇ ਵੀ ਬੱਝਵਾਂ ਪ੍ਰਭਾਵ ਪਾਉਂਦਾ ਹੈ। ਉਸ ਦੇ ਚੇਤਿਆਂ ਵਿਚ ਦੇਸ਼-ਵੰਡ ਦਾ ਉਜਾੜਾ, ਇੰਦਰਾ ਕਤਲ ਤੋਂ ਉਪਜੀਆਂ ਪੰਜਾਬੀ ਭਾਈਚਾਰੇ ਦੀਆਂ ਤਰੇੜਾਂ ਤੇ ਪੰਜਾਬ ਦੇ ਕਾਲੇ ਦਿਨਾਂ ਦਾ ਵਰਨਣ ਪਾਠਕ ਦੇ ਆਪਣੇ ਮਨ ਵਿਚ ਵਸੇ ਹੋਏ ਸਦਾਚਾਰ ਤੇ ਸਭਿਆਚਾਰ ਦੇ ਵਰਕੇ ਫਰੋਲਣ ਦੀ ਸਮਰੱਥਾ ਰੱਖਦਾ ਹੈ। 'ਚਿੱਤ-ਚੇਤਾ' ਦਾ ਪ੍ਰਭਾਵ



ਕਾਨਾ ਸਿੰਘ (ਖੱਬਿਓਂ ਦੂਜੇ) ਲੁਧਿਆਣੇ ਨਾਵਲਿਸਟ ਜਸਵੰਤ ਕੰਵਲ ਅਤੇ ਕੁਝ ਹੋਰ ਕਲਮਕਾਰਾਂ ਨਾਲ।

ਬੱਝਵਾਂ, ਬੇਬਾਕ ਤੇ ਭਰਵਾਂ ਹੈ। ਨੰਗੀ ਧੁੱਪ ਵਿਚ ਨੰਗੇ ਪੈਰੀਂ ਡੰਡੀਓ-ਡੰਡੀ ਤੁਰਨ ਵਾਲਾ, ਪਰ ਟੱਪਰੀਵਾਸਾਂ ਦੀ ਜੂਨ ਤੋਂ ਹਟਵਾਂ। ਕੁੜੱਤਣਹੀਣ। ਮੁਸ-ਮੁਸ ਕਰਦਾ। ਉਹ ਹਰ ਕਿਸੇ ਨਾਲ ਇਸੇ ਤਰ੍ਹਾਂ ਵਿਚਰਦੀ ਹੈ। ਮੁੰਬਈ ਵਾਲੇ ਸਾਹਿਰ ਲੁਧਿਆਣਵੀ, ਰਾਜਿੰਦਰ ਸਿੰਘ ਬੇਦੀ, ਰਾਜਿੰਦਰ ਕੌਰ, ਕੁਲਦੀਪ ਬੱਗਾ ਜਾਂ ਦਿੱਲੀ ਤੇ ਚੰਡੀਗੜ੍ਹ ਦੇ ਬਲਵੰਤ ਗਾਰਗੀ, ਅੰਮ੍ਰਿਤਾ ਪ੍ਰੀਤਮ, ਹਰਿਭਜਨ ਸਿੰਘ, ਤਾਰਾ ਸਿੰਘ ਕਾਮਲ, ਮੋਹਨ ਭੰਡਾਰੀ, ਨਿਰੁਪਿੰਦਰ ਤੇ ਰਮਾ ਰਤਨ ਕਿਸੇ ਨਾਲ ਵੀ। ਹਰ ਕਿਸੇ ਨੂੰ ਕੁਝ ਨਾ ਕੁਝ ਦੇਣ ਤੇ ਹਰ ਕਿਸੇ ਤੋਂ ਕੁਝ ਨਾ ਕੁਝ ਲੈਣ ਵਾਲੀ। ਆਪਣਾ ਨੁਕਤਾ ਸਪਸ਼ਟ ਕਰਨ ਲਈ ਬਲਵੰਤ ਗਾਰਗੀ ਬਾਰੇ ਹੋਈ ਇੱਕ ਮਿਲਣੀ ਦਾ ਸਾਰ ਪੇਸ਼ ਕਰਨਾ ਚਾਹਵਾਂਗਾ। ਨਵੀਂ ਦਿੱਲੀ ਦੇ ਲਾ ਬੋਹੀਮ ਕੌਫੀ ਹਾਊਸ ਵਿਚ ਮੋਟੇ ਨਕਸ਼, ਛੋਟੇ ਕੱਦ, ਕਰੜੇ ਜੁੱਸੇ, ਪਰ ਕੁੜੀਆਂ ਵਰਗੇ ਹਾਵ-ਭਾਵ ਵਰਤ ਕੇ ਦੋ ਸਜੀਆਂ-ਧਜੀਆਂ ਫੈਸ਼ਨਦਾਰ ਕੁੜੀਆਂ ਨੂੰ ਕੁਝ ਸਮਝਾ ਰਿਹਾ ਗਾਰਗੀ ਉਸ ਦੇ ਮਨ ਵਿਚ ਵਸ ਜਾਂਦਾ ਹੈ। ਕੁੜੀਆਂ ਸੁਹਣੀਆਂ ਰੰਗੀਨ ਤੇ ਮੌਡ ਸਨ। ਸਿਰਾਂ ਉਤੇ ਉਲਝੇ ਵਾਲਾਂ ਫਫ, ਕਾਲੀ ਪੈਨਸਲ ਨਾਲ ਗੂੜ੍ਹੇ ਕੀਤੇ ਕਮਾਨੀਦਾਰ ਭਰਵੱਟੇ, ਮਸਕਾਰੇ ਨਾਲ ਕਾਲੀਆਂ ਕੀਤੀਆਂ ਅੱਖਾਂ ਦੀਆਂ ਗੰਨੀਆਂ, ਸੁਰਖੀ ਰੱਤੇ ਹੋਠਾਂ ਉਤੇ ਸੁਰਖੀ ਰੱਤੀਆਂ ਅੱਖੀਆਂ 'ਤੇ ਦੇਸ਼ ਨੂੰ ਨਵੀਂ-ਨਵੀਂ ਆਜ਼ਾਦੀ ਮਿਲਣ ਦਾ ਪ੍ਰਭਾਵ ਪਾਉਂਦੀਆਂ ਇਨ੍ਹਾਂ ਕੁੜੀਆਂ ਦੇ ਵੱਡੇ ਨਹੁੰਆਂ ਵਿਚ ਟੁੰਗੀਆਂ ਸਿਗਰਟਾਂ ਦੇ ਟਾਰੇ ਕਾਨਾ ਨੂੰ ਆਪਣੀ ਸਾੜ੍ਹੀ, ਕੋਟ ਤੇ ਪਰਸ ਬਹੁਤ ਫਿੱਕੇ ਲੱਗੇ ਸਨ। ਉਸ ਦੇ ਲਿਖਣ ਅਨੁਸਾਰ ਉਹ ਕੁੜੀਆਂ ਸ਼ਾਇਦ ਗਾਰਗੀ ਦੇ ਹੋਣ ਵਾਲੇ ਨਾਟਕ ਦੀਆਂ ਪਾਤਰ ਸਨ। ਉਸ ਤੋਂ ਪਿੱਛੋਂ ਉਸ ਦੇ ਘਰ ਪਹਿਲੀ ਮਿਲਣੀ ਵਿਚ ਹੀ ਜਦੋਂ ਕਾਨਾ ਨੇ ਗਾਰਗੀ ਤੋਂ ਉਸ ਦੀ ਅਸਲੀ ਦੋਸਤ ਦਾ ਨਾਂ ਪੁੱਛਿਆ ਤਾਂ ਉਸ ਨੇ ਮੋਟੇ ਨਕਸ਼, ਖੁੱਲ੍ਹੇ ਵਾਲ ਤੇ ਚਿੱਟੇ ਦੰਦਾਂ ਵਾਲੀ ਅਚਲਾ ਸਚਦੇਵ ਦਾ ਨਾਂ ਲਿਆ। ਇਪਟਾ ਦੀ ਸਾਂਝ ਵਾਲੀ ਅਚਲਾ ਦਾ। ਇੱਕੋ-ਇੱਕੋ ਅਚਲਾ ਦਾ। ਕਾਨਾ ਸਿੰਘ ਦੇ ਸ਼ਬਦਾਂ ਵਿਚ ਉਸ ਤੋਂ ਪਿੱਛੋਂ ਪਤਾ ਨਹੀਂ ਕਿਉਂ ਉਹਨੂੰ ਹਮੇਸ਼ਾਂ ਇਹੀਓ ਮਹਿਸੂਸ ਹੁੰਦਾ ਰਿਹਾ ਕਿ ਗਾਰਗੀ ਦੀਆਂ ਨਾਇਕਾਵਾਂ ਮੋਟੇ ਨਕਸ਼ਾਂ ਤੇ ਚਿੱਟੇ ਦੰਦਾਂ ਵਾਲੀਆਂ ਹੁੰਦੀਆਂ ਹੋਣਗੀਆਂ। ਜਿਉਂਦੀਆਂ ਲਾਟਾਂ ਤੇ ਬਲਦੀਆਂ ਮਸ਼ਾਲਾਂ।

ਇਹ ਤੇ ਇਹੋ ਜਿਹੀਆਂ ਵੀਹ ਸੌ ਗੱਲਾਂ ਵਾਲਾ ਕਾਨਾ ਦਾ ਬਲਵੰਤ ਗਾਰਗੀ ਵਾਲਾ ਲੇਖ ਉਸ ਦਾ ਇੱਕ ਰੰਗ ਹੈ।

ਆਪਣੇ ਮਨਭਾਉਂਦੇ ਵਿਦਿਆਰਥੀ ਸ਼ਾਮ ਬਾਰੇ ਲਿਖਦਿਆਂ ਉਸ ਦਾ ਇਹ ਰੰਗ ਨਵਾਂ ਰੂਪ ਧਾਰ ਲੈਂਦਾ ਹੈ। ਉਹ ਪਹਿਲਾਂ ਤਾਂ ਸ਼ਾਮ ਨੂੰ ਘਰਾਂ ਦੀ ਸਫ਼ਾਈ ਕਰਨ ਪਿੱਛੋਂ ਸਾਫ਼-ਸੁਥਰੀ ਵਰਦੀ ਵਿਚ ਸਕੂਲ ਆਉਂਦਾ ਦਿਖਾਉਂਦੀ ਹੈ। ਨਹੁੰ ਕੱਟੇ ਹੋਏ, ਦੰਦ ਸਾਫ਼, ਪਟੇ ਤੇਲ ਲਾ ਕੇ ਕੰਘੀ ਕੀਤੇ। ਸ਼ਾਹ ਕਾਲਾ ਤੇ ਤਿੱਖੇ ਨੈਣ-ਨਕਸ਼ਾਂ ਵਾਲਾ ਜਮਾਤ ਦਾ ਮਨੀਟਰ। ਜੇ ਦਲਿਤ ਸੀ ਤਾਂ ਕੀ ਹੋਇਆ।

ਤੇ ਫੇਰ ਜਦੋਂ ਉਸ ਹੀ ਸ਼ਕਲ ਦੀ ਇੱਕ ਹੋਰ ਅਧਿਆਪਕਾ ਉਸ ਦੇ ਹੱਥੀਂ ਆਈ ਚਾਹ ਪੀਣ ਉਤੇ ਬੁੱਲ੍ਹ ਟੇਰ ਕੇ ਆਪਣਾ ਮੂੰਹ ਦੂਜੇ ਪਾਸੇ ਕਰ ਲੈਂਦੀ ਹੈ ਤਾਂ ਸ਼ਾਮ ਨੂੰ ਇੰਨਾ ਪਿਆਰਾ ਬੱਚਾ ਕਹਿਣ ਵਾਲੀ ਕਾਨਾ ਸਿੰਘ ਉਸ ਅਧਿਆਪਕਾ ਤੋਂ ਸੀਨੀਅਰ ਹੋਣ ਦੇ ਬਾਵਜੂਦ ਉਸ ਨੂੰ ਡਾਂਟਣ ਤੋਂ ਝਿਜਕ ਜਾਂਦੀ ਹੈ। ਫੇਰ ਦੋ ਸਾਲ ਉਹ ਆਪਣੇ ਸ਼ਾਮ ਨਾਲ ਅੱਖਾਂ ਨਹੀਂ ਮਿਲਾ ਸਕਦੀ। ਸ਼ਾਇਦ ਉਸ ਨੂੰ ਇਹ ਝਿਜਕ ਤੋੜਨ ਲਈ ਕੋਈ ਨੁਕਤਾ ਹੀ ਨਹੀਂ ਲੱਭਦਾ। ਫੇਰ ਜਦ ਪੰਜਵੀਂ ਜਮਾਤ ਦਾ ਨਤੀਜਾ ਨਿਕਲਣ 'ਤੇ ਸ਼ਾਮ ਅੱਵਲ ਆਇਆ ਤਾਂ ਉਸ ਨੂੰ ਵਿਹੰਦੇ ਸਾਰ ਕਾਨਾ ਨੇ ਸ਼ਾਮ ਦੀ ਗੱਲ੍ਹ 'ਤੇ ਚੁਟਕੀ ਲਈ ਤੇ ਉਸ ਨੂੰ ਮਿਠਾਈ ਦੀ ਮੰਗ ਪਾਈ। ਉਹ ਲੱਡੂ ਕੀ ਲਿਆਇਆ, ਕਾਨਾ ਸਿੰਘ ਨੇ ਅੱਧਾ ਲੱਡੂ ਉਸ ਨੂੰ ਖੁਆ ਕੇ ਅੱਧਾ ਆਪਣੇ ਮੂੰਹ ਵਿਚ ਪਾ ਲਿਆ ਤੇ ਦੋਵਾਂ ਦੀਆਂ ਅੱਖਾਂ ਭਰ ਆਈਆਂ।

ਲੇਖਿਕਾ ਇਸ ਘਟਨਾ ਨੂੰ ਦੋ-ਤਿੰਨ ਵਰ੍ਹਿਆਂ ਦੇ ਗੁਨਾਹ ਦੇ ਅਹਿਸਾਸ ਤੋਂ ਮੁਕਤ ਹੋਣ ਦਾ ਇੱਕ ਤਰਲਾ ਮਾਤਰ ਕਹਿੰਦੀ ਹੈ। ਫਿਰ ਵੀ ਉਸ ਦੀ ਉਦੋਂ ਤਕ ਤਸੱਲੀ ਨਹੀਂ ਹੁੰਦੀ ਜਦੋਂ ਤਕ ਅੰਤ ਉਤੇ ਇਹ ਨਹੀਂ ਲਿਖ ਲੈਂਦੀ, 'ਪਰ ਕੀ ਏਨੀ ਹੀ ਸੌਖੀ ਹੈ ਮੁਕਤੀ?'

ਪੋਠੋਹਾਰ ਦੀ ਪ੍ਰਤੀਨਿਧਤਾ ਕਰਨ ਵਾਲੀ ਕਾਨਾ ਸਿੰਘ ਓਧਰਲੇ ਪੰਜਾਬ ਵਿਚ ਵੀ ਇੰਨੇ ਹੀ ਪਿਆਰ ਨਾਲ ਪੜ੍ਹੀ ਜਾਂਦੀ ਹੈ ਜਿੰਨਾ ਮੋਹਨ ਸਿੰਘ ਮਾਹਿਰ ਤੇ ਕਰਤਾਰ ਸਿੰਘ ਦੁੱਗਲ। ਕਾਨਾ ਦੀ ਰਚਨਾ, ਕਵਿਤਾ ਹੋਵੇ ਜਾਂ ਵਾਰਤਕ, ਟੁਕੜਿਆਂ ਵਿਚ ਪੜ੍ਹਨ ਵਾਲੀ ਨਹੀਂ। ਮੈਨੂੰ ਉਸ ਦੀ ਵਾਰਤਕ ਵਿਚੋਂ ਟੁਕੜੇ ਲੱਭਦਿਆਂ ਬੜੀ ਔਖ ਆਈ ਹੈ, ਪਰ ਮੈਂ ਉਸ ਦੀ ਕਵਿਤਾ ਨਾਲ ਇਹ ਦੁਰਵਿਹਾਰ ਨਹੀਂ ਕਰਨਾ ਚਾਹੁੰਦਾ। 'ਕੁੜੀ ਪੋਠੋਹਾਰ ਨੀ' ਦਾ ਇੱਕ ਅੰਸ਼:

ਹੁਸਨਾਂ ਨੀ ਰਾਣੀ ਹਾਂ ਮੈਂ
ਨੱਢੀ ਪੋਠੋਹਾਰ ਨੀ
ਸੁਹਣੀ ਤੈ ਸਿਆਣੀ ਹਾਂ ਮੈਂ
ਨੱਢੀ ਪੋਠੋਹਾਰ ਨੀ।
ਵੱਡੀ ਥਈ ਖਾਈ ਖਾਈ
ਗਰੀ ਤੈ ਛੁਹਾਰੇ
ਉਚੀ ਥਈ ਘਿੰਨੀ ਘਿੰਨੀ
ਪੀਂਘਾਂ ਨੇ ਹੁਲਾਰੇ
ਪੀਡੀ ਥਈ ਕੁੱਦੀ ਕੁੱਦੀ
ਢੱਕੀਆਂ ਤੈ ਕੱਸੀਆਂ
ਕੂਲੀ ਥਈ ਪੀ ਪੀ ਦੁੱਧ
ਮੱਖਣ ਤੈ ਲੱਸੀਆਂ
ਜੰਡੀਆਂ ਤੈ ਚੜ੍ਹੀ ਚੜ੍ਹੀ
ਬੇਰੀਆਂ ਉਲਾਰਨੀ
ਹੁਸਨਾਂ ਨੀ ਰਾਣੀ ਹਾਂ ਮੈਂ
ਨੱਢੀ ਪੋਠੋਹਾਰ ਨੀ।

ਕਾਨਾ ਦਾ ਜੀਵਨ ਉਥਲ-ਪੁਥਲ ਦਾ ਜੀਵਨ ਹੈ। ਉਸ ਦਾ ਵਿਆਹੁਤਾ ਜੀਵਨ ਵੀ ਸੁਖਾਵਾਂ ਨਹੀਂ ਸੀ। ਪੰਜ ਦਹਾਕੇ ਵਿਚੋਂ ਲਗਪਗ ਅੱਧਾ ਸਮਾਂ ਉਹ ਆਪਣੇ ਪਤੀ ਮਨਜੀਤ ਸਿੰਘ ਅਨੰਤ ਨਾਲੋਂ ਵੱਖਰੀ ਰਹੀ। ਉਹ ਮੁੰਬਈ ਵਿਖੇ ਡਾਕਟਰੀ ਦੀ ਪ੍ਰੈਕਟਿਸ ਕਰਦਾ ਰਿਹਾ ਤੇ ਇਹ ਮੁਹਾਲੀ ਆ ਕੇ ਨਿੱਕੇ-ਮੋਟੇ ਸ਼ੌਕ ਪਾਲਦੀ ਰਹੀ। ਵੱਡਾ ਬੇਟਾ ਧਵਨਦੀਪ

(ਬਾਕੀ ਸਫਾ 29 'ਤੇ)



ਕਾਨਾ... ਅੱਜ




ਕਾਨਾ... ਕੱਲ੍ਹ

*"ਜਦ ਤਕ ਸੁਹਣੀ ਤਰ੍ਹਾਂ ਵਾਲ ਨਾ ਵਾਹੇ ਹੋਣ, ਸਾਫ਼-ਸੁਥਰੀ ਫੱਬਵੀਂ ਪੁਸ਼ਾਕ ਨਾ ਪਾਈ ਹੋਵੇ, ਹੋਠਾਂ ਉਤੇ ਗੁਲਾਬੀ ਭਾਅ ਨਾ ਹੋਵੇ, ਸਮੁੱਚੇ ਆਪੇ 'ਚ ਭਿੰਨੀ-ਭਿੰਨੀ ਸੁਗੰਧ ਨਾ ਹੋਵੇ ਤੇ ਸ਼ੀਸ਼ਾ ਪਿਆਰ ਦਾ ਹੁੰਗਾਰਾ ਨਾ ਭਰੇ, ਉਹ ਕਿਸੇ ਸਨੇਹੀ ਮਿੱਤਰ ਨੂੰ ਫੋਨ ਨਹੀਂ ਕਰ ਸਕਦੀ, ਚਿੱਠੀ ਵੀ ਨਹੀਂ ਲਿਖ ਸਕਦੀ।" ਉਹ ਕਹਿੰਦੀ ਹੈ... ਕਾਨਾ ਜੀਵਿਤ ਰੂਹ ਹੈ। ਸਦਾ ਉਤਸੁਕ। ਸਦਾ ਚੰਚਲ ਤੇ ਅਸਮਾਨੀਂ ਉਡਣ ਲਈ ਤਤਪਰ। ਸਾਹਿਰ, ਗਾਰਗੀ, ਅੰਮ੍ਰਿਤਾ, ਤਾਰਾ ਸਿੰਘ ਕਾਮਲ, ਇਮਰੋਜ਼... ਕਿਸੇ ਨਾਲ ਵੀ ਏਨਾ ਨੇੜ ਨਹੀਂ ਜਿੰਨੀ ਨੇੜ ਦੀ ਤਮੰਨਾ। ਫੈਂਟੇਸੀ ਸਿਰਜਣ ਦੀ ਲੋਚਾ।*

# ਬੇਰੀਆਂ

*ਪੰਜਾਬੀ ਸਾਹਿਤ-ਸਭਿਆਚਾਰ ਨੂੰ ਵਜ਼ਨਦਾਰ ਕਹਾਣੀਆਂ ਅਤੇ ਹੋਰ ਲਿਖਤਾਂ ਦੇਣ ਵਾਲੇ ਪ੍ਰਿੰਸੀਪਲ ਸੁਜਾਨ ਸਿੰਘ (1919-1993) ਦਾ ਜੀਵਨ ਬੜਾ ਮਿਸਾਲੀ ਰਿਹਾ ਹੈ। ਉਨ੍ਹਾਂ ਸਾਦਗੀ ਭਰਪੂਰ ਜੀਵਨ ਜੀਵਿਆ ਅਤੇ ਉਨ੍ਹਾਂ ਦੀਆਂ ਲਿਖਤਾਂ ਵਿਚੋਂ ਵੀ ਇਸੇ ਸਾਦਗੀ ਦੇ ਝਲਕਾਰੇ ਮਿਲਦੇ ਹਨ। ਉਨ੍ਹਾਂ ਦੀ ਹਰ ਲਿਖਤ ਵਿਚ ਸਮਾਜ ਲਈ ਸੁਨੇਹਾ ਸੀ। 'ਬੇਰੀਆਂ' ਪੜ੍ਹ ਕੇ ਪਾਠਕ ਖੁਦ ਅੰਦਾਜ਼ਾ ਲਾ ਲੈਣਗੇ ਕਿ ਉਹ ਕਿਸ ਮਿੱਟੀ ਦੇ ਬਣੇ ਹੋਏ ਸਨ ਅਤੇ ਲੋਕਾਂ ਨੂੰ ਕਿਸ ਮਿੱਟੀ ਦੇ ਬਣੇ ਦੇਖਣਾ ਚਾਹੁੰਦੇ ਸਨ। ਉਨ੍ਹਾਂ ਦਾ ਪਹਿਲਾ ਲੇਖ 'ਤਵਿਆਂ ਦਾ ਵਾਜਾ' ਮਾਸਕ ਪਰਚੇ 'ਲਿਖਾਰੀ' ਵਿਚ ਛਪਿਆ ਸੀ। ਇਸ ਲੇਖ ਨੂੰ ਕਹਾਣੀਆਂ ਤੋਂ ਵੀ ਵੱਧ ਹੁੰਗਾਰਾ ਮਿਲਿਆ ਤਾਂ ਮਗਰੋਂ ਦੋ ਵਾਰਤਕ ਪੁਸਤਕਾਂ- 'ਜੰਮੂ ਜੀ ਤੁਸੀਂ ਬੜੇ ਰਾਅ' ਅਤੇ 'ਖੁੰਬਾਂ ਦਾ ਸ਼ਿਕਾਰ' ਪੰਜਾਬ ਸਾਹਿਤ ਨੂੰ ਮਿਲ ਗਈਆਂ। ਉਨ੍ਹਾਂ ਗੁਰੂ ਨਾਨਕ, ਗੁਰੂ ਅਮਰ ਦਾਸ ਅਤੇ ਗੁਰੂ ਗੋਬਿੰਦ ਸਿੰਘ ਦੀ ਮਹਿਮਾ ਵਿਚ ਕ੍ਰਮਵਾਰ 'ਵੱਡੇ ਕੀਆਂ ਵਡਿਆਈਆਂ', 'ਅਮਰ ਗੁਰੂ ਰਿਸ਼ਮਾਂ' ਅਤੇ 'ਕਲਗੀ ਦੀਆਂ ਅਣੀਆਂ' ਦੀ ਰਚਨਾ ਕੀਤੀ। -ਸੰਪਾਦਕ*



ਪ੍ਰਿੰਸੀਪਲ ਸੁਜਾਨ ਸਿੰਘ

ਸਮੁੱਚੇ ਪੰਜਾਬ ਦੇ ਚਿੱਤਰ ਵਿਚੋਂ ਜੇ ਬੇਰੀਆਂ ਕੱਢ ਦਿੱਤੀਆਂ ਜਾਣ, ਤਾਂ ਪੰਜਾਬ ਉਕਾ ਹੀ ਪੰਜਾਬ ਨਹੀਂ ਰਹਿੰਦਾ। ਜੇ ਕਿਤੇ ਬੇਰੀਆਂ ਹਿੰਦੂ, ਸਿੱਖ ਅਤੇ ਮੁਸਲਮਾਨ ਬੇਰੀਆਂ ਹੁੰਦੀਆਂ ਤਾਂ 1947 ਵਿਚ ਦੋਹੀਂ ਬੰਨ੍ਹੀਂ ਜੜ੍ਹੋਂ ਪੁੱਟ ਦਿੱਤੀਆਂ ਜਾਂਦੀਆਂ। ਵਿਚਾਰੀਆਂ ਬੰਦਿਆਂ ਵਾਂਗ ਨੱਸ ਜੁ ਨਹੀਂ ਸਨ ਸਕਦੀਆਂ ਤੇ ਸਾਰੇ ਜਾਣਦੇ ਹਨ ਕਿ ਪੁੱਟੇ ਹੋਏ ਦਰਖਤ ਸ਼ਰਨਾਰਥੀਆਂ ਵਾਂਗ ਮੁੜ ਜੜ੍ਹਾਂ ਨਹੀਂ ਫੜ ਸਕਦੇ।

ਬੇਰੀਆਂ ਦੇ ਉੱਗਣ ਲਈ ਕੋਈ ਖਾਸ ਥਾਂ ਨਹੀਂ ਲੋੜੀਂਦੀ। ਪੈਲੀਆਂ ਦਿਆਂ ਬੰਨ੍ਹਿਆਂ, ਪਿੰਡਾਂ ਦੀਆਂ ਜੂਹਾਂ, ਟਿੱਬਿਆਂ, ਵਿਹੜਿਆਂ ਵਿਚਕਾਰ, ਇਥੋਂ ਤੱਕ ਕਿ ਸ਼ਹਿਰੀ ਪੱਕੇ ਮਕਾਨਾਂ ਦੀਆਂ ਕੰਧਾਂ ਵਿਚ ਇਨ੍ਹਾਂ ਦਾ ਵਾਸ ਹੋ ਸਕਦਾ ਹੈ। ਇਹ ਜੰਗਲੀ, ਪੇਂਡੂ, ਸ਼ਹਿਰੀ ਸਭ ਪ੍ਰਕਾਰ ਦੀ ਹੋ ਸਕਦੀ ਹੈ। ਇਨ੍ਹਾਂ ਦੇ ਫਲ, ਬੇਰ ਕਈ ਕਿਸਮ ਦੇ ਹੁੰਦੇ ਹਨ। ਇਨ੍ਹਾਂ ਫਲਾਂ ਤੋਂ ਬੇਰੀਆਂ ਦੀਆਂ ਗੋਤਾਂ ਥਾਪ ਦਿੱਤੀਆਂ ਗਈਆਂ ਹਨ- ਕਾਠੀਆਂ ਬੇਰੀਆਂ, ਸੇਉ ਬੇਰੀਆਂ, ਗਲ-ਘੋਟੂ ਬੇਰੀਆਂ, ਮਲ੍ਹੇ ਤੇ (ਹਰਿਮੰਦਰ ਸਾਹਿਬ ਦੀਆਂ ਪਰਕਰਮਾ ਵਿਚ ਇਸ ਕਿਸਮ ਦੀ ਇਕੋ-ਇਕ ਬੇਰੀ ਤੋਂ) ਲਾਚੀ ਬੇਰੀ। ਬੇਰੀਆਂ ਨੂੰ ਗੁਰੂਆਂ ਪੀਰਾਂ ਨੇ ਵੀ ਵਰੋਸਾਇਆ ਹੈ ਤੇ ਇਨ੍ਹਾਂ ਦੇ ਨਾਂ ਉਨ੍ਹਾਂ ਦੇ ਨਾਂਵਾਂ ਨਾਲ ਸੰਬੋਧਨ ਹੋ ਗਏ ਹਨ, ਜਿਵੇਂ ਬਾਬੇ ਦੀ ਬੇਰ, ਬਾਬੇ ਬੁੱਢੇ ਦੀ ਬੇਰੀ, ਦੁਖ ਭੰਜਨੀ ਬੇਰੀ ਆਦਿ। ਮੁਸਲਮਾਨੀ ਪਿੰਡਾਂ ਵਿਚ ਫਕੀਰਾਂ ਦੇ ਦਾਇਰਿਆਂ ਤੇ ਤਕੀਆਂ ਦੇ ਵਿਹੜਿਆਂ ਵਿਚ ਜਾਂ ਕਿਸੇ ਪੀਰ ਫਕੀਰ ਦੀ ਗੋਰ ਉਤੇ ਇਹ ਆਮ ਝੁਕੀ ਹੋਈ ਦੇਖੀ ਜਾਂਦੀ ਹੈ। ਦਾਇਰਿਆਂ-ਤਕੀਆਂ ਦੀ ਮਾਨੋ ਇਹ ਨਿਸ਼ਾਨੀ ਬਣ ਗਈ ਹੋਈ ਸੀ। ਸ਼ਾਇਦ ਫਕੀਰੀ ਜੀਵਨ ਨਾਲ ਇਸ ਦੀ ਕੋਈ ਸਮਾਨਤਾ ਹੋਵੇ। ਪੀਰਾਂ ਫਕੀਰਾਂ ਦੀ ਮੰਨਤ ਜਾਂ ਸੁੱਖਣਾ ਬਾਰੇ ਕਿੰਨੀਆਂ ਦੇਗਾਂ ਕਰਾਈਏ, ਪੂਰੀ ਨਹੀਂ ਸੀ ਹੁੰਦੀ, ਜਿੰਨਾ ਚਿਰ ਕੋਈ ਰੰਗਦਾਰ ਲੀਰ ਉਸ ਨਾਲ ਸਬੰਧਤ ਬੇਰੀ ਦੀ ਕਿਸੇ ਟਾਹਣੀ ਨਾਲ ਗੁੰਦ ਕੇ ਨਾ ਲਮਕਾਈ ਜਾਵੇ।

ਕਹਿੰਦੇ ਨੇ, ਬੇਰੀ ਥੋੜ੍ਹੀ ਬਾਰਸ਼ ਵਾਲੇ ਇਲਾਕੇ ਦੀ ਜੰਮਪਲ ਹੈ। ਇਸ ਦੇ ਛੋਟੇ-ਛੋਟੇ ਚੀਕਣੇ ਪੱਤੇ ਤੇ ਕੰਢੇ ਖੁਸ਼ਕ ਤੇ ਗਰਮ ਰੁੱਤ ਵਿਚ ਸੂਰਜ ਦੀ ਤਪਸ਼ ਦਾ ਮੁਕਾਬਲਾ ਕਰਦੇ ਹਨ ਤੇ ਵਾਸ਼ਪੀਕਰਨ ਨਾਲ ਇਸ ਅੰਦਰਲੇ ਪਾਣੀ ਨੂੰ ਉਡਣ ਨਹੀਂ ਦਿੰਦੇ। ਬੇਰੀਆਂ ਸੰਤੋਖੀ ਤੇ ਸੰਜਮੀ ਆਦਮੀ ਦਾ ਨਮੂਨਾ ਹਨ। ਕਿਰਨਾਂ ਨੂੰ ਬਹੁਤਾ ਕੁਝ ਨਹੀਂ ਲੁੱਟਣ ਦੇਣਗੀਆਂ ਤੇ ਸੰਜਮ ਨਾਲ ਸਰੀਰ ਵਿਚ ਸਾਂਭੇ ਜਲ-ਜੀਵਨ ਤੋਂ ਮਿੱਠੇ ਫਲ ਬਖਸ਼ਣਗੀਆਂ। ਸ਼ਾਇਦ ਬੇਰੀ ਨੂੰ ਦੇਖ ਕੇ ਹੀ ਭਾਈ ਗੁਰਦਾਸ ਜੀ ਨੇ ਫਰਮਾਇਆ ਸੀ:

ਧਰਤੀ ਅੰਦਰਿ ਬਿਰਖੁ ਹੋਇ,  
ਪਹਿਲੋਂ ਦੇ ਜੜ ਪੈਰ ਟਿਕਾਈ।  
ਉਪਰਿ ਝੂਲੈ ਝਟੁਲਾ, ਠੰਢੀ ਛਾਉਂ ਸੁ ਥਾਉਂ ਸੁਹਾਈ।  
ਪਵਣੁ ਪਾਣੀ ਪਾਲਾ ਸਹੈ,  
ਸਿਰ ਤਲਵਾਇਆ ਨਿਹਚਲੁ ਜਾਈ।  
ਫਲੁ ਦੇ ਵਟ ਵਗਾਇਆਂ,  
ਸਿਰਿ ਕਲਵਤੁ ਲੈ ਲੋਹੁ ਤਰਾਈ।

ਜਜ਼ਬਾਤੀ ਲੋਕ ਥੋੜ੍ਹੀ ਗੱਲ ਨੂੰ ਬਹੁਤੀ ਬਣਾ ਦਿੰਦੇ ਹਨ। ਇਨ੍ਹਾਂ ਲਈ ਬੇਰੀਆਂ ਦਾ ਇਕੋ ਔਗੁਣ ਮਾਣ ਨਹੀਂ। ਕੰਡੇ, ਸੱਪ ਦੇ ਜ਼ਹਿਰੀਲੇ ਦੰਦਾਂ ਵਰਗੇ ਵਿੰਗੇ ਕੰਡੇ! ਤੇ ਪੁਰਾਣੇ ਬਜ਼ੁਰਗ ਕਹਿੰਦੇ ਹੁੰਦੇ ਹਨ ਕਿ ਵਿਹੜੇ ਵਿਚ ਬੇਰੀ ਨਹੀਂ ਲਾਉਣੀ ਚਾਹੀਦੀ, ਇਹ ਨਹਿਸ਼ ਹੁੰਦੀ ਹੈ; ਫੇਰ ਵੀ ਪੇਂਡੂ ਵਿਹੜਿਆਂ ਵਿਚ ਬੇਰੀ ਹੀ ਪ੍ਰਧਾਨ ਹੈ, ਭਾਵੇਂ ਪਿਆ ਆਮ ਲੋਕਾਂ ਦੇ ਪ੍ਰਤਿਨਿਧ ਵਿਚਾਰਾਂ ਦਾ ਪ੍ਰਗਟਾਇਕ ਕਵੀ ਕਹਿੰਦਾ ਰਿਹਾ:

ਗੰਦ ਵਾਲੀ ਢੇਰੀ ਬੁਰੀ।  
ਵਿਹੜੇ ਵਿਚ ਬੇਰੀ ਬੁਰੀ।  
ਦਾਨ ਦਿੰਦੇ ਦੇਰੀ ਬੁਰੀ।  
ਸੱਚ ਥੋਨੂੰ ਦੱਸਦਾ।

ਇਹ ਕੀ ਗੱਲ ਹੋਈ ਕਿ ਗੁਲਾਬ ਨਾਲ ਬੇਰੀ ਵਰਗੇ ਕੰਡੇ ਹੋਣ ਦੇ ਬਾਵਜੂਦ ਉਸ ਦੀ ਵਡਿਆਈ ਹੋਵੇ ਤੇ ਵਿਚਾਰੀ ਬੇਰੀ ਦੀ ਗੁਲਾਬ ਵਰਗੇ ਕੰਡੇ ਹੋਣ ਕਰ ਕੇ ਨਿੰਦਿਆ! ਗੁਲਾਬ ਵਿਚ ਖੁਸ਼ਬੋ ਹੈ, ਬੇਰ ਵਿਚ ਮਿਠਾਸ ਹੈ; ਗੁਲਾਬ ਨੱਕ ਦਾ ਭੋਗ ਹੈ ਤੇ ਬੇਰ ਮੂੰਹ ਦਾ। ਗੁਲਾਬ ਦਿਮਾਗ ਦੀ ਤ੍ਰਿਪਤੀ ਕਰਦਾ ਹੋਵੇ ਜਾਂ ਨਾ; ਬੇਰ, ਇਹ ਮੇਰਾ ਪਰਤਾਇਆ ਹੋਇਆ ਵਿਚਾਰ ਹੈ, ਪੇਟ ਨੂੰ ਜ਼ਰੂਰ ਰਜਾਉਂਦਾ ਹੈ। ਕਿਸ ਲਈ ਗੁਲਾਬ ਦਾ ਕਸੀਦਾ ਤੇ ਬੇਰੀ ਦੀ ਹਿਜੋ? ਕੰਡਾ ਤਾਂ ਕੰਡਾ ਹੀ ਹੁੰਦਾ ਹੈ, ਗੁਲਾਬ ਦਾ ਹੋਵੇ ਤੇ ਭਾਵੇਂ ਬੇਰੀ ਦਾ। ਫੇਰ ਦੋਹਾਂ ਕੰਡਿਆਂ ਦੇ ਕੱਦ-ਕਾਠ, ਰੂਪ-ਰੰਗ ਦਾ ਵੀ ਕੋਈ ਫਰਕ ਨਹੀਂ ਤੇ ਦੋਵੇਂ ਹੀ ਵਿੰਗੇ। ਸਾਂਝੇ ਤੱਤ ਕੰਡੇ ਬਰਾਬਰ ਕੱਢ ਕੇ ਦੇਖ ਲਓ, ਬੇਰ ਗੁਲਾਬ ਤੋਂ ਮਾਰ ਨਹੀਂ ਖਾਵੇਗਾ। ਤੁਸੀਂ ਸੁੰਦਰਤਾ ਤੇ ਰੰਗ ਦਾ ਮੁਕਾਬਲਾ ਕਰਨ ਬਹਿ ਜਾਵੋਗੇ, ਮੇਰਾ ਬੇਰ ਬਹਾਦਰ ਉਥੇ ਵੀ ਹਾਰ ਨਹੀਂ ਖਾਵੇਗਾ। ਝੁੰਜਲਾ ਕੇ ਕੋਈ ਗਲ-ਘੋਟੂ ਬੇਰਾਂ ਦੀ ਯਾਦ ਕਰਾਏਗਾ, ਮੈਂ ਉਨ੍ਹਾਂ ਦਾ ਮੁਕਾਬਲਾ ਸੁਗੰਧ ਰਹਿਤ ਪਹਾੜੀ ਗੁਲਾਬ ਨਾਲ ਕਰਨ ਦੀ ਬੇਨਤੀ ਕਰਾਂਗਾ। ਗਲ-ਘੋਟੂ ਬੇਰ ਸੁੰਦਰਤਾ ਵਿਚ ਉਨ੍ਹਾਂ ਕੋਲੋਂ ਘੱਟ ਨਹੀਂ ਤੇ ਜ਼ਰਾ ਤੁਰਸ਼ ਹੋਣ ਕਰ ਕੇ ਲੂਣ ਲਾ ਕੇ ਖਾਧਿਆਂ ਹੋਰ ਵੀ ਸੁਆਦੀ ਬਣ ਜਾਂਦਾ ਹੈ ਤੇ ਹਾਜ਼ਮਾ ਦਰੁਸਤ ਕਰਦਾ ਹੈ। ਜ਼ਰਾ ਦੇਖੋ ਮੁਕਾਬਲਾ!

ਬੇਰਾਂ ਪਿੱਛੇ ਗੋਰੀਆਂ ਗੱਲਾਂ 'ਤੇ ਝਰੀਟਾਂ ਪਵਾਉਣੀਆਂ, ਬੇਰਾਂ ਤੇ ਬੇਰੀਆਂ ਦੀ ਵਡਿਆਈ ਨਹੀਂ ਤਾਂ ਹੋਰ ਕੀ ਹੈ? ਐਵੇਂ ਤਾਂ ਨਹੀਂ ਨਾ ਲੋਕ ਬੋਲੀ ਬਣੀ:

ਗੋਰੀ ਗੱਲ੍ਹ 'ਤੇ ਝਰੀਟਾਂ ਆਈਆਂ,  
ਬੇਰੀਆਂ ਦੇ ਬੇਰ ਖਾਣੀਏਂ।

ਬੇਰੀ ਹੀ ਐਸਾ ਦਰੱਖਤ ਹੈ ਜਿਸ ਦਾ ਉਪਮਾਨ ਗੋਰੀ ਦੀ ਲਾਲ ਗੱਲ੍ਹ ਬਣ ਸਕਦੀ ਹੈ। ਬਾਲਕ ਦਿਓਰ ਆਪਣੀ ਭਰਜਾਈ ਨੂੰ ਕਿਸ ਸਾਦਗੀ ਤੇ ਨਿਰਛਲਤਾ ਨਾਲ ਕਹਿੰਦਾ ਹੈ:

ਆ ਤੈਨੂੰ ਬੇਰੀਆਂ ਤੇ ਬੇਰ ਦਿਖਾਵਾਂ,  
ਭਾਬੀ ਤੇਰੀ ਗੱਲ੍ਹ ਵਰਗਾ।

ਅੱਜ ਕੱਲ੍ਹ ਦੇ ਰੂਪ ਸ਼ਿੰਗਾਰ ਵਿਚ ਗੱਲ੍ਹਾਂ 'ਤੇ ਲਾਲੀ ਲਾਉਣੀ ਵੀ ਸ਼ਾਇਦ ਸੁੰਦਰੀਆਂ ਨੇ ਬੇਰਾਂ ਤੋਂ ਸਿੱਖੀ ਹੋਵੇ, ਪਰ ਕਿਥੇ ਬੇਰਾਂ ਦੀ ਕੁਦਰਤੀ ਲਾਲੀ ਤੇ ਕਿਥੇ ਲਹੂ-ਰਹਿਤ ਸ਼ਹਿਰਨਾਂ ਦੀ ਬਣਾਉਟੀ ਸੁਰਖੀ!

ਐਵੇਂ ਤਾਂ ਬਾਵਾ ਬਲਵੰਤ ਨੇ ਨਹੀਂ ਕਿਹਾ:

(ਹੇ ਸ਼ਾਮ ਦੀ ਲਾਲੀ!)  
ਚਿਹਰੇ ਦਾ ਰੰਗ ਬਣਾਵਣ ਇੰਜਣਾਂ ਦੀ ਰਾਖ ਬਦਲ ਕੇ।  
ਤੂੰ ਨਿਤ ਦੇਖੇ ਹੋਵਣਗੇ ਬਣ ਬਣ ਕੇ ਸਾਂਗ ਨਿਕਲਦੇ।  
ਹੇ ਅਰਸ਼ ਦੀ ਲਾਲੀ! ਆ ਜਾ;  
ਜੀਵਨ ਮੇਰਾ ਪਲਟਾ ਜਾ।  
ਆ ਚੜ੍ਹ ਜਾ ਦਿਲਾਂ 'ਤੇ ਆ ਕੇ,  
ਮੁੜ ਜਾਵੀਂ ਜੋਤ ਜਗਾ ਕੇ।

ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਅਰਸ਼ ਦੀ ਲਾਲੀ ਦਿਲਾਂ 'ਤੇ ਚੜ੍ਹਨ ਤੋਂ ਪਹਿਲਾਂ ਬੇਰਾਂ ਦੇ ਰੂਪ 'ਤੇ ਆ ਚੜ੍ਹੀ ਹੋਵੇ ਤੇ ਬੇਰ ਦੱਸ ਰਹੇ ਹੋਣ ਕਿ ਅਰਸ਼ੀ ਦਾਤ ਨੂੰ ਕਿਵੇਂ ਗ੍ਰਹਿਣ ਕਰੀਦਾ ਹੈ।

ਪਰ ਬੇਰੀਆਂ ਤੋਂ ਅੱਜ ਮੇਰਾ ਭਾਵ ਆਮ ਬੇਰੀਆਂ ਤੋਂ ਨਹੀਂ ਸੀ। ਇਹ ਤਿੰਨ ਖਾਸ ਬੇਰੀਆਂ ਸਨ ਜੋ ਅੰਮ੍ਰਿਤਸਰ ਵਿਚ ਲਛਮਣਸਰ ਜਾਂ ਸੁੱਕੇ ਤਲਾ ਦੀ ਦੱਖਣੀ ਬਾਹੀ ਦੇ ਅੱਧ ਵਿਚ ਕਾਇਮ, ਪੁਰਾਣੇ ਖੰਡਰ, ਪੋਣੇ ਦੇ ਸੱਜੇ ਬੰਨੇ ਉੱਗੀਆਂ ਹੋਈਆਂ ਸਨ। ਜਦੋਂ ਅਸੀਂ ਨਿੱਕੇ-ਨਿੱਕੇ ਹੁੰਦੇ ਸਾਂ, ਮਸੀਂ ਪੰਜਵੀਂ ਕੁ ਜਮਾਤ ਦੇ ਵਿਦਿਆਰਥੀ, ਤੇ ਸੁੱਕਾ ਤਲਾ ਵੀ ਅੱਧ-ਪੂਰਿਆ ਤੇ ਅੱਧ-ਸੁੱਕਾ ਹੁੰਦਾ ਸੀ, ਉਦੋਂ ਉਨ੍ਹਾਂ ਬੇਰੀਆਂ ਵੱਲ ਕੋਈ ਦਿਨ ਵੇਲੇ ਵੀ ਮੂੰਹ ਨਹੀਂ ਸੀ ਕਰਦਾ ਹੁੰਦਾ। ਕਹਿੰਦੇ ਹੁੰਦੇ ਸਨ ਕਿ ਇਹ ਬੇਰੀਆਂ ਭਾਰੀਆਂ ਨੇ ਤੇ ਇਨ੍ਹਾਂ ਵਿਚ ਜਿੰਨਾਂ, ਭੂਤਾਂ ਤੇ ਚੁੜੇਲਾਂ ਦਾ ਵਾਸਾ ਹੈ। ਇਸ ਗੱਲ ਬਾਰੇ ਕਈ ਕਹਾਣੀਆਂ ਵੀ ਪ੍ਰਸਿੱਧ ਸਨ। ਇਕ ਵਾਰੀ ਇਕ ਸੁਆਣੀ ਦੁਪਹਿਰਾਂ ਵੇਲੇ ਵਿਆਹ ਵਾਲੇ ਘਰੋਂ ਮਠਿਆਈਆਂ ਲੈ ਕੇ ਇਧਰੋਂ ਲੰਘੀ ਤਾਂ ਉਸ ਦੀਆਂ ਮਠਿਆਈਆਂ, ਸਮੇਤ ਥਾਲੀ ਦੇ, ਉਸ ਦੇ ਹੱਥੋਂ ਗਾਇਬ ਹੋ ਗਈਆਂ ਤੇ ਘਰ ਜਾ ਕੇ ਐਸੀ ਮੁਧੜੇ ਮੂੰਹ ਪਈ ਕਿ ਮੁੜ ਨਾ ਉਠੀ। ਇਕ ਵਾਰੀ ਇਕ ਬੁੱਢੜੀ ਬ੍ਰਾਹਮਣੀ ਨੂੰ ਸ਼ਾਮੀਂ ਉਧਰੋਂ ਲੰਘਦਿਆਂ ਐਸੀ ਚਪੇੜ ਪਈ ਕਿ ਉਹ ਉਸੇ ਰਾਤ ਹੀ ਚਲਦੀ ਬਣੀ ਤੇ ਉਸ ਦੀ ਗੱਲ੍ਹ 'ਤੇ ਨੀਲਾ ਨਿਸ਼ਾਨ ਮਰਨ ਤੋਂ ਮਗਰੋਂ ਵੀ ਕਾਇਮ ਰਿਹਾ।

ਮਹਾਂ ਪੁਰਖ ਦੁਨੀਆਂ 'ਤੇ ਬੜੇ ਬੜੇ ਕੰਮ ਕਰਨ ਲਈ ਜਨਮ ਲੈਂਦੇ ਹਨ, ਪਰ ਸੰਤਾ ਤੇ ਮੈਂ ਦੋਵੇਂ ਨਿਗੂਣੇ ਆਦਮੀ ਸ਼ਾਇਦ ਇਨ੍ਹਾਂ ਬੇਰੀਆਂ ਦਾ ਡਰ ਤੇ ਵਹਿਮ ਕੱਢਣ ਲਈ ਹੀ ਜੰਮੇ ਸਾਂ। ਇਹ ਕੰਮ ਕਰਦਿਆਂ ਸਾਨੂੰ ਕਈ ਵਰ੍ਹੇ ਲੱਗੇ। ਸਾਡਾ ਆਪਣਾ ਭੈ ਤਾਂ ਇਕ ਸੁਲੱਖਣੀ ਰਾਤੇ ਝਟਪਟ ਹੀ ਉਡ ਗਿਆ ਸੀ।

'ਗਣੇਸ਼-ਮੱਠ' ਦੇ ਪਿਛਲੇ ਬੰਨੇ 'ਬਾਣੀਆਂ ਵਾਲੀ ਗਲੀ' ਦੇ ਬਾਹਰਵਾਰ ਖੁੱਲ੍ਹੀ ਥਾਂ ਵਿਚ ਵਾਜੇ, ਜੋੜੀ ਤੇ ਖੜਤਾਲਾਂ ਨਾਲ ਰਾਮਾਇਣ ਦੀ ਕਥਾ ਹੁੰਦੀ ਸੀ। ਸੰਤਾ ਤੇ ਮੈਂ ਅੱਠ ਕੁ ਵਜੇ ਸ਼ਾਮੀਂ ਲਛਮਣਸਰ ਦੀ ਉਤਰੀ ਬਾਹੀ ਤੋਂ ਲੰਘ ਕੇ ਕਥਾ ਸੁਣਨ ਜਾਂਦੇ ਹੁੰਦੇ ਸਾਂ। ਇਕ ਵਾਰੀ ਕਥਾ ਦੇ ਅੱਧ ਵਿਚ ਕੋਈ ਸਾਢੇ ਕੁ ਨੌਂ ਵਜੇ ਸੰਤੇ ਨੇ ਢਿੱਡ ਘੁਟਣਾ ਸ਼ੁਰੂ ਕਰ ਦਿੱਤਾ। ਮੈਂ ਪੁੱਛਿਆ, "ਕੀ ਗੱਲ ਐ?" ਕਹਿਣ ਲੱਗਾ, "ਕੁਝ ਫਸੇ! ਕਥਾ ਦਾ ਸੁਆਦ ਆਉਣ ਡਿਹਾ ਹੋਇਆ ਸੀ ਤੇ ਮੈਨੂੰ ਢਿੱਡ ਪੀੜ ਹੋਣ ਲੱਗ ਪਈ ਐ।" ਕਥਾ ਉਸ ਵੇਲੇ ਕਿਸੇ ਸੰਕਟ 'ਤੇ ਖੜ੍ਹੀ ਸੀ। ਸੰਤੇ ਨੂੰ ਹਾਜਤ ਜਾਣ ਨਾਲ ਅਰਾਮ ਹੋ ਸਕਦਾ ਸੀ। ਜੀਅ ਮੇਰਾ ਵੀ ਉਸ ਦੇ ਨਾਲ ਉਠ ਕੇ ਜਾਣ ਨੂੰ ਨਹੀਂ ਸੀ ਕਰਦਾ। ਘਰ ਜਾਂਦੇ ਤਾਂ ਕਥਾ ਮੁੱਕ ਜਾਣੀ ਸੀ। ਉਸੇ ਵੇਲੇ ਕਿਸੇ ਸ਼ਰਾਰਤੀ ਬਾਣੀਏ ਨੇ ਰਬੜ ਦਾ ਸੱਪ ਕਥਾ ਦੇ ਇਕੱਠ ਵਿਚ ਛੱਡ ਦਿੱਤਾ। ਕਥਾ ਵਿਚ ਖਲਬਲੀ ਪੈ ਗਈ। ਹਫੜਾ-ਦਫੜੀ ਕਾਰਨ ਕਥਾ ਕੁਝ ਚਿਰ ਲਈ ਰੁਕ ਗਈ। ਮੈਂ ਕਿਹਾ, "ਸੰਤਿਆ, ਬੱਚੂ, ਦਾਅ ਲੱਗ ਗਿਆ ਈ। ਜਾਹ ਲਾਗੇ ਈ ਕਿਤੇ ਹੋ ਆ।" ਸੰਤਾ ਕਹਿਣ ਲੱਗਾ, "ਹਨੇਰਾ ਐ ਬਾਹਰ ਤਲਾ 'ਤੇ। ਤੂੰ ਮੇਰੇ ਨਾਲ ਚੱਲ।" ਮੈਨੂੰ ਉਸ ਦੇ ਨਾਲ ਜਾਣਾ ਪਿਆ। ਮੈਂ ਕਿਹਾ, "ਪਰੇ ਕਿਸੇ ਨੁੱਕਰੇ ਬਹਿ ਜਾ।" ਕਹਿਣ ਲੱਗਾ, "ਲੋਕੀਂ ਆਉਂਦੇ ਜਾਂਦੇ ਨੇ।" ਇਹ ਦੇਖ ਕੇ ਅਸੀਂ ਦੋਵੇਂ ਬੇਰੀਆਂ ਵੱਲ ਹੋ ਤੁਰੇ। ਮੇਰੇ ਮਨ ਵਿਚ ਡਹਿਲ ਤਾਂ ਹੈ ਸੀ, ਪਰ ਮੈਂ ਸੰਤੇ ਦੇ ਆਸਰੇ ਤੁਰਿਆ ਗਿਆ ਤੇ ਸੰਤਾ ਮੇਰੇ ਆਸਰੇ। ਇਹੋ ਜਿਹੇ ਵੇਲੇ ਹੁੰਦੇ ਜੇ 'ਇਕ ਕੱਲਾ ਤੇ ਦੋ ਯਾਰਾਂ'। ਸੰਤਾ ਬੇਰੀਆਂ ਦੇ ਗੂੜ੍ਹੇ ਹਨ੍ਹੇਰੇ ਵਿਚ ਜਾ ਵੜਿਆ ਤੇ ਮੈਂ ਬਾਹਰਲੇ ਹਨ੍ਹੇਰੇ ਵਿਚ ਖੜ੍ਹਾ ਰਿਹਾ, ਪਰ ਸੰਤਾ ਵਿਚ-ਵਿਚ ਮੈਨੂੰ ਬੁਲਾ ਕੇ ਆਪਣਾ ਹੌਸਲਾ ਵਧਾ ਲੈਂਦਾ। ਜਦੋਂ ਉਹ ਵਿਹਲਾ ਹੋਇਆ ਤਾਂ ਮੈਂ ਵੀ ਹੌਸਲਾ ਕਰ ਕੇ ਹਨ੍ਹੇਰ-ਘੁਪ-ਘੇਰ ਬੇਰੀਆਂ ਹੇਠਾਂ ਜਾ ਵੜਿਆ ਤੇ ਅੱਖਾਂ ਦੇ ਹਨ੍ਹੇਰੇ ਦੇ ਅਨੁਸਾਰੀ ਬਣਨ ਮਗਰੋਂ ਦੇਖਿਆ ਕਿ ਉਥੇ ਕੁਝ ਵੀ ਨਹੀਂ ਸੀ, ਸਿਵਾਏ ਬੇਰੀਆਂ ਦੇ ਤਿੰਨ ਮੁੱਢਾਂ ਦੇ। ਹੱਥ ਮਾਂਜ ਕੇ ਅਸੀਂ ਕਥਾ ਵਿਚ ਜਾ ਬੈਠੇ ਜੋ ਮੁੜ ਕੇ ਮਸੀਂ ਸ਼ੁਰੂ ਹੀ ਹੋਈ ਸੀ।

ਕਥਾ ਮਗਰੋਂ ਅਸੀਂ ਫੇਰ ਬੇਰੀਆਂ ਹੇਠ ਜਾ ਕੇ ਬਾਣੀਆਂ ਦੇ ਮੁੰਡਿਆਂ ਨੂੰ ਆਪਣੀ ਬਹਾਦਰੀ ਦਿਖਾਈ ਜੋ ਉਤਰ ਬਾਹੀ 'ਤੇ ਖੜ੍ਹੇ ਸਾਡੇ ਮੁੜਨ ਦੀ ਆਸ ਲਾਹੀ ਬੈਠੇ ਸਨ, ਪਰ ਅਸੀਂ ਸਹੀ-ਸਲਾਮਤ ਮੁੜ ਆਏ। ਕਈਆਂ ਸੋਚਿਆ, ਇਹ ਅੱਜ ਦੀ ਰਾਤ ਨਹੀਂ ਕੱਢਣ ਲੱਗੇ ਤੇ ਜਦ ਉਨ੍ਹਾਂ ਦੂਜੀ ਭਲਕ ਸਾਨੂੰ ਨੌਂ-ਬਰ-ਨੌਂ ਗੁੱਲੀ-ਡੰਡਾ ਖੇਡਣ ਲਈ ਤਿਆਰ-ਬਰ-ਤਿਆਰ ਹੋ ਕੇ ਆਉਂਦਿਆਂ ਦੇਖਿਆ ਤਾਂ ਉਹ ਹੈਰਾਨ ਦੇ ਹੈਰਾਨ ਹੀ ਰਹਿ ਗਏ ਅਤੇ ਅਸੀਂ ਉਸ ਦਿਨ ਤੋਂ ਇਲਾਕੇ ਦੇ ਨਿਰਭੈ-ਨਾਇਕ ਬਣ ਗਏ।

ਬਸ ਫੇਰ ਕੀ ਸੀ, ਸਕੂਲੋਂ ਵਿਹਲੇ ਹੋ ਕੇ ਬੇਰਾਂ ਦੀ ਰੁੱਤੇ ਉਨ੍ਹਾਂ 'ਭਾਰੀਆਂ' ਬੇਰੀਆਂ 'ਤੇ ਜਾ ਚੜ੍ਹਨਾ। ਦਰੱਖਤਾਂ 'ਤੇ ਚੜ੍ਹਨਾ ਸਾਨੂੰ ਇਨ੍ਹਾਂ ਬੇਰੀਆਂ ਨੇ ਹੀ ਸਿਖਾਇਆ। ਝਰੀਟਾਂ ਖਾਣੀਆਂ ਤੇ ਬੇਰ ਝਾੜਨੇ, ਹਲੂਣਨੇ ਤੇ ਤੋੜਨੇ। ਜਦੋਂ ਮਗਰੋਂ 'ਟਾਕੀਆਂ' ਦੇ ਜ਼ਮਾਨੇ ਵਿਚ ਦੇਵਿਕਾ ਰਾਣੀ ਦਾ ਗੀਤ 'ਤੇਰੇ ਸੰਗ ਪੀਆ ਬਨ ਬਨ ਡੋਲੂੰ ਰੇ' ਸੁਣਦੇ ਅਤੇ ਜਦ 'ਤੂੰ ਡਾਲ ਡਾਲ ਮੈਂ ਪਾਤ ਪਾਤ' ਨਾਲ ਅੰਤਰਾ ਸ਼ੁਰੂ ਹੁੰਦਾ ਤਾਂ ਸਾਨੂੰ ਪਤਲੀਆਂ ਤੋਂ ਪਤਲੀਆਂ ਲਚਕਦਾਰ ਟਾਹਣੀਆਂ ਯਾਦ ਆ ਜਾਂਦੀਆਂ ਜਿਨ੍ਹਾਂ 'ਤੇ ਅਸੀਂ ਗਾਲ੍ਹੜਾਂ ਵਾਂਗ ਫਿਰ ਜਾਂਦੇ ਹੁੰਦੇ ਸਾਂ ਤੇ ਹੌਲਾ ਫੁੱਲ ਚੂਨੀ ਪੰਡਤ ਤਾਂ, ਜਿਹੜਾ ਮਗਰੋਂ ਨਿਰਭੈ-ਨਾਇਕਾਂ ਦੇ ਜਥੇ ਵਿਚ ਸ਼ਾਮਲ ਹੋਇਆ, ਸੱਚੀ-ਮੁੱਚੀ 'ਪਾਤ-ਪਾਤ' 'ਤੇ ਫਿਰ ਆਉਂਦਾ। ਦਿਨ ਵੇਲੇ ਵੀ ਲੋਕੀਂ ਸਾਨੂੰ ਬੇਰੀਆਂ 'ਤੇ ਚੜ੍ਹਿਆਂ ਨੂੰ ਪੱਛਮ ਵੱਲ ਬਾਜ਼ਾਰ ਵਿਚੋਂ ਜਾਂ ਉਤਰੀ ਬਾਹੀ ਤੋਂ ਦੂਰ ਖੜ੍ਹੇ ਹੀ ਦੇਖਦੇ। ਕਈਆਂ ਦਾ ਤਾਂ ਪੱਕਾ ਵਿਸ਼ਵਾਸ ਸੀ ਕਿ ਕਿਸੇ ਨਾ ਕਿਸੇ ਦਿਨ ਇਨ੍ਹਾਂ ਵਿਚੋਂ ਕਿਸੇ ਨਾ ਕਿਸੇ ਨੂੰ ਕੋਈ ਜਿੰਨ ਜ਼ਰੂਰ ਧੌਣ ਪਰਨੇ ਪਟਕਾ ਕੇ ਮਾਰੇਗਾ, ਪਰ ਖੁਸ਼ਕਿਸਮਤੀ ਸਾਡੀ ਕਿ ਉਹ ਦਿਨ ਕਦੇ ਨਾ ਆਇਆ। ਸੱਚ ਪੁੱਛੋ ਤਾਂ ਇਨ੍ਹਾਂ ਬੇਰੀਆਂ ਨੇ ਸਾਡੇ ਹੌਸਲੇ ਬੁਲੰਦ ਕਰਨ ਤੇ ਸਾਡੇ ਸਰੀਰ ਦੇ ਪੱਠਿਆਂ ਨੂੰ ਮਜ਼ਬੂਤ ਬਣਾਉਣ ਵਿਚ ਬਹੁਤ ਹੀ ਯੋਗਦਾਨ ਦਿੱਤਾ।

ਅਕਸਰ ਜਦੋਂ ਅਸੀਂ ਬੇਰਾਂ ਦੀਆਂ ਝੋਲੀਆਂ ਭਰ ਕੇ ਉਤਰੀ ਬਾਹੀ 'ਤੇ ਢੇਰ ਲਾ ਕੇ ਗੁਣੇ ਮਾਰਨ ਨੂੰ ਤਿਆਰ ਹੁੰਦੇ ਤਾਂ ਇਕ ਬਣਿਆਣੀ, ਬੁੱਢੀ ਦਾਦੀ ਜ਼ਰੂਰ ਕਿਵੇਂ ਨਾ ਕਿਵੇਂ ਉਥੇ ਪ੍ਰਗਟ ਹੋ ਜਾਂਦੀ ਤੇ ਬੜੇ ਤਰਲੇ ਨਾਲ ਕਹਿੰਦੀ, "ਬੇਰ ਤੇ ਕਾਕਾ, ਖਾਣ ਵਾਲੇ ਨੇ!" ਤੇ ਇਹ ਕਹਿ ਕੇ ਉਹ ਸਾਰੀਆਂ ਢੇਰੀਆਂ ਤੋਂ ਵਧੀਆ-ਵਧੀਆ ਬੇਰ ਚੁਣ ਕੇ ਤੁਰਦੀ ਹੁੰਦੀ। ਅਸੀਂ ਇਕ ਦੂਜੇ ਦਾ ਮੂੰਹ ਦੇਖਦੇ ਰਹਿ ਜਾਂਦੇ। ਨਿਰਭੈ-ਨਾਇਕਾਂ ਦਾ ਉਸ ਨੂੰ ਕੁਝ ਕਹਿਣ ਦਾ ਹੌਸਲਾ ਹੀ ਨਾ ਪੈਂਦਾ। ਅਸੀਂ ਭਲੇਮਾਣਸ ਨਿਰਭੈ-ਨਾਇਕ ਸਾਂ, ਤੇ ਭਲੇਮਾਣਸਾਂ ਨੂੰ ਹਰ ਥਾਂ ਨੁਕਸਾਨ ਹੀ ਉਠਾਉਣਾ ਪੈਂਦਾ ਹੈ!

ਇਸ ਗੱਲ ਤੋਂ ਤੰਗ ਆ ਕੇ ਸਾਨੂੰ ਆਪਣੇ ਸਕੂਲ ਦੇ ਯਾਰ ਰਾਮ ਚੰਦ ਉਰਫ ਰਾਮੂ ਨੂੰ ਜਥੇ ਵਿਚ ਸ਼ਾਮਲ ਕਰਨਾ ਪਿਆ। ਦੂਜੇ ਦਿਨ ਜਦ ਅਸੀਂ ਬੇਰਾਂ ਦੀਆਂ ਝੋਲੀਆਂ ਭਰ ਕੇ ਉਸੇ ਬਾਹੀ 'ਤੇ ਅੱਪੜੇ ਤਾਂ ਬਣਿਆਣੀ ਦਾਦੀ ਫੇਰ ਆ ਪਹੁੰਚੀ, ਪਰ ਅਸੀਂ ਰਾਮੂ ਦੀ ਸਿੱਖਿਆ ਅਨੁਸਾਰ ਭੁੰਜੇ ਢੇਰੀਆਂ ਹੀ ਨਾ ਲਾਈਆਂ। ਮਾਈ ਨੇ ਕਿਹਾ, "ਵੇ, ਵੰਡਦੇ ਨਹੀਂ?" ਰਾਮੂ ਨੇ ਕਿਹਾ, "ਮਾਈ ਅੱਜ ਅਸੀਂ ਝੋਲੀਆਂ ਵਿਚ ਹੀ ਗੁਣੇ ਮਾਰ ਲੈਣੇ ਨੇ।" "ਵੇ, ਦਿਖਾਓ ਤੇ ਸਹੀ, ਬੇਰ ਕਿਹੋ ਜਿਹੇ ਨੇ", ਮਾਈ ਨੇ ਤਰਲੇ ਜਿਹੇ ਨਾਲ ਕਿਹਾ। ਮੈਂ ਝੋਲੀ ਖੋਲ੍ਹਣ ਹੀ ਵਾਲਾ ਸਾਂ ਕਿ ਰਾਮੂ ਨੇ ਮੈਨੂੰ ਘੂਰਿਆ ਤੇ ਕਹਿਣ ਲੱਗਾ, "ਕਿਉਂ ਮਾਂ, ਤੂੰ ਮੁੱਲ ਲੈਣੇ ਨੇ?" "ਹਾਏ ਹਾਏ! ਲੋਹੜਾ ਵੇ, ਬੇਰ ਵੀ ਮੁੱਲ ਵਿਕਦੇ ਨੇ?" ਰਾਮੂ ਨੇ ਗੁੱਸੇ ਵਿਚ ਕਿਹਾ, "ਜਾਹ ਮਾਈ ਜਾਹ, ਲੋਹੜਾ ਘਰ ਦਿਆਂ ਨੂੰ ਜਾ ਕੇ ਪਾ। ਜਿਵੇਂ ਛਾਬੜੀਆਂ ਵਾਲੇ ਬੇਰ ਮੁਫਤ ਵੰਡਦੇ ਫਿਰਦੇ ਨੇ। ਮਿਹਨਤ ਅਸੀਂ ਕਰੀਏ ਤੇ ਚੁਣ-ਚੁਣ ਵਧੀਆ ਖਾਵੇਂ ਤੂੰ। ਚੱਲੋ ਓਏ ਮੁੰਡਿਓ! ਝੋਨੇ ਵਾਲੇ ਕੋਠੇ ਚੱਲ ਕੇ ਗੁਣੇ ਮਾਰੀਏ।" ਮਾਈ ਨੂੰ ਹੱਕੀ-ਬੱਕੀ ਛੱਡ ਕੇ ਅਸੀਂ ਝੋਨੇ ਵਾਲੇ ਕੋਠੇ ਜਾ ਚੜ੍ਹੇ। ਸਾਨੂੰ ਇਹ ਗੱਲਾਂ ਪਹਿਲਾਂ ਕਦੇ ਨਾ ਸੁੱਝੀਆਂ ਤੇ ਰੋਜ਼

*(ਬਾਕੀ ਅਗਲੇ ਸਫੇ 'ਤੇ)*



*ਸ੍ਰੀ ਹਰਿਮੰਦਰ ਸਾਹਿਬ ਵਿਖੇ ਦੁੱਖ ਭੰਜਨੀ ਬੇਰੀ ਦੀ ਝਲਕ।*



*ਨਿੱਕੇ-ਨਿੱਕੇ ਹੁੰਦੇ ਸਾਂ, ਮਸੀਂ ਪੰਜਵੀਂ ਕੁ ਜਮਾਤ ਦੇ ਵਿਦਿਆਰਥੀ, ਤੇ ਸੁੱਕਾ ਤਲਾ ਵੀ ਅੱਧ-ਪੂਰਿਆ ਤੇ ਅੱਧ-ਸੁੱਕਾ ਹੁੰਦਾ ਸੀ, ਉਦੋਂ ਉਨ੍ਹਾਂ ਬੇਰੀਆਂ ਵੱਲ ਕੋਈ ਦਿਨ ਵੇਲੇ ਵੀ ਮੂੰਹ ਨਹੀਂ ਸੀ ਕਰਦਾ। ਕਹਿੰਦੇ ਹੁੰਦੇ ਸਨ ਕਿ ਇਹ ਬੇਰੀਆਂ ਭਾਰੀਆਂ ਨੇ ਤੇ ਇਨ੍ਹਾਂ ਵਿਚ ਜਿੰਨਾਂ, ਭੂਤਾਂ ਤੇ ਚੁੜੇਲਾਂ ਦਾ ਵਾਸਾ ਹੈ। ਇਸ ਗੱਲ ਬਾਰੇ ਕਈ ਕਹਾਣੀਆਂ ਵੀ ਪ੍ਰਸਿੱਧ ਸਨ। ਇਕ ਵਾਰੀ ਇਕ ਸੁਆਣੀ ਦੁਪਹਿਰਾਂ ਵੇਲੇ ਵਿਆਹ ਵਾਲੇ ਘਰੋਂ ਮਠਿਆਈਆਂ ਲੈ ਕੇ ਇਧਰੋਂ ਲੰਘੀ ਤਾਂ ਉਸ ਦੀਆਂ ਮਠਿਆਈਆਂ, ਸਮੇਤ ਥਾਲੀ ਦੇ, ਉਸ ਦੇ ਹੱਥੋਂ ਗਾਇਬ ਹੋ ਗਈਆਂ ਤੇ ਘਰ ਜਾ ਕੇ ਐਸੀ ਮੁਧੜੇ ਮੂੰਹ ਪਈ ਕਿ ਮੁੜ ਨਾ ਉਠੀ।*

# ਬੇਰੀਆਂ

*(ਪਿਛਲੇ ਸਫੇ ਦੀ ਬਾਕੀ)*

ਲੋਟੀ ਖਾਂਦੇ ਰਹੇ। ਰਾਮੂ ਦੀ ਗੱਲ 'ਮਿਹਨਤ ਅਸੀਂ ਕਰੀਏ ਤੇ ਚੁਣ-ਚੁਣ ਵਧੀਆ ਖਾਵੇਂ ਤੂੰ' ਮੇਰੇ ਕੰਨਾਂ ਵਿਚ ਅੱਜ ਤੱਕ ਗੂੰਜਦੀ ਹੈ।

ਇਨ੍ਹਾਂ ਤਿੰਨਾਂ ਬੇਰੀਆਂ ਵਿਚੋਂ ਇਕ ਬੇਰੀ ਨੂੰ ਇਕ ਕੋਠੇ ਤੋਂ ਇਲਾਵਾ ਹੋਰ ਕੋਈ ਪਹੁੰਚ ਨਹੀਂ ਸੀ। ਜਿਧਰੋਂ ਪਹੁੰਚ ਸੀ, ਉਧਰਲੀ ਹਵੇਲੀ ਵਾਲੇ ਸਾਨੂੰ ਉਧਰੋਂ ਲੰਘਣ ਨਹੀਂ ਸਨ ਦਿੰਦੇ, ਤੇ ਆਪ ਜਿੰਨਾਂ, ਭੂਤਾਂ ਤੋਂ ਡਰਦੇ ਬੇਰ ਵੀ ਨਹੀਂ ਸਨ ਲਾਹੁੰਦੇ। ਅਸਾਂ 'ਕੁਕੜਾਂ ਦੀ ਕਲਾ' ਵਿਚੋਂ ਹੋ ਕੇ ਨਾਲ ਦੇ ਝੋਨੇ ਵਾਲੇ ਕੋਠੇ 'ਤੇ ਦੌੜ ਲਾ ਕੇ 'ਚੋਰ ਗਲੀ' ਦੇ ਉਤੋਂ ਦੀ ਬੇਰੀ ਵਾਲੇ ਕੋਠੇ 'ਤੇ ਟੱਪ ਜਾਣਾ। ਮਗਰੋਂ ਜਦੋਂ ਵੱਡਾ ਹੋ ਕੇ ਮੈਂ ਉਸ ਗਲੀ ਦਾ ਪਾੜ ਮਿਣਿਆ ਤਾਂ ਅਠਾਰਾਂ ਫੁੱਟ ਨਿਕਲਿਆ ਅਤੇ ਉਦੋਂ ਅਸੀਂ ਮਸੀਂ ਚੌਦਾਂ-ਚੌਦਾਂ ਪੰਦਰਾਂ-ਪੰਦਰਾਂ ਵਰ੍ਹਿਆਂ ਦੇ ਹੁੰਦੇ ਸਾਂ। ਜੇ ਉਦੋਂ ਸਾਨੂੰ ਪਤਾ ਹੁੰਦਾ ਕਿ ਅਸੀਂ ਉਪਰਲੀ ਛੱਤ 'ਤੇ ਅਠਾਰਾਂ ਫੁੱਟ ਟੱਪਦੇ ਹਾਂ ਤਾਂ ਨੌਵੀਂ ਦਸਵੀਂ ਵਿਚ ਤਾਂ ਅਸੀਂ ਜ਼ਿਲ੍ਹੇ ਦੇ ਹਾਈ ਸਕੂਲਾਂ ਦੀਆਂ ਛਾਲਾਂ ਵਿਚ ਜ਼ਰੂਰ ਅੱਵਲ-ਦੋਮ ਰਹਿ ਜਾਂਦੇ, ਪਰ ਇਹ ਵੀ ਹੋ ਸਕਦਾ ਸੀ ਕਿ ਅਸੀਂ 'ਰਹਿ ਹੀ ਜਾਂਦੇ' ਕਿਉਂਕਿ ਸਾਹਮਣੇ ਬੇਰਾਂ ਦੀ ਪ੍ਰਾਪਤੀ ਵਰਗਾ ਨਿਸ਼ਾਨਾ ਜੁ ਕੋਈ ਨਹੀਂ ਸੀ ਹੋਣਾ।

ਲਾਲ ਚੰਦ ਸਹਿਗਲ ਉਦੋਂ ਸਾਡੇ ਵਾਂਗ ਜੁਆਨੀ ਵਿਚ ਪੈਰ ਰੱਖਦਾ ਸੀ। ਇਸ ਨਵੀਂ ਜੁਆਨੀ ਦੇ ਪਿਆਰ ਅਫ਼ਲਾਤੂਨੀ ਹੁੰਦੇ ਹਨ ਤੇ ਉਸ ਦੀ ਪ੍ਰਾਪਤੀ ਦੇ ਸਾਧਨ ਵੀ ਅਫ਼ਲਾਤੂਨੀ। ਲਾਲ ਚੰਦ ਨੇ ਆਪਣੀ ਪ੍ਰੇਮਿਕਾ ਨੂੰ ਵੱਸ ਕਰਨ ਲਈ ਬਨਾਰਸੋਂ 'ਬ੍ਰਿਹਤ ਸਾਵਰ ਤੰਤ੍ਰ' ਨਾਂ ਦੀ ਪੁਸਤਕ ਮੰਗਵਾਈ। ਲਾਲ ਚੰਦ ਦੀ ਪ੍ਰੇਮਿਕਾ ਤਾਂ ਉਸ ਵਿਚਲੇ ਕਿਸੇ ਤੰਤਰ-ਮੰਤਰ ਨਾਲ ਵੱਸ ਨਾ ਹੋਈ, ਪਰ ਅਸੀਂ ਉਸ ਦੇ ਇਕ ਟੋਟਕੇ ਨਾਲ ਬੇਰੀਆਂ 'ਤੇ ਇਕ ਕ੍ਰਿਸ਼ਮਾ ਕਰ ਦਿਖਾਇਆ।

ਪੁਸਤਕ ਵਿਚ ਲਿਖਿਆ ਸੀ: "ਪਿੱਪਲ ਦੇ ਸੁੱਕੇ ਸੱਕ ਲੈ ਕੇ ਬਾਲੋ ਤੇ ਕੋਲਿਆਂ ਨੂੰ ਦਮ ਕਰੋ। ਫੇਰ ਕੋਲਿਆਂ ਨੂੰ ਕੁੱਟ ਕੇ ਧੂੜਾ ਬਣਾਓ ਤੇ ਇਸ ਧੂੜੇ ਨੂੰ ਸਿਲ੍ਹਾਬ ਦੇ ਕੇ ਵਾਸਲੀ ਵਰਗੀ ਥੈਲੀ ਬਣਾ ਕੇ ਸੋਟੀ ਨਾਲ ਕੁੱਟ-ਕੁੱਟ ਕੇ ਭਰੋ ਅਤੇ ਉਸ ਨੂੰ ਸੁਕਾ ਲਵੋ। ਦਿਨ ਵੇਲੇ ਕਿਸੇ ਨਿਵੇਕਲੇ ਦਰੱਖਤ ਉਤੋਂ ਡੋਰ ਸੁੱਟ ਕੇ ਇਸ ਨੂੰ ਲਮਕਾ ਦਿਓ। ਡੋਰ ਦੇ ਦੂਜੇ ਸਿਰੇ ਨੂੰ ਖਿੱਚ ਕੇ ਥੈਲੀ ਨੂੰ ਉਪਰਲੀਆਂ ਟਾਹਣੀਆਂ ਨਾਲ ਲਾ ਕੇ ਦੂਜਾ ਸਿਰਾ ਕਿਸੇ ਹੱਥ ਪਹੁੰਚਣ ਵਾਲੀ ਟਾਹਣੀ ਨਾਲ ਬੰਨ੍ਹ ਦਿਓ। ਰਾਤ ਡੋਰ ਦਾ ਉਹ ਸਿਰਾ ਖੋਲ੍ਹ ਕੇ ਥੈਲੀ ਥੱਲੇ ਲਮਕਾ ਕੇ ਉਸ ਦੇ ਥੱਲੇ ਦੇ ਸਿਰੇ 'ਤੇ ਅੱਗ ਲਾ ਦਿਓ। ਫੇਰ ਧਾਗੇ ਨੂੰ ਖਿੱਚ ਕੇ ਥੈਲੀ ਨੂੰ ਉਪਰਲੀਆਂ ਟਾਹਣੀਆਂ ਨਾਲ ਲਾ ਕੇ ਡੋਰ ਨੂੰ ਉਸੇ ਟਾਹਣੀ ਨਾਲ ਬੰਨ੍ਹ ਦਿਓ। ਆਪ ਦੂਰ ਚਲੇ ਜਾਓ। ਮਿੰਟ-ਮਿੰਟ ਮਗਰੋਂ ਦਰੱਖਤ ਵਿਚੋਂ ਅੰਗਿਆਰ ਝੜਨ ਲੱਗ ਪੈਣਗੇ।"

ਨਿਰਭੈ-ਨਾਇਕਾਂ ਦੇ ਝਾਕਾ ਖੋਲ੍ਹਣ ਮਗਰੋਂ ਹੰਸਾ ਸ਼ਾਹ ਤਮਾਕੂ ਵਾਲਾ ਵੀ ਆਪਣੇ ਹੌਸਲੇ ਦੀਆਂ ਡੀਂਗਾਂ ਮਾਰਨ ਲੱਗ ਪਿਆ ਸੀ। ਅਸੀਂ ਉਸ ਨੂੰ ਨੀਚਾ ਦਿਖਾਉਣਾ ਚਾਹੁੰਦੇ ਸਾਂ। ਅਸੀਂ ਇਕ ਦਿਨ ਉਪਰਲੀ ਤਰਕੀਬ ਕੀਤੀ। ਦਸ ਕੁ ਵਜੇ ਅਸੀਂ ਇਹ ਕੰਮ ਕਰ ਕੇ ਆਪਣੀ ਗਲੀ ਦੇ ਬੂਹੇ ਅੱਗੇ ਆ ਖਲੋਤੇ ਅਤੇ ਹਨ੍ਹੇਰੀਆਂ ਘੁੱਪ ਬੇਰੀਆਂ ਵੱਲ ਦੇਖਣਾ ਸ਼ੁਰੂ ਕਰ ਦਿੱਤਾ। ਉਧਰੋਂ ਅੰਗਿਆਰ ਵੀ ਵਰ੍ਹਨੇ ਸ਼ੁਰੂ ਹੋ ਗਏ। ਹੰਸਾ ਦੁਕਾਨ ਬੰਦ ਕਰ ਕੇ ਚੌਧਰੀਆਂ ਵਾਂਗ ਸਾਡੇ ਵੱਲ ਆਇਆ। ਉਹ ਸਾਨੂੰ 'ਸ਼ਰਾਰਤੀ ਟੋਲਾ' ਜਾਂ 'ਚੰਡਾਲ ਚੌਕੜੀ' ਕਹਿੰਦਾ ਹੁੰਦਾ ਸੀ। ਉਸ ਦੇ ਪੁੱਛਣ 'ਤੇ ਅਸੀਂ ਦੱਸਿਆ ਕਿ ਬੇਰੀਆਂ ਤੋਂ ਅੰਗਿਆਰ ਝੜਦੇ ਨੇ। ਇੰਨੇ ਨੂੰ ਇਕ ਅੰਗਿਆਰ ਝੜ ਕੇ ਇਕ ਬੇਰੀ ਦੇ ਪੱਤੇ-ਪੱਤੇ 'ਤੇ ਫੈਲ ਗਿਆ। ਹੰਸਾ ਕਹਿਣ ਲੱਗਾ, "ਕੋਈ ਸ਼ਰਾਰਤੀ ਉਤੇ ਬਹਿ ਕੇ ਅੱਗ ਸੁੱਟਦਾ ਹੈ।" ਇੰਨੇ ਨੂੰ ਲੋਕੀਂ ਇਕੱਠੇ ਹੋ ਗਏ ਤੇ ਭਾਂਤੋ-ਭਾਂਤ ਬੋਲ ਬੋਲਣ ਲੱਗੇ। ਅੰਗਿਆਰਾਂ ਦਾ ਡਿੱਗ ਕੇ ਸਾਰੀ ਬੇਰੀ 'ਤੇ ਖਿੱਲਰ ਜਾਣਾ ਸਾਡੇ ਲਈ ਵੀ ਹੈਰਾਨੀ ਦਾ ਕਾਰਨ ਬਣਿਆ ਹੋਇਆ ਸੀ, ਤਾਂ ਵਿਚਾਰੇ ਵਹਿਮਾਂ ਤੇ ਭਰਮਾਂ ਦੇ ਮਾਰੇ ਆਮ ਲੋਕਾਂ ਨੇ ਤਾਂ ਭੈ-ਭੀਤ ਹੋਣਾ ਹੀ ਸੀ।

ਹੰਸਾ ਆਪਣੇ ਹੌਸਲੇ ਦੀਆਂ ਬੜੀਆਂ ਫੜਾਂ ਹੱਕਦਾ ਹੁੰਦਾ ਸੀ। ਅਸੀਂ ਉਸ ਨੂੰ ਕਿਹਾ, "ਸ਼ਾਹ ਜੀ, ਇਹ ਜ਼ਰੂਰ ਕੋਈ ਸ਼ਰਾਰਤੀ ਉਤੇ ਬੈਠਾ ਹੋਇਆ ਹੈ। ਆਓ, ਜ਼ਰਾ ਚੱਲ ਕੇ ਦੇਖੀਏ।" ਕਹਿਣ ਲੱਗਾ, "ਚੱਲੋ ਬਈ, ਸਾਰੇ ਚੱਲੀਏ।" ਅਸੀਂ ਪੰਜ ਸੱਤ ਹੀ ਕਦਮ ਅੱਗੇ ਹੋਏ ਸਾਂ ਕਿ ਅੰਗਿਆਰ ਡਿੱਗਾ। ਅਸੀਂ ਮਿੱਥੀ ਹੋਈ ਤਜਵੀਜ਼ ਅਨੁਸਾਰ ਪਿਛਾਂਹ ਭੱਜ ਉਠੇ। ਦੇਖਿਆ, ਹੰਸਾ ਵੀ ਸਾਡੇ ਨਾਲ ਭੱਜਾ ਆ ਰਿਹਾ ਸੀ। ਅਸੀਂ ਹੌਸਲਾ ਕਰ ਕੇ ਫੇਰ ਅਗਾਂਹ ਵਧਣ ਲਈ ਉਸ ਨੂੰ ਵੰਗਾਰਿਆ। ਉਹ ਇਕ ਵਾਰ ਫੇਰ ਸਾਡੇ ਨਾਲ ਵਧਿਆ। ਐਤਕੀਂ ਅੰਗਿਆਰ ਦੇ ਡਿੱਗਣ 'ਤੇ ਸਾਡੇ ਵਿਚੋਂ ਸਾਰੇ ਜੰਮੇ ਰਹੇ, ਕੇਵਲ ਇਕੋ ਹੀ ਸਕੀਮ ਅਨੁਸਾਰ ਪਿਛਾਂਹ ਭੱਜਾ ਤੇ ਨਾਲ ਹੀ ਹੰਸਾ ਸ਼ਾਹ ਵੀ। ਤੀਜੀ ਵਾਰੀ ਅਸੀਂ ਵੀ ਅਗਾਂਹ ਜਾਣ ਦਾ ਹੌਸਲਾ ਨਾ ਦਿਖਾਉਣ ਦਾ ਨਾਟ ਕੀਤਾ। ਸਾਡੀ ਹੰਸੇ 'ਤੇ ਇਕ ਤਰ੍ਹਾਂ ਨਾਲ ਜਿੱਤ ਹੋ ਗਈ। ਉਸ ਦਿਨ ਤੋਂ ਸਾਨੂੰ ਇਹ ਵੀ ਪਤਾ ਲੱਗ ਗਿਆ ਕਿ ਵਹਿਮ, ਭਰਮ, ਜਿੰਨਾਂ, ਭੂਤਾਂ ਦੇ ਡਰ ਖਾਸ ਹਿੱਤਾਂ ਨੂੰ ਮੁੱਖ ਰੱਖ ਕੇ ਪਾਏ ਜਾਂਦੇ ਹਨ; ਦੁਸ਼ਮਣੀਆਂ ਇਨ੍ਹਾਂ ਨਾਲ ਲਈਆਂ ਜਾਂਦੀਆਂ ਹਨ, ਲੋਟੀਆਂ ਇਨ੍ਹਾਂ ਨਾਲ ਮਚਾਈਆਂ ਜਾਂਦੀਆਂ ਹਨ।

ਇਨ੍ਹਾਂ ਵਹਿਮਾਂ ਤੇ ਭਰਮਾਂ ਨੂੰ ਦੂਰ ਕਰਨ ਲਈ ਮਗਰੋਂ ਅਸੀਂ ਇਨ੍ਹਾਂ ਬੇਰੀਆਂ ਵਿਚੋਂ ਇਕ ਦੇ ਤਿ-ਸ਼ਾਖੇ 'ਤੇ ਲੋਹੇ ਦੀ ਮੋਟੀ ਚਾਦਰ ਚੜ੍ਹਾ ਕੇ, ਤੇ ਉਸ ਉਤੇ ਮਿੱਟੀ ਲਿੰਬ ਕੇ ਚਹੁੰ ਬੰਦਿਆਂ ਦੇ ਬਹਿਣ ਦੀ ਥਾਂ ਬਣਾ ਲਈ, ਜਿਥੇ ਬੈਠ ਕੇ ਅਸੀਂ ਪੜ੍ਹਦੇ ਤੇ ਥੱਕਣ ਮਗਰੋਂ ਤਾਸ਼ ਦੀ ਕਿਸੇ ਸਰਲ ਖੇਡ ਦੀ ਬਾਜ਼ੀ ਲਾਉਂਦੇ। ਇਕ ਵਾਰੀ ਇਨ੍ਹਾਂ ਬੇਰੀਆਂ ਵਿਚੋਂ ਇਕ ਦੀ ਸਾਡੇ ਹੱਥੋਂ ਵੱਢੀ ਗਈ ਟਾਹਣੀ ਦੇ ਪੁਰਾਣੇ ਖੁੰਘ ਵਿਚੋਂ, ਅਸੀਂ ਲਹੂ ਵਰਗਾ ਤਰਲ ਪਦਾਰਥ ਵਗਦਾ ਵੇਖਿਆ। ਸੰਤਾ ਕਹਿਣ ਲੱਗਾ, "ਦੇਖੋ ਓਏ ਲਹੂ!" ਸੰਤਾ ਅਨਪੜ੍ਹ ਸੀ, ਪਰ ਰਾਮੂ ਕਹਿਣ ਲੱਗਾ, "ਓਏ ਦੇਖਿਆ ਨਹੀਂ, ਬੇਰੀ ਦੀ ਲੱਕੜ ਵਿਚੋਂ ਲਾਲ ਹੁੰਦੀ ਐ ਤੇ ਲਾਖ ਵੀ ਬਹੁਤੀਆਂ ਬੇਰੀਆਂ ਤੋਂ ਲੱਥਦੀ ਐ, ਤੇ ਉਹ ਵੀ ਲਾਲ ਹੁੰਦੀ ਐ।" ਮਗਰੋਂ ਜਦ ਅਖਬਾਰਾਂ ਵਿਚ ਕਿਸੇ ਧਰਮ ਅਸਥਾਨ ਦੀ ਬੇਰੀ ਵਿਚੋਂ ਅਨਰਥ ਕਾਰਨ ਲਹੂ ਸਿੰਮਣ ਦੀ ਖਬਰ ਅਸਾਂ ਪੜ੍ਹੀ ਤਾਂ ਆਮ ਆਦਮੀਆਂ ਵਾਂਗ ਸਾਨੂੰ ਕੋਈ ਅਸਚਰਜ ਨਾ ਹੋਇਆ। ਜਦੋਂ ਅਸਾਂ ਇਹ ਗੱਲ ਇਕ ਦੋ ਬੰਦਿਆਂ ਨੂੰ ਸਮਝਾਉਣ ਦਾ ਯਤਨ ਕੀਤਾ ਤਾਂ ਉਹ ਲੜਾਈ ਕਰਨ ਤੱਕ ਉਤਰ ਪਏ। ਉਨ੍ਹਾਂ ਨੂੰ ਬਨਸਪਤੀ ਵਿਗਿਆਨ ਦੀ ਇਸ ਬਾਰੇ ਸਾਰੀ ਗੱਲ ਸਮਝਾਈ ਗਈ, ਪਰ ਉਹ ਫੇਰ ਵੀ ਨਾ ਸਮਝੇ। ਸਮਝਣ-ਯੋਗ ਹੋਣ ਲਈ ਵੀ ਵਿਗਿਆਨਕ ਵਿਦਿਆ ਦੀ ਲੋੜ ਹੁੰਦੀ ਹੈ, ਤੇ ਇਹੋ ਕਾਰਨ ਸੀ ਕਿ ਅਸੀਂ ਵਿਦਿਆ ਦੇਣ ਦੇ ਕਿੱਤੇ ਵੱਲ ਮੂੰਹ ਮੋੜਿਆ।

ਬੇਰੀਆਂ ਦੇ ਲਾਲ ਰਸ ਤੋਂ ਇਕ ਹੋਰ ਗੱਲ ਯਾਦ ਆ ਗਈ। ਬੇਰੀ ਨੂੰ ਜੰਡੀ ਵੀ ਆਖਦੇ ਹਨ। ਹਿੰਦੂਆਂ ਦੇ ਵਿਆਹਾਂ ਵਿਚ ਘੋੜੀ ਚੜ੍ਹਨ ਤੋਂ ਪਹਿਲਾਂ ਲਾੜਾ ਜੰਡੀ ਵੱਢਦਾ ਹੈ। ਹੁਣ ਤਾਂ ਜਵਾਨ ਦਾਤਣ ਜਿੱਡੀ ਮੋਟੀ ਟਾਹਣੀ ਨੂੰ ਵੀ ਕਈ-ਕਈ ਵਾਰ ਕਰ ਕੇ ਵੱਢਦੇ ਹਨ, ਭਾਵੇਂ ਇਸ ਰਸਮ ਦੀ ਅੱਜ ਕੱਲ੍ਹ ਕੋਈ ਲੋੜ ਨਹੀਂ, ਪਰ ਪੁਰਾਣਿਆਂ ਸਮਿਆਂ ਵਿਚ ਜੰਞਾਂ ਦੂਰ-ਦੂਰ ਜਾਂਦੀਆਂ ਹੁੰਦੀਆਂ ਸਨ ਤੇ ਆਉਣ-ਜਾਣ ਦੇ ਵਸੀਲੇ ਸੌਖੇ ਨਹੀਂ ਸਨ। ਲਾੜਾ ਜੰਞ ਦਾ ਨਾਇਕ ਤੇ ਆਗੂ ਹੁੰਦਾ ਸੀ ਤੇ ਉਹ ਜੰਞ ਚੜ੍ਹਨ ਤੋਂ ਪਹਿਲਾਂ ਬੱਕਰਾ ਝਟਕਾ ਕੇ ਆਪਣਾ ਬਲ ਤੇ ਤਲਵਾਰ ਦੀ ਤੇਜ਼ੀ ਪਰਖਦਾ ਸੀ। ਸ਼ਾਇਦ ਬੁੱਧ ਮਤ, ਜੈਨ ਮਤ ਜਾਂ ਵੈਸ਼ਨਵ ਮਤ ਦੇ ਜ਼ੋਰ ਵਧਣ 'ਤੇ ਜੰਞ ਨੇ ਨਾਇਕ ਦਾ ਵਾਰ ਬੱਕਰੇ ਦੀ ਥਾਂ ਜੰਡੀ ਜਾਂ ਬੇਰੀ 'ਤੇ ਪਰਖਿਆ ਜਾਣ ਲੱਗਾ ਹੋਵੇ। ਸਮਾਨਤਾ ਇਹ ਸੀ ਕਿ ਜੰਡੀ ਦੀ ਹਰੀ ਟਹਿਣੀ ਵਿਚੋਂ ਵੀ ਲਹੂ ਵਾਂਗ ਲਾਲ ਰਸ ਚੋਂਦਾ ਸੀ, ਤੇ ਮੇਲਣਾਂ ਗਾਉਂਦੀਆਂ ਸਨ:

ਜੇ ਤੂੰ ਵੱਢੀ ਜੰਡੀ ਵੇ!
ਤੇਰੀ ਮਾਂ ਨੇ ਸ਼ੱਕਰ ਵੰਡੀ ਵੇ!

ਭੰਗੀਆਂ ਵਾਲੇ ਕਿਲ੍ਹੇ ਵਿਚ ਕੁੱਬੀ ਬੇਰੀ ਕਾਇਮ ਹੈ ਤੇ ਮਹੱਲੇ ਦਾ ਨਾਂ ਵੀ ਇਸ ਦੇ ਸਿਰ 'ਤੇ ਕਾਇਮ ਹੈ। ਸਾਡੀ ਗਲੀ ਵਿਚ ਭਾਵੇਂ ਉਹ ਬੇਰੀ ਨਹੀਂ ਰਹੀ, ਪਰ ਬੇਰੀ ਵਾਲੇ ਵਿਹੜੇ ਕਰ ਕੇ ਉਸ ਬੇਰੀ ਦਾ ਨਾਂ ਕਾਇਮ ਹੈ ਜਿਹੜੀ ਉਸ ਵਿਹੜੇ ਦੇ ਵਿਚਕਾਰ ਕਦੇ ਉਗੀ ਹੋਈ ਹੁੰਦੀ ਸੀ, ਪਰ ਅਫਸੋਸ ਕਿ ਸਾਡੇ ਜੀਵਨ ਦੇ ਕਈ ਪੱਖਾਂ ਨੂੰ ਉਸਾਰਨ ਵਾਲੀਆਂ ਬੇਰੀਆਂ ਦਾ ਨਾਮੋ-ਨਿਸ਼ਾਨ ਹੀ ਮਿਟ ਗਿਆ ਹੈ। ਇਨ੍ਹਾਂ ਬੇਰੀਆਂ ਨੇ ਸਾਨੂੰ ਸਰੀਰਕ ਬਲ ਤੇ ਚੁਸਤੀ ਦਿੱਤੀ, ਮਾਨਸਿਕ ਚੁਣਿਤਣ ਦਿੱਤੀ ਤੇ ਸਵਸਥ ਵਿਚਾਰ ਦਿੱਤੇ। ਮਾਤਾ-ਪਿਤਾ-ਅਧਿਆਪਕ ਸਮਾਨ ਇਨ੍ਹਾਂ ਬੇਰੀਆਂ ਵਾਲੇ ਥਾਂ 'ਤੇ ਕਦੇ-ਕਦੇ ਮੈਂ ਪਹੁੰਚਦਾ ਹਾਂ, ਤਾਂ ਮੇਰੀਆਂ ਅੱਖਾਂ ਵਿਚ ਅੱਥਰੂ ਆ ਜਾਂਦੇ ਹਨ, ਪਰ ਇਹ ਅੱਥਰੂ ਕੋਈ ਸਥਾਈ ਯਾਦਗਾਰ ਤਾਂ ਨਹੀਂ। ਮੇਰੇ ਅੱਥਰੂ ਸ਼ਾਹ ਜਹਾਨ ਦੇ 'ਤਾਜ ਮਹੱਲ' ਵਾਂਗ ਸੰਗਮਰਮਰ ਦੇ ਅੱਥਰੂ ਨਹੀਂ। ਇਕ ਕਲਮ ਦਾ ਕਰਿੰਦਾ ਆਪਣੇ ਅੱਥਰੂ ਪੀ ਕੇ, ਉਨ੍ਹਾਂ ਹੁਣ ਨਾ ਰਹੀਆਂ ਬੇਰੀਆਂ ਦੀ ਯਾਦਗਾਰ ਆਪਣੇ ਸ਼ਬਦਾਂ ਵਿਚ ਹੀ ਉਸਾਰ ਕਰਦਾ ਹੈ।



***ਕੰਡੇ ਬਰਾਬਰ ਕੱਢ ਕੇ ਦੇਖ ਲਓ, ਬੇਰ ਗੁਲਾਬ ਤੋਂ ਮਾਰ ਨਹੀਂ ਖਾਵੇਗਾ। ਤੁਸੀਂ ਸੁੰਦਰਤਾ ਤੇ ਰੰਗ ਦਾ ਮੁਕਾਬਲਾ ਕਰਨ ਬਹਿ ਜਾਵੋਗੇ, ਮੇਰਾ ਬੇਰ ਬਹਾਦਰ ਉਥੇ ਵੀ ਹਾਰ ਨਹੀਂ ਖਾਵੇਗਾ। ਭੁੰਜਲਾ ਕੇ ਕੋਈ ਗਲ-ਘੋਟੂ ਬੇਰਾਂ ਦੀ ਯਾਦ ਕਰਾਏਗਾ, ਮੈਂ ਮੁਕਾਬਲਾ ਸੁਗੰਧ ਰਹਿਤ ਪਹਾੜੀ ਗੁਲਾਬ ਨਾਲ ਕਰਨ ਦੀ ਬੇਨਤੀ ਕਰਾਂਗਾ। ਗਲ-ਘੋਟੂ ਬੇਰ ਸੁੰਦਰਤਾ ਵਿਚ ਉਨ੍ਹਾਂ ਕੋਲੋਂ ਘੱਟ ਨਹੀਂ ਤੇ ਜ਼ਰਾ ਤੁਰਸ਼ ਹੋਣ ਕਰ ਕੇ ਲੂਣ ਲਾ ਕੇ ਖਾਧਿਆਂ ਹੋਰ ਵੀ ਸੁਆਦੀ ਬਣ ਜਾਂਦਾ ਹੈ ਤੇ ਹਾਜ਼ਮਾ ਦਰੁਸਤ ਕਰਦਾ ਹੈ।***

## ਗੁਰਪੁਰਬ 'ਤੇ ਵਿਸ਼ੇਸ਼

### ਗੋਬਿੰਦ ਜਿਹਾ

ਅਕਾਲ ਦੀ ਰਜ਼ਾ ਵਿਚ ਰਵ੍ਹੇ ਸਦਾ ਰਾਜ਼ੀ
ਦੁਖ-ਸੁਖ ਹੋਵੇ, ਓਟ ਉਹਦੀ ਹੀ ਚਿਤਾਰੇ।
'ਗੋਬਿੰਦ' ਜਿਹਾ ਕੋਈ ਬਣ ਕੇ ਤਾਂ ਵਿਖਾਵੇ
ਖੁਦਾਈ ਵਾਲੇ ਦਾਅਵੇ ਤਾਂ ਕਰਦੇ ਨੇ ਸਾਰੇ।

ਬੇ-ਕਸਾਂ, ਮਜ਼ਲੂਮਾਂ ਦੇ, ਜਖਮ ਹੋਣ ਸੀਤੇ
ਝੁੱਗੀਆਂ ਦੇ ਹਨੇਰੇ, ਕਿਸੇ ਦੂਰ ਹੋਣ ਕੀਤੇ
ਹੋਵੇ ਜਾਤਾਂ-ਪਾਤਾਂ ਦਾ, ਫਰਕ ਮਿਟਾਇਆ
ਟੋਏ-ਟਿੱਬੇ ਢਾਲ, ਇਕ ਕੀਤੇ ਹੋਣ ਸਾਰੇ।

ਤਲਵਾਰ ਨਾਲ ਜ਼ਾਬਰਾਂ ਦੇ, ਮੂੰਹ ਹੋਣ ਮੋੜੇ
ਸਦੀਆਂ ਦੀ ਦਾਸਤਾਂ ਦੇ ਸੰਗਲ ਹੋਣ ਤੋੜੇ
ਪਾਪ, ਜ਼ੁਲਮ ਦੀਆਂ ਨੀਹਾਂ ਹੋਣ ਹਿੱਲੀਆਂ
ਥਰ-ਥਰ ਕੰਬੇ ਹੋਣ, ਅਟਾਰੀਆਂ, ਮੁਨਾਰੇ।

ਯੁੱਧਾਂ 'ਚ ਹੋਣ ਗਿੱਦੜਾਂ, ਸ਼ੇਰਾਂ ਦੇ ਦੰਦ ਤੋੜੇ
ਚਿੜੀਆਂ ਝਪਟ ਹੋਣ, ਬਾਜ਼ਾਂ ਦੇ ਮੂੰਹ ਮੋੜੇ
ਸਦੀਆਂ ਦਾ ਠੰਡਾ ਖੂਨ ਹੋਵੇ ਗਰਮਾਇਆ
ਕੰਬਦਿਆਂ ਹੱਥਾਂ 'ਚ ਫੜਾਏ ਹੋਣ ਦੋ-ਧਾਰੇ।

ਮੌਤ ਦੇ ਗਾਨੇ ਬੰਨ੍ਹ, ਹੋਣ ਲਾਲ ਹੱਥੀਂ ਟੋਰੇ
ਖਿੜੇ ਮੱਥੇ ਸਹੇ ਹੋਣ, ਪਰਿਵਾਰ ਦੇ ਵਿਛੋੜੇ
ਨੰਗੇ ਪੈਰਾਂ ਨਾਲ, ਗਾਹੇ ਹੋਣ ਜੰਗਲ, ਬੇਲੇ
ਗਾਵੇ, ਸੱਥਰ ਯਾਰੜੇ ਦਾ, ਸ਼ੁਕਰ ਗੁਜਾਰੇ।

ਰਾਜ-ਭਾਗ, ਦੌਲਤ ਨੂੰ, ਹੋਵੇ ਠੋਕਰ ਮਾਰੀ
ਭੂਰੀ ਵਾਲਿਆਂ ਨੂੰ, ਬਖਸ਼ੀ ਹੋਵੇ ਸਰਦਾਰੀ
ਮਾਇਆ ਦੇ ਗੰਜ ਹੋਣ, ਸਰਸਾ ਚ ਰੁੜ੍ਹਾਏ
ਕੱਟੀ ਹੋਵੇ ਜਿੰਦਗੀ, ਇਕ ਤੇਗ ਦੇ ਸਹਾਰੇ।

ਚੇਲਿਆਂ ਨੂੰ 'ਗੁਰੂ', ਕਿਸੇ ਹੋਵੇ ਬਣਾਇਆ
ਕੰਮੀਆਂ-ਕਮੀਨਾਂ ਨੂੰ, ਹੋਵੇ ਗਲ ਲਾਇਆ
ਤੇਜ-ਪਰਤਾਪ, ਰੂਪ ਬਖਸ਼ ਦਿਤਾ ਆਪਣਾ
ਪੁੱਤਰਾਂ ਤੋਂ ਵੱਧ ਸਿੱਖ, ਰੱਖੇ ਹੋਣ ਪਿਆਰੇ।

ਪੁੱਤਰਾਂ ਦੇ ਗ਼ਮ 'ਚ ਰਾਜੇ ਜਾਨ ਸੀ ਗਵਾਈ
ਕਿਸੇ ਪੈਗੰਬਰ ਸੀ ਪੱਟੀ ਅੱਖਾਂ ਤੇ ਬਨ੍ਹਾਈ
ਸਾਨੀ ਗੋਬਿੰਦ ਦਾ ਲੱਭਦਾ ਨੀਂ ਕਿਤੇ, ਜਿਸ
ਮਾਤਾ-ਪਿਤਾ, ਲਾਲ ਹੋਣ, ਦੇਸ਼ ਉਤੋਂ ਵਾਰੇ।

ਪੁੱਛਿਆ ਸੀ ਮਾਤਾ ਜੀ ਕਿੱਥੇ ਨੇ ਲਾਲ ਮੇਰੇ
ਹੱਥ ਕੀਤਾ ਖਾਲਸੇ ਵਲ, ਇਹ ਵੀ ਨੇ ਤੇਰੇ
ਮਾਤਾ ਜੀ ਵੀ ਸਾਂਈਆਂ, ਨਜ਼ਰ ਨਹੀਂ ਪੈਂਦੇ
ਕਿੱਥੇ ਛੱਡ ਆਏ ਓ, ਉਹ ਸਾਰੇ ਦੇ ਸਾਰੇ।

ਲਾਲ ਤੇਰੇ ਜੀਤਾਂ, ਦੇਸ ਤੋਂ ਵਾਰ ਆਇਆਂ
ਪੰਥ ਵਾਲਾ ਕਰਜ਼ਾ ਸਿਰੋਂ ਉਤਾਰ ਆਇਆਂ
ਕੀ ਹੋਇਆ ਚਾਰ ਜੇ ਨਜ਼ਰ ਨਹੀਂ ਆਉਂਦੇ
ਚਾਰਾਂ ਦੇ ਬਦਲੇ, ਲੈ ਕਈ ਹਜ਼ਾਰ ਆਇਆਂ।
ਧੰਨ ਤੂੰ ਏਂ ਦਾਤਾ, ਬੇਸਹਾਰਿਆਂ ਦੇ ਸਹਾਰੇ।

ਸਿਰ ਚੁੱਕ ਜਿਊਣਾ, ਕਿਸੇ ਹੋਵੇ ਸਿਖਾਇਆ
ਹੈ ਮੌਤ 'ਚ ਵੀ ਜਿੰਦਗੀ, ਹੋਵੇ ਸਮਝਾਇਆ
ਸੁਲਾਹ ਦੇ ਹੀਲੇ ਜਦ, ਸਿਰੋਂ ਲੰਘ ਜਾਣ ਤਾਂ
ਮੈਦਾਨ ਵਿਚ, ਦੁਸ਼ਮਨ ਨੂੰ ਅੱਗੋਂ ਲਲਕਾਰੇ।

ਅੱਜ ਸੰਤ, ਬਾਬੇ, ਸੁਆਮੀ, ਸਾਧਾਂ ਦੇ ਡੇਰੇ
ਫੈਲਾ ਰਹੇ ਨੇ ਲੋਕਾਂ ਦਿਆਂ, ਮਨਾਂ ਚ ਹਨੇਰੇ
ਕਿਸੇ ਸਜਾਈ ਕਲਗੀ, ਕੋਈ ਰੱਬ ਵਿਖਾਵੇ
ਕਿਸੇ ਸੁਰਗ ਬਣਾਏ, ਸੱਚ ਖੰਡ ਨੇ ਉਸਾਰੇ।

ਸੱਚੇ ਦਸਮੇਸ਼ ਪਿਤਾ, ਤੇਰੇ ਚੋਜ਼ ਨੇ ਨਿਆਰੇ
ਸੋਚਦੇ ਹਾਂ ਕਿਹੋ ਜਿਹੇ ਉਹ ਹੋਣ ਗੇ ਨਜ਼ਾਰੇ
ਸ਼ਹੀਦ ਹੁੰਦੇ ਪੁੱਤ ਵੇਖ, ਗਜਾਏ ਸੀ ਜੈਕਾਰੇ
ਏਸ ਤਰ੍ਹਾਂ ਪੰਥ ਨੂੰ ਮੁੱਲ, ਅੰਮ੍ਰਿਤ ਦੇ ਤਾਰੇ।

ਸੱਚ ਦੀ ਰਜ਼ਾ 'ਚ ਸ਼ਹੀਦੀ ਦਾ ਜਾਮ ਪੀਤਾ
ਕਲਮ ਅਤੇ ਤੇਗ ਦਾ ਸੁ-ਮੇਲ ਐਸਾ ਕੀਤਾ
ਜ਼ਬਰ-ਜ਼ੁਲਮ ਦਾ ਨਾਮੋ-ਨਿਸ਼ਾਂ ਮਿਟਾਇਆ
ਅੱਧਾ ਕਲਮ ਦੇ ਲੇਖੇ ਅੱਧਾ ਤੇਗ ਦੇ ਸਹਾਰੇ।
'ਗੋਬਿੰਦ' ਜਿਹਾ ਕੋਈ, ਬਣ ਕੇ ਤਾਂ ਵਿਖਾਵੇ
ਖੁਦਾਈ ਵਾਲੇ ਦਾਅਵੇ ਤਾਂ, ਕਰਦੇ ਨੇ ਸਾਰੇ।

**-ਚੰਨ**
**ਫੋਨ: 908-788-8427**

# ਨਿਸ਼ੰਗ ਤੇ ਨਿਸ਼ਚਿੰਤ ਕਾਨਾ ਸਿੰਘ

ਸਿੰਘ ਆਪਣੇ ਪਿਤਾ ਕੋਲ ਮੁੰਬਈ ਤੇ ਛੋਟਾ ਹਰਦੀਪ ਸਿੰਘ ਇਥੇ ਇਹਦੇ ਕੋਲ। ਇਸ ਵਿਗੜੇ-ਤਿਗੜੇ ਜੀਵਨ ਦਾ ਬਹੁਤਾ ਅਸਰ ਵੱਡੇ ਧਵਨਜੀਤ (ਸੰਨੀ) ਉਤੇ ਪਿਆ। ਉਹ ਇੱਕ ਪੜਾਅ ਉਤੇ ਭਿੰਡਰਾਂਵਾਲੇ ਦਾ ਚੇਲਾ ਵੀ ਰਿਹਾ ਤੇ ਫਿਰ ਸਾਧ ਬਣ ਕੇ ਆਨੰਦਪੁਰ ਸਾਹਿਬ ਵੀ।

ਛੋਟਾ ਹਰਦੀਪ (ਦੀਪੀ) ਜਿਹੜਾ ਦੁਬਈ ਵਿਚ ਚੰਗੀ ਨੌਕਰੀ 'ਤੇ ਹੈ, ਮਾਂ ਕੋਲ ਟਿਕ ਕੇ ਪੜ੍ਹਿਆ। ਕਾਨਾ ਸਿੰਘ ਨੇ ਉਸ ਦੀ ਸ਼ਾਦੀ ਮੁਹਾਲੀ ਰਹਿੰਦਿਆਂ ਕੀਤੀ ਜਿਸ ਵਿਚ ਉਸ ਦੀ ਜਾਣ-ਪਛਾਣ ਵਾਲੇ ਕਈ ਪੰਜਾਬੀ ਸਾਹਿਤਕਾਰ ਸ਼ਾਮਲ ਹੋਏ। ਪਿਤਾ ਨੂੰ ਵਿਆਹ ਵਿਚ ਆਉਣ ਦਾ ਸੱਦਾ ਦੇਣ ਦੀਪੀ ਮੁੰਬਈ ਗਿਆ, ਪਰ ਉਹ ਨਹੀਂ ਆਇਆ। ਕਿਸੇ ਕਾਰਨ ਅੱਜ ਦੇ ਦਿਨ ਦੀਪੀ ਦੀ ਪਤਨੀ ਮੁੰਬਈ ਰਹਿੰਦੀ ਹੈ ਤੇ ਦੀਪੀ ਆਪਣੀ ਬੇਟੀ ਜ਼ਾਵੀਆ ਨਾਲ ਦੁਬਈ। ਕਾਨਾ ਸਿੰਘ ਲਈ ਇਹ ਸਭ ਕਿਹੋ ਜਿਹਾ ਹੋਵੇਗਾ, ਇਸ ਦਾ ਅਨੁਮਾਨ ਲਾਉਣਾ ਔਖਾ ਨਹੀਂ।

ਜੀਵਨ ਵਚਿੱਤਰ ਵੀ ਹੈ ਤੇ ਰਸਿਕ ਵੀ। ਗੁਜਰਖਾਨ (ਪਾਕਿਸਤਾਨ) ਤੋਂ ਮੁੰਬਈ, ਦਿੱਲੀ ਤੇ ਮੁਹਾਲੀ। ਨਾਨਾ-ਨਾਨੀ ਤੇ ਮਾਂ ਨਾਲ ਅਤੀਤ ਦੀਆਂ ਬਾਤਾਂ। 1880 ਦੇ ਨੇੜੇ-ਤੇੜੇ ਜਨਮੀ 1980 ਵਿਚ ਗੁਜ਼ਰੀ ਦਾਦੀ ਦਾ ਸਾਥ। ਉਸ ਦਾਦੀ ਦਾ ਜਿਹੜੀ 1946 ਦੀ ਅੱਗਜ਼ਨੀ ਸਮੇਂ ਦੂਰ ਨੇੜੇ ਤੋਂ ਗੁਜਰਖਾਨ ਵਿਚ ਪਨਾਹ ਲੈਣ ਆਏ ਰਿਸ਼ਤੇਦਾਰਾਂ ਤੇ ਮਿੱਤਰ ਪਿਆਰਿਆਂ ਨੂੰ ਸੰਭਾਲਦੇ ਸਮੇਂ ਸਭ ਨੂੰ ਹੌਸਲਾ ਦਿੰਦੀ ਸੀ, 'ਰਾਜ ਬਦਲਦੇ ਹੀ ਆਏ ਨ। ਕਦੀ ਪਰਜਾ ਵੀ ਬਦਲੀ। ਸਭ ਠੀਕ ਹੋ ਜਾਸੀ।'

ਤੇ ਫਿਰ ਸੰਨ ਸੰਤਾਲੀ ਦੇ ਉਜਾੜੇ ਪਿੱਛੋਂ ਏਧਰ ਆ ਕੇ ਕਾਨਾ ਦਾ ਆਪਣੇ ਪਾਲ ਵੀਰੇ ਨਾਲ ਸ਼ਿਕੰਜਵੀ ਵੇਚ ਕੇ ਇੱਕ ਆਨਾ ਅਤੇ ਜਾਮਣਾਂ ਵੇਚ ਕੇ ਦੁਆਨੀ ਕਮਾਉਣਾ। ਓਸ ਹੀ ਵੀਰੇ ਦਾ ਗਲੀ-ਗਲੀ ਵਿਚ ਸਾਬਣ ਵੇਚਣਾ, ਤੰਦੂਰ 'ਤੇ ਦਿਹਾੜੀਆਂ ਕਰਨਾ, ਰੇਹੜੀ ਲਾ ਕੇ ਬਨੈਣਾਂ ਵੇਚਣਾ। ਮਾਪਿਆਂ ਦੇ ਸ਼ਾਹਦਰਾ ਦਿੱਲੀ ਵਿਚ ਆ ਵਸਣ ਤੇ ਕਾਨਾ ਦਾ ਮੈਟ੍ਰਿਕ ਪਾਸ ਕਰਕੇ ਦਰਿਆਗੰਜ ਤੋਂ ਟੀਚਰ ਟਰੇਨਿੰਗ ਲੈਣਾ ਤੇ ਸ਼ਾਹਦਰਾ ਵਿਖੇ ਅਧਿਆਪਕਾ ਲੱਗਣਾ। ਸਿਲਾਈ-ਕਢਾਈ, ਪੌਟਰੀ ਪੇਂਟਿੰਗ, ਹੋਮਿਓਪੈਥੀ, ਯੋਗ-ਸਾਧਨ, ਬਿਊਟੀ ਪਾਰਲਰ ਤੇ ਹੋਰ ਕਈ ਕੁਝ। ਕੌਮਾਂਤਰੀ ਵਪਾਰ ਮੇਲੇ ਉਤੇ ਪਾਰਟ-ਟਾਈਮ ਰਿਸੈਪਸ਼ਨਿਸਟ ਸਮੇਤ।

ਉਸ ਨੂੰ ਸਭ ਤੋਂ ਵੱਧ ਸੰਤੁਸ਼ਟੀ ਸਾਹਿਤਕ ਰਚਨਾਕਾਰੀ ਨੇ ਦਿੱਤੀ ਹੈ। ਕਵਿਤਾ, ਕਹਾਣੀ, ਯਾਦਾਂ, ਯਾਤਰਾ ਤੇ ਸਾਹਿਤਕ ਮਿਲਣੀਆਂ ਨੇ। ਉਸ ਨੂੰ ਹਰ ਰਚਨਾ ਦਾ ਯੋਗ ਹੁੰਗਾਰਾ ਮਿਲਿਆ, ਪਰ ਟੁੱਟਵਾਂ ਤੇ ਟਾਵਾਂ-ਟਾਵਾਂ।

ਉਸ ਦੀਆਂ ਕਹਾਣੀਆਂ 'ਖੁਸ਼ਬੂ' ਤੇ 'ਮਾਰੀਆ' ਬਹੁਤ ਸਲਾਹੀਆਂ ਗਈਆਂ। 'ਮੁਹਾਲੀ ਟੂ ਮਾਸਕੋ' ਸਫਰਨਾਮਾ ਹਿੰਦੀ ਤੇ ਮਰਾਠੀ ਵਿਚ ਵੀ ਪ੍ਰਕਾਸ਼ਿਤ ਹੋਇਆ। ਕਹਾਣੀ 'ਭੂੰਗਾ' ਦਾ ਕੇਵਲ ਧਾਲੀਵਾਲ ਨੇ ਨਾਟਕੀਕਰਨ ਕੀਤਾ ਜਿਹੜਾ ਵਾਰ-ਵਾਰ ਖੇਡਿਆ ਗਿਆ। 'ਖੁਸ਼ਬੂ' ਦੂਰਦਰਸ਼ਨ ਦਿੱਲੀ ਵੱਲੋਂ ਫ਼ਿਲਮਾਈ ਗਈ ਜਿਹੜੀ 2005 ਤੋਂ ਹੁਣ ਤਕ ਕਈ ਵਾਰ ਦੁਹਰਾਈ ਜਾ ਚੁੱਕੀ ਹੈ। ਬਾਲ ਸਾਹਿਤ ਦੀਆਂ ਸੱਤ ਰਚਨਾਵਾਂ ਵਿਚੋਂ 'ਬਿਮਾਰੀ ਦੀ ਭਾਲ' ਤੇ 'ਕੁਕੜੂੰ ਘੜੂੰ' ਵੀ ਬਹੁਤ ਮਕਬੂਲ ਹੋਈਆਂ।

ਇਲੈਕਟ੍ਰਾਨਿਕ ਮੀਡੀਆ ਆਕਾਸ਼ਵਾਣੀ ਤੇ ਦੂਰਦਰਸ਼ਨ ਵਿਖੇ ਹੋਏ ਰੂਬਰੂ ਤੇ ਕਵਿਤਾ-ਕਹਾਣੀ ਪਾਠ ਉਸ ਨੂੰ ਯੂ.ਕੇ., ਸਪੇਨ, ਅਮਰੀਕਾ ਤੇ ਆਸਟਰੇਲੀਆ ਤਕ ਉਡਾ ਕੇ ਲਿਜਾ ਚੁੱਕੇ ਹਨ।

ਉਸ ਦੀਆਂ ਕਵਿਤਾਵਾਂ ਦਾ ਪੋਠੋਹਾਰੀ ਰੰਗ ਉਸ ਨੂੰ ਇੱਕ ਵਾਰੀ ਪਾਕਿਸਤਾਨ ਤੇ ਅਨੇਕ ਵਾਰ ਹਰਿਆਣਾ ਤੇ ਪੰਜਾਬ ਦੇ ਕੌਮੀ ਮੁਸ਼ਾਇਰਿਆਂ ਵਿਚ ਸ਼ਿਰਕਤ ਕਰਨ ਲਈ ਖਿੱਚਦਾ ਰਿਹਾ ਹੈ। 2004 ਦੀ ਮਹਿਫ਼ਿਲ-ਏ-ਮੁਸ਼ਾਇਰਾ ਗੁਜਰਾਂਵਾਲਾ ਉਸ ਨੂੰ ਕਾਨਾ ਪੋਠੋਹਾਰਨ ਦੇ ਖਿਤਾਬ ਨਾਲ ਸਨਮਾਨਿਆ ਗਿਆ। ਉਸ ਨੂੰ ਪੰਜਾਬੀ ਅਕਾਡਮੀ ਲੁਧਿਆਣਾ ਵੱਲੋਂ ਬਾਵਾ ਬਲਵੰਤ ਯਾਦਗਾਰੀ ਪੁਰਸਕਾਰ ਮਿਲ ਚੁੱਕਾ ਹੈ ਤੇ ਦਿੱਲੀ ਦੀ ਸਾਹਿਤ ਸਭਿਆਚਾਰ ਸੰਸਥਾ ਵੱਲੋਂ ਵਿਸ਼ੇਸ਼ ਸਨਮਾਨ। ਨਿੱਕੇ-ਮੋਟੇ ਸਨਮਾਨ ਦੇਣ ਵਾਲੀਆਂ ਸੰਸਥਾਵਾਂ ਨੇ ਉਸ ਦਾ ਸਨਮਾਨ ਕਰ ਕੇ ਆਪਣੇ-ਆਪ ਨੂੰ ਸਨਮਾਨਿਤ ਕੀਤਾ ਹੈ। ਦੂਰੋਂ-ਨੇੜਿਓਂ ਆਏ ਕਵਿਤਾ ਪਾਠ ਦੇ ਸੱਦੇ ਵੀ ਇਸੇ ਸ਼੍ਰੇਣੀ ਵਿਚ ਆਉਂਦੇ ਹਨ। ਉਹ ਵਡੇਰੇ ਸਨਮਾਨ ਦੀ ਹੱਕਦਾਰ ਹੈ, ਪਰ ਕਾਨਾ ਦੀ ਖੂਬੀ ਇਹ ਹੈ ਕਿ ਉਹ ਏਦਾਂ ਨਹੀਂ ਸੋਚਦੀ। ਉਹ ਜਿਵੇਂ ਕਿਵੇਂ ਵੀ ਖੁਸ਼ ਹੈ। ਅੰਤ ਵਿਚ ਉਸ ਦੇ ਘਰ ਵਿਚ ਕੰਮ ਕਰਨ ਵਾਲੀ ਬਬੀਤਾ ਦੀ ਇੱਕ ਗੱਲ ਜ਼ਰੂਰ ਦੱਸਣੀ ਚਾਹਾਂਗਾ।

ਬਬੀਤਾ ਸਦਾ ਮਰਦਾਂ ਵਾਂਗ ਗੱਲਾਂ ਕਰਦੀ ਹੈ, 'ਮੈਂ ਆ ਗਿਆ। ਮੈਂ ਜਾਂਦਾ ਹਾਂ। ਮੈਂ ਕੱਲ੍ਹ ਨਹੀਂ ਆਵਾਂਗਾ।' ਰੋਅਬ ਨਾਲ।

ਇੱਕ ਦਿਨ ਜਦੋਂ ਲਾਬੀ ਵਿਚ ਪੋਚਾ ਮਾਰਦੀ ਕੁਰਸੀ ਨੂੰ ਉਹ ਇੰਨੇ ਜ਼ੋਰ ਨਾਲ ਧਕਦੀ ਹੈ ਕਿ ਕੁਰਸੀ ਫਰਿਜ ਦੇ ਕੋਨੇ ਵਿਚ ਵੱਜ ਕੇ ਰੰਗ ਹੀ ਨਹੀਂ ਲਾਹੁੰਦੀ, ਵੱਡੀ ਝਰੀਟ ਵੀ ਪਾ ਦਿੰਦੀ ਹੈ ਤਾਂ ਕਾਨਾ ਨੂੰ ਗੁੱਸਾ ਆ ਜਾਂਦਾ ਹੈ। ਉਹ ਬਬੀਤਾ ਨੂੰ ਉਚੀ ਬੋਲਦੀ ਹੈ ਤਾਂ ਬਬੀਤਾ ਦਾ ਉਤਰ ਉਸ ਤੋਂ ਵੀ ਤਿੱਖਾ ਹੈ। 'ਰਾਤ ਕੀ ਖਾਧਾ ਸੀ ਤੁਸਾਂ ਜੋ ਗਰਜਣ ਲਈ ਏਨੀ ਸ਼ਕਤੀ ਆ ਗਈ।' ਕਾਨਾ ਨੂੰ ਚਾਹੀਦਾ ਹੈ ਕਿ ਬਬੀਤਾ ਤੋਂ ਕੁਝ ਸਬਕ ਸਿੱਖੇ। ਥੋੜ੍ਹਾ ਬਹੁਤ ਰੋਅਬ ਦਿਖਾਵੇ। ਹੁਣ ਉਸ ਦੀ ਉਮਰਾ ਹੋਊ ਪਰੇ ਕਰਨ ਵਾਲੀ ਨਹੀਂ। ਕੁਝ ਸਥਿਤੀਆਂ ਵਿਚ ਸਨਮਾਨ ਕਰਨ ਵਾਲੇ ਵੀ ਹੁਲਾਰਾ ਦਿੱਤਿਆਂ ਹੀ ਜਾਗਦੇ ਹਨ। ਉਸ ਨੂੰ ਚਾਹੁਣ ਵਾਲੇ ਤਾਂ ਉਸ ਦੀ ਬੋਲ ਬਾਣੀ, ਜੀਵਨ ਸ਼ੈਲੀ ਤੇ ਨਿਸ਼ੰਗ ਲੇਖਣੀ ਨਾਲ ਹੀ ਸੰਤੁਸ਼ਟ ਹਨ। ਜੇ ਨਹੀਂ ਤਾਂ ਮਿਰਜ਼ਾ ਗ਼ਾਲਿਬ ਦਾ ਸ਼ਿਅਰ ਵੀ ਗੁਣਗੁਣਾ ਸਕਦੇ ਹਨ:


ਹਾਂ, ਵੁਹ ਨਹੀਂ ਖ਼ੁਦਾਪ੍ਰਸਤ, ਜਾਓ ਵੁਹ ਬੇਵਫ਼ਾ ਸਹੀ
ਜਿਸਕੋ ਹੋ ਦੀਨ ਓ ਦਿਲ ਅਜ਼ੀਜ਼, ਉਸਕੀ ਗਲੀ ਮੇਂ ਜਾਏਂ ਕਿਉਂ।

ਕਾਨਾ ਨਿਸ਼ਚਿੰਤ ਹੈ! ਉਸ ਨੂੰ ਕੋਈ ਫ਼ਰਕ ਨਹੀਂ ਪੈਂਦਾ!!

***ਉਹ ਕਵਿਤਾ ਲਿਖੇ, ਕਹਾਣੀ, ਵਾਰਤਾਲਾਪ ਜਾਂ ਵਾਰਤਕ, ਉਸ ਦੀ ਲਿਖਤ ਵਿਚ ਨਾ ਹੀ ਲੇਸਲੀ ਭਾਵੁਕਤਾ ਹੈ, ਨਾ ਹੀ ਢੁੱਲ੍ਹ-ਢੁੱਲ੍ਹ ਪੈਂਦੀ ਉੱਥਲ-ਪੁੱਥਲ। ਉਹ ਆਪਣੇ ਅੰਦਰਲੇ ਵੇਗ ਨੂੰ ਪ੍ਰਗਟ ਕਰਨ ਸਮੇਂ ਜਿਵੇਂ ਆਪਣੀ ਰੂਹ ਦਾ ਅਨੁਵਾਦ ਕਰ ਰਹੀ ਹੁੰਦੀ ਹੈ। ਮਨੁੱਖੀ ਸਬੰਧਾਂ ਦੀ ਕਹਾਣੀ ਪਾ ਕੇ ਤੇ ਮਨੁੱਖੀ ਮਨ ਦੀਆਂ ਅਥਾਹ ਪਰਤਾਂ ਨੂੰ ਸਮਾਜਕ ਰਿਸ਼ਤਿਆਂ ਵਿਚ ਪਰੋ ਕੇ।***

# ਵਿਦਰੋਹੀ ਕਵੀ ਦਾ ਚਲਾਣਾ

***ਨਵੀਂ ਦਿੱਲੀ ਦੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਬਹੁਤ ਸਾਰੀਆਂ ਗੱਲਾਂ ਕਰ ਕੇ ਨਿਵੇਕਲੀ, ਨਿਆਰੀ ਅਤੇ ਵਿਲੱਖਣ ਹੈ। ਜਿਨ੍ਹਾਂ ਨੇ ਕਦੀ ਇਸ ਯੂਨੀਵਰਸਿਟੀ ਕੈਂਪਸ ਦਾ ਗੇੜਾ ਲਾਇਆ ਹੋਵੇਗਾ, ਉਨ੍ਹਾਂ ਕਿਤੇ ਨਾ ਕਿਤੇ, ਕਿਸੇ ਨਾ ਕਿਸੇ ਕੋਲੋਂ ਵਿਦਰੋਹੀ ਕਵੀ ਬਾਰੇ ਜ਼ਰੂਰ ਸੁਣਿਆ ਹੋਵੇਗਾ। ਇਹ ਕਵੀ ਵੀ ਇਸ ਯੂਨੀਵਰਸਿਟੀ ਦੀਆਂ ਅਨੇਕਾਂ ਵਿਲੱਖਣਤਾਵਾਂ ਵਿਚੋਂ ਇਕ ਸੀ ਜੋ ਪਿਛਲੇ ਦਿਨੀਂ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਿਆ। ਉਸ ਬਾਰੇ ਪੱਤਰਕਾਰ ਪਨਿਨੀ ਆਨੰਦ ਨੇ ਕੁਝ ਸ਼ਬਦ ਲਿਖੇ ਹਨ ਜਿਸ ਤੋਂ ਇਸ ਵਿਦਰੋਹੀ ਕਵੀ ਦੇ ਜੀਵਨ ਉਤੇ ਕੁਝ ਕੁ ਝਾਤੀ ਪੈਂਦੀ ਹੈ। ਇਹ ਕਵੀ ਸਹੀ ਮਾਅਨਿਆਂ ਵਿਚ ਵਿਦਰੋਹੀ ਸੀ। ਵਿਦਿਆਰਥੀ ਜੀਵਨ ਦੌਰਾਨ ਜੁਝਾਰੂ ਸਿਆਸਤ ਨਾਲ ਜੁੜਨ ਕਰ ਕੇ ਉਸ ਨੂੰ ਯੂਨੀਵਰਸਿਟੀ ਵਿਚੋਂ ਕੱਢ ਦਿੱਤਾ ਗਿਆ ਸੀ, ਪਰ ਉਸ ਤੋਂ ਬਾਅਦ ਉਹ ਇਸ ਯੂਨੀਵਰਸਿਟੀ ਦਾ ਹਿੱਸਾ ਬਣ ਗਿਆ। -ਸੰਪਾਦਕ***



ਚਿਤਾ ਬਲ ਰਹੀ ਸੀ। ਅੱਗ ਦੀਆਂ ਲਾਟਾਂ ਆਸਮਾਨ ਵੱਲ ਉਠ ਰਹੀਆਂ ਸਨ। ਇਉਂ ਜਾਪਦਾ ਸੀ ਜਿਵੇਂ ਉਹ ਵੀ ਉਸ ਦੇ ਦੇਹਾਂਤ ਉਪਰ ਅੱਥਰੂ ਵਹਾ ਰਹੀਆਂ ਹਨ। ਕਿਣ-ਮਿਣ ਉਸ ਕਵੀ ਨੂੰ ਸ਼ਰਧਾਂਜਲੀ ਦੇ ਰਹੀ ਜਾਪਦੀ ਸੀ ਜੋ ਲੋਕਾਂ, ਕੁਦਰਤ ਅਤੇ ਉਨ੍ਹਾਂ ਦੇ ਕਾਜ ਦੇ ਹੱਕ ਵਿਚ ਡਟਿਆ ਰਿਹਾ।

ਪੌਣ ਥੰਮ ਚੁੱਕੀ ਸੀ: ਉਦਾਸ ਚਿਹਰਿਆਂ ਤੋਂ ਕਿਸੇ ਅਹਿਮ ਸ਼ਖ਼ਸੀਅਤ ਦੇ ਵਿਛੋੜੇ ਦਾ ਗ਼ਮ ਝਲਕ ਰਿਹਾ ਸੀ। ਅੱਗ ਦੀਆਂ ਲਾਟਾਂ ਇਉਂ ਉਠ ਰਹੀਆਂ ਸਨ ਜਿਵੇਂ ਕਵੀ ਆਪਣੀ ਆਖ਼ਰੀ ਕਵਿਤਾ ਸੁਣਾ ਰਿਹਾ ਹੋਵੇ।

ਵਿਦਰੋਹੀ ਜਾਂ ਰਾਮਾਸ਼ੰਕਰ ਯਾਦਵ ਦਾ 8

**ਪਨਿਨੀ ਆਨੰਦ**
**ਪੇਸ਼ਕਸ਼/ਅਨੁਵਾਦ: ਬੂਟਾ ਸਿੰਘ**

ਦਸੰਬਰ ਨੂੰ ਦੇਹਾਂਤ ਹੋ ਗਿਆ। ਬਹੁਤ ਕਵੀਆਂ ਦੀ ਮੌਤ ਹੁੰਦੀ ਹੈ। ਬਥੇਰੇ ਕਲਾਕਾਰ ਆਪਣੇ ਪਿਛੇ ਖ਼ਲਾਅ ਛੱਡ ਜਾਂਦੇ ਹਨ, ਪਰ ਵਿਦਰੋਹੀ ਦੀ ਮੌਤ ਉਨ੍ਹਾਂ ਵਰਗੀ ਨਹੀਂ ਸੀ। ਇਹ ਹਿੰਦੀ ਦੇ ਆਖ਼ਰੀ ਕਵੀ ਦੀ ਰੁਖ਼ਸਤਗੀ ਸੀ ਜੋ ਸੱਚੇ ਮਾਅਨਿਆਂ ਵਿਚ ਲੋਕ ਕਵੀ ਸੀ। ਉਸ ਨੇ ਬਾਬਾ ਨਾਗਾਰਜੁਨ, ਤ੍ਰੈਲੋਚਨ ਅਤੇ ਗਿਰਿਸ਼ ਤਿਵਾੜੀ ਗਿਰਦਾ ਦੀ ਵਿਰਾਸਤ ਨੂੰ ਅੱਗੇ ਤੋਰਿਆ।

**ਜੀਵਨ ਝਲਕ**

ਯਾਦਵ 1957 'ਚ ਉਤਰ ਪ੍ਰਦੇਸ ਦੇ ਸੁਲਤਾਨਪੁਰ ਜ਼ਿਲ੍ਹੇ ਵਿਚ ਪੈਦਾ ਹੋਇਆ। ਉਸ ਦੇ ਮਾਪੇ ਨਰੈਣ ਯਾਦਵ ਅਤੇ ਕਰਮਾ ਦੇਵੀ ਕਿਸਾਨ ਸਨ। ਛੋਟੀ ਉਮਰ 'ਚ ਹੀ ਉਸ ਦਾ ਵਿਆਹ ਸ਼ਾਂਤੀ ਦੇਵੀ ਨਾਲ ਕਰ ਦਿੱਤਾ ਗਿਆ। 1980 'ਚ ਯਾਦਵ ਆਪਣੀ ਪੋਸਟ-ਗਰੈਜੂਏਸ਼ਨ ਦੀ ਪੜ੍ਹਾਈ ਲਈ ਜਵਾਹਰਲਾਲ ਨਹਿਰੂ ਯੂਨੀਵਰਸਿਟੀ (ਦਿੱਲੀ) ਆ ਗਿਆ। ਤਿੰਨ ਸਾਲ ਬਾਅਦ ਖੱਬੀ ਸਿਆਸਤ ਅਤੇ ਵਿਦਿਆਰਥੀ ਅੰਦੋਲਨ ਵਿਚ ਸ਼ਾਮਲ ਹੋਣ ਕਾਰਨ ਉਸ ਨੂੰ ਯੂਨੀਵਰਸਿਟੀ 'ਚੋਂ ਕੱਢ ਦਿੱਤਾ ਗਿਆ। ਵਰਸਿਟੀ ਪ੍ਰਸ਼ਾਸਨ ਨੇ ਉਸ ਨੂੰ ਕਹਿ ਦਿੱਤਾ ਕਿ ਉਸ ਨੂੰ ਕੈਂਪਸ ਅੰਦਰ ਵੜਨ ਦੀ ਇਜਾਜ਼ਤ ਹੁਣ ਨਹੀਂ ਮਿਲੇਗੀ।

ਉਹ ਇਕ ਤਰ੍ਹਾਂ ਨਾਲ ਯਾਦਵ ਦਾ ਪੁਨਰ-ਜਨਮ ਸੀ। ਉਸ ਨੇ ਸਹੁੰ ਖਾਧੀ ਕਿ ਉਸ ਨੂੰ ਕੋਈ ਕੈਂਪਸ ਵਿਚੋਂ ਬਾਹਰ ਨਹੀਂ ਕੱਢ ਸਕਦਾ ਅਤੇ ਉਸ ਨੇ ਉਹ ਸਹੁੰ ਪੁਗਾ ਕੇ ਦਿਖਾ ਦਿੱਤੀ। ਜਿਸ ਦਿਨ ਉਸ ਨੇ ਅੰਤਮ ਸਵਾਸ ਲਏ, ਉਦੋਂ ਤਕ ਜੇ.ਐਨ.ਯੂ. ਦੇ ਰੁਖ ਅਤੇ ਉਨ੍ਹਾਂ ਦੀ ਛਾਂ, ਹੋਸਟਲਾਂ ਦੇ ਕੋਨੇ ਅਤੇ ਵਿਦਿਆਰਥੀ ਯੂਨੀਅਨ ਦਾ ਦਫ਼ਤਰ ਉਸ ਦਾ ਟਿਕਾਣਾ ਰਹੇ।

ਵਿਦਰੋਹੀ ਨੇ ਸੱਚੇ ਸ਼ਹਿਨਸ਼ਾਹ ਦੀ ਜ਼ਿੰਦਗੀ ਜੀਵੀ। ਕੱਪੜਿਆਂ ਤੋਂ ਸਿਵਾਏ ਉਸ ਕੋਲ ਆਪਣੇ ਪਿਛੇ ਛੱਡਣ ਲਈ ਕੋਈ ਚੀਜ਼-ਵਸਤ ਨਹੀਂ ਸੀ। ਉਹ ਵੀ ਜ਼ਿਆਦਾਤਰ ਉਸ ਦੇ ਆਪਣੇ ਖਰੀਦੇ ਹੋਏ ਨਹੀਂ ਸਨ। "ਜਿਨਕੋ ਕਾਛੂ ਨਾ ਚਾਹੀਏ, ਵੋਹ ਹੀ ਸ਼ਹਿਨਸ਼ਾਹ", ਸ਼ਾਇਦ ਕਬੀਰ ਦੀਆਂ ਇਹ ਸਤਰਾਂ ਉਸ ਦੀ ਜ਼ਿੰਦਗੀ ਬਿਆਨ ਕਰਦੀਆਂ ਹਨ, ਤੇ ਵਿਦਰੋਹੀ ਨੇ ਅੰਤਮ ਸਵਾਸ ਤਕ ਇਹੀ ਜ਼ਿੰਦਗੀ ਜੀਵੀ।

ਕਵੀ ਵਿਦਰੋਹੀ ਹਮੇਸ਼ਾ ਵਿਦਿਆਰਥੀ ਰਿਹਾ। ਕੈਂਪਸ ਉਸ ਦਾ ਘਰ ਸੀ। ਵਿਦਰੋਹੀ ਵਿਦਿਆਰਥੀ ਅੰਦੋਲਨਾਂ ਵਿਚ ਸ਼ਾਮਲ ਹੁੰਦਾ ਰਿਹਾ। ਉਹ ਵਿਦਿਆਰਥੀਆਂ ਅਤੇ ਨਿਆਂ ਤੇ ਸ਼ਹਿਰੀ ਆਜ਼ਾਦੀਆਂ ਦੀ ਮੰਗ ਕਰਨ ਵਾਲਿਆਂ ਦੇ ਰੋਸ-ਮੁਜ਼ਾਹਰਿਆਂ ਵਿਚ ਸ਼ਾਮਲ ਰਹਿੰਦਾ, ਚਾਹੇ ਦਿੱਲੀ ਵਿਚ ਹੋਣ ਜਾਂ ਕਿਤੇ ਹੋਰ। ਉਸ ਦੀ ਆਵਾਜ਼ ਇਕ ਪ੍ਰੇਰਨਾ ਸੀ। ਉਸ ਦੀਆਂ ਨਜ਼ਮਾਂ ਸੰਘਰਸ਼ ਦੇ ਸਮਿਆਂ ਵਿਚ ਜਾਗ-ਲਾਊ ਭੂਮਿਕਾ ਨਿਭਾਉਂਦੀਆਂ ਸਨ।

ਉਹ ਉਸ ਜਮਾਤ ਨਾਲ ਇਕਮਿਕ ਸੀ ਜਿਸ ਦੀ ਉਹ ਨੁਮਾਇੰਦਗੀ ਕਰਦਾ ਸੀ। ਉਸ ਦੇ ਲਫ਼ਜ਼, ਪਹਿਰਾਵਾ, ਆਵਾਜ਼, ਦਿੱਖ, ਜਿਹੜੇ ਮੁੱਦੇ ਉਹ ਉਠਾਉਂਦਾ ਤੇ ਜਿਹੜੇ ਹਵਾਲੇ ਉਹ ਦਿੰਦਾ, ਉਸ ਦੇ ਮਜ਼ਮੂਨ ਉਸੇ ਜਮਾਤ ਦੀ ਨੁਮਾਇੰਦਗੀ ਕਰਦੇ ਤੇ ਉਸੇ ਦੀ ਗੱਲ ਕਰਦੇ ਸਨ। ਕਿਰਤੀ, ਰਿਕਸ਼ੇ ਵਾਲੇ, ਭੰਗੀ, ਚਾਹ ਵਾਲੇ ਅਤੇ ਮਜ਼ਦੂਰ ਉਸ ਦੇ ਸਰੋਤੇ ਸਨ। ਜਿਥੇ ਕਿਤੇ ਵੀ ਵਿਦਰੋਹੀ ਆਪਣੀਆਂ ਨਜ਼ਮਾਂ ਪੜ੍ਹਦਾ, ਉਹ ਪੁਰਜੋਸ਼ ਹੁੰਗਾਰਾ ਭਰਦੇ। ਇਸੇ ਕਰ ਕੇ ਹੀ ਤਾਂ ਉਹ ਸਿਰਕੱਢ ਸੀ। ਇਹ ਨਜ਼ਮਾਂ ਕਦੇ ਵੀ 'ਮੈਂ' ਅਤੇ 'ਤੂੰ' ਬਾਰੇ ਨਾ ਹੁੰਦੀਆਂ; ਸਗੋਂ ਇਹ 'ਸਾਡੇ' ਬਾਰੇ ਹੁੰਦੀਆਂ; ਇਹ ਪੀੜਾ, ਤਾਕਤ ਅਤੇ ਸੰਘਰਸ਼ ਦੀ ਸਾਂਝ ਦਾ ਪੈਗਾਮ ਦਿੰਦੀਆਂ।

**ਨਿਰਛਲ ਪ੍ਰਤਿਭਾ**

ਇਹ ਗਿਣਤੀ ਕਰਨਾ ਸੌਖਾ ਨਹੀਂ ਕਿ ਵਿਦਰੋਹੀ ਨੇ ਕਿੰਨੇ ਕੁ ਰੋਸ-ਮੁਜ਼ਾਹਰਿਆਂ ਅਤੇ ਅਵਾਮੀ ਮੁਹਿੰਮਾਂ ਵਿਚ ਹਿੱਸਾ ਲਿਆ। ਲੋਕ ਕਵੀ ਹਮੇਸ਼ਾ ਲੋਕਾਂ ਲਈ ਹਾਜ਼ਰ ਹੁੰਦਾ; ਉਨ੍ਹਾਂ ਬਹੁਤ ਸਾਰਿਆਂ ਦੇ ਉਲਟ ਜੋ ਮਹਿਫ਼ੂਜ਼, ਸਾਫ਼-ਸੁਥਰੇ ਮਾਹੌਲ ਨੂੰ ਚਿੰਬੜੇ ਹੋਏ ਹਨ। ਕਈ ਮੁਸ਼ਾਇਰਿਆਂ,



*ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਨਵੀਂ ਦਿੱਲੀ ਦੀ ਇਕ ਝਲਕ, ਜਿੱਥੇ ਵਿਦਰੋਹੀ ਕਵੀ ਨੇ ਸਾਰੀ ਉਮਰ ਗੁਜ਼ਾਰ ਦਿੱਤੀ*

ਇਕੱਠਾਂ ਅਤੇ ਸਮਾਗਮਾਂ ਵਿਚ ਵਿਦਰੋਹੀ ਦਾ ਨਾਂ ਇਸ਼ਤਿਹਾਰਾਂ ਅਤੇ ਹੱਥ ਪਰਚਿਆਂ ਵਿਚ ਜ਼ਿਕਰ ਵੀ ਕੀਤਾ ਗਿਆ ਨਾ ਹੁੰਦਾ। ਐਪਰ, ਉਹ ਕਿਸੇ ਨੁਕਰੇ ਖੜ੍ਹਾ ਹੁੰਦਾ ਅਤੇ ਆਖ਼ਿਰਕਾਰ ਉਸ ਨੂੰ ਆਪਣੀਆਂ ਨਜ਼ਮਾਂ ਪੜ੍ਹਨ ਲਈ ਬੁਲਾਇਆ ਜਾਂਦਾ। ਜ਼ਾਹਰਾ ਤੌਰ 'ਤੇ, ਉਹ ਉਨ੍ਹਾਂ ਸਮਾਗਮਾਂ ਵਿਚ ਸਭ ਤੋਂ ਪਸੰਦ ਕੀਤਾ ਜਾਂਦਾ।

ਕਵੀ ਸਥਾਪਤੀ ਅਤੇ ਪ੍ਰਬੰਧ ਦੇ ਖ਼ਿਲਾਫ਼ ਡਟ ਕੇ ਖੜ੍ਹਿਆ। ਉਸ ਨੇ ਕਬੀਰ ਤੋਂ ਵੀ ਵੱਧ ਸਾਫ਼-ਸਪਸ਼ਟ ਅਤੇ ਤਿੱਖੇ ਰੂਪ 'ਚ ਰੱਬ ਦੀ ਹੋਂਦ ਨੂੰ ਵੰਗਾਰਿਆ। ਉਸ ਨੇ ਰਾਜਿਆਂ, ਜਾਤਾਂ-ਪਾਤਾਂ, ਬ੍ਰਾਹਮਣਵਾਦੀ ਸਮਾਜੀ ਤੇ ਸਭਿਆਚਾਰਕ ਵਿਵਸਥਾਵਾਂ, ਮਰਦ-ਪ੍ਰਧਾਨ ਸੱਤਾ ਨੂੰ ਨਿਸ਼ਾਨਾ ਬਣਾਇਆ ਅਤੇ ਆਪਣੀਆਂ ਨਜ਼ਮਾਂ ਵਿਚ ਔਰਤਾਂ ਲਈ ਜੂਝਿਆ। ਉਹ ਨਾਬਰਾਬਰੀ ਅਤੇ ਜੰਗ ਦੇ ਖ਼ਿਲਾਫ਼ ਡਟ ਕੇ ਖੜ੍ਹਿਆ।

ਉਸ ਦੇ ਕਿਰਦਾਰ ਬੇਪਛਾਣ ਲੋਕ ਸਨ-ਹਾਸ਼ੀਏ 'ਤੇ ਧੱਕੇ ਅਤੇ ਦੱਬੇ-ਕੁਚਲੇ। ਵਿਦਰੋਹੀ ਫਿਰਕਾਪ੍ਰਸਤੀ ਵਿਰੋਧੀ ਅਤੇ ਧਰਮ ਦਾ ਵਿਰੋਧੀ ਸੀ। ਉਸ ਦੀ ਕੈਨਵਸ ਵਸੀਹ ਅਤੇ ਸਰਬਾਂਗੀ ਸੀ।

ਉਸ ਦੀ ਕਲਾ-ਘਾਲਣਾ ਦੀ ਖ਼ੂਬਸੂਰਤੀ ਹੀ ਇਹੀ ਸੀ ਕਿ ਉਸ ਨੇ ਜੋ ਜੀਵਿਆ ਉਹੀ ਲਿਖਿਆ। ਜਦੋਂ ਅਸੀਂ ਪ੍ਰਤੀਰੋਧ ਸਾਹਿਤ ਬਾਰੇ ਗੱਲ ਕਰਦੇ ਹਾਂ ਇਹ ਬਹੁਤ ਅਹਿਮ ਹੈ। ਜਦੋਂ ਕਲਮਕਾਰ ਅਤੇ ਕਵੀ ਉਨ੍ਹਾਂ ਦੇ ਕਾਜ ਤੋਂ ਵਿੱਥ ਬਣਾ ਲੈਂਦੇ ਹਨ, ਆਪਣੇ ਮਿੱਤਰਾਂ ਅਤੇ ਪੈਰੋਕਾਰਾਂ ਵਲੋਂ ਕੀਤੇ ਖੁਸ਼ਗਵਾਰ ਰਿਵਿਊ ਤੋਂ ਸਿਵਾਏ ਉਨ੍ਹਾਂ ਦਾ ਕੋਈ ਹਾਸਲ ਨਹੀਂ ਹੁੰਦਾ।

ਵਿਦਰੋਹੀ ਨੇ ਕਦੇ ਆਪਣੀਆਂ ਨਜ਼ਮਾਂ ਛਪਵਾਉਣ ਜਾਂ ਇਨਾਮਾਂ-ਸਨਮਾਨਾਂ ਦੀ ਪ੍ਰਵਾਹ ਨਹੀਂ ਕੀਤੀ। ਉਹ ਵੱਡੇ ਪ੍ਰਕਾਸ਼ਨਾਵਾਂ ਵਲੋਂ ਛਾਪੇ ਜਾਣ ਅਤੇ ਲਾਇਬ੍ਰੇਰੀਆਂ ਤੇ ਅਕਾਦਮੀਆਂ ਵਿਚ ਸਿਮਟ ਜਾਣ ਦੀ ਬਜਾਏ ਆਪਣੀ ਨਜ਼ਮ ਲੋਕਾਂ ਅੱਗੇ ਪੇਸ਼ ਕਰਨ ਨੂੰ ਤਰਜੀਹ ਦਿੰਦਾ ਸੀ।

**ਜਨੂੰਨੀ ਕਵੀ**

ਵਿਦਰੋਹੀ ਕੋਲ ਕਦੇ ਵੀ ਕਲਮ ਤੇ ਕਾਗਜ਼, ਜਾਂ ਕੋਈ ਕਾਪੀ ਜਾਂ ਐਸੀ ਕੋਈ ਚੀਜ਼ ਨਜ਼ਰ ਨਹੀਂ ਸੀ ਆਉਂਦੀ ਜਥੇ ਉਸ ਨੇ ਉਹ ਲਿਖਿਆ ਹੋਵੇ ਜੋ ਉਹ ਬੋਲਦਾ। ਇਹ ਸਭ ਉਸ ਦੇ ਚੇਤਿਆਂ ਵਿਚ ਸੀ ਅਤੇ ਉਹ ਵੀ ਨਿਰਾ ਇਕ ਜ਼ਬਾਨ ਵਿਚ ਨਹੀਂ। ਅਵਧੀ ਜ਼ਬਾਨ ਵਿਚ ਉਸ ਦਾ ਕੰਮ ਸਿਰਕੱਢ ਹੈ ਅਤੇ ਆਪਣੇ ਸਮਕਾਲੀਆਂ ਤੋਂ ਕਿਤੇ ਉੱਤਮ। ਕੁਝ ਲੋਕਾਂ ਲਈ ਵਿਦਰੋਹੀ ਕੋਈ ਦੀਵਾਨਾ ਸੀ, ਪਾਗਲ ਜਾਂ ਉਖੜੀ ਹੋਈ ਕੋਈ ਰੂਹ, ਪਰ ਬਹੁਤ ਸਾਰੇ ਉਸ ਨੂੰ ਉਸ ਦੇ ਕੱਪੜਿਆਂ ਅਤੇ ਪਦਾਰਥਕ ਪ੍ਰਾਪਤੀਆਂ ਤੋਂ ਨਹੀਂ ਪਰਖਦੇ ਸਨ। ਉਹ ਉਸ ਨੂੰ ਆਪਣੇ ਕਵੀ, ਲੋਕ ਕਵੀ ਵਜੋਂ ਪਿਆਰਦੇ-ਸਤਿਕਾਰਦੇ ਸਨ। ਉਹ ਉਨ੍ਹਾਂ ਲਈ ਖੜ੍ਹਿਆ। ਉਸ ਨੇ ਉਹ ਲਿਖਿਆ ਅਤੇ ਬੋਲਿਆ ਜੋ ਉਦੋਂ ਵਕਤ ਦਾ ਤਕਾਜ਼ਾ ਸੀ। ਵਿਦਰੋਹੀ ਵਿਸਕੀ ਦੇ ਗਲਾਸਾਂ ਵਾਲੇ ਮੇਜਾਂ ਅਤੇ ਪ੍ਰਕਾਸ਼ਕਾਂ ਦੇ ਪੇਸ਼ਗੀ ਚੈੱਕਾਂ ਦੇ ਨੇੜੇ ਵੀ ਨਹੀਂ ਸੀ ਢੁੱਕਦਾ।

ਕੁਝ ਵਰ੍ਹੇ ਪਹਿਲਾਂ, ਕੁਝ ਮਿੱਤਰਾਂ ਨੇ ਉਸ ਦੀਆਂ ਨਜ਼ਮਾਂ ਇਕੱਠੀਆਂ ਕਰ ਕੇ ਛਪਵਾ ਦਿੱਤੀਆਂ ਅਤੇ ਸਾਨੂੰ 'ਨਈ ਖੇਤੀ' ਵਰਗਾ ਹੀਰਾ ਹੱਥ ਲੱਗ ਗਿਆ; ਹਾਲਾਂਕਿ ਹੋਰ ਬਹੁਤ ਸਾਰੀਆਂ ਨਜ਼ਮਾਂ ਅਜੇ ਲੱਭਣੀਆਂ ਬਾਕੀ ਹਨ। ਉਸ ਦੇ ਮਿੱਤਰਾਂ ਕੋਲ ਕੁਝ ਰਿਕਾਰਡਿੰਗ ਹਨ, ਉਨ੍ਹਾਂ ਦੇ ਮੁਕਾਬਲੇ ਬਹੁਤ ਹੀ ਥੋੜ੍ਹੀਆਂ ਜੋ ਅਸੀਂ ਹਮੇਸ਼ਾ ਲਈ ਗੁਆ ਬੈਠੇ।

ਦਸਤਾਵੇਜ਼ੀ ਫਿਲਮਸਾਜ਼ ਨਿਤਿਨ ਕੇ. ਪਾਮਨਨੀ ਨੇ ਉਸ ਬਾਰੇ ਫਿਲਮ 'ਮੈਂ ਤੁਮਹਾਰਾ ਕਵੀ ਹੂੰ' ਬਣਾਈ। ਇਸ ਦਸਤਾਵੇਜ਼ੀ ਨੂੰ ਮੁੰਬਈ ਕੌਮਾਂਤਰੀ ਫਿਲਮ ਮੇਲੇ (2011) ਵਿਚ ਇਨਾਮ ਮਿਲਿਆ। ਉਂਜ, ਰਾਜਧਾਨੀ ਅਤੇ ਮੁਲਕ ਦੇ ਹੋਰ ਹਿੱਸਿਆਂ ਦੇ ਸਾਹਿਤਕ ਕਲੱਬਾਂ ਨੇ ਕਵੀ ਦੀਆਂ ਕਿਰਤਾਂ ਅਤੇ ਉਸ ਦੀ ਜ਼ਿੰਦਗੀ ਦਾ ਮੁੱਲ ਨਹੀਂ ਪਾਇਆ। ਬਹੁਤ ਸਾਰੇ ਉਸ ਦੀਆਂ ਰਚਨਾਵਾਂ ਤੋਂ ਗ਼ੈਰਮਹਿਫ਼ੂਜ਼ ਮਹਿਸੂਸ ਕਰਦੇ ਸਨ ਅਤੇ ਉਸ ਦੀ ਤਰਜ਼ੇ-ਜ਼ਿੰਦਗੀ ਤੋਂ ਤ੍ਰਹਿੰਦੇ ਸਨ। ਉਹ ਇਸ ਕਥਨ ਨੂੰ ਰੱਦ ਕਰ ਸਕਦੇ ਹਨ, ਪਰ ਵਿਦਰੋਹੀ ਦੇ ਵਾਕਫ਼ਕਾਰਾਂ ਦਾ ਇਹੀ ਨਿਰੀਖਣ ਹੈ।

ਕਵੀ ਖ਼ੁਦ ਇਹੀ ਮਹਿਸੂਸ ਕਰਦਾ ਸੀ, ਪਰ ਕਦੇ ਉਜਰ ਨਹੀਂ ਸੀ ਕਰਦਾ। ਉਹ ਹੱਸ ਛੱਡਦਾ ਅਤੇ ਕਹਿੰਦਾ: "ਮੈਂ ਉਨਕੇ ਲੀਏ ਕਵਿਤਾ ਨਹੀਂ ਕਰਤਾ"। ਉਸ ਨੂੰ ਅੰਤਮ ਵਿਦਾਇਗੀ ਦਿੱਤੇ ਜਾਣ ਮੌਕੇ ਉਸ ਦੇ ਸੈਂਕੜੇ ਕਦਰਦਾਨ ਪੁੱਜੇ ਹੋਏ ਸਨ ਪਰ ਦੋ ਜਾਂ ਤਿੰਨ ਤੋਂ ਛੁੱਟ ਬਾਕੀ ਲੇਖਕਾਂ, ਕਵੀਆਂ ਅਤੇ ਆਲੋਚਕਾਂ 'ਚੋਂ ਕੋਈ ਨਹੀਂ ਆਇਆ। ਸ਼ਾਇਦ ਉਹ ਸੈਮੀਨਾਰਾਂ, ਚਾਹ-ਗੋਸ਼ਟੀਆਂ ਜਾਂ ਮਸ਼ਹੂਰ ਬਾਰਾਂ ਵਿਖੇ ਮਸਰੂਫ਼ ਸਨ।

**ਆਖ਼ਰੀ ਦਿਨ**

ਵਿਦਰੋਹੀ ਆਪਣੀ ਕਵਿਤਾ ਨੂੰ ਜ਼ਿੰਦਗੀ ਵਿਚ ਜਿਉਂਦਾ ਸੀ। ਉਹ ਆਪਣੇ ਕਾਜ ਵਿਚ ਰੁੱਝਿਆ ਰਹਿੰਦਾ ਸੀ। ਉਹ ਕਦੇ ਸੱਦੇ ਦੀ ਇੰਤਜ਼ਾਰ ਨਹੀਂ ਸੀ ਕਰਦਾ। ਉਹ ਸਹੀ ਵਕਤ ਹਰ ਥਾਂ ਹੁੰਦਾ ਸੀ। ਉਸ ਦਾ ਬਾਕੀ ਬਚਦਾ ਵਕਤ ਜੇ.ਐਨ.ਯੂ. ਦੇ ਕਿਸੇ ਹਨ੍ਹੇਰੇ ਗੰਦੇ ਖੂੰਜੇ ਵਿਚ ਗੱਲਾਂ ਕਰਦਿਆਂ ਅਤੇ ਆਪਣੀਆਂ ਨਜ਼ਮਾਂ ਗੁਣਗੁਣਾਉਂਦਿਆਂ ਗੁਜ਼ਰਦਾ।

ਆਪਣੀ ਜ਼ਿੰਦਗੀ ਦੇ ਆਖ਼ਰੀ ਦਿਨ, ਉਹ ਵਜ਼ੀਫ਼ੇ ਵਾਪਸ ਲਏ ਜਾਣ ਦੇ ਖ਼ਿਲਾਫ਼ ਯੂਨੀਵਰਸਿਟੀ ਗਰਾਂਟਸ ਕਮਿਸ਼ਨ (ਯੂ.ਜੀ.ਸੀ.) ਦੇ ਦਫ਼ਤਰ ਅੱਗੇ ਰੋਸ-ਮੁਜ਼ਾਹਰਾ ਕਰ ਰਹੇ ਵਿਦਿਆਰਥੀਆਂ ਵਿਚ ਸ਼ਾਮਲ ਸੀ। 8 ਦਸੰਬਰ ਸ਼ਾਮ ਨੂੰ ਉਸ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਉਹ ਭੁੱਖਾ ਸੀ, ਤੇ ਉਨ੍ਹਾਂ ਨੇ ਉਸ ਨੂੰ ਕੁਝ ਖਾਣ ਲਈ ਦਿੱਤਾ। ਫਿਰ ਉਸ ਨੇ ਕਿਹਾ ਕਿ ਉਸ ਨੂੰ ਨੀਂਦ ਆ ਰਹੀ ਹੈ। ਛੇਤੀ ਹੀ ਉਹ ਹਮੇਸ਼ਾ ਲਈ ਸੌਂ ਗਿਆ। ਹਸਪਤਾਲ ਵਿਖੇ ਉਸ ਨੂੰ 'ਮ੍ਰਿਤਕ ਲਿਆਂਦਾ' ਐਲਾਨ ਦਿੱਤਾ ਗਿਆ।

ਉਹ ਕਿਸੇ ਆਈ.ਸੀ.ਯੂ. ਜਾਂ ਮੱਧਵਰਗੀ ਬਸਤੀ ਦੇ ਕਿਸੇ ਅਪਾਰਟਮੈਂਟ ਵਿਚ ਨਹੀਂ ਮਰਿਆ। ਉਸ ਨੇ ਸੰਘਰਸ਼ ਦੀਆਂ ਮੂਹਰਲੀਆਂ ਸਫ਼ਾਂ ਵਿਚ, ਹੱਕਾਂ ਅਤੇ ਆਜ਼ਾਦੀਆਂ ਲਈ ਜੂਝਦਿਆਂ ਸਵਾਸ ਤਿਆਗੇ।

ਚਿਤਾ ਅੱਗ ਦੀਆਂ ਲਾਟਾਂ ਵਿਚ ਘਿਰ ਗਈ ਸੀ। ਅੱਗ ਦੀ ਤਿੜ-ਤਿੜ ਤਾਲਬੱਧ ਸੰਗੀਤ ਵਾਂਗ ਗੂੰਜ ਰਹੀ ਸੀ।

ਕਵੀ ਚਿਤਾ ਉਪਰ ਲੇਟਿਆ ਹੋਇਆ ਸੀ, ਆਪਣੀਆਂ ਨਜ਼ਮਾਂ ਗੁਣਗੁਣਾਉਂਦਾ ਹੋਇਆ। ਆਖ਼ਰੀ ਵਾਰ। ਤੇ ਉਸ ਦੀਆਂ ਨਜ਼ਮਾਂ ਚਾਰੇ ਪਾਸੇ ਫੈਲੀਆਂ ਹੋਈਆਂ ਸਨ- ਪੌਣ ਵਿਚ, ਅੰਬਰ ਵਿਚ।

ਲੋਕਾਂ ਦਾ ਆਖ਼ਰੀ ਕਵੀ ਰੁਖ਼ਸਤ ਹੋ ਗਿਆ ਸੀ। ਹੁਣ ਉਥੇ ਕੋਈ ਹੋਰ ਵਿਦਰੋਹੀ ਨਹੀਂ ਸੀ। ਨਾ ਜੇ.ਐਨ.ਯੂ. ਵਿਚ, ਨਾ ਕਿਧਰੇ ਹੋਰ।

ਇਹ ਸੋਗ ਦਾ ਦਿਨ ਸੀ।

## ਵਿਦਰੋਹੀ ਕਵੀ ਦੀਆਂ ਦੋ ਕਵਿਤਾਵਾਂ

### ਪੁਰਖੇ

ਨਦੀ ਕਿਨਾਰੇ ਸਾਗਰ ਕੰਢੇ,
ਪਰਬਤ-ਪਰਬਤ ਘਾਟੀ-ਘਾਟੀ,
ਬਣਿਆ ਪਾਗਲ ਸੁੰਘ ਰਿਹਾ ਹਾਂ,
ਮੈਂ ਆਪਣੇ ਪੁਰਖਿਆਂ ਦੀ ਮਿੱਟੀ।
ਸਿੰਧੂ ਜਿਥੇ ਸਿੰਧਵ ਟਾਪਾਂ ਦੇ,
ਗਹਿਰੇ ਬਹੁਤ ਨਿਸ਼ਾਨ ਬਣੇ ਸਨ,
ਹਾਏ ਖੁਰਾਂ ਨਾਲ ਕੌਣ ਕੱਟਿਆ ਸੀ,
ਬਾਬਾ ਮੇਰੇ ਕਿਸਾਨ ਬਣੇ ਸਨ।
ਯੂਨਾਨ ਵਸਾਇਆ, ਮਿਸਰ ਵਸਾਇਆ,
ਦਿੱਤਾ ਮਰਤਬਾ ਇਟਲੀ ਨੂੰ,
ਮਗਧ ਵਸਿਆ ਸੀ ਲੋਹੇ ਉਪਰ,
ਮ੍ਰਿਤਕ ਪੂਰਨੀਆ ਖਾਣਾਂ ਵਿਚ।
ਕਿਥੇ ਹੜੱਪਾ, ਕਿਥੇ ਸਵਾਨਾ,
ਮਰੀਆਂ ਥੇਮਸ ਵਿਚ ਡੁੱਬ ਔਰਤਾਂ,
ਭੁੱਖੀਆਂ ਤਿਰਹਾਈਆਂ ਲੱਦੀਆਂ ਹੋਈਆਂ।
ਉਥੇ ਕਾਪੂਆ ਦੇ ਮਹਿਲਾਂ ਦੇ,
ਹੇਠਾਂ ਖ਼ੂਨ ਗੁਲਾਮਾਂ ਦੇ,
ਵਗਦਾ ਹੈ ਇਕ ਵਹਿਣ ਲਹੂ ਦਾ
ਅਰਬੀ ਤੇਲ ਖ਼ਦਾਨਾਂ ਵਿਚ।
ਕਜ਼ਾਕਾਂ ਦੀਆਂ ਬਹੁਤ ਧੀਆਂ,
ਭੱਜ ਗਈਆਂ ਮੰਗੋਲ ਧਾਵੇ 'ਤੇ,
ਡੁੱਬਿਆ ਚੀਨ ਯਾਂਗਸੀ ਵਿਚ,
ਲਟਕਿਆ ਹੋਇਆ ਦੀਵਾਰਾਂ ਨਾਲ।
ਪੱਥਰ ਢੋਂਦਾ ਰਿਹਾ ਪਿੱਠ 'ਤੇ,
ਤਿੱਬਤ ਦਲਾਈ ਲਾਮਾ ਦਾ,
ਵੀਅਤਨਾਮ ਵਿਚ ਰੈੱਡ ਇੰਡੀਅਨਾਂ,
ਬੰਬ ਬੰਨ੍ਹਾਏ ਪੇਟਾਂ ਨਾਲ।
ਵਿਸ਼ਵ ਯੁੱਧ, ਆਸਟਰੀਆ ਦਾ ਕੁੱਤਾ,
ਜਾ ਕੇ ਮਰਿਆ ਸਰਬੀਆ ਵਿਚ,
ਯਾਦ ਹੈ ਵਸਣਾ ਉਨ੍ਹਾਂ ਸਰਬਾਂ ਦਾ
ਡੈਨਯੂਬ ਨਦੀ ਦੇ ਕੰਢੇ,
ਰਹੀਆਂ ਦਰੜਦੀਆਂ ਰੋਮਨ ਫ਼ੌਜਾਂ
ਸਦੀਆਂ ਤਕ ਜਿਨ੍ਹਾਂ ਦੇ ਸੀਨੇ।
ਡੁੱਬੀ ਆਜ਼ਾਦੀ ਸ਼ਹਿਨਸ਼ਾਹ ਦੇ
ਇਕ ਤਾਜ ਦੇ ਮੋਤੀ ਵਿਚ,
ਕਿੱਸੇ ਸੁਣਾਉਂਦੀਆਂ ਰਹੀਆਂ ਪੁਰਖੀਆਂ,
ਅਨੁਪਮ ਰਾਜਕੁਮਾਰੀ ਦੇ।
ਧੱਸੇ ਲਸ਼ਕਰ, ਗਾਂਵਾਂ, ਮੈਸਾਂ,
ਭੇਡ ਬੱਕਰੀਆਂ ਦਲਦਲ ਵਿਚ,
ਕੌਣ ਲਿਖੇਗਾ ਇਬਨਬਤੂਤਾ
ਜਾਂ ਫ਼ਿਰਦੌਸੀ ਗ਼ਜ਼ਲਾਂ ਵਿਚ।
ਖ਼ੂਨ ਨਾ ਸੁੱਕਿਆ ਚਾਬੁਕ ਦਾ,
ਘਾਓ ਨਾ ਭਰਿਆ ਕੋੜਿਆਂ ਦਾ,
ਅਰੇ ਵਾਹ ਰੇ ਬਿਊਕਫੇਲਸ (ਸਿਕੰਦਰ ਦਾ ਘੋੜਾ),
ਚੇਤਕ ਵਰਗੇ ਘੋੜਿਆਂ ਦਾ।
ਜ਼ੁਲਮ ਨਾ ਹੁੰਦਾ, ਜਲਣ ਨਾ ਹੁੰਦੀ,
ਜੋਤ ਨਾ ਜਗਦੀ, ਕ੍ਰਾਂਤੀ ਨਾ ਹੁੰਦੀ,
ਬਿਨਾ ਕ੍ਰਾਂਤੀ ਦੇ ਖੁੱਲ੍ਹੇ ਖ਼ਜ਼ਾਨਾ ਨਾ,
ਕਿਤੇ ਕਦੇ ਵੀ ਕ੍ਰਾਂਤੀ ਨਾ ਹੁੰਦੀ।


### ਤੁਹਾਡਾ ਭਗਵਾਨ

ਤੁਹਾਡੇ ਮੰਨ ਲੈਣ ਨਾਲ
ਪੱਥਰ ਭਗਵਾਨ ਬਣ ਜਾਂਦਾ ਹੈ,
ਲੇਕਿਨ ਤੁਹਾਡੇ ਮੰਨ ਲੈਣ ਨਾਲ
ਪੱਥਰ ਪੈਸਾ ਨਹੀਂ ਬਣ ਜਾਂਦਾ।
ਤੁਹਾਡਾ ਭਗਵਾਨ ਪੱਤੇ ਦੀ ਗਾਂ ਹੈ,
ਜਿਸ ਨਾਲ ਤੁਸੀਂ ਖੇਡ ਸਕਦੇ ਹੋ,
ਲੇਕਿਨ ਦੁੱਧ ਹਾਸਲ ਨਹੀਂ ਕਰ ਸਕਦੇ।

# ਟੈਕਸੀ ਡਿਸਪੈਚਰ ਹੋਣ ਦੇ ਜੋਖਮ

**ਪੀਟਰ ਬਰਾਇਐਂਟ ਦੀ ਜ਼ੁਬਾਨੀ**

ਟੈਕਸੀਨਾਮਾ



17

ਹਰਪ੍ਰੀਤ ਸਿੰਘ ਸੇਖਾ
ਫੋਨ: 778-231-1189
hsekha@hotmail.com

*ਕੈਨੇਡਾ ਵੱਸਦੇ ਨੌਜਵਾਨ ਲੇਖਕ ਹਰਪ੍ਰੀਤ ਸੇਖਾ ਨੇ ਐਤਕੀਂ ਟੈਕਸੀ ਡਰਾਈਵਰ ਤੋਂ ਡਿਸਪੈਚਰ ਬਣੇ ਪੀਟਰ ਬਰਾਇਐਂਟ ਦੇ ਹਵਾਲੇ ਨਾਲ ਇਸ ਸਨਅਤ ਬਾਰੇ ਕੁਝ ਗੱਲਾਂ ਸਾਂਝੀਆਂ ਕੀਤੀਆਂ ਹਨ। ਪਿਛਲੇ ਲੇਖਾਂ ਵਾਂਗ, ਮਨਬਚਨੀ ਦੇ ਸਟਾਈਲ ਵਿਚ ਲਿਖੇ ਇਸ ਲੇਖ ਵਿਚ ਪਹਿਲੀਆਂ ਵਿਚ ਟੈਕਸੀ ਡਰਾਈਵਰਾਂ ਨੂੰ ਦਰਪੇਸ਼ ਦਿੱਕਤਾਂ ਦੇ ਦਰਸ਼ਨ ਹੁੰਦੇ ਹਨ। ਹਰਪ੍ਰੀਤ ਸੇਖਾ ਬੁਨਿਆਦੀ ਰੂਪ ਵਿਚ ਕਹਾਣੀਕਾਰ ਹੈ। ਉਹਦੇ ਦੋ ਕਹਾਣੀ ਸੰਗ੍ਰਿਹ 'ਬੀ ਜੀ ਮੁਸਕਰਾ ਪਏ' ਅਤੇ 'ਬਾਰਾਂ ਬੂਹੇ' ਛਪ ਚੁੱਕੇ ਹਨ। 'ਟੈਕਸੀਨਾਮਾ' ਉਹਦੀ ਨਿਵੇਕਲੀ ਰਚਨਾ ਹੈ ਜਿਸ ਵਿਚ ਉਹਨੇ ਟੈਕਸੀ ਚਲਾਉਣ ਵਾਲਿਆਂ ਦੇ ਕਿੱਤੇ ਅਤੇ ਮਨਾਂ ਅੰਦਰ ਝਾਤੀ ਮਾਰੀ ਹੈ। -ਸੰਪਾਦਕ*

ਸਤੰਬਰ 1960 ਵਿਚ ਮੈਂ 21 ਸਾਲ ਦੀ ਉਮਰ ਵਿਚ ਬਲੈਕ ਟਾਪ ਕੰਪਨੀ ਨਾਲ ਟੈਕਸੀ ਚਲਾਉਣ ਲੱਗਾ ਸੀ। ਉਦੋਂ ਟੈਕਸੀ ਚਲਾਉਣ ਲਈ ਘੱਟੋ-ਘੱਟ 21 ਸਾਲ ਦਾ ਹੋਣਾ ਜ਼ਰੂਰੀ ਸੀ। ਜਨਵਰੀ 2001 ਤਕ ਇਸ ਕਿੱਤੇ ਨਾਲ ਜੁੜਿਆ ਰਿਹਾ। ਇਸ ਤੋਂ ਬਾਅਦ ਟੈਕਸੀ ਹੋਸਟ ਕੋਰਸ ਪੜ੍ਹਾਉਣ ਲੱਗ ਪਿਆ। ਹੁਣ ਵੀ ਕਦੇ-ਕਦੇ ਲਿਮੋਜ਼ੀਨ ਤੇ ਟੂਰ ਬੱਸ ਚਲਾ ਆਉਂਦਾ ਹਾਂ। ਟੈਕਸੀ ਸੇਵਾ ਸੁਧਾਰਨ ਦੀਆਂ ਕੋਸ਼ਿਸ਼ਾਂ ਵਿਚ ਯੋਗਦਾਨ ਪਾਉਂਦਾ ਰਹਿੰਦਾ ਹਾਂ।

000

ਮੈਂ ਕੈਨੇਡਾ ਵਿਚ ਹੀ ਜੰਮਿਆ-ਪਲਿਆ ਅਨਾਥ ਬੱਚਾ ਸੀ। ਚੌਦਾਂ ਸਾਲ ਦੀ ਉਮਰ ਵਿਚ ਕੰਮ ਸ਼ੁਰੂ ਕਰ ਦਿੱਤਾ ਸੀ। ਕਈ ਕੰਮ ਕੀਤੇ। ਟੈਕਸੀ ਚਲਾਉਣੀ ਸ਼ੁਰੂ ਕੀਤੀ ਤਾਂ ਲੱਗਾ, ਇਹ ਕੰਮ ਮੇਰੀ ਸ਼ਖ਼ਸੀਅਤ ਦੇ ਅਨੁਕੂਲ ਹੈ। ਛੇਤੀ ਹੀ ਟੈਕਸੀ ਡਿਸਪੈਚ ਦਾ ਕੰਮ ਸਿੱਖ ਗਿਆ। ਉਦੋਂ ਰੇਡੀਓ ਡਿਸਪੈਚ ਸਿਸਟਮ ਹੁੰਦਾ ਸੀ। ਇਹ ਕੰਮ ਬਹੁਤ ਔਖਾ ਸੀ। ਸਿੱਖਣ ਲਈ ਬਹੁਤ ਸਮਾਂ ਲੱਗਦਾ ਸੀ। ਸਿੱਖਲਾਈ ਦੌਰਾਨ ਕੋਈ ਪੈਸਾ ਨਹੀਂ ਸੀ ਮਿਲਦਾ। ਮੈਂ ਦਿਨੇ 12 ਘੰਟੇ ਟੈਕਸੀ ਚਲਾਉਂਦਾ, ਰਾਤ ਨੂੰ ਡਿਸਪੈਚਰ ਕੋਲ ਜਾ ਬੈਠਦਾ। ਅੱਧੀ ਰਾਤ ਵਾਲੀ ਸ਼ਿਫ਼ਟ ਵੇਲੇ ਦਸ-ਬਾਰਾਂ ਟੈਕਸੀਆਂ ਰਹਿ ਜਾਂਦੀਆਂ, ਕੰਮ ਦਾ ਜ਼ੋਰ ਨਾ ਹੁੰਦਾ। ਤਜਰਬੇਕਾਰ ਡਿਸਪੈਚਰ ਪ੍ਰਬੰਧ ਬਾਰੇ ਸਿੱਖਿਆ ਦਿੰਦਾ। ਸਭ ਤੋਂ ਵੱਡੀ ਗੱਲ, ਉਹ ਡਿਸਪੈਚਰ ਦੇ ਅਧਿਕਾਰ ਵਰਤਣਾ ਸਿਖਾਉਂਦਾ। ਚੰਗਾ ਡਿਸਪੈਚਰ ਸਾਰੀ ਫਲੀਟ 'ਤੇ ਹੁਕਮ ਚਲਾਉਂਦਾ ਹੈ। ਡਿਸਪੈਚਰ ਨੂੰ ਆਪਣਾ ਨਾਂ ਕਮਾਉਣਾ ਪੈਂਦਾ ਹੈ। ਜਿਹੜੇ ਡਿਸਪੈਚਰ ਆਪਣੇ ਅਧਿਕਾਰਾਂ ਦਾ ਨਾਜਾਇਜ਼ ਫਾਇਦਾ ਉਠਾਉਂਦੇ ਹਨ, ਉਹ ਬਹੁਤਾ ਸਮਾਂ ਇਸ ਕਿੱਤੇ ਵਿਚ ਨਹੀਂ ਰਹਿੰਦੇ। ਉਸ ਦੀ ਇਮਾਨਦਾਰੀ ਅਤੇ ਯੋਗਤਾ ਉਪਰ ਉਂਗਲ ਨਹੀਂ ਉਠਣੀ ਚਾਹੀਦੀ।

000

ਡਿਸਪੈਚਰ ਦੇ ਤੌਰ 'ਤੇ ਕਈ ਅਜਿਹੇ ਫੈਸਲੇ ਕਰਨੇ ਪੈਂਦੇ, ਜਿਸ ਨਾਲ ਕਿਸੇ ਨੂੰ ਮਾਲੀ ਨੁਕਸਾਨ ਹੋ ਸਕਦਾ ਹੈ। ਫਿਰ ਅਗਲਾ ਗੁੱਸੇ ਵਿਚ ਘਰੇ ਫੋਨ ਕਰ ਕੇ ਧਮਕੀਆਂ ਦਿੰਦਾ। ਅਜਿਹੀਆਂ ਧਮਕੀਆਂ ਤੋਂ ਮੇਰੀ ਘਰਵਾਲੀ ਡਰ ਜਾਂਦੀ ਤੇ ਮੈਨੂੰ ਆਖਦੀ ਕਿ ਇਸ ਕਿੱਤੇ ਤੋਂ ਪਾਸੇ ਹੋ ਜਾਵਾਂ, ਪਰ ਇਹ ਸਭ ਇਸ ਕਿੱਤੇ ਦਾ ਹਿੱਸਾ ਹੈ। ਮੈਂ ਇਸ ਤਰ੍ਹਾਂ ਦੀਆਂ ਘਟਨਾਵਾਂ ਕਰ ਕੇ ਕਦੇ ਨਹੀਂ ਸੋਚਿਆ ਕਿ ਮੈਂ ਗਲਤ ਕਿੱਤੇ ਵਿਚ ਆ ਗਿਆ। ਮੈਂ ਸ਼ਰਮਾਕਲ਼ ਬੱਚਾ ਹੁੰਦਾ ਸੀ। ਲੋਕਾਂ ਨਾਲ ਗੱਲ ਕਰਨ ਲੱਗਾ ਡਰਦਾ, ਪਰ ਟੈਕਸੀ ਚਲਾਉਣ ਨਾਲ ਮੇਰੀ ਇਹ ਸੰਗ ਖੁੱਲ੍ਹ ਗਈ।

000

ਸੱਠਵਿਆਂ ਵਿਚ ਬਲੈਕ ਟਾਪ ਕੋਲ ਅੱਸੀ ਕੁ ਟੈਕਸੀਆਂ ਹੁੰਦੀਆਂ ਸਨ। ਟੈਕਸੀਆਂ ਦਾ ਪ੍ਰਬੰਧ ਕੁਸ਼ਲਤਾ ਨਾਲ ਕੀਤਾ ਜਾਂਦਾ ਤਾਂ ਕਿ ਡਰਾਈਵਰ ਕਮਾਈ ਵੀ ਚੰਗੀ ਕਰ ਲੈਣ ਅਤੇ ਗਾਹਕਾਂ ਨੂੰ ਬਹੁਤੀ ਉਡੀਕ ਵੀ ਨਾ ਕਰਨੀ ਪਵੇ, ਨਾਲੇ ਕੰਪਨੀ ਦਾ ਚੰਗਾ ਅਕਸ ਬਣੇ। ਸ਼ਿਫਟਾਂ ਇਸ ਤਰੀਕੇ ਨਾਲ ਸੈਟ ਕਰਦੇ ਕਿ ਜਦੋਂ ਰੁਝੇਵੇਂ ਵਾਲਾ ਸਮਾਂ ਹੁੰਦਾ, ਉਦੋਂ ਵੱਧ ਤੋਂ ਵੱਧ ਟੈਕਸੀਆਂ ਸੜਕ ਉਪਰ ਹੁੰਦੀਆਂ। ਡਰਾਈਵਰ ਵੀ ਇਨ੍ਹਾਂ ਅਸੂਲਾਂ ਦਾ ਪਾਲਣ ਕਰਦੇ। ਹੁਣ ਤਾਂ ਇਕ ਟੈਕਸੀ ਦੇ ਦੋ-ਦੋ ਮਾਲਕ ਹਨ। ਉਦੋਂ ਪੰਜ-ਚਾਰ ਜਣੇ ਹੀ ਸਾਰੀ ਕੰਪਨੀ ਦੇ ਮਾਲਕ ਹੁੰਦੇ। ਕਿਸੇ ਕੋਲ ਦਸ ਟੈਕਸੀਆਂ ਹੁੰਦੀਆਂ ਤੇ ਕਿਸੇ ਕੋਲ ਬਾਰ੍ਹਾਂ। ਸਮੇਂ ਨਾਲ ਹੁਣ ਬਹੁਤ ਬਦਲ ਗਿਆ ਹੈ। ਮੈਥੋਂ ਪਹਿਲਾਂ ਦੇ ਸਮਿਆਂ ਵਿਚ ਡਰਾਈਵਰਾਂ ਕੋਲ ਆਪਣੇ ਲਾਈਸੈਂਸ ਹੁੰਦੇ ਸਨ। ਜਿਵੇਂ ਜੋਅ'ਸ ਟੈਕਸੀ, ਟੌਮ'ਸ ਟੈਕਸੀ। ਇਨ੍ਹਾਂ ਦੀਆਂ ਆਪਣੀਆਂ ਕਾਰਾਂ ਸਨ ਤੇ ਇਨ੍ਹਾਂ ਨੂੰ ਨਗਰਪਾਲਿਕਾ ਨੇ ਆਪੋ-ਆਪਣੇ ਅੱਡੇ ਦਿੱਤੇ ਹੁੰਦੇ ਸਨ। ਉਹ ਉਸ ਅੱਡੇ ਤੋਂ ਹੀ ਕੰਮ ਕਰਦੇ। ਸਮੇਂ ਦੇ ਨਾਲ-ਨਾਲ ਇਨ੍ਹਾਂ ਡਰਾਈਵਰਾਂ ਨੇ ਇਕ-ਦੂਜੇ ਨਾਲ ਭਾਈਵਾਲੀ ਸ਼ੁਰੂ ਕਰ ਦਿੱਤੀ। ਉਹ ਇੱਕ-ਦੂਜੇ ਦਾ ਅੱਡਾ ਵਰਤਣ ਲਈ ਸੰਧੀ ਕਰ ਲੈਂਦੇ। ਫਿਰ ਕਈ ਵਾਰ ਇਸ ਤਰ੍ਹਾਂ ਹੁੰਦਾ ਕਿ ਕੋਈ ਟੈਕਸੀ ਵਾਲਾ ਦੂਜਿਆਂ ਨਾਲ ਗੁੱਸੇ ਹੋ ਜਾਂਦਾ ਤੇ ਉਹ ਆਪਣੇ ਨਾਲ ਹੋਰ ਭਾਈਬੰਦ ਰਲ਼ਾ ਲੈਂਦਾ ਤੇ ਉਹ ਆਪਣੀਆਂ ਟੈਕਸੀਆਂ ਕਿਸੇ ਹੋਰ ਨਾਲ ਰਲ਼ਾ ਲੈਂਦੇ। ਇਉਂ ਕੁਝ ਵੀ ਸਥਿਰ ਨਹੀਂ ਸੀ। ਜਿਸ ਕੰਪਨੀ ਨਾਲੋਂ ਉਹ ਪਾਸੇ ਹੋਏ ਹੁੰਦੇ, ਉਹ ਕੰਪਨੀ ਡਾਵਾਂਡੋਲ ਹੋ ਜਾਂਦੀ। ਸਥਿਰਤਾ ਲਿਆਉਣ ਲਈ ਟੈਕਸੀ ਕੰਪਨੀਆਂ ਬਣਨੀਆਂ ਜ਼ਰੂਰੀ ਸਨ। ਕੁਝ ਟੈਕਸੀ ਵਾਲਿਆਂ ਨੇ ਰਲ਼ ਕੇ ਕੰਪਨੀ ਬਣਾ ਲੈਣੀ। ਉਨ੍ਹਾਂ ਆਪਣੇ ਲਾਈਸੈਂਸ ਕੰਪਨੀ ਦੇ ਨਾਂ ਕਰ ਦੇਣੇ ਅਤੇ ਕੰਪਨੀ ਨੇ ਉਨ੍ਹਾਂ ਨੂੰ ਹਿੱਸੇ ਦੇ ਦੇਣੇ। ਇਸ ਨਾਲ ਜੇ ਕੋਈ ਹਿੱਸੇਦਾਰ ਦੂਜਿਆਂ ਨਾਲ ਨਾਰਾਜ਼ ਹੋ ਜਾਂਦਾ ਤਾਂ ਉਹ ਆਪਣਾ ਹਿੱਸਾ ਵੇਚ ਕੇ ਕਿਸੇ ਹੋਰ ਕੰਪਨੀ ਕੋਲੋਂ ਖਰੀਦ ਸਕਦਾ ਸੀ, ਪਰ ਆਪਣੇ ਲਾਈਸੈਂਸ ਦੂਜੀ ਕੰਪਨੀ ਕੋਲ ਨਹੀਂ ਸੀ ਲਿਜਾ ਸਕਦਾ। ਇਸ ਤਰ੍ਹਾਂ ਟੈਕਸੀ ਕੰਪਨੀਆਂ ਹੋਂਦ ਵਿਚ ਆਉਣ ਲੱਗੀਆਂ। ਫਿਰ ਕੁਝ ਵੱਡੀਆਂ ਕੰਪਨੀਆਂ ਨੇ ਛੋਟੀਆਂ ਕੰਪਨੀਆਂ ਨੂੰ ਆਪਣੇ ਵਿਚ ਸਮਾ ਲਿਆ।

000

ਪਹਿਲੇ ਸਮਿਆਂ ਵਿਚ ਲੋਕ ਟੈਕਸੀ ਲੈਣ ਲਈ ਟੈਕਸੀ ਅੱਡਿਆਂ 'ਤੇ ਜਾਂਦੇ। ਉਨ੍ਹਾਂ ਨੂੰ ਪਤਾ ਹੁੰਦਾ ਕਿ ਫਲਾਣੇ ਥਾਂ ਟੈਕਸੀ ਖੜ੍ਹੀ ਹੁੰਦੀ ਹੈ। ਜੇ ਉਥੇ ਟੈਕਸੀ ਨਾ ਹੁੰਦੀ ਤਾਂ ਟੈਕਸੀ ਦੇ ਦਫਤਰ ਨਾਲ ਸਿੱਧਾ ਫੋਨ ਲੱਗਾ ਹੁੰਦਾ। ਉਹ ਫੋਨ ਰਾਹੀਂ ਦੱਸ ਦਿੰਦੇ ਕਿ ਅਸੀਂ ਇਥੇ ਉਡੀਕ ਕਰ ਰਹੇ ਹਾਂ। ਡਿਸਪੈਚਰ ਟੈਕਸੀ ਭੇਜ ਦਿੰਦੇ।

000

ਵੈਨਕੂਵਰ ਵਿਚ, ਹੋ ਸਕਦਾ ਹੈ ਕਿ ਹੋਰ ਸ਼ਹਿਰਾਂ ਵਿਚ ਵੀ, ਟੈਕਸੀ ਦੇ ਕਿੱਤੇ ਨਾਲ ਪਰਵਾਸੀ ਲੋਕ ਜੁੜੇ ਰਹੇ ਹਨ। ਨਵੇਂ ਦੇਸ਼ ਵਿਚ ਸ਼ੁਰੂਆਤ ਦੇ ਦਿਨਾਂ ਵਿਚ ਇਹ ਕੰਮ ਹੈ ਵੀ ਵਧੀਆ, ਜਿੰਨਾ ਚਿਰ ਕਿਸੇ ਕੋਲ ਕੋਈ ਹੋਰ ਹੁਨਰ ਨਹੀਂ ਆ ਜਾਂਦਾ। ਕਈ ਲਗਾਤਾਰ ਚਲਾਉਂਦੇ ਰਹਿੰਦੇ ਹਨ। ਕਈ ਆਪਣੀ ਲਾਈਨ ਦਾ ਕੰਮ ਲੱਭ ਕੇ ਇਸ ਕਿੱਤੇ ਨਾਲੋਂ ਪਾਸੇ ਹੋ ਜਾਂਦੇ ਹਨ। ਜਦੋਂ ਮੈਂ ਟੈਕਸੀ ਚਲਾਉਣ ਲੱਗਾ, ਇਸ ਕਿੱਤੇ 'ਤੇ ਇਟਾਲੀਅਨ ਤੇ ਗਰੀਕ ਲੋਕਾਂ ਦਾ ਕਬਜ਼ਾ ਸੀ। ਜਿਵੇਂ ਸਭ ਨੂੰ ਪਤਾ ਹੈ ਕਿ ਹੁਣ ਇੰਡੋ-ਕੈਨੇਡੀਅਨ ਲੋਕ ਛਾਏ ਹੋਏ ਹਨ, ਪਰ ਪਿਛਲੇ ਦਸ ਕੁ ਸਾਲਾਂ ਤੋਂ ਥੋੜ੍ਹਾ ਜਿਹਾ ਬਦਲਾਓ ਆਉਂਦਾ ਲੱਗ ਰਿਹਾ ਹੈ। ਹੁਣ ਬਹੁਤ ਸਾਰੇ ਇਰਾਨੀਅਨ ਤੇ ਸੁਮਾਲੀਅਨ ਲੋਕ ਵੀ ਇਸ ਕਿੱਤੇ ਵੱਲ ਆ ਰਹੇ ਹਨ, ਪਰ ਇੰਡੀਆ ਵੱਲੋਂ ਪਰਵਾਸ ਦਾ ਜ਼ੋਰ ਘੱਟ ਨਹੀਂ ਹੋਇਆ। ਇਸ ਕਰ ਕੇ ਹਾਲੇ ਇੰਡੋ-ਕੈਨੇਡੀਅਨ ਲੋਕ ਹੀ ਮੁੱਖ ਹਨ। ਪਿਛਲੇ ਚਾਲੀ-ਪੰਜਾਹ ਸਾਲਾਂ ਤੋਂ ਮੈਂ ਇਹੀ ਨੋਟ ਕੀਤਾ ਹੈ ਕਿ ਪਰਵਾਸੀਆਂ ਦੀ ਦੂਜੀ ਪੀੜ੍ਹੀ ਇਸ ਕਿੱਤੇ ਵਿਚ ਨਹੀਂ ਆਉਂਦੀ।

ਅਜੀਤ ਥਾਂਦੀ ਪਹਿਲਾ ਇੰਡੋ-ਕੈਨੇਡੀਅਨ ਸੀ ਜਿਹੜਾ ਬਲੈਕ ਟਾਪ ਟੈਕਸੀ ਚਲਾਉਣ ਲੱਗਾ। ਉਹ ਵੀ ਬਾਕੀਆਂ ਵਾਂਗ ਡਰਾਈਵਰ ਦੇ ਤੌਰ 'ਤੇ ਹੀ ਇਸ ਕਿੱਤੇ ਵਿਚ ਆਇਆ। ਉਦੋਂ ਇਸ ਤਰ੍ਹਾਂ ਨਹੀਂ ਸੀ ਹੁੰਦਾ ਕਿ ਕੋਈ ਆਖੇ ਕਿ ਮੇਰੇ ਕੋਲ ਧਨ ਹੈ ਤੇ ਮੈਂ ਟੈਕਸੀ ਦਾ ਲਾਈਸੈਂਸ ਖਰੀਦਣਾ ਹੈ। ਆਪਣਾ ਲਾਈਸੈਂਸ ਲੈਣ ਲਈ ਘੱਟੋ-ਘੱਟ ਦੋ ਸਾਲ ਲਗਾਤਾਰ ਹਫ਼ਤੇ 'ਚ ਪੰਜ ਦਿਨ ਟੈਕਸੀ ਚਲਾਉਣੀ ਜ਼ਰੂਰੀ ਹੁੰਦੀ ਸੀ। ਫਿਰ ਉਹ ਪ੍ਰਬੰਧਕ ਕਮੇਟੀ ਕੋਲ ਲਾਈਸੈਂਸ ਖਰੀਦਣ ਲਈ ਅਰਜ਼ੀ ਦੇ ਸਕਦਾ ਸੀ। ਪ੍ਰਬੰਧਕ ਬਾਕੀ ਡਰਾਈਵਰਾਂ ਅਤੇ ਡਿਸਪੈਚਰ ਨੂੰ ਪੁੱਛਦੇ ਕਿ ਇਹ ਬੰਦਾ ਕੰਮ-ਕਾਰ ਨੂੰ ਕਿਸ ਤਰ੍ਹਾਂ ਹੈ, ਗਾਹਕਾਂ ਪ੍ਰਤੀ ਇਸ ਦਾ ਕੀ ਵਤੀਰਾ ਹੈ, ਕੀ ਗਾਹਕ ਇਸ ਨੂੰ ਪਸੰਦ ਕਰਦੇ ਹਨ ਵਗੈਰਾ। ਜੇ ਉਹ ਟੈਕਸੀ ਸਨਅਤ ਦੇ ਮਿਆਰ 'ਤੇ ਪੂਰਾ ਉਤਰਦਾ ਤਾਂ ਉਸ ਨੂੰ ਪ੍ਰਬੰਧਕ ਕਮੇਟੀ ਕੰਪਨੀ ਵਿਚ ਟੈਕਸੀ ਲਾਈਸੈਂਸ ਖਰੀਦਣ ਦੀ ਇਜਾਜ਼ਤ ਦੇ ਦਿੰਦੀ। ਮੇਰੇ ਖਿਆਲ ਵਿਚ ਨਸਲ ਨੂੰ ਧਿਆਨ ਵਿਚ ਨਹੀਂ ਸੀ ਰੱਖਿਆ ਜਾਂਦਾ। ਮੈਂ ਕਦੇ ਨਹੀਂ ਸੀ ਸੁਣਿਆ ਕਿ ਫਲਾਣੇ ਬੰਦੇ ਨੂੰ ਲਾਈਸੈਂਸ ਨਹੀਂ ਖਰੀਦਣ ਦੇਣਾ ਕਿਉਂਕਿ ਉਸ ਦੀ ਚਮੜੀ ਦਾ ਰੰਗ ਹੋਰ ਹੈ। ਕਿਸੇ ਦੀ ਸ਼ਖਸੀਅਤ ਕਰ ਕੇ ਉਸ ਨੂੰ ਜਵਾਬ ਮਿਲ ਸਕਦਾ ਸੀ। ਕਿਸੇ ਇਕ-ਅੱਧੇ ਦੇ ਦਿਮਾਗ ਵਿਚ ਨਸਲਵਾਦ ਦਾ ਕੀੜਾ ਹੋ ਸਕਦਾ ਹੈ, ਪਰ ਸਾਰੀ ਸਨਅਤ 'ਤੇ ਇਹ ਦੋਸ਼ ਲਾ ਦੇਣਾ ਕਿਸੇ ਤਰ੍ਹਾਂ ਵੀ ਠੀਕ ਨਹੀਂ।

ਇਸ ਤੋਂ ਉਲਟ ਜੇ ਗੱਲ ਕਰਨੀ ਹੋਵੇ ਤਾਂ ਜਿਸ ਵਕਤ ਇੰਡੋ-ਕੈਨੇਡੀਅਨ ਲੋਕਾਂ ਦਾ ਇਸ ਸਨਅਤ 'ਤੇ ਪੂਰਾ ਕਬਜ਼ਾ ਸੀ, ਉਸ ਵੇਲੇ ਮੈਂ ਆਪਣੇ ਦਫ਼ਤਰ ਵਿਚ ਕੰਪਿਊਟਰ ਸਕਰੀਨ ਦੇ ਪਿਛੇ ਬੈਠਾ ਸੀ। ਦੋ ਇੰਡੋ-ਕੈਨੇਡੀਅਨ ਬੰਦੇ ਸਨ, ਉਨ੍ਹਾਂ ਸਮਝਿਆ, ਮੈਂ ਉਥੇ ਨਹੀਂ। ਇੱਕ ਜਣਾ ਆਖਣ ਲੱਗਾ, ਕਿਸੇ ਦਿਨ ਆਪਾਂ ਇਨ੍ਹਾਂ ਗੋਰਿਆਂ ਨੂੰ ਦਫ਼ਤਰ 'ਚੋਂ ਬਾਹਰ ਧੱਕ ਦੇਣਾ ਹੈ। ਮੈਂ ਸੋਚਿਆ, ਇਹ ਨਸਲਵਾਦ ਹੈ। ਮੈਨੂੰ ਦੁੱਖ ਹੋਇਆ, ਪਰ ਅਜਿਹੀ ਕਿਸਮ ਦੇ ਬੰਦੇ ਸਾਰੇ ਭਾਈਚਾਰਿਆਂ ਵਿਚ ਹੁੰਦੇ ਹਨ। ਮੇਰੇ ਖਿਆਲ ਵਿਚ ਟੈਕਸੀ ਦਾ ਕਿੱਤਾ ਸਭ ਨਾਲੋਂ ਘੱਟ ਨਸਲਵਾਦੀ ਹੈ। ਇਸ ਵਿਚ ਦੁਨੀਆਂ ਦੇ ਸਭ ਕੋਨਿਆਂ ਤੋਂ ਲੋਕ ਹੁੰਦੇ ਹਨ। ਮੈਨੂੰ ਚੇਤੇ ਹੈ ਜਦੋਂ ਅਜੀਤ ਥਾਂਦੀ ਨੇ ਆਪਣਾ ਲਾਈਸੈਂਸ ਖਰੀਦਿਆ ਸੀ। ਇਸ ਤਰ੍ਹਾਂ ਦੀ ਕੋਈ ਵੀ ਗੱਲਬਾਤ ਨਹੀਂ ਸੀ, ਸਗੋਂ ਅਜੀਤ ਵਰਗੇ ਮਿਲਣਸਾਰ, ਸਾਫ਼, ਮਿਹਨਤੀ ਤੇ ਦੂਜਿਆਂ ਦੀ ਇੱਜ਼ਤ ਕਰਨ ਵਾਲੇ ਤੇ ਚੰਗੀ ਅੰਗਰੇਜ਼ੀ ਵਾਲੇ ਬੰਦੇ ਨੂੰ ਕੋਈ ਵੀ ਟੈਕਸੀ ਕੰਪਨੀ ਆਪਣੇ ਨਾਲ ਰਲਾਉਣ ਵਿਚ ਖੁਸ਼ੀ ਮਹਿਸੂਸ ਕਰਦੀ।

ਡਿਸਪੈਚਰਾਂ 'ਤੇ ਵੀ ਇਹ ਦੋਸ਼ ਲੱਗ ਜਾਂਦਾ ਹੈ ਕਿ ਉਹ ਆਪਣੇ ਦੋਸਤਾਂ ਨੂੰ ਚੰਗੇ ਟ੍ਰਿਪ ਦੇ ਦਿੰਦੇ ਹਨ। ਜਦੋਂ ਤੁਹਾਡਾ ਐਨੇ ਡਰਾਈਵਰਾਂ ਨਾਲ ਵਾਹ ਪੈਂਦਾ ਹੈ ਤਾਂ ਕੋਈ ਨਾ ਕੋਈ ਦੋਸ਼ ਤਾਂ ਲੱਗਣਾ ਹੀ ਹੁੰਦਾ ਹੈ। ਮੈਂ ਆਪ ਬਹੁਤ ਸਾਲ ਡਿਸਪੈਚ ਕੀਤੀ ਹੈ। ਜੇ ਮੈਂ ਕਦੇ ਕਿਸੇ ਨਾਲ ਵਿਤਕਰਾ ਕੀਤਾ ਹੋਵੇ ਤਾਂ ਇਥੇ ਬੈਠਾ ਹੀ ਗਰਕ ਜਾਵਾਂ। ਉਸ ਵੇਲੇ ਡਿਸਪੈਚਰ ਕੋਲ ਇਹੋ ਜਿਹੀਆਂ ਗੱਲਾਂ ਸੋਚਣ ਦਾ ਮੌਕਾ ਹੀ ਕਦੋਂ ਹੁੰਦਾ ਹੈ! ਹਾਂ, ਮੈਂ ਵਿਤਕਰਾ ਕਰਦਾ ਸੀ, ਜਦੋਂ ਕਦੇ ਕੋਈ ਮੌਕਾ ਆਉਂਦਾ ਸੀ, ਪਰ ਇਹ ਇਸ ਆਧਾਰ 'ਤੇ ਹੁੰਦਾ ਸੀ ਕਿ ਇਹ ਡਰਾਈਵਰ ਸਬੰਧਤ ਕੰਮ ਕਰ ਲਵੇਗਾ। ਗੱਲ ਸਪਸ਼ਟ ਕਰਨ ਲਈ ਦੱਸਦਾ ਹਾਂ: ਮੰਨ ਲਓ, ਕੋਈ ਕੰਪਨੀ ਦਾ ਪੁਰਾਣਾ ਗਾਹਕ ਹੈ। ਉਹ ਕਿਸੇ ਵਪਾਰ ਦਾ ਮਾਲਕ ਹੈ। ਟੈਕਸੀ ਕੰਪਨੀ ਨਾਲ ਉਸ ਦੀ ਵਪਾਰਕ ਸੰਧੀ ਹੈ ਅਤੇ ਉਹ ਹਫ਼ਤੇ ਵਿਚ ਕਈ ਵਾਰ ਟੈਕਸੀ ਕਿਰਾਏ 'ਤੇ ਸੱਦਦੇ ਹਨ। ਕਿਸੇ ਦਿਨ ਉਨ੍ਹਾਂ ਨੇ ਕੋਈ ਚੀਜ਼ ਬਹੁਤ ਛੇਤੀ ਠੀਕ ਥਾਂ 'ਤੇ ਪੁੱਜਦੀ ਕਰਨੀ ਹੈ। ਉਸ ਵੇਲੇ ਮੈਂ ਜ਼ਰੂਰ ਸੋਚਾਂਗਾ ਕਿ ਇਹ ਜਿਸ ਡਰਾਈਵਰ ਨੂੰ ਮੈਂ ਭੇਜ ਰਿਹਾਂ ਹਾਂ, ਕਿਤੇ ਇਹ ਨਵਾਂ ਤਾਂ ਨਹੀਂ ਜਾਂ ਕਿਤੇ ਅਜਿਹਾ ਡਰਾਈਵਰ ਤਾਂ ਨਹੀਂ ਜਿਸ ਨੂੰ ਅਕਸਰ ਰਾਹ ਲੱਭਣ ਵਿਚ ਔਖਿਆਈ ਆਉਂਦੀ ਹੋਵੇ। ਉਸ ਵੇਲੇ ਡਿਸਪੈਚਰ ਦੇ ਤੌਰ 'ਤੇ ਮੇਰੇ ਦਿਮਾਗ ਵਿਚ ਉਹ ਗਾਹਕ ਹੋਵੇਗਾ ਜਿਸ ਨੂੰ ਗਵਾਉਣ ਨਾਲ ਟੈਕਸੀ ਕੰਪਨੀ ਨੂੰ ਵਧੀਆ ਗਾਹਕ ਗਵਾਉਣ ਦਾ ਖਤਰਾ ਹੋਵੇ। ਇਸ ਵਿਤਕਰੇ ਨੂੰ ਤੁਸੀਂ ਕੋਈ ਵੀ ਨਾਂ ਦੇ ਦਿਓ।

ਬਹੁਤ ਪਹਿਲਾਂ ਇਸ ਤਰ੍ਹਾਂ ਕਈ ਵਾਰ ਹੋਣਾ ਕਿ ਕਿਸੇ ਗਾਹਕ ਨੇ ਫੋਨ ਕਰਨਾ ਕਿ ਭੂਰੀ ਚਮੜੀ ਵਾਲਾ ਡਰਾਈਵਰ ਨਾ ਭੇਜਿਓ। ਅਸੀਂ ਇਸ ਤਰ੍ਹਾਂ ਦੇ ਗਾਹਕਾਂ ਨੂੰ ਟੈਕਸੀ ਭੇਜਦੇ ਹੀ ਨਹੀਂ ਸੀ। ਟੈਕਸੀ ਕੰਪਨੀ ਆਪਣੇ ਡਰਾਈਵਰਾਂ ਦੀ ਪਿੱਠ 'ਤੇ ਖੜ੍ਹਦੀ ਸੀ। ਗਾਹਕ ਨੂੰ ਅਸੀਂ ਆਖ ਦੇਣਾ ਕਿ ਟੈਕਸੀ ਆ ਰਹੀ ਹੈ। ਉਡੀਕ ਕੇ ਉਸ ਨੇ ਫਿਰ ਫੋਨ ਕਰਨਾ, ਅਸੀਂ ਫਿਰ ਆਖ ਦੇਣਾ ਕਿ ਆ ਰਹੀ ਹੈ। ਫਿਰ ਜਦੋਂ ਗਾਹਕ ਨੂੰ ਹੱਥ ਲੱਗ ਜਾਂਦੇ ਤਾਂ ਉਸ ਦੇ ਦਿਮਾਗ ਵਿਚ ਇਹ ਗੱਲ ਆ ਜਾਂਦੀ ਕਿ ਅਸੀਂ ਕਿਉਂ ਨਹੀਂ ਟੈਕਸੀ ਭੇਜੀ, ਪਰ ਜੇ ਕੋਈ ਗਾਹਕ ਆਖਦਾ ਕਿ ਫਲਾਣੇ ਨੰਬਰ ਦੀ ਕੈਬ ਮੈਨੂੰ ਨਾ ਭੇਜੋ ਤਾਂ ਅਸੀਂ ਉਸ ਨੰਬਰ ਦੀ ਕੈਬ ਨ੍ਹੀਂ ਸੀ ਭੇਜਦੇ। ਹੋ ਸਕਦਾ ਹੈ ਕਿ ਕਦੇ ਉਸ ਡਰਾਈਵਰ ਨਾਲ ਗਾਹਕ ਦਾ ਮਾੜਾ ਤਜਰਬਾ ਹੋਵੇ, ਪਰ ਜੇ ਕੋਈ ਨਸਲ ਦੇ ਅਧਾਰ 'ਤੇ ਕਹਿੰਦਾ ਤਾਂ ਅਸੀਂ ਬਿਲਕੁਲ ਹੋਰ ਟੈਕਸੀ ਨਹੀਂ ਸੀ ਭੇਜਦੇ।

ਡਰਾਈਵਰ ਵੀ ਬਹੁਤ ਤਰ੍ਹਾਂ ਦੇ ਹੁੰਦੇ ਹਨ। ਕਈ ਬਹੁਤ ਪੜ੍ਹੇ ਲਿਖੇ। ਮੈਂ ਕਈ ਡਾਕਟਰਾਂ, ਵਕੀਲਾਂ ਅਤੇ ਜੱਜਾਂ ਨੂੰ ਜਾਣਦਾ ਹਾਂ ਜਿਨ੍ਹਾਂ ਨੇ ਜ਼ਿੰਦਗੀ ਵਿਚ ਕਦੇ ਟੈਕਸੀ ਨਹੀਂ ਚਲਾਈ ਸੀ। ਕਈ ਬਹੁਤ ਘੱਟ ਪੜ੍ਹੇ ਵੀ ਹੁੰਦੇ। ਕਈ ਬਹੁਤੇ ਸਾਫ਼ ਵੀ ਨਹੀਂ ਸੀ ਹੁੰਦੇ। ਹਜਾਮਤ ਵੀ ਨਹੀਂ ਸੀ ਕੀਤੀ ਹੁੰਦੀ। ਮੈਥੋਂ ਪਹਿਲੇ ਸਮਿਆਂ ਵਿਚ ਡਰਾਈਵਰਾਂ ਲਈ ਵਰਦੀ ਜ਼ਰੂਰੀ ਹੁੰਦੀ ਸੀ। ਇਸ ਦਾ ਫਾਇਦਾ ਵੀ ਸੀ। ਡਰਾਈਵਰ ਪੇਸ਼ੇਵਰ ਲੱਗਦੇ ਸਨ, ਜ਼ਿਆਦਾ ਟਿੱਪ ਮਿਲਦੀ ਸੀ। ਫਿਰ ਸੱਠਵਿਆਂ ਦੇ ਅਖੀਰ ਵਿਚ ਕੰਪਨੀ ਨੇ ਰੂਲ ਬਣਾ ਦਿੱਤਾ ਕਿ ਜੀਨ ਪਹਿਨ ਕੇ ਟੈਕਸੀ ਨਹੀਂ ਚਲਾ ਸਕਦੇ। ਕਾਲਰਾਂ ਵਾਲੀ ਕਮੀਜ਼ ਜ਼ਰੂਰੀ ਸੀ। ਸਿਰ ਦੇ ਵਾਲ ਛੋਟੇ ਹੋਣ। ਉਦੋਂ ਲੰਮੇ ਵਾਲਾਂ ਦਾ ਆਮ ਰਿਵਾਜ਼ ਸੀ। ਇਕ ਡਰਾਈਵਰ ਆਪਣੇ ਵਾਲ ਨਹੀਂ ਸੀ ਕਟਵਾਉਣੇ ਚਾਹੁੰਦਾ ਤੇ ਲੰਮੇ ਵਾਲਾਂ ਨਾਲ ਕੰਪਨੀ ਉਸ ਨੂੰ ਟੈਕਸੀ ਨਹੀਂ ਸੀ ਚਲਾਉਣ ਦਿੰਦੀ। ਫਿਰ ਉਸ ਨੇ ਛੋਟੇ ਕੇਸਾਂ ਵਾਲਾ ਵਿੱਗ ਖਰੀਦ ਲਿਆ। ਉਹ ਆਪਣੇ ਲੰਮੇ ਵਾਲ, ਵਿੱਗ ਹੇਠ ਇਕੱਠੇ ਕਰ ਲੈਂਦਾ।

000

ਟੈਕਸੀ ਹੋਸਟ ਪ੍ਰੋਗਰਾਮ ਸ਼ੁਰੂ ਹੋਣ ਨਾਲ ਇਸ ਇੰਡਸਟਰੀ ਵਿਚ ਬਹੁਤ ਚੰਗੇ ਸਿੱਟੇ ਨਿਕਲੇ ਹਨ। ਜਦੋਂ ਇਹ ਕੋਰਸ ਸ਼ੁਰੂ ਹੋਇਆ ਸੀ, ਉਦੋਂ ਬਹੁਤ ਸਾਰੇ ਲੋਕਾਂ ਵੱਲੋਂ ਇਸ ਦਾ ਵਿਰੋਧ ਹੋਇਆ। ਕੋਰਸ ਸ਼ੁਰੂ ਹੋਣ ਤੋਂ ਪਹਿਲਾਂ ਮੇਰੇ ਖਿਆਲ ਵਿਚ ਟੈਕਸੀ ਸਨਅਤ ਮੁੱਢਲੀ ਸੇਵਾ ਦੇਣ ਵਿਚ ਵੀ ਨਾਕਾਮਯਾਬ ਰਹੀ ਸੀ। ਡਰਾਈਵਰ ਲਈ ਘੱਟੋ-ਘੱਟ ਕੋਈ ਯੋਗਤਾ ਤਾਂ ਚਾਹੀਦੀ ਹੀ ਸੀ, ਲੋਕਾਂ ਨਾਲ ਵਿਹਾਰ ਕਰਨ ਦਾ ਸਲੀਕਾ ਤੇ ਅੰਗਰੇਜ਼ੀ ਦੀ ਮੁੱਢਲੀ ਜਾਣਕਾਰੀ ਵਗੈਰਾ। ਸੱਠਵਿਆਂ 'ਚ ਟੈਕਸੀ ਦਾ ਮਿਆਰ ਚੰਗਾ ਸੀ। ਜਦੋਂ ਕੋਈ ਅਨੁਸ਼ਾਸਨ ਭੰਗ ਕਰਦਾ, ਤਾਂ ਉਸ ਨੂੰ ਜੁਰਮਾਨਾ ਹੁੰਦਾ ਸੀ ਜਾਂ ਕੰਪਨੀ 'ਚੋਂ ਬਾਹਰ ਕੱਢ ਦਿੱਤਾ ਜਾਂਦਾ ਸੀ। ਹੌਲੀ-ਹੌਲੀ ਮੁੱਢਲੇ ਮਿਆਰ ਖਤਮ ਹੋ ਗਏ। ਫਿਰ ਸਮਾਂ ਆਇਆ ਕਿ ਕੋਈ ਵੀ ਆ ਕੇ ਟੈਕਸੀ ਚਲਾਉਣ ਲੱਗ ਪੈਂਦਾ। ਪਹਿਲਾ ਧੱਕਾ ਤਾਂ ਇਹ ਉਸ ਡਰਾਈਵਰ ਨਾਲ ਹੀ ਸੀ ਜਿਸ ਨੂੰ ਕਿਸੇ ਅਸੂਲ ਦਾ ਪਤਾ ਨਹੀਂ, ਕੋਈ ਸਿੱਖਲਾਈ ਨਹੀਂ ਤੇ ਟੈਕਸੀ ਮਾਲਕ ਉਸ ਨੂੰ ਟੈਕਸੀ ਚਲਾਉਣ ਲਈ ਭੇਜ ਦਿੰਦੇ। ਫਿਰ ਲੋਕਾਂ ਨਾਲ ਧੱਕਾ ਜਿਨ੍ਹਾਂ ਨੇ ਪੈਸੇ ਖਰਚ ਕੇ ਕਿਸੇ ਥਾਂ ਜਾਣਾ ਹੋਵੇ ਤੇ ਡਰਾਈਵਰ ਨੂੰ ਰਾਹ ਦਾ ਹੀ ਪਤਾ ਨਾ ਹੋਵੇ ਜਾਂ ਉਸ ਨੂੰ ਇਹ ਹੀ ਪਤਾ ਨਾ ਹੋਵੇ ਕਿ ਲੋਕਾਂ ਨਾਲ ਕਿਵੇਂ ਵਿਹਾਰ ਕਰਨਾ ਹੈ ਜਾਂ ਉਸ ਨੂੰ ਅੰਗਰੇਜ਼ੀ ਦੀ ਮੁੱਢਲੀ ਜਾਣਕਾਰੀ ਵੀ ਨਾ ਹੁੰਦੀ। ਮੈਂ ਕਿਸੇ ਨੂੰ ਦੋਸ਼ ਨਹੀਂ ਦਿੰਦਾ, ਪਰ ਟੈਕਸੀ ਦਾ ਮਿਆਰ ਉਪਰ ਚੁੱਕਣ ਲਈ ਕੋਈ ਕਦਮ ਚੁੱਕਣਾ ਜ਼ਰੂਰੀ ਸੀ (ਉਹ ਟੇਪ ਬੰਦ ਕਰਨ ਦਾ ਇਸ਼ਾਰਾ ਕਰਦਾ ਹੈ। ਫਿਰ ਆਵਾਜ਼ ਹੌਲੀ ਕਰ ਕੇ ਆਖਦਾ ਹੈ: ਮੈਂ ਨਹੀਂ ਚਾਹੁੰਦਾ ਕਿ ਮੇਰੀ ਕਿਸੇ ਗੱਲ ਨਾਲ ਕੋਈ ਰੱਫੜ ਪਵੇ, ਪਰ ਅਸਲ ਗੱਲ ਇਹ ਹੈ ਕਿ ਟੈਕਸੀ ਸਨਅਤ ਵਿਚ ਰਾਜਨੀਤੀ ਬਹੁਤ ਹੈ। ਮੰਨ ਲਓ, ਕਿਸੇ ਕੰਪਨੀ ਦਾ ਅਸੂਲ ਹੈ ਕਿ ਕਿਸੇ ਵੀ ਬੰਦੇ ਨੂੰ ਟੈਕਸੀ ਡਰਾਈਵਰ ਨਹੀਂ ਰੱਖਣਾ, ਜਿੰਨਾ ਚਿਰ ਉਸ ਨੂੰ ਵੈਨਕੂਵਰ ਵਿਚ ਰਹਿੰਦਿਆਂ ਦੋ ਸਾਲ ਨਾ ਹੋ ਗਏ ਹੋਣ। ਕੋਈ ਹਿੱਸੇਦਾਰ ਮੈਨੇਜਰ ਕੋਲ ਜਾ ਕੇ ਆਖੇਗਾ ਕਿ ਕੋਈ ਗੱਲ ਨ੍ਹੀਂ, ਕਿਸੇ ਨੂੰ ਨ੍ਹੀਂ ਪਤਾ ਲੱਗਦਾ, ਮੇਰੇ ਰਿਸ਼ਤੇਦਾਰ ਨੂੰ ਰੱਖ ਲਵੋ, ਉਹ ਕੱਲ੍ਹ ਹੀ ਇੰਡੀਆ ਤੋਂ ਆਇਆ ਹੈ। ਫਿਰ ਉਹ ਆਪਣੀ ਗੱਲ ਮਨਵਾਉਣ ਲਈ ਹਿੱਸੇਦਾਰ ਹੋਣ ਦਾ ਰੋਅਬ ਪਾਵੇਗਾ)।

000

ਮੇਰੇ ਖਿਆਲ ਵਿਚ ਇਸ ਸਨਅਤ ਦਾ ਪੱਧਰ ਹੋਰ ਉਪਰ ਲਿਜਾਣਾ ਚਾਹੀਦਾ ਹੈ, ਜਿਵੇਂ ਲੰਡਨ ਦੀ ਟੈਕਸੀ ਸਨਅਤ ਹੈ। ਵੈਨਕੂਵਰ ਦੀ ਇਸ ਸਨਅਤ ਨੇ ਬਹੁਤ ਲੰਮੇ ਸਮੇਂ ਤੋਂ ਇਸ ਸਰਦਾਰੀ ਦਾ ਫਾਇਦਾ ਉਠਾਇਆ ਹੈ। ਇਸ ਸਨਅਤ ਵਿਚ ਕੋਈ ਮੁਕਾਬਲਾ ਹੀ ਨਹੀਂ ਹੈ। ਸਾਰਿਆਂ ਦੇ ਰੇਟ ਇਕੋ ਜਿਹੇ ਹਨ। ਇਕੋ ਜਿਹੀਆਂ ਕਾਰਾਂ। ਡਰਾਈਵਰਾਂ ਦੀ ਯੋਗਤਾ ਇਕੋ ਜਿੰਨੀ। ਫਿਰ ਅਸੀਂ

*(ਬਾਕੀ ਸਫਾ 33 'ਤੇ)*



*ਬੈੱਕ ਟੈਕਸੀ ਡਿਸਪੈਚਰ ਸਵਰੂਪ ਕੌਰ ਟੋਰਾਂਟੋ ਵਿਖੇ ਆਪਣੇ ਦਫਤਰ ਵਿਚ ਕੰਮ ਕਰਦੀ ਹੋਈ।*

*ਬਹੁਤ ਪਹਿਲਾਂ ਇਸ ਤਰ੍ਹਾਂ ਕਈ ਵਾਰ ਹੋਣਾ ਕਿ ਕਿਸੇ ਗਾਹਕ ਨੇ ਫੋਨ ਕਰਨਾ ਕਿ ਭੂਰੀ ਚਮੜੀ ਵਾਲਾ ਡਰਾਈਵਰ ਨਾ ਭੇਜਿਓ। ਅਸੀਂ ਇਸ ਤਰ੍ਹਾਂ ਦੇ ਗਾਹਕਾਂ ਨੂੰ ਟੈਕਸੀ ਭੇਜਦੇ ਹੀ ਨਹੀਂ ਸੀ। ਟੈਕਸੀ ਕੰਪਨੀ ਆਪਣੇ ਡਰਾਈਵਰਾਂ ਦੀ ਪਿੱਠ 'ਤੇ ਖੜ੍ਹਦੀ ਸੀ। ਗਾਹਕ ਨੂੰ ਅਸੀਂ ਆਖ ਦੇਣਾ ਕਿ ਟੈਕਸੀ ਆ ਰਹੀ ਹੈ। ਉਡੀਕ ਕੇ ਉਸ ਨੇ ਫਿਰ ਫੋਨ ਕਰਨਾ, ਅਸੀਂ ਫਿਰ ਆਖ ਦੇਣਾ ਕਿ ਆ ਰਹੀ ਹੈ। ਫਿਰ ਜਦੋਂ ਗਾਹਕ ਨੂੰ ਹੱਥ ਲੱਗ ਜਾਂਦੇ ਤਾਂ ਉਸ ਦੇ ਦਿਮਾਗ ਵਿਚ ਇਹ ਗੱਲ ਆ ਜਾਂਦੀ ਕਿ ਅਸੀਂ ਕਿਉਂ ਨਹੀਂ ਟੈਕਸੀ ਭੇਜੀ, ਪਰ ਜੇ ਕੋਈ ਗਾਹਕ ਆਖਦਾ ਕਿ ਫਲਾਣੇ ਨੰਬਰ ਦੀ ਕੈਬ ਮੈਨੂੰ ਨਾ ਭੇਜੋ ਤਾਂ ਅਸੀਂ ਉਸ ਨੰਬਰ ਦੀ ਕੈਬ ਨ੍ਹੀਂ ਸੀ ਭੇਜਦੇ। ਹੋ ਸਕਦਾ ਹੈ ਕਿ ਕਦੇ ਉਸ ਡਰਾਈਵਰ ਨਾਲ ਗਾਹਕ ਦਾ ਮਾੜਾ ਤਜਰਬਾ ਹੋਵੇ, ਪਰ ਜੇ ਕੋਈ ਨਸਲ ਦੇ ਅਧਾਰ 'ਤੇ ਕਹਿੰਦਾ ਤਾਂ ਅਸੀਂ ਬਿਲਕੁਲ ਹੋਰ ਟੈਕਸੀ ਨਹੀਂ ਸੀ ਭੇਜਦੇ।*





# ਵਿਸ਼ਾਲ ਖੰਭਾਂ ਵਾਲਾ ਬੁੱਢਾ

*ਸੰਸਾਰ ਸਾਹਿਤ ਵਿਚ ਕੋਲੰਬੀਆ ਦੇ ਲੇਖਕ ਗੈਬਰੀਅਲ ਗਾਰਸ਼ੀਆ ਮਾਰਕੁਏਜ਼ (6 ਮਾਰਚ 1927-17 ਅਪਰੈਲ 2014) ਦਾ ਨਾਂ ਬੜੇ ਮਾਣ ਨਾਲ ਲਿਆ ਜਾਂਦਾ ਹੈ। ਉਸ ਨੇ ਪੱਤਰਕਾਰੀ ਵਿਚ ਵੀ ਨਾਮਣਾ ਖੱਟਿਆ। 'ਵੰਨ ਹੰਡਰਡ ਯੀਅਰਜ਼ ਆਫ ਸੌਲੀਟਿਊਡ' ਅਤੇ 'ਲਵ ਇਨ ਦਿ ਟਾਈਮ ਆਫ ਕੌਲਰਾ' ਨਾਵਲਾਂ ਨੇ ਉਸ ਨੂੰ ਸਿਖਰ ਉਤੇ ਅਪੜਾਇਆ। ਨਾਵਲਾਂ ਤੋਂ ਇਲਾਵਾ ਉਸ ਨੇ ਕਹਾਣੀਆਂ, ਨਾਟਕ ਅਤੇ ਵਾਰਤਕ ਰਚਨਾ ਵੀ ਕੀਤੀ। 'ਵਿਸ਼ਾਲ ਖੰਭਾਂ ਵਾਲਾ ਬੁੱਢਾ' ਨਾਂ ਦੀ ਇਸ ਕਹਾਣੀ ਵਿਚ ਮਾਰਕੁਏਜ਼ ਨੇ ਉਚੀ ਕਲਪਨਾ ਉਡਾਰੀ ਭਰਦਿਆਂ ਮਨੁੱਖੀ ਮਨ ਦੀਆਂ ਕੁਝ ਪਰਤਾਂ ਫਰੋਲੀਆਂ ਹਨ ਜਿਹੜੀਆਂ ਆਮ ਕਰ ਕੇ ਕਦੀ ਚਰਚਾ ਦਾ ਵਿਸ਼ਾ ਨਹੀਂ ਬਣਦੀਆਂ। -ਸੰਪਾਦਕ*

ਮੀਂਹ ਦੇ ਤੀਜੇ ਦਿਨ ਉਨ੍ਹਾਂ ਨੇ ਘਰ ਅੰਦਰ ਇੰਨੇ ਸਾਰੇ ਕੇਕੜੇ ਮਾਰ ਦਿੱਤੇ ਸਨ ਕਿ ਪੇਲਾਓ ਨੂੰ ਆਪਣਾ ਭਿੱਜਿਆ ਵਿਹੜਾ ਲੰਘ, ਇਨ੍ਹਾਂ ਨੂੰ ਸਮੁੰਦਰ ਵਿਚ ਸੁੱਟਣਾ ਪਿਆ। ਦਰਅਸਲ, ਨਵਜਾਤ ਬੱਚੇ ਨੂੰ ਸਾਰੀ ਰਾਤ ਬੁਖਾਰ ਰਿਹਾ ਸੀ ਅਤੇ ਉਨ੍ਹਾਂ ਨੂੰ ਜਾਪਿਆ ਕਿ ਅਜਿਹਾ ਮਰੇ ਹੋਏ ਕੇਕੜਿਆਂ ਦੀ ਬੋਅ ਕਾਰਨ ਸੀ। ਮੰਗਲਵਾਰ ਤੋਂ ਹੀ ਪੂਰੀ ਦੁਨੀਆਂ ਉਦਾਸ ਸੀ। ਸਮੁੰਦਰ ਤੇ ਆਕਾਸ਼ ਮਟਿਆਲੇ ਹੋ ਚੁੱਕੇ ਸਨ ਅਤੇ ਕੰਢੇ 'ਤੇ ਪਈ ਰੇਤ, ਮਾਰਚ ਮਹੀਨੇ ਦੀਆਂ ਰਾਤਾਂ ਦੀ ਰੋਸ਼ਨੀ ਵਿਚ ਚੂਰੇ ਵਾਂਗੂੰ ਚਮਕਦੀ ਸੀ।

ਹੁਣ ਸੜੀਆਂ ਹੋਈਆਂ ਮੱਛੀਆਂ ਚਿੱਕੜ ਦੀ ਢੇਰੀ ਬਣ ਕੇ ਰਹਿ ਗਈਆਂ ਸਨ। ਦੁਪਹਿਰ ਦੇ ਸਮੇਂ ਵੀ ਰੋਸ਼ਨੀ ਇੰਨੀ ਘੱਟ ਸੀ ਕਿ ਜਦੋਂ ਪੇਲਾਓ ਕੇਕੜੇ ਸੁੱਟ ਕੇ ਵਾਪਸ ਘਰ ਵੜਿਆ, ਉਹ ਠੀਕ ਤਰ੍ਹਾਂ ਨਾ ਵੇਖ ਸਕਿਆ ਕਿ ਵਿਹੜੇ ਦੇ ਪਿਛਲੇ ਪਾਸੇ ਜਿਹੜੀ ਚੀਜ਼ ਹਿੱਲ-ਡੁੱਲ ਅਤੇ ਕਰਾਹ ਰਹੀ ਸੀ, ਉਹ ਕੀ ਸੀ? ਬਹੁਤ ਨੇੜੇ ਜਾ ਕੇ ਵੇਖਣ 'ਤੇ ਉਸ ਨੂੰ ਪਤਾ ਲੱਗਾ ਕਿ ਦਰਅਸਲ ਇਹ ਨਿਹਾਇਤ ਬੁੱਢਾ ਆਦਮੀ ਸੀ ਜਿਸ ਦਾ ਚਿਹਰਾ ਚਿੱਕੜ ਵਿਚ ਧਸਿਆ ਹੋਇਆ ਸੀ ਅਤੇ ਬਹੁਤ ਕੋਸ਼ਿਸ਼ ਕਰਨ ਦੇ ਬਾਵਜੂਦ ਉਸ ਤੋਂ ਉਠਿਆ ਨਹੀਂ ਸੀ ਜਾ ਰਿਹਾ। ਉਸ ਦੀ ਪਿੱਠ ਉਤੇ ਵੱਡੇ-ਵੱਡੇ ਖੰਭ ਉੱਗੇ ਹੋਏ ਸਨ ਜੋ ਉਸ ਨੂੰ ਉਠਣ ਨਹੀਂ ਸੀ ਦੇ ਰਹੇ।



ਗੈਬਰੀਅਲ ਗਾਰਸ਼ੀਆ ਮਾਰਕੁਏਜ਼

ਤਰਜਮਾ: ਭਜਨਬੀਰ ਸਿੰਘ
ਫੋਨ: +91-98556-75724

ਇਸ ਬੁਰੇ ਖੁਆਬ ਤੋਂ ਡਰ ਕੇ ਪੇਲਾਓ ਭੱਜ ਕੇ ਆਪਣੀ ਪਤਨੀ ਐਲੀਸੈਂਦਾ ਕੋਲ ਪਹੁੰਚਿਆ। ਉਹ ਬਿਮਾਰ ਬੱਚੇ ਦੇ ਮੱਥੇ 'ਤੇ ਠੰਢੇ ਪਾਣੀ ਦੀਆਂ ਪੱਟੀਆਂ ਰੱਖ ਰਹੀ ਸੀ। ਪੇਲਾਓ, ਐਲੀਸੈਂਦਾ ਨੂੰ ਵਿਹੜੇ ਦੇ ਪਿਛਵਾੜੇ ਲੈ ਆਇਆ। ਦੋਵਾਂ ਨੇ ਚਿੱਕੜ ਵਿਚ ਲਥਪਥ ਉਸ ਬੁੱਢੇ ਨੂੰ ਚੁੱਪ-ਚੁਪੀਤੇ ਹੈਰਾਨੀ ਨਾਲ ਜਾਚਿਆ। ਬੁੱਢੇ ਨੇ ਕਿਸੇ ਕਬਾੜੀ ਵਾਂਗੂੰ ਕੱਪੜੇ ਪਹਿਨੇ ਹੋਏ ਸਨ। ਉਸ ਦੇ ਗੰਜੇ ਸਿਰ 'ਤੇ ਸਿਰਫ ਕੁਝ ਹੀ ਸਫੈਦ ਵਾਲ ਬਚੇ ਹੋਏ ਸਨ ਅਤੇ ਮੂੰਹ ਵਿਚ ਇਸ ਤੋਂ ਵੀ ਘੱਟ ਦੰਦ ਰਹਿ ਗਏ ਸਨ। ਕਿਸੇ ਬੁਰੀ ਤਰ੍ਹਾਂ ਭਿੱਜੇ ਹੋਏ ਦਾਦੇ ਵਰਗੀ ਉਸ ਦੀ ਤਰਸਯੋਗ ਹਾਲਤ ਨੇ ਉਸ ਦੀ ਸ਼ਾਨ ਦੀਆਂ ਨਿਸ਼ਾਨੀਆਂ ਖਤਮ ਕਰ ਦਿੱਤੀਆਂ ਸਨ ਜੋ ਕਦੇ ਉਸ ਦਾ ਹਿੱਸਾ ਰਹੀਆਂ ਹੋਣਗੀਆਂ। ਅਜਿਹਾ ਜਾਪਦਾ ਸੀ ਜਿਵੇਂ ਉਸ ਦੇ ਗੰਦੇ, ਪੁੱਟੇ ਹੋਏ, ਵਿਸ਼ਾਲ ਖੰਭ ਹਮੇਸ਼ਾ ਲਈ ਚਿੱਕੜ ਵਿਚ ਧਸ ਗਏ ਸਨ। ਪੇਲਾਓ ਅਤੇ ਐਲੀਸੈਂਦਾ ਨੇ ਇਸ ਬੁੱਢੇ ਨੂੰ ਇੰਨੀ ਦੇਰ ਤੱਕ ਨੇੜਿਓਂ ਤੱਕਿਆ ਕਿ ਛੇਤੀ ਹੀ ਉਨ੍ਹਾਂ ਦੀ ਹੈਰਾਨੀ ਜਾਂਦੀ ਰਹੀ ਅਤੇ ਅਖੀਰ ਉਹ ਬੁੱਢਾ ਉਨ੍ਹਾਂ ਨੂੰ ਪਛਾਣਿਆ ਜਿਹਾ ਲੱਗਾ। ਉਦੋਂ ਉਨ੍ਹਾਂ ਨੇ ਉਸ ਨਾਲ ਗੱਲ ਕਰਨ ਦੀ ਹਿੰਮਤ ਕੀਤੀ, ਪਰ ਉਸ ਨੇ ਨਾ ਸਮਝ ਆਉਣ ਵਾਲੀ ਕਿਸੇ ਭਾਸ਼ਾ ਵਿਚ ਜਵਾਬ ਦਿੱਤਾ। ਉਸ ਦਾ ਲਹਿਜ਼ਾ ਤੇ ਆਵਾਜ਼ ਸੁਣ ਕੇ ਉਨ੍ਹਾਂ ਨੂੰ ਲੱਗਾ ਕਿ ਜਿਵੇਂ ਉਹ ਕੋਈ ਮਲਾਹ ਹੋਵੇ। ਇਸ ਲਈ ਉਨ੍ਹਾਂ ਨੇ ਉਸ ਦੇ ਤਕਲੀਫਦੇਹ ਪਰਾਂ ਦੀ ਅਣਦੇਖੀ ਕਰ ਦਿੱਤੀ ਅਤੇ ਬੇਹੱਦ ਅਕਲਮੰਦੀ ਨਾਲ ਉਹ ਇਸ ਨਤੀਜੇ 'ਤੇ ਅੱਪੜੇ ਕਿ ਜ਼ਰੂਰ ਉਹ ਸਮੁੰਦਰੀ ਤੂਫਾਨ ਵਿਚ ਡੁੱਬ ਗਏ ਕਿਸੇ ਵਿਦੇਸ਼ੀ ਜਹਾਜ਼ ਦਾ ਬਚਿਆ ਹੋਇਆ ਭਟਕਦਾ ਮਲਾਹ ਹੋਵੇਗਾ। ਫਿਰ ਵੀ ਉਨ੍ਹਾਂ ਨੇ ਉਸ ਨੂੰ ਵੇਖਣ ਲਈ ਗੁਆਂਢੀ ਜਨਾਨੀ ਨੂੰ ਬੁਲਾ ਲਿਆ ਜੋ ਜੀਵਨ ਅਤੇ ਮੌਤ ਬਾਰੇ ਸਭ ਕੁਝ ਜਾਣਦੀ ਸੀ। ਉਸ ਔਰਤ ਨੇ ਬੁੱਢੇ ਨੂੰ ਦੇਖਦਿਆਂ ਹੀ ਉਨ੍ਹਾਂ ਦੀ ਗਲਤੀ ਦਾ ਅਹਿਸਾਸ ਕਰਵਾ ਦਿੱਤਾ।

"ਇਹ ਦੇਵਦੂਤ ਹੈ", ਔਰਤ ਨੇ ਉਨ੍ਹਾਂ ਨੂੰ ਦੱਸਿਆ- "ਜ਼ਰੂਰ ਉਹ ਬੱਚੇ ਲਈ ਇਥੇ ਆ ਰਿਹਾ ਹੋਵੇਗਾ, ਪਰ ਵਿਚਾਰਾ ਇੰਨਾ ਬੁੱਢਾ ਹੈ ਕਿ ਉਹ ਤੇਜ਼ ਮੀਂਹ ਦੇ ਥਪੇੜੇ ਸਹਿ ਨਹੀਂ ਕਰ ਸਕਿਆ ਹੋਵੇਗਾ ਤੇ ਡਿੱਗ ਪਿਆ ਹੋਵੇਗਾ।"

ਅਗਲੇ ਦਿਨ ਸਾਰੇ ਇਹ ਗੱਲ ਜਾਣ ਗਏ ਕਿ ਹੱਡ-ਮਾਸ ਦਾ ਬਣਿਆ ਦੇਵਦੂਤ ਪੇਲਾਓ ਦੇ ਮਕਾਨ ਵਿਚ ਕੈਦ ਸੀ। ਉਸ ਬੁੱਧੀਮਾਨ ਗੁਆਂਢੀ ਔਰਤ ਦੀ ਰਾਇ ਵਿਚ ਉਸ ਜ਼ਮਾਨੇ ਦੇ ਦੇਵਦੂਤ ਕਿਸੇ ਭੌਤਿਕ ਸਾਜ਼ਿਸ਼ ਵਿਚ ਸ਼ਾਮਲ ਬਚੇ ਹੋਏ ਭਗੌੜੇ ਵੀ ਸਨ ਤੇ ਉਨ੍ਹਾਂ ਨੂੰ ਸੋਧਣਾ ਚਾਹੀਦਾ ਸੀ, ਪਰ ਉਹ ਦੋਵੇਂ ਪਤੀ-ਪਤਨੀ ਉਸ ਦੇਵਦੂਤ ਨੂੰ ਕੁੱਟ-ਕੁੱਟ ਕੇ ਮਾਰਨ ਦਾ ਜ਼ਾਲਮਾਨਾ ਕੰਮ ਨਹੀਂ ਕਰ ਸਕੇ; ਹਾਲਾਂਕਿ ਪੂਰੀ ਦੁਪਹਿਰ ਪੇਲਾਓ ਡੰਡਾ ਲੈ ਕੇ ਰਸੋਈ ਵਿਚੋਂ ਉਸ 'ਤੇ ਪੂਰੀ ਨਜ਼ਰ ਰੱਖਦਾ ਰਿਹਾ ਅਤੇ ਰਾਤ ਨੂੰ ਸੌਣ ਜਾਂਦੇ ਸਮੇਂ ਉਸ ਨੇ ਦੇਵਦੂਤ ਨੂੰ ਚਿੱਕੜ ਵਿਚੋਂ ਘਸੀਟ ਕੇ ਬਾਹਰ ਕੱਢਿਆ ਅਤੇ ਉਸ ਨੂੰ ਮੁਰਗੀਆਂ ਨਾਲ ਖੁੱਡੇ ਵਿਚ ਡੱਕ ਦਿੱਤਾ। ਵਿਚਾਲੇ ਰਾਤੀਂ ਜਦੋਂ ਬਾਰਸ਼ ਰੁਕੀ ਸੀ, ਪੇਲਾਓ ਅਤੇ ਐਲੀਸੈਂਦਾ ਉਦੋਂ ਵੀ ਕੇਕੜੇ ਮਾਰ ਰਹੇ ਸਨ। ਕੁਝ ਦੇਰ ਬਾਅਦ ਬੱਚਾ ਉੱਠ ਪਿਆ। ਹੁਣ ਉਸ ਨੂੰ ਬੁਖਾਰ ਨਹੀਂ ਸੀ ਅਤੇ ਉਸ ਨੂੰ ਭੁੱਖ ਲੱਗੀ ਹੋਈ ਸੀ। ਉਦੋਂ ਉਨ੍ਹਾਂ ਨੂੰ ਦਰਿਆਦਿਲੀ ਮਹਿਸੂਸ ਹੋਈ ਅਤੇ ਉਨ੍ਹਾਂ ਨਿਸ਼ਚਾ ਕੀਤਾ ਕਿ ਉਹ ਉਸ ਦੇਵਦੂਤ ਨੂੰ ਸਮੁੰਦਰ ਵਿਚ ਇਕ ਬੇੜੇ 'ਤੇ ਤਿੰਨ ਦਿਨਾਂ ਦੇ ਅੰਨ-ਜਲ ਨਾਲ ਛੱਡ ਦੇਣਗੇ। ਬਾਕੀ ਉਸ ਦੀ ਕਿਸਮਤ! ਪਰ ਸਵੇਰ ਹੁੰਦੇ ਸਾਰ ਜਦੋਂ ਉਹ ਵਿਹੜੇ ਵਿਚ ਗਏ ਤਾਂ ਉਨ੍ਹਾਂ ਦੇ ਸਾਰੇ ਗੁਆਂਢੀ ਮੁਰਗੀਆਂ ਦੇ ਖੁੱਡੇ ਸਾਹਮਣੇ ਜਮ੍ਹਾਂ ਸਨ। ਉਹ ਸਾਰੇ ਉਸ ਦੇਵਦੂਤ ਦਾ ਮਜ਼ਾਕ ਉਡਾ ਰਹੇ ਸਨ। ਉਨ੍ਹਾਂ ਵਿਚਕਾਰ ਉਸ ਪ੍ਰਤੀ ਬਿਲਕੁਲ ਹੀ ਸਨਮਾਨ ਨਹੀਂ ਸੀ, ਸਗੋਂ ਉਹ ਤਾਂ ਖੁੱਡੇ ਦੀਆਂ ਤਾਰਾਂ ਵਿਚਾਲਿਓਂ ਉਸ ਵੱਲ ਕੁਝ ਇਸ ਤਰ੍ਹਾਂ ਖਾਣੇ ਦੇ ਟੁਕੜੇ ਸੁੱਟ ਰਹੇ ਸਨ ਜਿਵੇਂ ਉਹ ਕੋਈ ਅਲੌਕਿਕ ਪ੍ਰਾਣੀ ਨਾ ਹੋਵੇ, ਸਰਕਸ ਦਾ ਕੋਈ ਜਾਨਵਰ ਹੋਵੇ।

ਇਸ ਅਜੀਬ ਖਬਰ ਤੋਂ ਹੈਰਾਨ-ਪਰੇਸ਼ਾਨ ਪਾਦਰੀ ਗੌਨਜ਼ੈਗਾ ਉਥੇ ਸਵੇਰੇ ਸੱਤ ਵਜੇ ਤੋਂ ਪਹਿਲਾਂ ਪਹੁੰਚ ਗਿਆ। ਉਸ ਸਮੇਂ ਤੱਕ ਉਥੇ ਤੜਕੇ ਮੌਜੂਦ ਦਰਸ਼ਕਾਂ ਦੀ ਤੁਲਨਾ ਵਿਚ ਥੋੜ੍ਹੇ ਘੱਟ ਮਸਖਰੇ ਲੋਕੀਂ ਉਥੇ ਪਹੁੰਚ ਚੁੱਕੇ ਸਨ ਤੇ ਉਹ ਸਾਰੇ ਉਸ ਬੰਦੀ ਦੇ ਭਵਿੱਖ ਬਾਰੇ ਤਰ੍ਹਾਂ-ਤਰ੍ਹਾਂ ਦੇ ਕਿਆਫੇ ਲਾ ਰਹੇ ਸਨ। ਉਨ੍ਹਾਂ ਵਿਚੋਂ ਸਿੱਧੇ-ਸਾਦੇ ਲੋਕਾਂ ਨੇ ਕਿਹਾ ਕਿ ਉਹਦਾ ਦਰਜਾ ਵਧਾ ਕੇ ਸੈਨਾਪਤੀ ਬਣਾ ਦਿੱਤਾ ਜਾਵੇ ਤਾਂ ਜੋ ਉਸ ਦੀ ਅਗਵਾਈ ਹੇਠ ਸਾਰੇ ਯੁੱਧ ਜਿੱਤੇ ਜਾ ਸਕਣ। ਕੁਝ ਸੂਝਵਾਨਾਂ ਦਾ ਵਿਚਾਰ ਸੀ ਕਿ ਉਸ ਦੇ ਜ਼ਰੀਏ ਪ੍ਰਿਥਵੀ 'ਤੇ ਖੰਭਾਂ ਵਾਲੀ ਅਕਲਮੰਦ ਪ੍ਰਜਾਤੀ ਦੇ ਮਨੁੱਖਾਂ ਨੂੰ ਵਿਕਸਿਤ ਕੀਤਾ ਜਾ ਸਕਦਾ ਸੀ ਜੋ ਬਾਅਦ ਵਿਚ ਪੂਰੇ ਬ੍ਰਹਿਮੰਡ ਦੀ ਦੇਖ-ਰੇਖ ਦੀ ਜ਼ਿੰਮੇਵਾਰੀ ਲੈ ਸਕਦੇ ਸਨ। ਪਾਦਰੀ ਬਣਨ ਤੋਂ ਪਹਿਲਾਂ ਫਾਦਰ ਗੌਨਜ਼ੈਗਾ ਲੱਕੜਹਾਰੇ ਵਜੋਂ ਸਖਤ ਮਿਹਨਤ ਕਰਦਾ ਰਿਹਾ ਸੀ। ਵਾੜ ਦੀਆਂ ਤਾਰਾਂ ਕੋਲ ਖੜੋ ਕੇ ਉਸ ਨੇ ਪਲ ਭਰ ਵਿਚ ਹੀ ਆਪਣੀ ਧਰਮ ਸਿੱਖਿਆ 'ਤੇ ਫਿਰ ਤੋਂ ਵਿਚਾਰ ਕੀਤਾ। ਉਸ ਨੇ ਖੁੱਡੇ ਦੇ ਤਾਰ ਖੋਲ੍ਹਣ ਦਾ ਹੁਕਮ ਦਿੱਤਾ ਤਾਂ ਜੋ ਉਹ ਉਸ ਵਿਚਾਰੇ ਆਦਮੀ ਨੂੰ ਨੇੜਿਓਂ ਦੇਖ ਸਕੇ ਜੋ ਮੰਤਰ ਮੁਗਧ ਮੁਰਗੀਆਂ ਦੇ ਵਿਚਾਲੇ ਵੱਡ-ਆਕਾਰੀ, ਕਮਜ਼ੋਰ ਜਿਹੀ ਮੁਰਗੀ ਵਾਂਗੂੰ ਲੱਗ ਰਿਹਾ ਸੀ। ਤੜਕਸਾਰ ਆਏ ਲੋਕਾਂ ਵੱਲੋਂ ਸੁੱਟੇ ਫਲਾਂ ਦੇ ਛਿਲਕਿਆਂ ਤੇ ਖਾਣੇ ਦੇ ਟੁਕੜਿਆਂ ਦਰਮਿਆਨ ਕੋਨੇ ਵਿਚ ਪਿਆ ਉਹ ਬੁੱਢਾ ਧੁੱਪ ਵਿਚ ਆਪਣੇ ਖੁੱਲ੍ਹੇ ਖੰਭ ਸੁਕਾ ਰਿਹਾ ਸੀ।

ਜਦੋਂ ਪਾਦਰੀ ਗੌਨਜ਼ੈਗਾ ਨੇ ਮੁਰਗੀਆਂ ਦੇ ਖੁੱਡੇ ਵਿਚ ਜਾ ਕੇ ਲਾਤੀਨੀ ਭਾਸ਼ਾ ਵਿਚ ਉਸ ਦਾ ਸਵਾਗਤ ਕੀਤਾ ਤਾਂ ਜਹਾਨ ਦੀ ਢੀਠਤਾਈ ਤੋਂ ਬੇਖਬਰ ਉਸ ਨੇ ਸਿਰਫ ਆਪਣੀਆਂ ਪ੍ਰਾਚੀਨ ਅੱਖਾਂ ਦੀਆਂ ਪਲਕਾਂ ਚੁੱਕੀਆਂ ਅਤੇ ਫਿਰ ਉਹ ਆਪਣੀ ਜ਼ਬਾਨ ਵਿਚ ਕੁਝ ਬੁੜਬੁੜਾਇਆ। ਪਾਦਰੀ ਨੂੰ ਪਹਿਲਾਂ ਤਾਂ ਉਸ ਬੁੱਢੇ ਦੇ ਢੌਂਗੀ ਹੋਣ ਦਾ ਸ਼ੱਕ ਪਿਆ ਪਰ ਜਦੋਂ ਉਸ ਨੇ ਦੇਖਿਆ ਕਿ ਉਹ ਨਾ ਤਾਂ ਈਸ਼ਵਰ ਦੀ ਭਾਸ਼ਾ (ਲਾਤੀਨੀ) ਸਮਝ ਸਕਦਾ ਸੀ, ਨਾ ਹੀ ਉਸ ਨੂੰ ਪਾਦਰੀ ਦਾ ਸਤਿਕਾਰ ਕਰਨ ਦਾ ਸਲੀਕਾ ਆਉਂਦਾ ਸੀ। ਫਿਰ ਉਸ ਨੇ ਵੇਖਿਆ ਕਿ ਕਰੀਬ ਤੋਂ ਉਹ ਬੁੱਢਾ ਬਿਲਕੁਲ ਇਨਸਾਨ ਵਾਂਗੂੰ ਜਾਪ ਰਿਹਾ ਸੀ। ਬਾਹਰ ਪਏ ਰਹਿਣ ਕਰ ਕੇ ਉਸ ਦੀ ਦੇਹ ਤੋਂ ਅਸਹਿ ਬਦਬੂ ਆ ਰਹੀ ਸੀ। ਉਸ ਦੇ ਖੰਭਾਂ ਦੇ ਉਲਟੇ ਹਿੱਸੇ ਪਰਜੀਵੀਆਂ ਨਾਲ ਭਰੇ ਪਏ ਸਨ। ਤੇਜ਼ ਹਵਾ ਨੇ ਉਸ ਦੇ ਖੰਭਾਂ ਨੂੰ ਕਈ ਥਾਂ ਤੋਂ ਨੁਕਸਾਨ ਪਹੁੰਚਾਇਆ ਸੀ। ਦੇਵਦੂਤਾਂ ਦੀ ਸ਼ਾਨਦਾਰ ਵਡਿਆਈ ਵਰਗਾ ਉਸ ਵਿਚ ਕੁਝ ਨਹੀਂ ਸੀ।

ਫਿਰ ਪਾਦਰੀ ਮੁਰਗੀਆਂ ਦੇ ਖੁੱਡੇ ਵਿਚੋਂ ਬਾਹਰ ਨਿਕਲ ਆਇਆ ਅਤੇ ਆਪਣੇ ਪ੍ਰਵਚਨ ਵਿਚ ਉਸ ਦੇ ਜਗਿਆਸੂਆਂ ਨੂੰ ਜ਼ਿਆਦਾ ਭੋਲੇ ਤੇ ਸਿੱਧੇ ਹੋਣ ਦੇ ਖਤਰਿਆਂ ਬਾਰੇ ਦੱਸਿਆ। ਉਸ ਨੇ ਉਨ੍ਹਾਂ ਨੂੰ ਚੇਤੇ ਕਰਵਾਇਆ ਕਿ ਸ਼ੈਤਾਨ ਧੋਖਾ ਦੇਣ ਲਈ ਕਈ ਜੁਗਤਾਂ ਇਸਤੇਮਾਲ ਕਰਦਾ ਹੈ ਤਾਂ ਜੋ ਭੋਲੇ ਲੋਕ ਭੁਲੇਖੇ ਵਿਚ ਪੈ ਜਾਣ। ਉਸ ਨੇ ਦਲੀਲ ਦਿੱਤੀ ਕਿ ਜੇ ਹਵਾਈ ਜਹਾਜ਼ ਅਤੇ ਬਾਜ਼ ਵਿਚਕਾਰ ਫਰਕ ਤੈਅ ਕਰਦੇ ਸਮੇਂ ਖੰਭਾਂ ਦੀ ਭੂਮਿਕਾ ਨੂੰ ਜ਼ਰੂਰੀ ਹਿੱਸਾ ਨਹੀਂ ਮੰਨਿਆ ਜਾ ਸਕਦਾ ਤਾਂ ਦੇਵਦੂਤਾਂ ਨੂੰ ਪਛਾਣਨ ਵਿਚ ਖੰਭਾਂ ਦੀ ਭੂਮਿਕਾ ਉਸ ਤੋਂ ਵੀ ਘੱਟ ਹੈ। ਇਸ ਦੇ ਬਾਵਜੂਦ ਪਾਦਰੀ ਨੇ ਵਾਅਦਾ ਕੀਤਾ ਕਿ ਉਹ ਆਪਣੇ ਉੱਚ ਪਾਦਰੀ ਨੂੰ ਪੱਤਰ ਲਿਖੇਗਾ ਤਾਂ ਜੋ ਉਹ ਇਸ ਵਿਸ਼ੇ ਵਿਚ ਅੰਤਿਮ ਫੈਸਲਾ ਪ੍ਰਾਪਤ ਕਰ ਸਕੇ।

ਸਾਵਧਾਨ ਰਹਿਣ ਦੇ ਪਾਦਰੀ ਦੇ ਉਪਦੇਸ਼ ਦਾ ਲੋਕਾਂ 'ਤੇ ਕੋਈ ਅਸਰ ਨਹੀਂ ਹੋਇਆ। ਬੰਦ ਦੇਵਦੂਤ ਦੀ ਖਬਰ ਇੰਨੀ ਤੇਜ਼ੀ ਨਾਲ ਫੈਲੀ ਕਿ ਕੁਝ ਹੀ ਘੰਟਿਆਂ ਵਿਚ ਉਸ ਵਿਹੜੇ ਵਿਚ ਬਾਜ਼ਾਰ ਵਾਂਗੂ ਰੌਣਕ ਹੋ ਗਈ ਅਤੇ ਅਧਿਕਾਰੀਆਂ ਨੂੰ ਬੰਦੂਕਾਂ ਨਾਲ ਲੈਸ ਸੈਨਿਕ ਬੁਲਾਉਣੇ ਪੈ ਗਏ ਤਾਂ ਜੋ ਬੇਕਾਬੂ ਭੀੜ ਨੂੰ ਤਿਤਰ-ਬਿਤਰ ਕੀਤਾ ਜਾ ਸਕੇ ਜੋ ਪੂਰਾ ਮਕਾਨ ਡੇਗ ਦੇਣ 'ਤੇ ਉਤਾਰੂ ਸੀ। ਭੀੜ ਨੇ ਜੋ ਗੰਦਗੀ ਉਥੇ ਫੈਲਾਈ ਸੀ, ਉਹਨੂੰ ਝਾੜੂ ਨਾਲ ਸਾਫ ਕਰਨ ਦੀ ਵਜ੍ਹਾ ਕਰ ਕੇ ਐਲੀਸੈਂਦਾ ਦੀ ਪਿੱਠ ਪੀੜ ਕਰਨ ਲੱਗੀ। ਉਦੋਂ ਉਸ ਦੇ ਜ਼ਿਹਨ ਵਿਚ ਇਹ ਵਿਚਾਰ ਆਇਆ ਕਿ ਕਿਉਂ ਨਾ ਦੇਵਦੂਤ ਵੇਖਣ ਆਉਣ ਵਾਲਿਆਂ ਲਈ ਕੁਝ ਰੁਪਏ ਦਾ ਪ੍ਰਵੇਸ਼-ਕਰ ਲਾਗ ਦਿੱਤਾ ਜਾਵੇ।

ਜਗਿਆਸੂ ਲੋਕਾਂ ਦੂਰ-ਦੁਰੇਡਿਓਂ ਆਉਣ ਲੱਗੇ। ਤਰ੍ਹਾਂ-ਤਰ੍ਹਾਂ ਦੇ ਖੇਡ ਤਮਾਸ਼ਿਆਂ ਵਾਲਾ, ਉਤਸਵ ਦੇ ਮਾਹੌਲ ਵਿਚ ਰੰਗਿਆਂ ਗਸ਼ਤੀ ਦਲ ਵੀ ਉਥੇ ਆਣ ਪਹੁੰਚਿਆ। ਉਡਣ ਦੀ ਕਲਾਬਾਜ਼ੀ ਦਿਖਾਉਣ ਵਾਲੇ ਇਸ ਦਲ ਦਾ ਇਕ ਕਲਾਕਾਰ ਕਈ ਵਾਰ ਭੀੜ ਦੇ ਉਪਰੋਂ ਗੁਜ਼ਰਿਆ, ਪਰ ਲੋਕਾਂ ਨੇ ਉਸ ਵੱਲ ਕੋਈ ਧਿਆਨ ਨਹੀਂ ਦਿੱਤਾ, ਕਿਉਂਕਿ ਉਸ ਦੇ ਖੰਭ ਕਿਸੇ ਦੇਵਦੂਤ ਦੇ ਨਹੀਂ ਸਨ, ਸਗੋਂ ਕਿਸੇ ਚਮਗਿੱਦੜ ਵਰਗੇ ਸਨ। ਧਰਤੀ 'ਤੇ ਮੌਜੂਦ ਸਭ ਤੋਂ ਜ਼ਿਆਦਾ ਬਿਮਾਰ ਲੋਕ ਵੀ ਸਿਹਤ ਠੀਕ ਹੋਣ ਦੀ ਉਮੀਦ ਲੈ ਕੇ ਇਥੇ ਪਹੁੰਚਣ ਲੱਗੇ। ਇਨ੍ਹਾਂ ਵਿਚ ਕੋਈ ਗਰੀਬ ਔਰਤ ਵੀ ਸੀ ਜਿਸ ਨੇ ਬਚਪਨ ਤੋਂ ਹੀ ਆਪਣੇ ਦਿਲ ਦੀਆਂ ਧੜਕਣਾਂ ਗਿਣੀਆਂ ਸੀ ਅਤੇ ਹੁਣ ਉਸ ਨੂੰ ਗਿਣਤੀ ਦੀ ਸਹੀ ਸੰਖਿਆ ਦਾ ਵੀ ਅੰਦਾਜ਼ਾ ਨਹੀਂ ਸੀ ਰਹਿ ਗਿਆ। ਪੁਰਤਗਾਲ ਦਾ ਆਦਮੀ ਸੀ ਜਿਸ ਦਾ ਕਹਿਣਾ ਸੀ ਕਿ ਸਿਤਾਰਿਆਂ ਦਾ ਰੌਲਾ ਉਸ ਨੂੰ ਸੌਣ ਨਹੀਂ ਸੀ ਦਿੰਦਾ। ਇਨ੍ਹਾਂ ਵਿਚ ਹੀ ਨੀਂਦ ਵਿਚ ਚੱਲਣ ਦੀ ਬਿਮਾਰੀ ਵਾਲਾ ਆਦਮੀ ਵੀ ਸੀ ਜੋ ਦਿਨ ਵਿਚ ਜਾਗ੍ਰਿਤ ਅਵਸਥਾ ਵਿਚ ਕੀਤੇ ਗਏ ਆਪਣੇ ਸਾਰੇ ਕੰਮ ਰਾਤ ਨੂੰ ਉਠ ਕੇ ਮਿਟਾ ਦਿੰਦਾ ਸੀ। ਇਸ ਤੋਂ ਇਲਾਵਾ ਕਈ ਹੋਰ ਮਰੀਜ਼ ਵੀ ਇਥੇ ਆਏ ਜਿਨ੍ਹਾਂ ਦੀਆਂ ਬਿਮਾਰੀਆਂ ਇੰਨੀਆਂ ਗੰਭੀਰ ਨਹੀਂ ਸਨ। ਥਕਾਵਟ ਦੇ ਬਾਵਜੂਦ ਪੇਲੀਓ ਅਤੇ ਐਲੀਸੈਂਦਾ ਖੁਸ਼ ਸਨ ਕਿਉਂ ਜੋ ਇਕ ਹਫਤੇ ਤੋਂ ਵੀ ਘੱਟ ਸਮੇਂ ਵਿਚ ਉਨ੍ਹਾਂ ਦੇ ਕਮਰੇ ਰੁਪਏ-ਪੈਸਿਆਂ ਨਾਲ ਠਸਾਠਸ ਭਰ ਚੁੱਕੇ ਸਨ। ਅੰਦਰ ਆ ਕੇ ਉਸ ਬੁੱਢੇ ਨੂੰ ਵੇਖਣ ਵਾਲੇ ਤੀਰਥ ਯਾਤਰੂਆਂ ਦੀ ਕਤਾਰ ਕਾਫੀ ਲੰਮੀ ਹੋ ਚੁੱਕੀ ਸੀ।

ਉਹ ਬੁੱਢਾ ਦੇਵਦੂਤ ਹੀ ਉਥੇ ਮੌਜੂਦ ਇਕ-ਮਾਤਰ ਅਜਿਹਾ ਪ੍ਰਾਣੀ ਸੀ ਜੋ ਆਪਣੇ ਲਈ ਇਸ ਪੂਰੇ ਤਮਾਸ਼ੇ ਵਿਚ ਕੋਈ ਭੂਮਿਕਾ ਨਹੀਂ ਸੀ ਨਿਭਾਅ ਰਿਹਾ। ਆਪਣੀ ਇਸ ਉਸਾਰੀ ਥਾਂ 'ਤੇ ਉਹ ਕਿਸੇ ਤਰ੍ਹਾਂ ਆਰਾਮ ਨਾਲ ਰਹਿਣ ਦੀ ਕੋਸ਼ਿਸ਼ ਕਰ ਰਿਹਾ ਸੀ, ਹਾਲਾਂਕਿ ਤਾਰ ਦੇ ਕੋਲ ਬਾਲੀਆਂ ਗਈਆਂ ਪਵਿੱਤਰ ਮੋਮਬੱਤੀਆਂ, ਦੀਵਿਆਂ ਤੇ ਲਾਲਟੈਨਾਂ ਵਿਚ ਪਾਇਆ ਤੇਲ ਮੱਚਣ ਤੋਂ ਉਠਦਾ ਅਸਹਿ ਸੇਕ ਉਸ ਨੂੰ ਬਹੁਤ ਸਤਾ ਰਿਹਾ ਸੀ।



ਸ਼ੁਰੂ ਵਿਚ ਲੋਕਾਂ ਨੇ ਉਸ ਨੂੰ ਨੈਪਥਲੀਨ ਦੀਆਂ ਗੋਲੀਆਂ ਖੁਆਉਣ ਦੀ ਕੋਸ਼ਿਸ਼ ਕੀਤੀ, ਕਿਉਂਕਿ ਗੁਆਂਢ ਵਿਚ ਰਹਿਣ ਵਾਲੀ ਕਿਸੇ ਅਕਲਮੰਦ ਜ਼ਨਾਨੀ ਨੇ ਦੱਸਿਆ ਕਿ ਦੇਵਦੂਤ ਇਹੋ ਖਾਂਦੇ ਹਨ, ਪਰ ਬੁੱਢੇ ਨੇ ਇਨ੍ਹਾਂ ਨੂੰ ਖਾਣ ਤੋਂ ਸਾਫ ਇਨਕਾਰ ਕਰ ਦਿੱਤਾ। ਉਸ ਨੇ ਤੀਰਥ ਯਾਤਰੀਆਂ ਵੱਲੋਂ ਦਿੱਤਾ ਗਿਆ ਪਵਿੱਤਰ ਭੋਜਨ ਵੀ ਠੁਕਰਾ ਦਿੱਤਾ। ਅੰਤ ਵਿਚ ਉਸ ਨੇ ਸਿਰਫ ਬੈਂਗਣ ਦਾ ਭੜਥਾ ਹੀ ਖਾਧਾ। ਕੀ ਇਸ ਦੀ ਵਜ੍ਹਾ ਇਹ ਸੀ ਕਿ ਉਹ ਦੇਵਦੂਤ ਸੀ, ਜਾਂ ਇਹ ਕਿ ਉਹ ਬੁੱਢਾ ਸੀ, ਇਹ ਉਥੇ ਹਾਜ਼ਰ ਲੋਕ ਨਹੀਂ ਜਾਣ ਸਕੇ। ਉਸ ਦੀ ਇਕ-ਮਾਤਰ ਅਲੌਕਿਕ ਖੂਬੀ ਇਹ ਸੀ ਕਿ ਉਹ ਸਹਿਣਸ਼ੀਲ ਸੀ। ਖਾਸ ਕਰ ਕੇ ਸ਼ੁਰੂ ਦੇ ਦਿਨਾਂ ਵਿਚ, ਜਦੋਂ ਉਸ ਦੇ ਖੰਭਾਂ ਵਿਚ ਮੌਜੂਦ ਖਗੋਲੀ ਪਰਜੀਵੀਆਂ ਦੀ ਤਲਾਸ਼ ਵਿਚ ਕਾਹਲੀ-ਕਾਹਲੀ ਨਾਲ ਮੁਰਗੀਆਂ ਉਸ ਨੂੰ ਚੁੰਝਾਂ ਮਾਰ ਰਹੀਆਂ ਸਨ ਅਤੇ ਕਿਸੇ ਚਮਤਕਾਰ ਦੀ ਉਮੀਦ ਵਿਚ ਅਪੰਗ ਤੇ ਬਿਮਾਰ ਲੋਕ ਉਸ ਦੇ ਖੰਭ ਨੋਚ-ਨੋਚ ਕੇ ਆਪਣੇ ਨਕਾਰਾ ਤੇ ਬੇਕਾਰ ਅੰਗਾਂ ਨਾਲ ਲਾ ਰਹੇ ਸਨ। ਇਥੋਂ ਤੱਕ ਕਿ ਉਨ੍ਹਾਂ ਵਿਚੋਂ ਸਭ ਤੋਂ ਦਿਆਲੂ ਲੋਕ ਵੀ ਉਸ ਨੂੰ ਪੱਥਰ ਮਾਰ ਰਹੇ ਸਨ, ਕਿਉਂਕਿ ਉਹ ਵੇਖਣਾ ਚਾਹੁੰਦੇ ਸਨ ਕਿ ਉਠ ਕੇ ਖੜ੍ਹਾ ਹੋਣ 'ਤੇ ਉਹ ਕਿਹੋ ਜਿਹਾ ਜਾਪਦਾ ਹੈ। ਉਹ ਇਕ ਵਾਰ ਉਦੋਂ ਹੀ ਹਿੱਲਿਆ-ਜੁੱਲਿਆ ਜਦੋਂ ਲੋਕਾਂ ਨੇ ਗਰਮ ਸਰੀਏ ਨਾਲ ਉਸ ਨੂੰ ਦਾਗ ਦਿੱਤਾ।

ਦਰਅਸਲ, ਉਹ ਬੁੱਢਾ ਕਈ ਘੰਟਿਆਂ ਤੱਕ ਬਗੈਰ ਹਿੱਲੇ-ਡੁੱਲੇ ਬੈਠਾ ਰਿਹਾ ਸੀ ਅਤੇ ਲੋਕਾਂ ਨੂੰ ਲੱਗਿਆ ਕਿ ਉਹ ਮਰ ਚੁੱਕਾ ਹੈ। ਤੱਤੇ ਸਰੀਏ ਨਾਲ ਦਾਗਣ 'ਤੇ ਉਸ ਨੇ ਤਿੱਖੀ ਪ੍ਰਤੀਕਿਰਿਆ ਦਿਖਾਈ। ਉਹ ਚੌਂਕ ਕੇ ਖੜ੍ਹਾ ਹੋ ਗਿਆ ਤੇ ਆਪਣੀ ਅਜਨਬੀ ਭਾਸ਼ਾ ਵਿਚ ਪਤਾ ਨਹੀਂ ਕੀ ਬੋਲਣ ਲੱਗਾ। ਉਸ ਦੀਆਂ ਅੱਖਾਂ ਵਿਚ ਹੰਝੂ ਛਲਕ ਆਏ। ਫਿਰ ਉਸ ਨੇ ਅਚਾਨਕ ਆਪਣੇ ਖੰਭ ਤੇਜ਼ੀ ਨਾਲ ਫੜਫੜਾਏ ਜਿਸ ਨਾਲ ਮੁਰਗੀਆਂ ਦੀ ਬਿੱਠਾਂ ਤੇ ਖਗੋਲੀ ਧੂੜ ਦੀ ਉਠੀ ਹਨੇਰੀ ਨੇ ਚਾਰੇ ਪਾਸੇ ਭਗਦੜ ਮਚਾ ਦਿੱਤੀ। ਹਾਲਾਂਕਿ ਕਈ ਲੋਕਾਂ ਨੂੰ ਇਹ ਲੱਗਿਆ ਕਿ ਉਸ ਦੀ ਪ੍ਰਤੀਕਿਰਿਆ ਗੁੱਸੇ ਨਾਲ ਨਹੀਂ, ਸਗੋਂ ਦਰਦ ਨਾਲ ਉਪਜੀ ਸੀ। ਫਿਰ ਵੀ ਇਸ ਘਟਨਾ ਤੋਂ ਬਾਅਦ ਲੋਕ ਉਸ ਨਾਲ ਸਾਵਧਾਨੀ ਨਾਲ ਪੇਸ਼ ਆਉਣ ਲੱਗੇ। ਜ਼ਿਆਦਾਤਰ ਲੋਕ ਹੁਣ ਸਮਝ ਗਏ ਕਿ ਉਸ ਦਾ ਆਲਸ ਜਾਂ ਸਹਿਣਸ਼ੀਲਤਾ ਕਿਸੇ ਨਾਇਕ ਦੇ ਆਰਾਮ ਦੀ ਕਿਰਿਆ ਨਹੀਂ ਹੈ, ਸਗੋਂ ਕਿਆਮਤ ਲਿਆਉਣ ਵਾਲੀ ਕਿਸੇ ਤਬਾਹੀ ਦਾ ਸੂਚਕ ਹੈ।

ਹੁਣ ਕੈਦੀ ਨਾਲ ਅਗਾਂਹ ਕੀ ਕੀਤਾ ਜਾਣਾ ਹੈ, ਇਸ ਬਾਰੇ ਪਾਦਰੀ ਗੌਨਜ਼ੈਗਾ ਧਰਮ-ਆਚਾਰੀਆ ਦੇ ਅੰਤਿਮ ਫੈਸਲੇ ਦੇ ਆਉਣ ਦੀ ਉਡੀਕ ਕਰ ਰਿਹਾ ਸੀ।

ਰੋਮ ਤੋਂ ਸੰਦੇਸ਼ ਆਉਣ ਵਿਚ ਦੇਰ ਹੋ ਰਹੀ ਸੀ। ਉਥੇ ਜਮ੍ਹਾਂ ਹੋਏ ਲੋਕ ਹੁਣ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਰ ਕੇ ਆਪਣਾ ਸਮਾਂ ਗੁਜ਼ਾਰ ਰਹੇ ਹਨ; ਜਿਵੇਂ ਬੰਦੀ ਦੀ ਧੁੰਨੀ ਹੈ ਜਾਂ ਨਹੀਂ; ਉਸ ਦੀ ਬੋਲੀ ਕਿਸੇ ਜ਼ਬਾਨ ਨਾਲ ਮਿਲਦੀ ਹੈ ਜਾਂ ਨਹੀਂ; ਉਹ ਸੂਈ ਵਿਚ ਧਾਗਾ ਪਾ ਸਕਦਾ ਹੈ ਜਾਂ ਨਹੀਂ; ਕਿਤੇ ਉਹ ਨਾਰਵੇ ਦਾ ਅਜਿਹਾ ਨਾਗਰਿਕ ਤਾਂ ਨਹੀਂ ਜਿਸ ਦੇ ਖੰਭ ਉਗ ਆਏ ਹੋਣ, ਵਗੈਰਾ ਵਗੈਰਾ। ਪਾਦਰੀ ਦੇ ਰੋਮ ਤੋਂ ਆਉਣ ਵਾਲੇ ਸੰਦੇਸ਼ ਦੀ ਉਡੀਕ ਸ਼ਾਇਦ ਅਨੰਤ ਕਾਲ ਤੱਕ ਕਰਨੀ ਪੈ ਜਾਂਦੀ, ਪਰ ਸਹੀ ਸਮੇਂ 'ਤੇ ਵਾਪਰੀ ਘਟਨਾ ਨੇ ਉਸ ਨੂੰ ਇਸ ਮੁਸੀਬਤ ਤੋਂ ਨਿਜਾਤ ਦਿਵਾ ਦਿੱਤੀ।

ਹੋਇਆ ਇੰਜ ਕਿ ਉਨ੍ਹੀਂ ਦਿਨੀਂ ਧਿਆਨ ਖਿੱਚਣ ਵਾਲੇ ਦੂਜੇ ਬਹੁਤ ਸਾਰੇ ਖੇਡ ਤਮਾਸ਼ਿਆਂ ਦੇ ਨਾਲ-ਨਾਲ ਸ਼ਹਿਰ ਵਿਚ ਐਸਾ ਤਮਾਸ਼ਾ ਦਿਖਾਉਣ ਵਾਲੀ ਟੋਲੀ ਵੀ ਆ ਪਹੁੰਚੀ ਜਿਸ ਵਿਚ ਆਪਣੇ ਮਾਤਾ-ਪਿਤਾ ਦੀ ਗੱਲ ਨਾ ਮੰਨਣ ਕਾਰਨ ਮੱਕੜੀ ਬਣ ਗਈ ਮੁਟਿਆਰ ਵੀ ਸੀ। ਇਹ ਤਮਾਸ਼ਾ ਵੇਖਣ ਲਈ ਲਾਇਆ ਗਿਆ ਕਰ, ਦੇਵਦੂਤ ਨੂੰ ਦੇਖਣ ਲਈ ਲਗਾਏ ਗਏ ਪ੍ਰਵੇਸ਼-ਕਰ ਤੋਂ ਘੱਟ ਸੀ। ਨਾ ਸਿਰਫ ਇਹ, ਸਗੋਂ ਲੋਕ ਮੱਕੜੀ ਬਣ ਗਈ ਕੁੜੀ ਤੋਂ ਉਸ ਦੀ ਦੁਰਦਸ਼ਾ ਬਾਰੇ ਤਰ੍ਹਾਂ-ਤਰ੍ਹਾਂ ਦੇ ਪ੍ਰਸ਼ਨ ਵੀ ਪੁੱਛ ਸਕਦੇ ਸਨ ਅਤੇ ਇਸ ਦੀ ਜਾਂਚ-ਪੜਤਾਲ ਵੀ ਕਰ ਸਕਦੇ ਸਨ ਤਾਂ ਜੋ ਕਿਸੇ ਨੂੰ ਵੀ ਉਸ ਦੀ ਡਰਾਉਣੀ ਹਾਲਤ ਬਾਰੇ ਕੋਈ ਸ਼ੱਕ ਨਾ ਰਹੇ। ਉਹ ਭੇਡ ਦੇ ਆਕਾਰ ਦੀ ਡਰਾਉਣੀ ਟੈਰੇਂਟੁਲਾ ਮੱਕੜੀ ਸੀ ਜਿਸ ਦਾ ਸਿਰ ਉਦਾਸ ਕੁੜੀ ਦਾ ਸੀ। ਸਭ ਤੋਂ ਵੱਧ ਦੁਖੀ ਕਰਨ ਵਾਲੀ ਗੱਲ ਉਸ ਦਾ ਅਨੋਖਾ ਆਕਾਰ ਨਹੀਂ ਸੀ, ਸਗੋਂ ਉਹ ਸੱਚੀ ਵੇਦਨਾ ਸੀ ਜਿਸ ਵਿਚ ਡੁੱਬ ਕੇ ਉਹ ਲੋਕਾਂ ਨੂੰ ਵਿਸਥਾਰ ਨਾਲ ਆਪਣੀ ਬਦਨਸੀਬੀ ਦੀ ਕਥਾ ਸੁਣਾਉਂਦੀ ਸੀ। ਇਸ ਕਥਾ ਅਨੁਸਾਰ ਜਦੋਂ ਉਹ ਅਜੇ ਬੱਚੀ ਹੀ ਸੀ, ਉਹ ਆਪਣੇ ਮਾਪਿਆਂ ਦੀ ਇਜਾਜ਼ਤ ਲਏ ਬਗੈਰ ਰਾਤ ਭਰ ਨੱਚਦੀ ਰਹੀ। ਬਾਅਦ ਵਿਚ ਉਹ ਜੰਗਲ ਦੇ ਰਸਤੇ ਘਰ ਪਰਤ ਰਹੀ ਸੀ ਕਿ ਅਚਾਨਕ ਬੱਦਲਾਂ ਦੀ ਘੋਰ ਆਵਾਜ਼ ਨਾਲ ਆਕਾਸ਼ ਦੋ ਹਿੱਸਿਆਂ ਵਿਚ ਵੰਡਿਆ ਗਿਆ। ਬਿਜਲੀ ਕੜਕੀ ਅਤੇ ਗੰਧਕ ਨਾਲ ਹੋਏ ਉਸ ਵੱਜਰਪਾਤ ਨੇ ਉਸ ਨੂੰ ਮੱਕੜੀ ਵਿਚ ਤਬਦੀਲ ਕਰ ਦਿੱਤਾ। ਉਸ ਦੀ ਇਕ-ਮਾਤਰ ਪੌਸ਼ਟਿਕ ਖੁਰਾਕ ਮਾਸ ਦੇ ਉਹ ਟੁਕੜੇ ਸਨ ਜੋ ਰਹਿਮ ਦਿਲ ਲੋਕ ਉਸ ਦੇ ਮੂੰਹ ਵਿਚ ਸੁੱਟ ਦਿੰਦੇ ਸਨ।

ਇਹ ਅਜਿਹਾ ਤਮਾਸ਼ਾ ਸੀ ਜੋ ਮਨੁੱਖੀ ਸਚਾਈ ਤੇ ਡਰਾਉਣੇ ਸਬਕ ਨਾਲ ਭਰਪੂਰ ਸੀ। ਬਗੈਰ ਜਤਨ ਦੇ ਹੀ ਇਹ ਤਮਾਸ਼ਾ ਉਸ ਤਮਾਸ਼ੇ ਤੋਂ ਨੰਬਰ

*(ਬਾਕੀ ਅਗਲੇ ਸਫੇ 'ਤੇ)*

# ਵਿਸ਼ਾਲ ਖੰਭਾਂ ਵਾਲਾ ਬੁੱਢਾ

(ਪਿਛਲੇ ਸਫੇ ਦੀ ਬਾਕੀ)

ਲੈ ਗਿਆ ਜਿਸ ਵਿਚ ਘਮੰਡੀ ਦੇਵਦੂਤ ਲੋਕਾਂ ਵੱਲ ਤੱਕਦਾ ਤੱਕ ਨਹੀਂ ਸੀ। ਇਸ ਤੋਂ ਇਲਾਵਾ ਦੇਵਦੂਤ ਦੇ ਨਾਂ 'ਤੇ ਪ੍ਰਚਾਰ ਕੀਤੇ ਗਏ ਥੋੜ੍ਹੇ ਜਿਹੇ ਚਮਤਕਾਰ ਲੋਕਾਂ ਨੂੰ ਕਿਸੇ ਮਾਨਸਿਕ ਬਿਮਾਰੀ ਵਾਂਗੂੰ ਜਾਪੇ। ਜਿਵੇਂ ਬੁੱਢੇ ਦੇਵਦੂਤ ਦੀ ਸੰਗਤ ਵਿਚ ਵੀ ਅੰਨ੍ਹੇ ਆਦਮੀ ਦੀਆਂ ਅੱਖਾਂ ਦੀ ਰੌਸ਼ਨੀ ਤਾਂ ਵਾਪਸ ਨਹੀਂ ਆਈ, ਪਰ ਉਸ ਦੇ ਤਿੰਨ ਨਵੇਂ ਦੰਦ ਉੱਗ ਆਏ। ਇਸੇ ਤਰ੍ਹਾਂ ਉਥੇ ਪਹੁੰਚਿਆ ਅਪਾਹਜ ਚੱਲਣ-ਫਿਰਨ ਦੇ ਕਾਬਲ ਤਾਂ ਨਾ ਹੋ ਸਕਿਆ, ਪਰ ਉਹ ਲਾਟਰੀ ਦਾ ਇਨਾਮ ਜਿੱਤਦਾ-ਜਿੱਤਦਾ ਰਹਿ ਗਿਆ। ਅਜਿਹੇ ਹੀ ਇਕ ਹੋਰ ਮਾਮਲੇ ਵਿਚ ਉਥੇ ਆਏ ਕੋਹੜੀ ਦੇ ਜ਼ਖ਼ਮਾਂ ਵਿਚੋਂ ਸੂਰਜਮੁਖੀ ਦੇ ਫੁੱਲ ਉੱਗਣ ਲੱਗੇ ਸਨ। ਮਜ਼ਾਕ ਉਡਾਉਣ ਵਰਗੇ ਇਨ੍ਹਾਂ ਦਿਲਾਸਿਆਂ-ਕ੍ਰਿਸ਼ਮਿਆਂ ਨੇ ਪਹਿਲਾਂ ਹੀ ਦੇਵਦੂਤ ਦੀ ਮਕਬੂਲੀਅਤ ਨੂੰ ਧੱਕਾ ਪਹੁੰਚਾਇਆ ਸੀ। ਬਾਕੀ ਬਚੀ ਹੋਈ ਪ੍ਰਸਿੱਧੀ ਨੂੰ ਪੂਰੀ ਤਰ੍ਹਾਂ ਮਲੀਆਮੇਟ ਕਰਨ ਦਾ ਕੰਮ ਮੱਕੜੀ ਬਣ ਗਈ ਕੁੜੀ ਨੇ ਕਰ ਦਿੱਤਾ। ਇਸ ਤਰ੍ਹਾਂ ਪਾਦਰੀ ਗੋਨਜ਼ੈਗਾ ਰਾਤ ਭਰ ਜਾਗਣ ਦੀ ਆਪਣੀ ਮਜਬੂਰੀ ਤੋਂ ਮੁਕਤ ਹੋ ਗਿਆ ਅਤੇ ਪੇਲਾਓ ਦਾ ਵਿਹੜਾ ਪਹਿਲਾਂ ਵਾਂਗ ਖਾਲੀ ਹੋ ਗਿਆ ਜਦੋਂ ਤਿੰਨ ਦਿਨਾਂ ਤੱਕ ਲਗਾਤਾਰ ਮੀਂਹ ਪੈਂਦਾ ਰਿਹਾ ਸੀ ਅਤੇ ਕੇਕੜੇ ਘਰ ਦੇ ਸੌਣ ਵਾਲਿਆਂ ਕਮਰਿਆਂ ਵਿਚ ਘੁੰਮਣ ਲੱਗੇ ਸਨ।

ਉਸ ਘਰ ਦੇ ਮਾਲਕਾਂ ਲਈ ਸੋਗ ਮਨਾਉਣ ਦੀ ਕੋਈ ਵਜ੍ਹਾ ਨਹੀਂ ਸੀ। ਇਸ ਪੂਰੇ ਤਮਾਸ਼ੇ ਦੌਰਾਨ ਉਨ੍ਹਾਂ ਨੇ ਢੇਰ ਸਾਰਾ ਰੁਪਿਆ ਕਮਾ ਲਿਆ ਸੀ ਜਿਸ ਨਾਲ ਉਨ੍ਹਾਂ ਨੇ ਸ਼ਾਨਦਾਰ ਦੋ-ਮੰਜ਼ਿਲਾ ਮਕਾਨ ਬਣਾ ਲਿਆ ਸੀ। ਇਸ ਆਲੀਸ਼ਾਨ ਘਰ ਵਿਚ ਕਈ ਛੱਜੇ ਤੇ ਬਗੀਚੇ ਸਨ ਅਤੇ ਉਚੀ ਵਾੜ ਵੀ ਸੀ ਜੋ ਸਰਦੀਆਂ ਵਿਚ ਕੇਕੜਿਆਂ ਨੂੰ ਅੰਦਰ ਵੜਨੋਂ ਰੋਕਦੀ ਸੀ। ਇਸ ਮਕਾਨ ਦੀਆਂ ਖਿੜਕੀਆਂ ਵਿਚ ਲੋਹੇ ਦੇ ਸਰੀਏ ਵੀ ਸਨ, ਤਾਂ ਜੋ ਦੇਵਦੂਤ ਵੀ ਅੰਦਰ ਨਾ ਪਹੁੰਚ ਸਕਣ। ਪੇਲਾਓ ਨੇ ਜ਼ਿਮੀਂਦਾਰ ਦੇ ਕਰਿੰਦੇ ਦੀ ਨੌਕਰੀ ਛੱਡ ਦਿੱਤੀ ਅਤੇ ਸ਼ਹਿਰ ਦੇ ਨਜ਼ਦੀਕ ਹੀ ਜ਼ਮੀਨ ਖਰੀਦ ਕੇ ਉਥੇ ਖਰਗੋਸ਼ ਪਾਲਣ ਦਾ ਧੰਦਾ ਸ਼ੁਰੂ ਕਰ ਦਿੱਤਾ। ਦੂਜੇ ਪਾਸੇ ਐਲੀਸੈਂਦਾ ਨੇ ਵੀ ਸਾਟਨ ਕੱਪੜੇ ਦੇ ਉੱਚੀ ਅੱਡੀ ਵਾਲੇ ਕੁਝ ਐਸੇ ਜੁੱਤੇ ਅਤੇ ਰੇਸ਼ਮ ਦੀਆਂ ਕੁਝ ਅਜਿਹੀਆਂ ਸਤਰੰਗੀ ਪੁਸ਼ਾਕਾਂ ਖਰੀਦ ਲਈਆਂ ਜੋ ਉਸ ਜ਼ਮਾਨੇ ਵਿਚ ਐਤਵਾਰ ਦੇ ਦਿਨ ਉਥੋਂ ਦੇ ਅਮੀਰ ਵਰਗ ਦੀਆਂ ਔਰਤਾਂ ਪਹਿਨਦੀਆਂ ਸਨ।

ਮੁਰਗੀਆਂ ਦਾ ਖੁੱਡਾ ਹੀ ਇਕ-ਮਾਤਰ ਐਸੀ ਚੀਜ਼ ਸੀ ਜਿਸ ਵੱਲ ਕੋਈ ਧਿਆਨ ਨਹੀਂ ਸੀ ਦਿੱਤਾ ਗਿਆ। ਜੇ ਉਹ ਇਸ ਨੂੰ ਫਿਨਾਇਲ ਨਾਲ ਸਾਫ ਕਰਦੇ ਸਨ ਅਤੇ ਉਥੇ ਧੂਪ-ਬੱਤੀ ਜਗਾਉਂਦੇ ਸਨ ਤਾਂ ਉਹ ਸਾਰਾ ਕੁਝ ਦੇਵਦੂਤ ਦੇ ਸਨਮਾਨ ਵਿਚ ਨਹੀਂ ਸੀ ਕੀਤਾ ਜਾਂਦਾ, ਸਗੋਂ ਉਥੇ ਇਕੱਠੇ ਹੋਣ ਵਾਲੇ ਕੂੜੇ ਦੇ ਢੇਰ ਵਿਚੋਂ ਆਉਣ ਵਾਲੀ ਬਦਬੂ ਤੋਂ ਬਚਣ ਲਈ ਕੀਤਾ ਜਾਂਦਾ ਜੋ ਕਿਸੇ ਪ੍ਰੇਤ ਵਾਂਗ ਹਰ ਕੋਨੇ ਵਿਚ ਪਹੁੰਚ ਜਾਂਦੀ ਅਤੇ ਉਸ ਨਵੇਂ ਮਕਾਨ ਨੂੰ ਕਿਸੇ ਪੁਰਾਣੀ ਬਦਬੂਦਾਰ ਇਮਾਰਤ ਵਿਚ ਬਦਲ ਦਿੰਦੀ।

ਸ਼ੁਰੂ-ਸ਼ੁਰੂ ਵਿਚ ਜਦੋਂ ਬੱਚਾ ਤੁਰਨ ਲੱਗਾ ਤਾਂ ਉਹ ਬੇਹੱਦ ਸਾਵਧਾਨੀ ਨਾਲ ਇਹ ਪੱਕਾ ਕਰਨ ਦੀ ਕੋਸ਼ਿਸ਼ ਕਰਦੇ ਕਿ ਉਹ ਮੁਰਗੀਆਂ ਦੇ ਖੁੱਡੇ ਦੇ ਜ਼ਿਆਦਾ ਨੇੜੇ ਨਾ ਜਾਵੇ, ਪਰ ਹੌਲੀ-ਹੌਲੀ ਉਨ੍ਹਾਂ ਦਾ ਡਰ ਲਹਿ ਗਿਆ ਅਤੇ ਉਹ ਬਦਬੂ ਦੇ ਆਦੀ ਹੋ ਗਏ। ਆਪਣਾ ਦੂਜਾ ਦੰਦ ਕੱਢਣ ਤੋਂ ਪਹਿਲਾਂ ਬੱਚਾ ਉਥੋਂ ਮੁਰਗੀਆਂ ਦੇ ਖੁੱਡੇ ਵਿਚ ਜਾ ਕੇ ਖੇਡਣ ਲੱਗਾ ਸੀ ਜਿਥੇ ਵਾੜ ਦੀਆਂ ਤਾਰਾਂ ਉਖੜਨ ਲੱਗੀਆਂ ਸਨ। ਬੱਚੇ ਪ੍ਰਤੀ ਵੀ ਬੁੱਢੇ ਦੇਵਦੂਤ ਦਾ ਰਵੱਈਆ ਉਹੋ ਜਿਹਾ ਹੀ ਰਿਹਾ ਜਿਵੇਂ ਹੋਰ ਲੋਕਾਂ ਵੱਲ ਸੀ, ਪਰ ਉਹ ਠਰ੍ਹੰਮੇ ਨਾਲ ਹਰ ਤਰ੍ਹਾਂ ਦੀ ਨੀਚਤਾ ਸਹਿਣ ਕਰ ਲੈਂਦਾ ਸੀ; ਜਿਵੇਂ ਉਹ ਕੋਈ ਕੁੱਤਾ ਹੋਵੇ ਅਤੇ ਜਿਸ ਨੂੰ ਆਪਣੇ ਬਾਰੇ ਵਿਚ ਕੋਈ ਭੁਲੇਖਾ ਨਾ ਹੋਵੇ। ਉਸ ਬੱਚੇ ਅਤੇ ਦੇਵਦੂਤ, ਦੋਵਾਂ ਨੂੰ ਹੀ ਇਕੋ ਸਮੇਂ ਛੋਟੀ ਮਾਤਾ ਨਿਕਲ ਆਈ ਸੀ। ਜਿਸ ਡਾਕਟਰ ਨੇ ਬੱਚੇ ਦਾ ਇਲਾਜ ਕੀਤਾ, ਉਹ ਦੇਵਦੂਤ ਦੀ ਛਾਤੀ 'ਤੇ ਸਟੈਥੋਸਕੋਪ ਲਾ ਕੇ ਸੁਣਨ ਦੀ ਲਾਲਸਾ ਕਰ ਕੇ ਖੁਦ ਨੂੰ ਨਹੀਂ ਸੀ ਰੋਕ ਸਕਿਆ। ਡਾਕਟਰ ਨੂੰ ਦੇਵਦੂਤ ਦੇ ਸੀਨੇ ਵਿਚ ਐਸੀ ਗੜਗੜਾਹਟ ਸੁਣਾਈ ਦਿੱਤੀ ਅਤੇ ਉਸ ਦੇ ਗੁਰਦੇ ਵਿਚ ਇੰਨੀਆਂ ਜ਼ਿਆਦਾ ਆਵਾਜ਼ਾਂ ਸੁਣਾਈ ਦਿੱਤੀਆਂ ਕਿ ਉਸ ਨੂੰ ਦੇਵਦੂਤ ਦੇ ਜ਼ਿੰਦਾ ਬਚੇ ਹੋਣ 'ਤੇ ਹੈਰਾਨੀ ਹੋਈ, ਪਰ ਉਸ ਨੂੰ ਸਭ ਤੋਂ ਵੱਧ ਹੈਰਾਨੀ ਦੇਵਦੂਤ ਦੇ ਖੰਭਾਂ ਬਾਰੇ ਹੋਈ। ਕਿਸੇ ਵੀ ਆਮ ਆਦਮੀ ਵਾਂਗੂੰ ਜਾਪਣ ਵਾਲੇ ਉਸ ਦੇਵਦੂਤ ਦੇ ਉਹ ਖੰਭ ਇੰਨੇ ਸਹਿਜ ਲੱਗ ਰਹੇ ਸਨ ਕਿ ਡਾਕਟਰ ਇਹ ਨਹੀਂ ਸਮਝ ਸਕਿਆ ਕਿ ਦੂਜੇ ਇਨਸਾਨਾਂ ਦੇ ਸਰੀਰ 'ਤੇ ਵੀ ਖੰਭ ਕਿਉਂ ਨਹੀਂ ਸਨ!

ਆਖਰ ਧੁੱਪ ਵਿਚ ਮੀਂਹ ਦੀ ਤਾਬ ਸਹਿੰਦਿਆਂ-ਸਹਿੰਦਿਆਂ ਇਕ ਦਿਨ ਮੁਰਗੀਆਂ ਵਾਲਾ ਖੁੱਡਾ ਡਿੱਗ ਪਿਆ। ਇਸ ਘਟਨਾ ਤੋਂ ਕੁਝ ਸਮੇਂ ਬਾਅਦ ਬੱਚਿਆਂ ਨੇ ਸਕੂਲ ਜਾਣਾ ਸ਼ੁਰੂ ਕਰ ਦਿੱਤਾ। ਦੇਵਦੂਤ ਕਿਸੇ ਭਟਕਦੇ ਹੋਏ ਮਰਨ ਵਾਲੇ ਆਦਮੀ ਵਾਂਗੂੰ ਖੁਦ ਨੂੰ ਘਰ ਵਿਚ ਇਧਰ-ਉਧਰ ਘਸੀਟਦਾ ਫਿਰਦਾ। ਉਹ ਝਾੜੂ ਲੈ ਕੇ ਉਸ ਨੂੰ ਸੌਣ ਵਾਲੇ ਕਮਰੇ ਤੋਂ ਭਜਾਉਂਦੇ, ਪਰ ਪਲ ਭਰ ਵਿਚ ਹੀ ਉਹ ਉਸ ਨੂੰ ਰਸੋਈ ਘਰ ਵਿਚ ਮੌਜੂਦ ਵੇਖਦੇ। ਉਹ ਬੁੱਢਾ ਦੇਵਦੂਤ ਇਕੋ ਵਾਰੀ ਇੰਨੀਆਂ ਸਾਰੀਆਂ ਥਾਂਵਾਂ 'ਤੇ ਮੌਜੂਦ ਰਹਿੰਦਾ ਕਿ ਉਹ ਸੋਚਣ ਲੱਗਦੇ ਕਿ ਉਸ ਨੇ ਆਪਣੇ ਵਾਂਗੂੰ ਕਈ ਹੋਰ ਦੇਵਦੂਤ ਬਣਾ ਲਏ ਹਨ ਅਤੇ ਉਦੋਂ ਖਿਝੀ ਹੋਈ ਐਲੀਸੈਂਦਾ ਘਬਰਾ ਕੇ ਚੀਕਣ ਲੱਗਦੀ ਕਿ ਦੇਵਦੂਤਾਂ ਨਾਲ ਭਰੇ ਇਸ ਨਰਕ ਵਿਚ ਰਹਿੰਦਿਆਂ ਹੌਲ ਪੈਂਦਾ ਸੀ। ਉਹ ਬੁੱਢਾ ਦੇਵਦੂਤ ਹੁਣ ਬਹੁਤ ਮੁਸ਼ਕਿਲ ਨਾਲ ਹੀ ਕੁਝ ਖਾ-ਪੀ ਸਕਦਾ ਸੀ ਅਤੇ ਉਸ ਦੀਆਂ ਪੁਰਾਣੀਆਂ ਅੱਖਾਂ ਦੀ ਰੌਸ਼ਨੀ ਹੁਣ ਐਨੀ ਧੁੰਦਲੀ ਹੋ ਚੁੱਕੀ ਸੀ ਕਿ ਉਹ ਅਕਸਰ ਚੀਜ਼ਾਂ ਨਾਲ ਟਕਰਾ ਜਾਂਦਾ। ਉਦਾਰਤਾ ਦਿਖਾਉਂਦੇ ਹੋਇਆਂ ਉਸ ਨੂੰ ਵਿਹੜੇ ਵਿਚ ਸੌਣ ਦਿੱਤਾ ਜਾਂਦਾ। ਉਦੋਂ ਜਾ ਕੇ ਉਨ੍ਹਾਂ ਨੇ ਵੇਖਿਆ ਕਿ ਰਾਤ ਵੇਲੇ ਉਸ ਨੂੰ ਤੇਜ਼ ਬੁਖਾਰ ਹੋ ਗਿਆ ਸੀ। ਇਸ ਹਾਲਤ ਵਿਚ ਪਾਏ ਜਾ ਰਹੇ ਆਪਣੇ ਚੀਕ-ਚਿਹਾੜੇ ਵਿਚ ਉਹ ਨਾਰਵੇ ਦੀ ਭਾਸ਼ਾ ਦੇ ਔਖੇ ਸ਼ਬਦ ਬੁੜਬੁੜਾਉਂਦਾ ਲੱਗ ਰਿਹਾ ਸੀ। ਅਜਿਹਾ ਕਦੇ ਕਦਾਈਂ ਹੀ ਹੋਇਆ ਸੀ ਕਿ ਉਹ ਉਸ ਬੁੱਢੇ ਬਾਰੇ ਭੈ-ਭੀਤ ਹੋਏ ਹੋਣ, ਪਰ ਇਸ ਵਾਰੀ ਅਜਿਹਾ ਹੀ ਵਾਪਰਿਆ। ਦਰਅਸਲ, ਉਨ੍ਹਾਂ ਨੂੰ ਜਾਪਿਆ ਕਿ ਉਹ ਬੁੱਢਾ ਦੇਵਦੂਤ ਮਰਨ ਵਾਲਾ ਸੀ ਅਤੇ ਉਹ ਅਕਲਮੰਦ ਔਰਤ ਉਨ੍ਹਾਂ ਨੂੰ ਇਹ ਵੀ ਨਹੀਂ ਸੀ ਦੱਸ ਸਕੀ ਕਿ ਮਰ ਗਏ ਦੇਵਦੂਤ ਨਾਲ ਕੀ ਕੁਝ ਕੀਤਾ ਜਾਂਦਾ ਸੀ।

ਇਸ ਦੇ ਬਾਵਜੂਦ ਉਹ ਨਾ ਸਿਰਫ ਅਤਿ ਦੀ ਠੰਢ ਸਹਿਣ ਕਰ ਕੇ ਬਚ ਗਿਆ, ਸਗੋਂ ਚੰਗੇ ਮੌਸਮ ਦੇ ਸ਼ੁਰੂ ਹੁੰਦਿਆਂ ਹੀ ਉਸ ਦੀ ਹਾਲਤ ਵਿਚ ਸੁਧਾਰ ਵੀ ਹੋਇਆ। ਵਿਹੜੇ ਦੇ ਦੂਰ ਦੇ ਖੂੰਜੇ ਵਿਚ ਉਹ ਕਈ ਦਿਨਾਂ ਤੱਕ ਬਗੈਰ ਹਿੱਲਿਆ-ਡੁੱਲਿਆਂ ਬੈਠਾ ਰਿਹਾ। ਉਥੇ ਉਸ ਨੂੰ ਕੋਈ ਨਹੀਂ ਸੀ ਦੇਖ ਸਕਦਾ। ਅਗਲੇ ਮਹੀਨੇ ਦੇ ਸ਼ੁਰੂ ਵਿਚ ਉਸ ਦੇ ਖੰਭਾਂ 'ਤੇ ਕੁਝ ਵੱਡੇ ਤੇ ਖੜ੍ਹੇ ਵਾਲਾਂ ਦੇ ਗੁੱਛੇ ਉੱਗਣ ਲੱਗੇ। ਇਹ ਕਿਸੇ ਡਰਨੇ ਦੇ ਖੰਭਾਂ ਵਰਗੇ ਸਨ। ਜਿਵੇਂ ਇਹ ਦੁਬਾਰਾ ਕਿਸੇ ਪੁਰਾਣੇਪਣ ਦੀ ਬਦਨਸੀਬੀ ਦਾ ਸੁਨੇਹਾ ਲੈ ਕੇ ਆਏ ਹੋਣ, ਪਰ ਬੁੱਢੇ ਨੂੰ ਸ਼ਾਇਦ ਇਸ ਤਬਦੀਲੀ ਦਾ ਕਾਰਨ ਪਤਾ ਸੀ। ਉਹ ਪੂਰੀ ਤਰ੍ਹਾਂ ਚੌਕੰਨਾ ਸੀ ਤਾਂਕਿ ਕੋਈ ਇਸ ਬਾਰੇ ਨਾ ਜਾਣ ਸਕੇ। ਕਦੇ-ਕਦੇ ਉਹ ਰਾਤ ਨੂੰ ਲੁਕ ਕੇ ਸਿਤਾਰਿਆਂ ਹੇਠਾਂ ਸਮੁੰਦਰੀ ਗੀਤ ਗੁਣਗੁਣਾਉਂਦਾ ਸੀ। ਉਸ ਨੇ ਇਸ ਦੀ ਭਿਣਕ ਵੀ ਕਿਸੇ ਨੂੰ ਨਹੀਂ ਪੈਣ ਦਿੱਤੀ ਸੀ।

ਇਕ ਸਵੇਰ ਐਲੀਸੈਂਦਾ ਦੁਪਹਿਰ ਦੇ ਭੋਜਨ ਲਈ ਪਿਆਜ਼ ਛਿੱਲ ਰਹੀ ਸੀ ਕਿ ਸਮੁੰਦਰ ਤੋਂ ਨਹਾ ਕੇ ਆਈ ਹਵਾ ਰਸੋਈ ਵਿਚ ਪਹੁੰਚੀ। ਉਦੋਂ ਉਹ ਖਿੜਕੀ ਤੱਕ ਗਈ ਅਤੇ ਉਸ ਨੇ ਦੇਵਦੂਤ ਨੂੰ ਉਡਣ ਦਾ ਪਹਿਲਾ ਜਤਨ ਕਰਦਿਆਂ ਦੇਖਿਆ। ਇਹ ਕੋਸ਼ਿਸ਼ ਐਨੀ ਅਜੀਬ ਸੀ ਕਿ ਉਸ ਦੇ ਨਹੁੰਆਂ ਨੇ ਸਬਜ਼ੀਆਂ ਦੇ ਖੇਤ ਵਿਚ ਟੋਇਆ ਪਾ ਦਿੱਤਾ। ਉਸ ਦੇ ਖੰਭਾਂ ਦੀ ਅਨਾੜੀ ਫੜਫੜਾਹਟ ਨੇ ਅਹਾਤੇ ਨੂੰ ਵੀ ਤਕਰੀਬਨ ਡੇਗ ਹੀ ਦਿੱਤਾ ਸੀ। ਉਸ ਦੇ ਖੰਭ ਹਵਾ ਦਾ ਠੀਕ ਤਰ੍ਹਾਂ ਨਾਲ ਜਾਇਜ਼ਾ ਨਹੀਂ ਸਨ ਲੈ ਸਕੇ, ਫਿਰ ਵੀ ਕਿਸੇ ਤਰ੍ਹਾਂ ਉਹ ਹਵਾ ਵਿਚ ਉਪਰ ਚਲਾ ਗਿਆ।

ਜਦੋਂ ਐਲੀਸੈਂਦਾ ਨੇ ਉਸ ਨੂੰ ਅਖੀਰਲੀਆਂ ਇਮਾਰਤਾਂ ਦੇ ਉਪਰੋਂ ਉਡ ਕੇ ਜਾਂਦੇ ਦੇਖਿਆ ਤਾਂ ਉਸ ਨੇ ਆਪਣੇ ਅਤੇ ਉਸ ਲਈ ਸੁੱਖ ਦਾ ਸਾਹ ਲਿਆ। ਉਸ ਨੇ ਕਿਸੇ ਬੁੱਢੇ ਗਿੱਧ ਵਾਂਗ ਖਤਰਨਾਕ ਢੰਗ ਨਾਲ ਆਪਣੇ ਖੰਭ ਫੜਫੜਾਉਂਦਿਆਂ ਕਿਸੇ ਪ੍ਰਕਾਰ ਖੁਦ ਨੂੰ ਹਵਾ ਵਿਚ ਰੋਕਿਆ ਹੋਇਆ ਸੀ।

ਐਲੀਸੈਂਦਾ ਪਿਆਜ਼ ਕੱਟਣ ਤੋਂ ਬਾਅਦ ਵੀ ਉਸ ਨੂੰ ਦੇਖਦੀ ਰਹੀ। ਉਹ ਉਦੋਂ ਤੱਕ ਉਸ ਨੂੰ ਜਾਂਦਿਆਂ ਤੱਕਦੀ ਰਹੀ ਜਦੋਂ ਤੱਕ ਉਹ ਉਹਨੂੰ ਦਿਸਣੋਂ ਵੀ ਹਟ ਗਿਆ ਸੀ। ਬੁੱਢਾ ਦੇਵਦੂਤ ਹੁਣ ਉਨ੍ਹਾਂ ਨੂੰ ਖਿਝਾ ਨਹੀਂ ਸੀ ਸਕਦਾ। ਹੁਣ ਉਹ ਸਮੁੰਦਰ ਦੀਆਂ ਲਹਿਰਾਂ 'ਤੇ ਕਲਪਨਿਕ ਬਿੰਦੀ ਬਣ ਕੇ ਰਹਿ ਗਿਆ ਸੀ।

# ਕਾਵਿ-ਕਿਆਰੀ

## ਨਵਾਂ ਸਾਲ?

ਨਵਾਂ ਸਾਲ, ਕੀ ਨਵਾਂ ਲਿਆਇਆ?  
ਉਹੀ ਚਾਲ, ਜਿਨ੍ਹੇ ਚੰਦ ਚੜ੍ਹਾਇਆ।  
ਨਫ਼ਰਤ ਦੇ ਬੱਦਲ, ਘੁਟਦੇ ਨੇ ਸਾਹ,  
ਸਾਵਣ ਰੁੱਤੇ ਵੀ, ਹੈ ਸੁੱਕਿਆ ਘਾਹ।  
ਬਰਫ ਵਿਚੋਂ ਵੀ ਹੈ, ਸੇਕ ਨਿਕਲਦਾ,  
ਫੁੱਲ ਕਲੀਆਂ ਦੀ, ਉਡਦੀ ਸੁਆਹ।  
ਬਦਲ ਗਈ, ਧਰਤੀ ਦੀ ਕਾਇਆ,  
ਨਵਾਂ ਸਾਲ, ਕੀ ਨਵਾਂ ਲਿਆਇਆ?

ਮਸਤ ਹਾਥੀ, ਮਿੱਧਦੇ ਫੁੱਲ ਕਲੀਆ,  
ਕਾਮ ਅੱਗ 'ਚ, ਚੜ੍ਹਦੀਆਂ ਬਲੀਆਂ।  
ਕਾਮੇ ਦੀ ਰੱਤ, ਚੂਸ ਕੇ ਰੱਜ ਰਹੇ ਨੇ,  
ਸਰਕਾਰੀ ਬੱਕਰੇ, ਖਾ ਗਏ ਫਲੀਆਂ।  
ਰਾਖੇ ਵੀ ਹੁਣ ਨੇ, ਲੁਟੇਰੇ ਬਣ ਗਏ,  
ਫਿਰ ਜ਼ੁਲਮਾਂ ਦਾ, ਤੰਦੂਰ ਹੈ ਤਾਇਆ।  
ਨਵਾਂ ਸਾਲ, ਕੀ ਨਵਾਂ ਲਿਆਇਆ?

ਫਿਰ ਬੰਬ ਗੋਲੇ, ਵਰਸਾਂਦੇ ਜ਼ਰਬਾਣੇ,  
ਜੀ ਰਹੀ ਹੈ ਗੁਰਬਤ, ਰੱਬ ਦੇ ਭਾਣੇ।  
ਕਾਤਲ ਫਿਰਦੇ, ਬੇਖ਼ੌਫ ਰਾਤ ਦਿਨ,  
ਚੋਰ ਬਣੇ ਨੇ ਸਾਧੂ, ਨਾ ਜਾਣ ਪਛਾਣੇ।  
ਸਾਧੂ ਸੰਤ ਨੇ ਹੁਣ ਧਰਮ ਵੇਚਦੇ,  
'ਨੇਕ ਕਮਾਈ' ਹੈ, ਲੁੱਟਿਆ ਸਰਮਾਇਆ।  
ਨਵਾਂ ਸਾਲ, ਕੀ ਨਵਾਂ ਲਿਆਇਆ?

ਨਵਾਂ ਸਾਲ ਠੀਕ, ਫਿਰ ਨਵਾਂ ਹੋਏਗਾ,  
ਭਾਗੋ ਦੀ ਰੋਟੀ 'ਚੋਂ, ਜਦ ਖੂਨ ਚੋਏਗਾ।  
ਮੁੱਕੇਗੀ ਧੁੰਦ ਫਿਰ, ਜਗ ਚਾਨਣ ਹੋਸੀ,  
ਖਾਲੀ ਪੇਟ ਨਹੀਂ, ਕੋਈ ਬਾਲ ਸੌਏਗਾ।  
ਪਿਆਰ, ਮੁਹੱਬਤ ਜਦ, ਸਿੱਖੂ ਮਨੁੱਖਤਾ  
ਸਭ ਜਗ ਆਪਣਾ, ਨਾ ਕੋਈ ਪਰਾਇਆ।  
ਫਿਰ ਕਹਾਂਗੇ, ਨਵਾਂ ਸਾਲ ਹੈ ਆਇਆ।  
ਨਵਾਂ ਸਾਲ, ਕੀ ਨਵਾਂ ਲਿਆਇਆ?  
ਪੁੱਠੀ ਚਾਲ ਜਿਨ੍ਹੇ, ਚੰਦ ਚੜ੍ਹਾਇਆ।

-ਮੋਤਾ ਸਿੰਘ

## ਸਾਲ 2016 ਮੁਬਾਰਕ

ਚੜ੍ਹਿਆ ਏ ਸਾਲ ਨਵਾਂ,  
ਲਿਆਵੇ ਖੁਸ਼ੀਆਂ ਤੇ ਖੇੜੇ ਜੀ।  
ਲੱਗੀਆਂ ਰਹਿਣ ਰੌਣਕਾਂ,  
ਤੇ ਭਰੇ ਰਹਿਣ ਵਿਹੜੇ ਜੀ।

ਤੰਦਰੁਸਤੀ ਤੇ ਸੁੱਖ-ਸ਼ਾਂਤੀ,  
ਹਾਂ ਥੋੜੇ ਲਈ ਮੰਗਦੇ।  
ਦੁੱਖ-ਦਰਦ ਤੇ ਕਲੇਸ਼,  
ਦੂਰੋਂ-ਦੂਰ ਹੋ ਕੇ ਲੰਘਦੇ।  
ਤੁਹਾਡੇ ਕਦਮਾਂ ਨੂੰ ਚੁੰਮਣ,  
ਕਾਮਯਾਬੀਆਂ, ਤਰੱਕੀਆਂ।  
ਹੋਣ ਇਛਾਵਾਂ ਪੂਰੀਆਂ,  
ਜੋ ਬੜੀ ਦੇਰ ਤੋਂ ਨੇ ਰੱਖੀਆਂ।

ਭੁਲਾ ਕੇ ਗੁੱਸੇ-ਗਿਲੇ,  
ਰੁੱਸਿਆਂ ਨੂੰ ਮਨਾਇਓ ਜੀ।  
ਸਿਓਂ ਕੇ ਫੱਟ ਬੋਲਾਂ ਦੇ,  
ਮੱਲਮ ਪਿਆਰ ਦੀ ਲਾਇਓ ਜੀ।

ਰੱਬ ਕਰੇ ਵੱਲ ਆ ਜੇ,  
ਬੁਰਾਈਆਂ ਨੂੰ ਭੁਲਾਉਣ ਦਾ।  
ਸੁਆਦ 'ਦਵਿੰਦਰਾ' ਵੱਖਰਾ ਏ,  
'ਭਲਾ ਸਰਬੱਤ ਦਾ' ਚਾਹੁਣ ਦਾ।

ਕਰਿਓ ਜੀ ਮੁਆਫ਼, ਸਾਡੀਆਂ  
ਵਧਾਈਆਂ ਕੁਝ ਲੇਟ ਨੇ।  
ਕਹਿੰਦੇ ਨੇ ਸਿਆਣੇ, ਉਂਜ  
ਸਾਲ ਚੜ੍ਹਨਾ ਏ ਵਿਚ ਚੇਤ ਦੇ।

-ਦਵਿੰਦਰ ਸਿੰਘ ਸੇਖੋਂ

## ਆ ਗਿਆ 2016

ਤੁਰ ਗਿਆ ਵੀਹ ਸੌ ਪੰਦਰਾਂ,  
ਜਾਗੋ ਜਾਗੋ ਜਾਗੋ।  
ਆ ਗਿਆ ਵੀਹ ਸੌ ਸੋਲਾਂ,  
ਜਾਗੋ ਨੀਂਦ ਤਿਆਗੋ।  
ਨਵੇਂ ਸਾਲ ਦਾ ਸਜਰਾ ਸੂਰਜ,  
ਹੋ ਗਈ ਨਵੀਂ ਸਵੇਰ।  
ਉਠੋ ਭਰੀ ਉਮੰਗਾਂ ਨਵੀਆਂ,  
ਨਾ ਹੁਣ ਲਾਓ ਦੇਰ।  
ਇਹ ਸਾਂਝਾਂ ਦੀ ਦੁਨੀਆਂ ਸਾਰੀ,  
ਖੇਰੂੰ ਖੇਰੂੰ ਹੋਈ।  
ਚਾਰ ਚੁਫੇਰੇ ਨਫਰਤ,  
ਮਾਨਵਤਾ ਅੱਧ ਮੋਈ।  
ਬੰਦ ਕਰੋ ਹੁਣ ਜੰਗਾਂ,  
ਛੱਡ ਕੇ ਝਗੜੇ ਝੇੜੇ।  
ਅਮਨ ਦੇ ਹਾਮੀ ਬਣ ਕੇ,  
ਵੰਡੋ ਖੁਸ਼ੀਆਂ ਖੇੜੇ।

ਪ੍ਰਦੂਸ਼ਣ ਦਾ ਇਹ ਮਹੁਰਾ,  
ਬੰਦੇ ਨੂੰ ਪਿਆ ਮਾਰੇ।  
ਰੋਕੋ ਰਲ ਕੇ ਸਾਰੇ,  
ਧਰਤੀ ਪਈ ਪੁਕਾਰੇ।  
ਫਿਰ ਕੁਦਰਤ ਦਿਆਂ ਰੰਗਾਂ ਦੇ,  
ਲੁੱਟੋ ਖੂਬ ਨਜ਼ਾਰੇ।  
ਜੀਵਣ ਹੈ ਅਨਮੋਲ,  
ਮਾਣੋ ਰਲ ਕੇ ਸਾਰੇ।  
ਨਵਾਂ ਸਾਲ ਹੈ ਆਇਆ,  
ਬਣਕੇ ਪਹਿਰੇਦਾਰ।  
ਆਪਣਾ ਆਪ ਸੰਭਾਲੋ,  
ਹੋ ਕੇ ਸਭ ਹੁਸ਼ਿਆਰ।  
ਤੁਰ ਗਿਆ ਵੀਹ ਸੌ ਪੰਦਰਾਂ,  
ਜਾਗੋ ਜਾਗੋ ਜਾਗੋ।  
ਆ ਗਿਆ ਵੀਹ ਸੌ ਸੋਲਾਂ,  
ਜਾਗੋ ਨੀਂਦ ਤਿਆਗੋ।

-ਰਵੇਲ ਸਿੰਘ ਇਟਲੀ  
ਫੋਨ: 3272382827

## 'ਪੰਜਾਬ ਟਾਈਮਜ਼' ਦੀ ਵਰ੍ਹੇਗੰਢ

'ਪੰਜਾਬ ਟਾਈਮਜ਼' ਅਖਬਾਰ ਦੀਆਂ ਦੁਨੀਆਂ ਵਿਚ ਹੋਵਣ ਗੱਲਾਂ,  
ਕਾਂਗ ਪਿਆਰ ਦੀ ਚੜ੍ਹਦੀ ਤੱਕ ਕੇ ਜਿਉਂ ਸਾਗਰ ਦੀਆਂ ਛੱਲਾਂ,  
ਅਖਬਾਰਾਂ ਦੇ ਢੇਰਾਂ ਵਿਚੋਂ ਇਹਨੂੰ ਲੱਭ-ਲੱਭ ਲੋਕੀ ਪੜ੍ਹਦੇ,  
ਵਧਦਾ ਜਾਵੇ ਮੰਜ਼ਿਲ ਵੱਲ 'ਸੁਰਜੀਤ' ਮਾਰਦਾ ਛੱਲਾਂ।

ਸੁਘੜ ਸਿਆਣੇ ਕਾਲਮਨਵੀਸ ਲਿਖਤਾਂ ਨਾਲ ਸਜਾਂਦੇ,  
ਉਚੀਆਂ ਸੁੱਚੀਆਂ ਲਿਖਤਾਂ ਪੜ੍ਹ ਕੇ ਪਾਠਕ ਖੂਬ ਸਰਾਂਹਦੇ,  
ਅਮਰੀਕਾ ਵਿਚ ਰਾਜ ਇਹ ਕਰਦਾ ਅਖਬਾਰਾਂ ਦੇ ਉਤੇ,  
ਤਾਂਹਿਓਂ ਤਾਂ 'ਸੁਰਜੀਤ' ਏਸ ਦੇ ਗੁਣ ਨੇ ਲੋਕੀ ਗਾਂਦੇ।

ਮਾਂ ਬੋਲੀ ਪੰਜਾਬੀ ਦੀ ਇਹ ਰੱਜ-ਰੱਜ ਸੇਵਾ ਕਰਦਾ,  
ਬੇਖ਼ੌਫ ਬੇਲਾਗ ਬੇਦਾਗ ਹੋ ਕਦਮ ਹੈ ਅੱਗੇ ਧਰਦਾ,  
ਪੂਰੇ ਅਮਰੀਕਾ ਵਿਚ ਇਸ ਦਾ ਕੋਈ ਨਾ ਹੋਣਾ ਸਾਨੀ,  
ਨਾ 'ਸੁਰਜੀਤ' ਡਰਾਏ ਕਿਸੇ ਨੂੰ, ਨਹੀਂ ਕਿਸੇ ਤੋਂ ਡਰਦਾ।

ਪਰਬਤ ਵਾਂਗ ਅਡੋਲ ਖਲੋਤਾ ਵਾਂਗ ਸਮੁੰਦਰ ਗਹਿਰਾ,  
ਖੂਬ ਬਣਾਇਆ ਦੁਨੀਆਂ ਦੇ ਵਿਚ ਇਸ ਨੇ ਆਪਣਾ ਦਾਇਰਾ,  
ਸੱਚ ਦੀਆਂ ਸਦਾ ਸੁਣਾਵੇ ਗੱਲਾਂ ਸੱਚ ਦੀਆਂ ਪਾਵੇ ਬਾਤਾਂ,  
ਦੇਂਦਾ ਹੈ 'ਸੁਰਜੀਤ' ਸਦਾ ਹੀ ਸੱਚ ਦੇ ਉਤੇ ਪਹਿਰਾ।

ਮਾਲਾ ਵਿਚ ਪਰੋਏ ਇਸ ਨੇ ਚੁਣ-ਚੁਣ ਮਾਣਕ ਮੋਤੀ,  
ਕੁਦਰਤ ਵੀ ਪਈ ਵੇਖੇ ਇਸ ਨੂੰ ਇਸ ਦੇ ਕੋਲ ਖਲੋਤੀ,  
ਰੱਬ ਦੀ ਰਹਿਮਤ ਵੱਸਦੀ ਰਹੇ ਇਸ ਖਿੜੇ ਬਗੀਚੇ ਉਤੇ,  
ਰਹੇ 'ਸੁਰਜੀਤ' ਜੁਗਾਂ ਤੱਕ ਜਗਦੀ ਇਸ ਦੀ ਜੀਵਨ ਜੋਤੀ।

'ਪੰਜਾਬ ਟਾਈਮਜ਼' ਦਾ ਨਾਮ ਵੀ ਸੋਹਣਾ ਸੋਹਣਾ ਹੀ ਕਿਰਦਾਰ ਹੈ,  
ਸੱਚ ਦਾ ਸਦਾ ਮੁਦੱਈ ਹੈ ਰਹਿੰਦਾ ਸੱਚ ਦਾ ਪਹਿਰੇਦਾਰ ਹੈ,  
ਸੱਚ ਦੇ ਰਾਹ 'ਤੇ ਸਦਾ ਤੁਰੇਂਦਾ ਸੱਚਾ ਸ਼ਾਹ ਅਸਵਾਰ ਹੈ,  
ਜਿਸ ਦੀਆਂ ਬਾਤਾਂ ਜੱਗ ਪਾਵੇ 'ਪੰਜਾਬ ਟਾਈਮਜ਼' ਅਖਬਾਰ ਹੈ।

'ਪੰਜਾਬ ਟਾਈਮਜ਼' ਦੀ ਇਸ ਬਗੀਆ 'ਤੇ ਸਦਾ ਰਹੇ ਹਰਿਆਲੀ,  
ਇਹ ਉਹ ਬੂਟਾ ਜਿਸ ਦੀ ਕਰਦਾ ਗੁਰੂ ਨਾਨਕ ਰਖਵਾਲੀ,  
ਫੁੱਲ ਟਹਿਕਣ ਤੇ ਮਹਿਕਾਂ ਵੰਡਣ ਝੂਮੇ ਡਾਲੀ ਡਾਲੀ,  
ਖਿੜਿਆ ਰਹੇ 'ਸੁਰਜੀਤ' ਬਗੀਚਾ ਜੁਗ-ਜੁਗ ਜੀਵੇ ਮਾਲੀ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

## ਆਤੰਕਵਾਦ ਮਖੌਟਾ

ਬਦਲ ਰਿਹਾ ਹੈ ਆਤੰਕਵਾਦ ਮਖੌਟਾ,  
ਚਿਹਰਾ ਮੋਹਰਾ ਮਨਸੂਬੇ,  
ਦੰਦ, ਤੇਵਰ, ਔਜ਼ਾਰ।  
ਉਗਰਵਾਦ ਦਾ ਦੈਂਤ ਜੋ ਸੁੱਟਦਾ ਸੀ,  
ਖੂਹਾਂ, ਤਲਾਬਾਂ, ਟੈਂਕੀਆਂ ਵਿਚ ਜ਼ਹਿਰ,  
ਹਰਿਮੰਦਰ ਵਿਚ ਸਿਗਰਟਾਂ, ਵਾਲ, ਦਾਰੂ,  
ਦੁਰਗਿਆਨਾ ਮੰਦਿਰ ਵਿਚ  
ਹੱਡ, ਮਾਸ, ਗਊ ਸਿੰਗ,  
ਮੰਦਰ, ਮਸਜਿਦਾਂ ਵਿਚ ਗੋਲੀ ਵਰ੍ਹਾਉਂਦਾ,  
ਸ਼ਰਧਾਲੂਆਂ 'ਤੇ ਤੇਜ਼ਾਬੀ ਵਰਖਾ ਕਰਦਾ,  
ਭਗਦੜ ਮਚਾਉਂਦਾ,  
ਦਹਿਸ਼ਤ ਫੈਲਾਉਂਦਾ,  
ਦੰਗੇ ਕਰਾਉਂਦਾ,  
ਮਨੁੱਖਤਾ ਦਾ ਲਹੂ ਨਹਾਉਂਦਾ,  
ਅੱਗਾਂ ਲਗਾਉਂਦਾ,  
ਲਾਸ਼ਾਂ ਦੇ ਢੇਰ 'ਤੇ ਖੁਸ਼ੀਆਂ ਮਨਾਉਂਦਾ,  
ਭੰਗੜੇ ਪਾਉਂਦਾ ਸੀ।  
ਹੁਣ ਪਾਉਂਦਾ ਹੈ..  
ਪੁਲਿਸ, ਫੌਜੀ, ਕਮਾਂਡੋ ਦੀ ਵੇਸਭੂਸ਼ਾ।  
ਮਾਰ-ਖੰਡੇ ਹੋ ਗਏ ਨੇ  
ਇਸ ਦੇ ਲੰਬੇ ਦੰਦ ਤੇ ਟੇਢੇ ਸਿੰਗ,  
ਦਿੰਦਾ ਹੈ ਮਿਜ਼ਾਈਲਾਂ,  
ਅਸਾਲਟਾਂ ਜਹਾਦੀਆਂ ਦੇ ਹੱਥੀਂ,  
ਬੰਨ੍ਹਦਾ ਹੈ ਕਮਸਿਨ ਬੱਚੇ ਬੱਚੀ ਦੀ  
ਕਮਰ ਨਾਲ ਬਾਰੂਦ,  
ਕਰਦਾ ਹੈ ਵਿਸਫੋਟ  
ਸਕੂਲਾਂ, ਹਸਪਤਾਲਾਂ, ਹੋਟਲਾਂ ਵਿਚ  
ਮਾਰਦਾ ਹੈ ਬੇਤਹਾਸ਼ਾ ਛਾਣੇ ਆਬਾਦੀ,  
ਮੇਲੇ, ਬਾਜ਼ਾਰਾਂ ਵਿਚ,  
ਸਵਰਗ ਦੀ ਟਿਕਟ ਲੈਣ ਖ਼ਾਤਰ!  
ਜਹਾਦ ਦੇ ਨਾਂ 'ਤੇ  
ਧਰਮ ਯੁੱਧ ਦੇ ਨਾਂ 'ਤੇ।

-ਚਰਨਜੀਤ ਸਿੰਘ ਸੈਨ ਹੋਜ਼ੇ

# ਟੈਕਸੀ ਡਿਸਪੈਚਰ ਹੋਣ ਦੇ ਜੋਖਮ

(ਸਫਾ 31 ਦੀ ਬਾਕੀ)

ਕਿਵੇਂ ਤੇ ਕਿਸ ਨਾਲ ਮੁਕਾਬਲਾ ਕਰਾਂਗੇ? ਇਉਂ ਸਾਨੂੰ ਆਪਣੇ ਆਪ ਨਾਲ ਹੀ ਮੁਕਾਬਲਾ ਕਰ ਕੇ ਬਿਹਤਰ ਬਣਨਾ ਪਵੇਗਾ, ਰਾਜਨੀਤੀ ਤਿਆਗ ਕੇ। ਜਿਸ ਵੇਲੇ ਰੇਡੀਓ ਡਿਸਪੈਚ ਸਿਸਟਮ ਹੁੰਦਾ ਸੀ, ਕੰਟਰੋਲ ਡਿਸਪੈਚਰ ਦੇ ਹੱਥ ਸੀ। ਹੁਣ ਕੰਟਰੋਲ ਡਰਾਈਵਰ ਦੇ ਹੱਥ ਹੈ। ਉਹ ਉਹੀ ਟ੍ਰਿਪ ਲੈਂਦਾ ਹੈ ਜਿਹੜਾ ਉਸ ਨੂੰ ਚੰਗਾ ਲੱਗਦਾ ਹੈ। ਰੇਡੀਓ ਵੇਲੇ ਡਿਸਪੈਚਰ ਨੇ ਜਿਥੇ ਟ੍ਰਿਪ ਲਈ ਭੇਜ ਦਿੱਤਾ, ਉਹ ਲੈਣਾ ਪੈਂਦਾ ਸੀ। ਜੇ ਨਹੀਂ ਸੀ ਲੈਂਦਾ ਤਾਂ ਡਿਸਪੈਚਰ ਉਸ ਨੂੰ ਕੁਝ ਸਮੇਂ ਲਈ ਕੋਈ ਵੀ ਟ੍ਰਿਪ ਨਾ ਦਿੰਦਾ ਜਾਂ ਉਸ ਨੂੰ ਘਰ ਭੇਜ ਦਿੰਦਾ। ਇਵੇਂ ਹੀ ਪ੍ਰਬੰਧਕ ਕਮੇਟੀਆਂ ਹਨ। ਹੁਣ ਸਾਰੇ ਡਰਾਈਵਰ ਹੀ ਮਾਲਕ ਹਨ। ਉਹ ਮਰਜ਼ੀ ਚਲਾਉਣੀ ਚਾਹੁੰਦੇ ਹਨ। ਜੇ ਇਕ ਮਾਲਕ ਹੋਵੇ ਤਾਂ ਉਹ ਆਪਣੇ ਤਰੀਕੇ ਨਾਲ ਕੰਪਨੀ ਚਲਾਵੇ ਤਾਂ ਕਿ ਵੱਧ ਤੋਂ ਵੱਧ ਵਪਾਰ ਮਿਲੇ। ਮੇਰੇ ਖਿਆਲ ਵਿਚ ਜੇ ਮੈਟਰੋ ਵੈਨਕੂਵਰ ਦੀਆਂ ਸਾਰੀਆਂ ਟੈਕਸੀਆਂ ਲਈ ਕੋਈ ਵੀ ਨਗਰ ਨਿਗਮ ਦੀ ਸੀਮਾ ਨਾ ਹੋਵੇ ਤਾਂ ਸਰਵਿਸ ਬਿਹਤਰ ਹੋ ਸਕਦੀ ਹੈ। ਇਸ ਨਾਲ ਸਮਾਂ ਬਚੇਗਾ। ਟੈਕਸੀ ਲਈ ਘੱਟ ਗੈਸ ਲੱਗੇਗੀ।



# ਭੁਰੇ ਪਤਾਸੇ ਵਰਗੀ ਜ਼ਿੰਦਗੀ ਦਾ ਖਾਕਾ



ਆਵਾਜ਼ ਦੇ ਕਹਾਂ ਹੈ... -32-


ਕੁਲਦੀਪ ਕੌਰ
ਫੋਨ: +91-98554-04330

## ਇਸ ਰਾਤ ਕੀ ਸੁਭਹ ਨਹੀਂ

ਪਹਿਲੀ ਨਜ਼ਰੇ ਦੇਖਿਆਂ 'ਇਸ ਰਾਤ ਕੀ ਸੁਬ੍ਹਾ ਨਹੀਂ' ਫਿਲਮ ਆਪਣੇ ਕਥਾਨਕ ਕਾਰਨ ਤੁਹਾਨੂੰ ਡਰਾਉਂਦੀ ਹੈ। ਇਕ ਰਾਤ ਵਿਚ ਇਕ ਤੋਂ ਬਾਅਦ ਇਕ, ਤੇਜ਼ ਗਤੀ ਨਾਲ ਵਾਪਰ ਰਹੀਆਂ ਘਟਨਾਵਾਂ ਅਤੇ ਬੰਦਿਆਂ ਦੇ ਜ਼ਖਮੀ ਹੋਣ ਤੇ ਮਰਨ ਦੇ ਦ੍ਰਿਸ਼ਾਂ ਨਾਲ ਭਰਪੂਰ ਇਸ ਫਿਲਮ ਵਿਚ ਮਹਾਂਨਗਰ ਦੀਆਂ ਕਦਰਾਂ-ਕੀਮਤਾਂ ਨੂੰ ਚੌਰਾਹੇ ਵਿਚ ਚਕਨਾਚੂਰ ਹੁੰਦੇ ਦਿਖਾਇਆ ਗਿਆ ਹੈ। ਸ਼ਹਿਰ ਅੰਦਰ ਵਸਦੇ ਅਨੇਕਾਂ ਸ਼ਹਿਰਾਂ ਦੀ ਨਿਸ਼ਾਨਦੇਹੀ ਕਰਦੀ ਇਹ ਫਿਲਮ ਦਰਅਸਲ ਹਿੰਸਾ ਦੀਆਂ ਪਰਤਾਂ ਵੀ ਫਰੋਲਦੀ ਹੈ। ਹਿੰਸਾ ਦੇ ਕਾਰੋਬਾਰ ਦੀਆਂ ਆਪਣੀ ਕਿਸਮ ਦੀਆਂ ਵਿਸੰਗਤੀਆਂ ਹਨ। ਕੀ ਹਿੰਸਾ ਸਰੀਰਾਂ ਦੀ ਹੋਂਦ ਮਿਟਣ ਨਾਲ ਹੀ ਖਤਮ ਹੋ ਜਾਂਦੀ ਹੈ? ਜਾਂ ਹਿੰਸਾ ਦੀ ਮਨੋਬਿਰਤੀ ਪਿਛੇ ਕੰਮ ਕਰਦੀ ਬੰਦੇ ਦੀ ਅਸੁਰੱਖਿਅਤ ਹੋਂਦ, ਪਛਾਣ ਬਾਰੇ ਬੇਭਰੋਸਗੀ, ਧੌਂਸ ਦਾ ਭੁਸ, ਮਰਦਾਨਗੀ/ਜ਼ਨਾਨਪੁਣੇ ਦੀ ਨੁਮਾਇਸ਼, ਸਮਾਜਕ ਬੇਲਿਹਾਜ਼ੀ ਤੇ ਭਾਂਜਪੁਣੇ ਆਦਿ ਨੂੰ ਵੀ ਸੰਬੋਧਿਤ ਹੋਣਾ ਚਾਹੀਦਾ ਹੈ!

ਫਿਲਮਸਾਜ਼ ਸੁਧੀਰ ਮਿਸ਼ਰਾ ਅਨੁਸਾਰ ਇਸ ਫਿਲਮ ਦਾ ਵਿਚਾਰ ਵੀ ਬਹੁਤ ਵੱਖਰੇ ਤਰੀਕੇ ਨਾਲ ਪਨਪਿਆ ਸੀ। ਉਨ੍ਹਾਂ ਦੇ ਛੋਟੇ ਭਰਾ ਮਰਹੂਮ ਸੁਧਾਂਸ਼ੂ ਜਦੋਂ ਫਿਲਮ ਅਤੇ ਟੀ.ਵੀ. ਸੰਸਥਾ ਪੂਣੇ ਵਿਚ ਵਿਦਿਆਰਥੀ ਸਨ ਤਾਂ ਇਕ ਦਿਨ ਉਨ੍ਹਾਂ ਦਾ ਸੜਕ ਉਪਰ ਕਿਸੇ ਗੁੰਡੇ ਨਾਲ ਝਗੜਾ ਹੋ ਗਿਆ। ਪਤਾ ਲੱਗਿਆ ਕਿ ਉਹ ਗੁੰਡਾ ਅਪਰਾਧ ਜਗਤ ਦਾ ਕਰਤਾ-ਧਰਤਾ ਹੈ। ਪੂਰਾ ਹਫਤਾ ਸੁਧਾਂਸ਼ੂ ਸੰਸਥਾ ਦੇ ਕੈਂਪਸ ਵਿਚ ਲੁਕੇ ਰਹੇ। ਜਿਹੜੀ ਦਹਿਸ਼ਤ ਅਤੇ ਮਾਨਸਿਕ ਸਦਮੇ ਵਿਚੋਂ ਉਹ ਗੁਜ਼ਰੇ, ਉਸ ਨੇ ਉਨ੍ਹਾਂ ਨੂੰ ਅਪਰਾਧ ਦੀ ਸੱਤਾ ਬਾਰੇ ਹੋਰ ਜਾਣਨ ਲਈ ਉਕਸਾਇਆ। ਨਤੀਜਾ ਇਸ ਫਿਲਮ ਵਿਚ ਦਰਸਾਈ ਬੇਕਿਰਕੀ ਅਤੇ ਮਰਨ ਦਾ ਡਰ ਆਪਣੇ ਨੰਗੇ ਵਰਨਣ ਨਾਲ ਦਰਸ਼ਕਾਂ ਨੂੰ ਝੰਜੋੜਦਾ ਹੈ।

ਫਿਲਮ ਦੀ ਸ਼ੁਰੂਆਤ ਵਿਚ ਅਦਿਤਿਆ (ਨਿਰਮਲ ਪਾਂਡੇ) ਆਪਣੀ ਖੂਬਸੂਰਤ ਪਤਨੀ ਪੂਜਾ (ਤਾਰਾ ਦੇਸ਼ਪਾਂਡੇ) ਅਤੇ ਰਖੇਲ ਮਾਲਵਿਕਾ (ਸਿਮਰਿਤੀ ਮਿਸ਼ਰਾ) ਨੂੰ ਇਕ-ਦੂਜੀ ਨੂੰ ਮਿਲਣ ਤੋਂ ਰੋਕਣ ਦੀ ਹਰ ਸੰਭਵ ਕੋਸ਼ਿਸ਼ ਕਰ ਰਿਹਾ ਹੈ। ਉਹ ਦੋਵਾਂ ਨਾਲ ਝੂਠ ਬੋਲ ਰਿਹਾ ਹੈ। ਕਿਸੇ ਪਾਰਟੀ ਵਿਚ ਅਣਜਾਣੇ ਹੀ ਉਸ ਦੀ ਮਾਫੀਆ ਡਾਨ ਰਮਨ ਭਾਈ (ਆਸ਼ੀਸ਼ ਵਿਦਿਆਰਥੀ) ਨਾਲ ਝੜਪ ਹੋ ਜਾਂਦੀ ਹੈ। ਰਮਨ ਭਾਈ ਦਾ ਪਹਿਲਾਂ ਹੀ ਆਪਣੇ ਪੁਰਾਣੇ ਦੋਸਤ, ਪਰ ਬਾਅਦ ਵਿਚ ਰਕੀਬ ਬਣ ਚੁੱਕੇ ਵਿਲਾਸ ਭਾਈ ਨਾਲ ਇੱਟ-ਕੁੱਤੇ ਦਾ ਵੈਰ ਹੈ। ਦੋਵੇਂ ਇੱਕ-ਦੂਜੇ ਨੂੰ ਮਾਰਨ 'ਤੇ ਉਤਾਰੂ ਹਨ। ਇਨ੍ਹਾਂ ਦੋਹਾਂ ਵਿਚ ਅਦਿਤਿਆ ਆਪਣੀ ਪਹਿਲਾਂ ਹੀ ਜਵਾਲਾਮੁਖੀ ਬਣ ਚੁੱਕੀ ਜ਼ਿੰਦਗੀ ਲੈ ਕੇ ਆ ਧਮਕਦਾ ਹੈ। ਉਹ ਪੂਜਾ ਤੋਂ ਬਚਦਾ ਫਿਰ ਰਿਹਾ ਹੈ, ਰਮਨ ਭਾਈ ਉਸ ਤੋਂ ਥੱਪੜ ਦਾ ਬਦਲਾ ਲੈਣਾ ਚਾਹੁੰਦਾ ਹੈ ਤੇ ਵਿਲਾਸ ਭਾਈ ਉਸ ਨੂੰ ਆਪਣੀ ਪਤਨੀ ਦਾ ਕਾਤਲ ਸਮਝ ਰਿਹਾ ਹੈ। ਇਉਂ ਪੂਰੀ ਫਿਲਮ ਅਦਿਤਿਆ ਦੁਆਰਾ ਆਪਣੀ ਜਾਨ ਬਚਾਉਣ ਦਾ ਤਰੱਦਦ ਹੈ। ਫਿਲਮ ਦੇ ਅੰਤ ਤੱਕ ਡਰ ਦਾ ਮਾਹੌਲ ਚਰਮ ਸੀਮਾ 'ਤੇ ਪਹੁੰਚ ਜਾਂਦਾ ਹੈ। ਭਾਰਤੀ ਸਿਨੇਮਾ ਵਿਚ ਸਵੇਰ ਦੀ ਧਾਰਨਾ ਆਮ ਕਰ ਕੇ ਉਮੀਦ ਤੇ ਨਵੀਂ ਸ਼ੁਰੂਆਤ ਨਾਲ ਜੁੜੀ ਦਿਖਾਈ ਜਾਂਦੀ ਹੈ, ਇਸ ਫ਼ਿਲਮ ਵਿਚ ਸਵੇਰ ਮੌਤ ਅਤੇ ਨਾਉਮੀਦੀ ਦਾ ਦ੍ਰਿਸ਼ ਖਿੱਚਦੀ ਹੈ। ਦਰਸ਼ਕ ਫਿਲਮ ਵਿਚ ਪਸਰੇ ਧੋਖੇ, ਝੂਠ ਅਤੇ ਲਾਸ਼ਾਂ ਡੌਰ-ਭੌਰ ਹੋਇਆ ਦੇਖਦਾ ਹੈ।




ਇਸ ਫਿਲਮ ਵਿਚ ਪਟਕਥਾ ਹੀ ਹੀਰੋ ਹੈ। ਪਟਕਥਾ ਵਿਚ ਜ਼ਿੰਦਗੀ ਦੇ ਫਲਸਫੇ ਦਾ ਝਲਕਾਰਾ ਹੈ। ਜ਼ਿੰਦਗੀ ਕਦੋਂ ਤੇ ਕਿਵੇਂ ਇਕ ਪਲ ਵਿਚ ਰੰਗ ਬਦਲ ਸਕਦੀ ਹੈ, ਇਸ ਦਾ ਖਾਕਾ ਇਸ ਫਿਲਮ ਵਿਚ ਖਿੱਚਿਆ ਗਿਆ ਹੈ। ਫਿਲਮ ਵਿਚ ਥਿਏਟਰ ਅਤੇ ਟੀ.ਵੀ. ਦੇ ਸਮਰੱਥ ਅਦਾਕਾਰਾਂ ਦੀ ਮੌਜੂਦਗੀ ਫਿਲਮ ਨੂੰ ਸਜੀਵਤਾ ਬਖਸ਼ਦੀ ਹੈ। ਜਦੋਂ ਇਹ ਫਿਲਮ ਰਿਲੀਜ਼ ਹੋਈ ਤਾਂ ਕਿਹਾ ਗਿਆ ਕਿ ਭਾਰਤ ਦੇ ਕਲਾ ਸਿਨੇਮਾ ਦੀ ਧਾਰਾ ਦਾ ਪੁਨਰਜਨਮ ਹੋ ਗਿਆ ਹੈ। ਇਹ ਫਿਲਮ ਇਕ ਪਾਸੇ ਤਾਂ ਕਲਾ ਸਿਨੇਮਾ ਦੀ ਪ੍ਰੀਭਾਸ਼ਾ 'ਤੇ ਪੂਰੀ ਉਤਰਦੀ ਹੈ, ਦੂਜੇ ਪਾਸੇ ਕਾਰੋਬਾਰੀ ਸਿਨੇਮਾ ਦੀਆਂ ਸ਼ਰਤਾਂ ਵੀ ਪੂਰੀਆਂ ਕਰਦੀ ਹੈ। ਫ਼ਿਲਮ ਦੀ ਟੋਨ ਫਲਸਫਾਨਾ ਹੈ ਅਤੇ ਵਿਚਾਰ ਦੇ ਪੱਧਰ 'ਤੇ ਫਿਲਮ ਮਹਾਂਨਗਰਾਂ ਦੀ ਚਕਾਚੌਂਧ ਪਿਛੇ ਛੁਪੇ ਅਪਰਾਧਿਕ ਢਾਂਚੇ ਨੂੰ ਪੇਸ਼ ਕਰਦੀ ਹੈ। ਸੁਧੀਰ ਮਿਸ਼ਰਾ ਇਸ ਫਿਲਮ ਦੀ ਅਗਲੀ ਵਿਚਾਰਧਾਰਕ ਵਿਆਖਿਆ ਆਪਣੀ ਅਗਲੀ ਫਿਲਮ 'ਯੇ ਸਾਲੀ ਜ਼ਿੰਦਗੀ' ਵਿਚ ਕਰਦੇ ਹਨ।





*ਫਿਲਮਸਾਜ਼ ਸੁਧੀਰ ਮਿਸ਼ਰਾ (ਉਪਰ) ਅਤੇ ਫਿਲਮ 'ਇਸ ਰਾਤ ਕੀ ਸੁਬ੍ਹਾ ਨਹੀਂ' ਦੇ ਦੋ ਭਾਵਪੂਰਤ ਦ੍ਰਿਸ਼।*

# ਪ੍ਰੀਕਸ਼ਿਤ ਸਾਹਨੀ ਦੀ ਕਹਾਣੀ

ਹਾਲ ਹੀ ਵਿਚ ਫਿਲਮ ਅਦਾਕਾਰ ਪ੍ਰੀਕਸ਼ਿਤ ਸਾਹਨੀ ਨੇ ਚੰਡੀਗੜ੍ਹ ਦਾ ਉਚੇਚਾ ਗੇੜਾ ਲਾਇਆ। ਉਸ ਨੇ ਆਪਣੇ ਇਸ ਗੇੜੇ ਦੌਰਾਨ ਆਪਣੇ ਪਿਤਾ ਅਤੇ ਉਮਦਾ ਕਲਾਕਾਰ ਬਲਰਾਜ ਸਾਹਨੀ ਨੂੰ ਖੂਬ ਯਾਦ ਕੀਤਾ ਅਤੇ ਉਨ੍ਹਾਂ ਨਾਲ ਸਬੰਧਤ ਕਈ ਗੱਲਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਯਾਦ ਰਹੇ ਕਿ ਕਿ ਪ੍ਰੀਕਸ਼ਿਤ ਸਾਹਨੀ ਦਾ ਜਨਮ ਬਲਰਾਜ ਸਾਹਨੀ ਦੀ ਪਹਿਲੀ ਪਤਨੀ ਦਮਯੰਤੀ ਦੀ ਕੁੱਖ ਤੋਂ ਹੋਇਆ ਸੀ। ਭਰ ਜਵਾਨੀ ਹੀ ਉਸ ਦੀ ਮੌਤ ਹੋ ਗਈ ਸੀ। ਬਾਅਦ ਵਿਚ ਬਲਰਾਜ ਨੇ ਸੰਤੋਸ਼ ਨਾਲ ਵਿਆਹ ਕਰਵਾ ਲਿਆ ਸੀ ਜੋ ਮਗਰੋਂ ਬਤੌਰ ਲੇਖਕਾ ਸੰਤੋਸ਼ ਸਹਨੀ ਵਜੋਂ ਮਸ਼ਹੂਰ ਹੋਏ।

ਪ੍ਰੀਕਸ਼ਿਤ ਸਾਹਨੀ ਚਾਅ ਨਾਲ ਦੱਸਦਾ ਹੈ ਕਿ ਉਸ ਅੰਦਰ ਜਿੰਨੀਆਂ ਵੀ ਚੰਗੀਆਂ ਗੱਲਾਂ ਹਨ, ਉਸ ਦੇ ਪਿਤਾ ਬਲਰਾਜ ਸਾਹਨੀ ਕਰ ਕੇ ਹੀ ਹਨ ਜੋ ਬੱਚਿਆਂ ਦੀ ਨਿੱਕੀ-ਨਿੱਕੀ ਗੱਲ ਦਾ ਵੀ ਬਹੁਤ ਜ਼ਿਆਦਾ ਧਿਆਨ ਰੱਖਦੇ ਸਨ। ਪ੍ਰੀਕਸ਼ਿਤ ਸਾਹਨੀ ਦਾ ਜਨਮ ਵੰਡ ਤੋਂ ਪਹਿਲਾਂ 1944 ਵਿਚ ਮਰੀ (ਹੁਣ ਪਾਕਿਸਤਾਨ) ਵਿਚ ਹੋਇਆ ਸੀ। ਉਸ ਨੇ ਹੁਣ ਤੱਕ ਬਹੁਤ ਸਾਰੇ ਟੀ.ਵੀ. ਸੀਰੀਅਲਾਂ ਅਤੇ ਫਿਲਮਾਂ ਵਿਚ ਕੰਮ ਕੀਤਾ ਹੈ, ਪਰ ਟੀ.ਵੀ. ਸੀਰੀਅਲ 'ਗੁਲ ਗੁਲਸ਼ਨ ਗੁਲਫਾਮ' ਵਿਚ ਉਸ ਦੀ ਅਦਾਕਾਰੀ ਪੂਰੀ ਚਮਕ-ਦਮਕ ਨਾਲ ਦਰਸ਼ਕਾਂ ਦੇ ਸਾਹਮਣੇ ਆਈ। ਉਸ ਨੇ ਸੱਤ ਵਰ੍ਹਿਆਂ ਦੀ ਉਮਰ ਵਿਚ ਸਾਲ 1951 ਵਿਚ ਫਿਲਮ 'ਦੀਦਾਰ' ਵਿਚ ਰੋਲ ਨਿਭਾਇਆ ਸੀ, ਪਰ ਉਸ ਦੀ ਅਦਾਕਾਰੀ ਦੀ ਅਸਲ ਪਾਰੀ 1968 ਵਿਚ ਫਿਲਮ 'ਅਨੋਖੀ ਰਾਤ' ਨਾਲ ਆਰੰਭ ਹੋਈ ਅਤੇ ਇਹ ਪਾਰੀ ਹੁਣ ਵੀ ਕਾਮਯਾਬੀ ਨਾਲ ਚੱਲ ਰਹੀ ਹੈ। ਹਾਲ ਹੀ ਵਿਚ ਰਿਲੀਜ਼ ਹੋਈ ਫਿਲਮ 'ਪੀਕੇ' ਵਿਚ ਉਸ ਨੇ ਫਿਲਮ ਦੀ ਨਾਇਕਾ ਅਨੁਸ਼ਕਾ ਸ਼ਰਮਾ ਦੇ ਪਿਤਾ ਦਾ ਕਿਰਦਾਰ ਨਿਭਾਇਆ ਸੀ। ਉਸ ਦੀ ਇੱਛਾ ਹੈ ਕਿ ਆਪਣੇ ਆਖਰੀ ਸਾਹ ਤੱਕ ਉਹ ਅਦਾਕਾਰੀ ਨਾਲ ਜੁੜਿਆ ਰਹੇ। ਇੰਨੇ ਉਮਦਾ ਕਿਰਦਾਰ ਨਿਭਾਅ ਕੇ ਅਜੇ ਵੀ ਉਸ ਦਾ ਦਿਲ ਨਹੀਂ ਭਰਿਆ ਹੈ। ਉਸ ਨੇ 1989 ਵਿਚ ਨਾਵਲਕਾਰ ਗੁਰਦਿਆਲ ਸਿੰਘ ਦੇ ਨਾਵਲ 'ਮੜ੍ਹੀ ਦਾ ਦੀਵਾ' ਉਤੇ ਆਧਾਰਿਤ ਇਸੇ ਨਾਂ ਵਾਲੀ ਫਿਲਮ ਵਿਚ ਰੋਲ ਨਿਭਾਇਆ ਸੀ। ਇਸ ਫਿਲਮ ਵਿਚ ਰਾਜ ਬੱਬਰ, ਦੀਪਤੀ ਨਵਲ ਅਤੇ ਪੰਕਜ ਕਪੂਰ ਨੇ ਵੀ ਅਦਾਕਾਰੀ ਦੇ ਜੌਹਰ ਦਿਖਾਏ ਸਨ। ਉਸ ਨੇ ਨਾਵਲਕਾਰ ਨਾਨਕ ਸਿੰਘ ਦੇ ਨਾਵਲ 'ਤੇ ਆਧਾਰਿਤ ਫਿਲਮ 'ਪਵਿੱਤਰ ਪਾਪੀ' ਵਿਚ ਜ਼ੋਰਦਾਰ ਕਿਰਦਾਰ ਨਿਭਾਅ ਕੇ ਸਭ ਨੂੰ ਹੈਰਾਨ ਕਰ ਦਿੱਤਾ ਸੀ।

***-ਜਗਜੀਤ ਸਿੰਘ ਸੇਖੋਂ***







*ਪ੍ਰੀਕਸ਼ਿਤ ਸਾਹਨੀ ਆਪਣੇ ਪਿਤਾ ਬਲਰਾਜ ਸਾਹਨੀ ਨਾਲ ਅਤੇ (ਸੱਜੇ) ਪੜ੍ਹਨ-ਗੁੜਨ ਦੀ ਬੇਲਾ।*


REGULAR
2.09 9/10
Diesel
EC Unleaded
888 9/10
2.09 9/10
GAS SIGN
MESSAGE BOARD
Box & Channel Letters SIGNS
We Install any where in California
ELECTRIC SIGN COMPANY
Call For More Info:
1-661-586-5080


HIGH QUALITY PICTURE
HD
TVI, SDI, IP
We install anywhere in California
NEW TREND IN SECURITY SYSTEM
ULTRA HIGH DEFINITION
MOTORIZED LENS
Call Sukhpal for your next security solution purchase
2 YEAR WARRANTY
Vista
CCTV TECHNOLOGY
SOLUTION PROVIDER COMPANY
661-586-5080
commvision@sbcglobal.net


Need Water? Tired of waiting in Line?
Are you looking for a drilling company to drill water well at your farm?
Hydrotech Solutions do best deep water drilling in shortest time and no one can beat our price.
Hydrotech convert pumps to solar too
Hydrotech Solutions LLC
One Stop Shop
844-486-9355
www.hydrotech4u.com
Meet us at C Street in C21 at Ag Show
Hydrotech Solutions LLC

HAPPY NEW YEAR 2016 HAPPY NEW YEAR

# ਗੁਰੂ ਗੋਬਿੰਦ ਸਿੰਘ ਪ੍ਰਕਾਸ਼ ਪੁਰਬ ਦੀ ਸਮੂਹ ਸਾਧ ਸੰਗਤ ਅਤੇ 'ਪੰਜਾਬ ਟਾਈਮਜ਼' ਦੇ ਪਾਠਕਾਂ ਨੂੰ

# ਲੱਖ ਲੱਖ ਵਧਾਈ

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans Under One Roof

ਪਿਛਲੇ 28 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

We can sell your house in short sale at no cost to you.

Selling Homes from Gilroy to Sacramento, CA

Call us before visiting any model homes to save big time.

JUST SOLD

1. 3236 Ormando Ct., Tracy, CA 95377
2. 1492 Christina Ct., Hayward, CA94545
3. 4709 Valencia Way, Union City, CA 94587
4. 3313 Oak Bluff Ct., Dublin, CA 94568
5. 816 Climbing Rose Ct., Hayward, CA 94544
6. 32526 Endeavour Way, Union City, CA 94587
7. 916 Brook Way, Gilroy, CA 95020
8. 4205 Lunar Way, Union City, CA 94587
9. 4124 Polaris Ave., Union City, CA 94587
10. 4105 Pluto Way, Union City, CA 94587
11. 49077 Tomahawk Pl Fremont, CA 94539
12. 3155 Courthouse Drive, Union City, CA 94587
12. 2781 Determine Drive, Atwater, CA 95301
14. 105 Machado Ct., Tracy, CA 95376
15. 2622 Daniel Hansen Way, Tracy, CA 95377

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

Cell: 510-304-9292
Cell:408-666-8279



Jaswinder Gill M.Sc (PAU)
CA BRE# 00966763
Broker/Owner/Notary

Grand Master Award Winner 2012, 2013 & 2014

Commercial Unit
9912 Kapalua Ln.,
Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

## Refinance

15 & 30 Yr Fixed Rates Are Still Better!!!
5/1, 7/1 ARM are also attractive Refinance Now At Zero Cost

Call Sukhi Gill DHMS, Loan Broker @ 510-207-9067

CA BRE Lic.#01180969
NMLS# 352095